
ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਦੁਆਰਾ ਪੀ.ਐੱਚ.ਡੀ. (ਪੰਜਾਬੀ)
ਦੀ ਡਿਗਰੀ ਲਈ ਪ੍ਰਸਤੁਤ

ਸ਼ੋਧ–ਪ੍ਰਬੰਧ

1982



ਨਿਗਰਾਨ :
ਡਾ. ਜੋਗਿੰਦਰ ਸਿੰਘ
ਪ੍ਰਿੰਸੀਪਲ
ਗੌਰਮਿੰਟ ਮਹਿੰਦਰਾ ਕਾਲਜ,
ਪਟਿਆਲਾ ।

ਪ੍ਰਸਤੁਤ ਕਰਤਾ :
ਤ੍ਰਿਪਤ ਕੌਰ
ਰਾਣੀ ਮਹਲ, ਜਲਾਲਾਬਾਦ,
(ਫਿਰੋਜ਼ਪੁਰ)

ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਤਤਕਰਾ

ਕੀ?	ਕਿਥੇ
ਭੂਮਿਕਾ	ੳ - ਖ
ਅਧਿਆਇ ਪਹਿਲਾ	
ਸਿਮਰਤੀ ਦਾ ਸਰੂਪ : ਪਰੰਪਰਾ ਤੇ ਵਿਕਾਸ	1-15
ਅਧਿਆਇ ਦੂਜਾ	
ਪ੍ਰਾਚੀਨ ਭਾਰਤੀ ਸਮਾਜ ਵਿਚ ਸਿਮਰਤੀ	16-85
ਅਧਿਆਇ ਤੀਜਾ	
ਸਾਮੀ ਵਿਚਾਰਧਾਰਾ ਅਤੇ ਸਿਮਰਤੀ	86-115
ਅਧਿਆਇ ਚੌਥਾ	
ਮੱਧਕਾਲੀਨ ਵਿਚਾਰਧਾਰਾ ਅਤੇ ਸਿਮਰਤੀ	116-144
ਅਧਿਆਇ ਪੰਜਵਾਂ	
ਆਦਿ ਗ੍ਰੰਥ ਵਿਚ ਸਿਮਰਤੀ ਦਾ ਸੰਕਲਪ (ਵਿਅਕਤੀਗਤ ਸਰੂਪ)	145-186
ਅਧਿਆਇ ਛੇਵਾਂ	
ਆਦਿ ਗ੍ਰੰਥ ਵਿਚ ਸਿਮਰਤੀ ਦਾ ਸੰਕਲਪ (ਪ੍ਰਤੀਕਾਤਮਕ ਸਰੂਪ)	187-216
ਅਧਿਆਇ ਸਤਵਾਂ	
ਆਦਿ ਗ੍ਰੰਥ ਦੀ ਆਦਰਸ਼ ਸਿਮਰਤੀ	217-246
ਸਾਰੰਸ਼	247-254
ਪੁਸਤਕਾਵਲੀ	255-276

ਭੂਮਿਕਾ

ਨਰ ਅਤੇ ਮਦੀਨ ਸ੍ਰਿਸ਼ਟੀ ਦੇ ਦੋ ਮੂਲ ਬਿੰਦੂ ਹਨ। ਦੋਹਾਂ ਦੇ ਸੰਜੋਗ ਨਾਲ ਪ੍ਰਜਣਨ ਕਿਰਿਆ ਹੁੰਦੀ ਹੈ। ਜਿਸ ਨਾਲ ਨਸਲ ਅੱਗੇ ਤੁਰਦੀ ਹੈ। ਕਰੋੜਾਂ ਸਾਲਾਂ ਦੀ ਵਿਕਾਸੀ ਸੰਘਰਸ਼-ਪ੍ਰਕ੍ਰਿਆ ਨਾਲ ਸਿਰਮੌਰ ਪ੍ਰਾਣੀ 'ਮਨੁੱਖ' ਦੀ ਸਿਰਜਣਾ ਹੋਈ। ਨਰ ਅਤੇ ਮਦੀਨ ਦੀ ਪਰਸਪਰ ਖਿੱਚ, ਆਕਰਸ਼ਨ ਅਤੇ ਸੰਜੋਗ ਕੁਦਰਤ ਦਾ ਵਾਸਤਵਿਕ ਨਿਯਮ ਹੈ ਜਿਸ ਸਦਕਾ ਇਸ ਸੰਸਾਰ ਦਾ ਵਿਕਾਸ ਹੁੰਦਾ ਹੈ। ਨਾਰੀ ਨਰ ਦਾ ਅਨਿੱਖੜਵਾਂ ਅੰਗ ਹੈ ਜਿਸ ਦੀ ਹੋਂਦ ਬਿਨਾਂ ਮਨੁੱਖੀ ਸੰਸਾਰ ਦੀ ਕਲਪਨਾ ਅਸੰਭਵ ਹੈ। ਦੋਵੇਂ ਇਕ ਦੂਜੇ ਦੇ ਪ੍ਰੇਰਕ ਅਤੇ ਪੂਰਕ ਹਨ। ਸੰਸਾਰ ਦੀਆਂ ਕੁਲ ਸੁਹਜਕਲਾਵਾਂ ਦਾ ਪ੍ਰੇਰਨਾ ਸ੍ਰੋਤ ਇਸਤਰੀ ਹੀ ਹੈ। ਉਸਦੇ ਨਿੱਗਰ ਯੋਗਦਾਨ ਨੇ ਦੇਸ਼ ਦੇ ਸਾਂਸਕ੍ਰਿਤਕ ਵਿਕਾਸ ਨੂੰ ਸਦਾ ਗਤੀਸ਼ੀਲ ਬਣਾਈ ਰੱਖਿਆ ਹੈ। ਮਨੁੱਖਤਾ ਦੇ ਇਸ ਕੁਲੀਨ ਅੰਗ-ਅੰਸ਼ ਦੇ ਮਹੱਤਵ ਨੂੰ ਕਿਸੇ ਤਰ੍ਹਾਂ ਵੀ ਝੁਠਲਾਇਆ ਨਹੀਂ ਜਾ ਸਕਦਾ। ਸ੍ਰਿਸ਼ਟੀ ਦੇ ਆਵਿਸ਼ਕਾਰ ਅਤੇ ਵਿਕਾਸ ਇਤਿਹਾਸ ਦੇ ਨਿਰਮਾਣ ਵਿਚ ਇਸ ਕੋਮਲ ਪਰ ਪ੍ਰਭਾਵਸ਼ਾਲੀ ਅੰਗ ਨੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਉੱਘਾ ਯੋਗਦਾਨ ਪਾਇਆ ਹੈ।

ਇਸਤਰੀ ਦੇ ਸੰਕਲਪ ਅਤੇ ਸਥਿਤੀ ਬਾਰੇ ਬਿਨਾਂ ਕਿਸੇ ਪਿਛੋਕੜ ਅਤੇ ਪ੍ਰਸੰਗ ਦੇ ਆਮ ਚਰਚਾ ਕਰਨੀ ਤਰਕਸੰਗਤ ਨਹੀਂ। ਉਸਦੇ ਚਰਿੱਤਰ ਨੂੰ ਸਮਕਾਲੀਨ ਨੈਤਿਕ ਮਾਨਤਾਵਾਂ ਸਮਾਜਿਕ ਧਾਰਨਾਵਾਂ ਅਤੇ ਆਰਥਿਕ ਨਿਰਭਰਤਾ ਦੀ ਪਿੱਠਭੂਮੀ ਵਿਚ ਵਾਚਣਾ ਚਾਹੀਦਾ ਹੈ। ਪੁਰਸ਼ ਅਤੇ ਇਸਤਰੀ ਦੀ ਆਪਸੀ ਤੁਲਨਾ ਕਰਨੀ ਹਾਸੋਹੀਣੀ ਜਾਪਦੀ ਹੈ ਕਿਉਂਕਿ ਦੋਹਾਂ ਦੀਆਂ ਭੌਤਿਕ ਅਤੇ ਭਾਵਨਾਤਮਕ ਲੋੜਾਂ ਬਿਲਕੁਲ ਭਿੰਨ ਹੁੰਦੀਆਂ ਹਨ। ਮਰਦ ਸਰੀਰਕ ਬਲ ਦਾ ਸਰੂਪ ਹੈ ਤਾਂ ਇਸਤਰੀ ਮਨੋਬਲ ਦਾ ਜੀਵੰਤ ਰੂਪ, ਪੁਰਖ ਆਵੇਸ਼ ਹੈ ਤਾਂ ਇਸਤਰੀ ਸਹਿਣਸ਼ੀਲਤਾ ਦਾ ਪ੍ਰਤੀਕ। ਨਰ ਦੁਨਿਆਵੀ ਉਪਲਬਧੀਆਂ ਵਿਚੋਂ ਪ੍ਰਸੰਨਤਾ ਲਭਦਾ ਹੈ ਤਾਂ ਨਾਰੀ ਅਧਿਆਤਮਕ ਸ਼ਰਨ ਵਿਚੋਂ ਜੀਵਨ ਦੀ ਸਾਰਥਕਤਾ ਦੀ ਤਲਾਸ਼ ਕਰਦੀ ਹੈ। ਦੋਹਾਂ ਵਿਚ ਅੰਤਰਿਕ ਸੁਤੰਤਰਤਾ ਸਮਾਨ ਰੂਪ ਵਿਚ ਵਿਦਮਾਨ ਹੈ ਭਾਵੇਂ ਭੌਤਿਕ ਲੋੜਾਂ ਅਤੇ ਸੁਰੱਖਿਆ ਪੱਖੋਂ ਇਸਤਰੀ ਦੇ ਮਰਦ ਉੱਤੇ ਆਸ਼ਰਿਤ ਹੋਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮਰਦ-ਪ੍ਰਧਾਨ ਇਸ ਸਮਾਜ ਵਿਚ ਉਹ 'ਮੈਂ ਪੁਰਸ਼ ਹਾਂ' ਦੇ ਅਭਿਮਾਨ ਵਿਚ ਮਦਮਸਤ ਰਹਿੰਦਾ ਹੈ

ਜਦੋਂ ਕਿ ਔਰਤ 'ਕੇਵਲ ਔਰਤ' ਹੋਣ ਦੇ ਅਹਿਸਾਸ ਹੇਠ ਦੱਬੀ ਰਹਿੰਦੀ ਹੈ, ਮਰਦ ਲਈ ਇਸਤਰੀ ਮਨੋਰੰਜਨ ਦਾ ਸਾਥੀ, ਖ਼ੁਸ਼ੀ ਅਤੇ ਇਕ ਗੈਰਜ਼ਰੂਰੀ ਸੁਗਾਤ ਹੈ ਜਦੋਂ ਕਿ ਇਸਤਰੀ ਲਈ ਮਰਦ ਉਸਦੀ ਆਪਣੀ ਹੋਂਦ ਦੀ ਪੁਸ਼ਟੀ, ਜੀਵਨ ਦੀ ਆਧਾਰ ਸ਼ਿਲਾ ਅਤੇ ਜੀਵਨ ਦਾ ਅਰਥ ਹੈ। ਦੋਹਾਂ ਦਾ ਆਪਸੀ ਸੰਬੰਧ ਸਮਾਨਤਾ ਵਾਲਾ ਪ੍ਰਤੀਤ ਨਹੀਂ ਹੁੰਦਾ।

ਦੋਹਾਂ ਨੂੰ ਸਮਾਨ ਕਰਨ ਦੇ ਚੱਕਰ ਵਿਚ ਕਾਨੂੰਨ, ਸੰਸਥਾਵਾਂ, ਰਿਵਾਜ ਅਤੇ ਲੋਕ-ਵਿਚਾਰਧਾਰਾਵਾਂ ਲੱਖ ਸਿਰ ਧੁਣ ਲੈਣ ਦੋਹਾਂ ਨੂੰ ਇਕ ਪੱਧਰ ਤੇ ਖੜ੍ਹਾ ਨਹੀਂ ਕੀਤਾ ਜਾ ਸਕਦਾ। ਇਸਤਰੀ ਦੇ ਇਸਤਰੀਪਨ ਅਤੇ ਮਰਦ ਦੀ ਮਰਦਾਨਗੀ ਨੂੰ ਇਕ ਦੂਜੇ ਵਿਚ ਰਲਗੱਡ ਨਹੀਂ ਕੀਤਾ ਜਾ ਸਕਦਾ। ਦੋਹਾਂ ਦੀ ਵਿਸ਼ੇਸ਼ਤਾ ਨੂੰ ਚਿਰੰਜੀਵ ਰਖਣ ਵਿਚ ਹੀ ਸਮਾਜ ਦਾ ਭਲਾ ਨਿਹਿਤ ਹੈ।

ਪਰਿਵਰਤਨ ਪ੍ਰਕ੍ਰਿਤੀ ਦਾ ਨਿਯਮ ਹੈ। ਸਮੇਂ ਸਥਾਨ ਅਤੇ ਵਿਚਾਰਧਾਰਾਵਾਂ ਨਾਲ ਸਮਾਜਿਕ ਢਾਂਚੇ ਵਿਚ ਤਬਦੀਲੀ ਆਉਂਦੀ ਹੈ। ਇਸਤਰੀ ਦੇ ਸੰਕਲਪ ਪ੍ਰਤਿ ਵਿਚਾਰ ਕਰਨ ਸਮੇਂ ਵੀ ਸੁਚੇਤ ਰਹਿੰਦੇ ਹੋਏ ਹੇਠ ਲਿਖੇ ਤੱਥਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਨਿਰਪੱਖ ਵਿਚਾਰਧਾਰਾ ਲਈ ਅਤਿ ਲਾਹੇਵੰਦ ਹੋਵੇਗਾ :

(ੳ) ਹਰ ਸਮਾਜ ਵਿਚ ਵਿਭਿੰਨ ਵਰਗਾਂ/ਸ਼੍ਰੇਣੀਆਂ ਦੇ ਲੋਕ ਰਹਿੰਦੇ ਹਨ। ਸਭ ਦੀਆਂ ਧਾਰਨਾਵਾਂ ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਪਿੱਠਭੂਮੀ ਵਿਚ ਹੀ ਵਾਚਣੀਆਂ ਚਾਹੀਦੀਆਂ ਹਨ।

(ਅ) ਕੇਵਲ ਨੈਤਿਕ ਨਿਯਮਾਂ ਅਤੇ ਅਸੂਲਾਂ ਦਾ ਅਧਿਐਨ ਹੀ ਕਾਫ਼ੀ ਨਹੀਂ, ਉਨ੍ਹਾਂ ਦੀ ਦੈਨਿਕ ਜੀਵਨ ਵਿਚ ਵਰਤੋਂ ਦਾ ਗਿਆਨ ਪ੍ਰਾਪਤ ਕਰਕੇ ਹੀ ਹਕੀਕਤ ਤੋਂ ਜਾਣੂ ਹੋਇਆ ਜਾ ਸਕਦਾ ਹੈ। ਨਿਯਮ ਤਾਂ ਕਿਸੇ ਵੀ ਸਭਾ/ਸੁਸਾਇਟੀ ਦੇ ਪੂਰੇ ਨਹੀਂ ਹੁੰਦੇ।

(ੲ) ਧਰਮ-ਗ੍ਰੰਥਾਂ ਅਤੇ ਪੁਸਤਕਾਂ ਨੂੰ ਨਿਰਪੱਖ ਤੌਰ ਤੇ ਘੋਖਣ ਦੀ ਲੋੜ ਹੈ ਵਿਸ਼ੇਸ਼ ਕਰਕੇ ਜਦੋਂ ਲੇਖਕ ਇਕ ਵਰਗ ਨਾਲ ਸੰਬੰਧਤ ਹੋਵੇ ਅਤੇ ਪਾਠਕ ਕਿਸੇ ਦੂਜੇ ਵਰਗ ਦੀ ਪ੍ਰਤਿਨਿਧਤਾ ਕਰ ਰਿਹਾ ਹੋਵੇ।

(ਸ) ਧਰਾਤਲ ਅਤੇ ਆਰਥਿਕ ਵਸੀਲਿਆਂ ਨੂੰ ਵੀ ਸਨਮੁੱਖ ਰਖਣਾ ਚਾਹੀਦਾ ਹੈ ਸਭ ਉਤੇ ਇਕ ਹੀ ਮਾਪਦੰਡ ਨਹੀਂ ਠੋਸਿਆ ਜਾ ਸਕਦਾ ਜਿਵੇਂ ਮੈਦਾਨੀ ਅਤੇ

ਪਰਾਣੀ ਜੀਵਨ ਦਾ ਅੰਤਰ, ਵਿਚਾਰਧਾਰਾਵਾਂ ਅਤੇ ਮਾਨਤਾਵਾਂ ਵਿਚ ਵੀ ਅੰਤਰ ਲਿਆ ਦੇਂਦਾ ਹੈ ।

(ਹ) ਪਤੀ ਪਤਨੀ ਦਾ ਸੰਬੰਧ ਪਰਿਵਾਰਿਕ ਜੀਵਨ ਦਾ ਨੀਂਹ ਪੱਥਰ ਹੈ ਪਰ ਕੇਵਲ ਇਸਦੀ ਝਲਕ ਤੋਂ ਹੀ ਵਾਸਤਵਿਕਤਾ ਦਾ ਗਿਆਨ ਅਸੰਭਵ ਹੈ। ਸਮਾਜ ਵਿਚ ਵਿਚਰਨ ਲਈ ਇਸਤਰੀ ਦਾ ਆਰਥਿਕ ਪੱਧਰ, ਮਾਨਸਿਕ ਪੱਧਰ ਅਤੇ ਨੈਤਿਕ ਪੱਧਰ ਵੀ ਯੋਗਦਾਨ ਪਾਉਂਦਾ ਹੈ। ਇਸ ਤੋਂ ਇਲਾਵਾ ਪਰਿਵਾਰ ਦੇ ਬਾਕੀ ਜੀਅ ਅਤੇ ਉਹ ਆਪ ਆਪਣੇ ਬਾਰੇ ਕੀ ਸੋਚਦੀ ਹੈ - ਤੋਂ ਵੀ ਉਸ ਬਾਰੇ ਕਾਫੀ ਚਾਨਣਾ ਪੈ ਸਕਦਾ ਹੈ।

ਇਨ੍ਹਾਂ ਸਾਰੇ ਤੱਥਾਂ ਦੇ ਨਾਲ ਨਾਲ ਤਤਕਾਲੀਨ ਸਾਹਿਤ ਦੇ ---- ਅਧਿਐਨ ਦੀ ਵੀ ਲੋੜ ਹੈ। ਸਾਹਿਤ ਜੀਵਨ ਦਾ ਸ਼ੀਸ਼ਾ ਹੁੰਦਾ ਹੈ ਜਿਸ ਵਿਚ ਸੁਨਹਿਰੇ ਭਵਿੱਖ ਲਈ ਸੇਧ ਅਤੇ ਵਰਤਮਾਨ ਬੁਰਾਈਆਂ ਤੋਂ ਛੁਟਕਾਰਾ ਹੋਣ ਵਾਲੀ ਨਸੀਹਤ ਹੁੰਦੀ ਹੈ। ਹਰ ਕਾਲ ਵਿਚ ਬੇਅੰਤ ਸਾਹਿਤ ਰਚਿਆ ਜਾਂਦਾ ਹੈ। ਉਸ ਸਾਰੇ ਦਾ ਇਕਦਮ ਅਧਿਐਨ ਸੰਭਵ ਨਹੀਂ ਹੈ। ਹਥਲੇ ਸ਼ੋਧ ਪ੍ਰਬੰਧ ਲਈ ਕੇਵਲ ਚੋਣਵੇਂ ਧਾਰਮਿਕ-ਗ੍ਰੰਥਾਂ ਅਤੇ ਸਤਿਕਾਰਿਤ ਪੁਸਤਕਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ ਜਿਨ੍ਹਾਂ ਵਿਚ ਓਲਡ ਟੈਸਟਾਮੈਂਟ (ਪੁਰਾਣੀ ਸੂਕਤੀ), ਨਿਊ ਟੈਸਟਾਮੈਂਟ (ਨਵੀਂ ਸੂਕਤੀ), ਪਵਿੱਤਰ ਕੁਰਾਨ ਸ਼ਰੀਫ, ਸ੍ਰੀ ਗੁਰੂ ਗ੍ਰੰਥ ਸਾਹਿਬ, ਵੇਦ, ਮਹਾਂਕਾਵਿ, ਸੂਤਰ, ਸਿਮਰਤੀਆਂ, ਬੋਧੀ ਅਤੇ ਜੈਨੀ ਆਗਮ, ਸੰਤਾਂ ਦੀ ਬਾਣੀ, ਸੂਫੀਆਂ ਦੀ ਬਾਣੀ ਅਤੇ ਸਿੱਧ-ਨਾਥਾਂ ਦੀ ਬਾਣੀ ਦੇ ਗ੍ਰੰਥ ਸ਼ਾਮਿਲ ਹਨ।

ਏਸ਼ੀਆ ਨੂੰ ਵਿਸ਼ਵ ਵਿਆਪੀ ਧਰਮਾਂ ਦੀ ਮਾਂ ਕਿਹਾ ਜਾਂਦਾ ਹੈ। ਸੰਸਾਰ ਦੇ ਇਨ੍ਹਾਂ ਧਰਮਾਂ ਨੂੰ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡ ਸਕਦੇ ਹਾਂ :-

(ੳ) ਭਾਰਤੀ ਬ੍ਰਾਹਮਣ ਮੱਤ।

(ਅ) ਸਾਮੀ ਮੱਤ।

ਇਹ ਦੋਵੇਂ ਸ਼ਾਖਾਵਾਂ ਏਸ਼ੀਆ ਦੀ ਹੀ ਵਡਮੁੱਲੀ ਦੇਣ ਹਨ। ਬ੍ਰਾਹਮਣ ਮੱਤ ਭਾਰਤ ਵਿਚ ਜਨਮਿਆ ਅਤੇ ਵਿਕਸਿਤ ਹੋਇਆ। ਸਾਮੀ ਮੱਤਾਂ ਵਿਚੋਂ ਸਭ ਤੋਂ ਪ੍ਰਾਚੀਨ ਇਬਰਾਨੀ ਮੱਤ ਹੈ ਜੋ ਹਜ਼ਰਤ ਇਬਰਾਹੀਮ ਨੇ ਚਲਾਇਆ। ਉਨ੍ਹਾਂ ਦੀ ਬਾਈਵੀਂ ਪੀੜ੍ਹੀ-

ਹਜ਼ਰਤ ਈਸਾ - ਈਸਾਈ ਮੱਤ ਦੇ ਬਾਨੀ ਹੋਏ। ਈਸਾ ਮਸੀਹ ਇਬਰਾਹੀਮ ਤੋਂ ਲਗਭਗ ਸੋਲਾਂ ਸਦੀਆਂ ਬਾਅਦ ਹੋਏ ਅਤੇ ਇਸ ਤੋਂ ਛੇ ਸਦੀਆਂ ਪਿਛੋਂ ਇਕ ਸ਼ਾਖਾ ਦੇ ਰੂਪ ਵਿਚ ਇਸਲਾਮ ਮੱਤ ਦਾ ਜਨਮ ਹੋਇਆ ਜਿਸ ਦੇ ਮੋਢੀ (ਪੈਗ਼ੰਬਰ) ਹਜ਼ਰਤ ਮੁਹੰਮਦ ਸਨ। ਇਸ ਤਰ੍ਹਾਂ ਇਹ ਤਿੰਨੇ ਏਸ਼ੀਆਈ ਧਰਮ ਹਨ। ਭਾਰਤੀ ਬ੍ਰਾਹਮਣਵਾਦ ਦੇ ਨਿਯਮ ਬਹੁਤ ਕਠੋਰ ਹੋਣ ਅਤੇ ਕਰਮਕਾਂਡ ਵਧ ਜਾਣ ਕਾਰਨ ਲੋਕਾਂ ਦਾ ਝੁਕਾ ਬੁੱਧ ਧਰਮ ਵਲ ਵਧ ਗਿਆ। ਹੌਲੀ ਹੌਲੀ ਬੋਧੀ ਅਤੇ ਜੈਨੀ ਧਰਮ ਵੀ ਤੁਫ਼ਲਦਾਰ ਅਤੇ ਭੇਖੀ ਹੁੰਦੇ ਗਏ ਤਾਂ ਸਿੱਧ-ਨਾਥਾਂ ਨੇ ਜਨਤਾ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੀਆਂ ਰਿਧੀਆਂ ਸਿਧੀਆਂ ਤੋਂ ਲੋਕ ਛੇਤੀ ਹੀ ਉਪਰਾਮ ਹੋ ਗਏ ਅਤੇ ਭਗਤੀ ਅੰਦੋਲਨ ਨੇ ਕੁਮਰਾਹ ਹੋਈ ਜਨਤਾ ਦਾ ਪਥ-ਪ੍ਰਦਰਸ਼ਨ ਕੀਤਾ। ਪੰਜਾਬ ਵਿਚ ਇਸ ਅੰਦੋਲਨ ਨੂੰ ਗੁਰੂ ਸਾਹਿਬਾਂ ਨੇ ਸਿਖਰ ਤੇ ਪਹੁੰਚਾਇਆ।

ਹੁਣ ਅਸੀਂ ਇਸਤਰੀ ਦੇ ਵਿਅਕਤੀਤਵ ਅਤੇ ਕਰਤਵ, ਉਸਦੇ ਵੱਖ ਵੱਖ ਧਰਮਾਂ, ਗ੍ਰੰਥਾਂ, ਕਾਲਾਂ ਵਿਚ ਨਿਰਧਾਰਿਤ ਸਥਾਨ, ਉਸਦੀ ਮਹੱਤਤਾ, ਭਾਰਤੀ ਦਰਸ਼ਨ ਅਤੇ ਸਮਾਜ ਵਿਚ ਉਸਦੀ ਸਥਿਤੀ, ਵੈਦਿਕ, ਬੋਧੀ ਅਤੇ ਜੈਨੀ ਗ੍ਰੰਥਾਂ ਵਿਚ ਨਾਰੀ ਪ੍ਰਤਿ ਵਿਚਾਰਧਾਰਾ, ਸਾਮੀ (ਇਬਰਾਨੀ, ਈਸਾਈ ਅਤੇ ਇਸਲਾਮੀ) ਧਰਮਾਂ ਅਤੇ ਭਾਰਤੀ ਧਾਰਾਵਾਂ ਦਾ ਇਸਤਰੀ ਪ੍ਰਤਿ ਦ੍ਰਿਸ਼ਟੀਕੋਣ ਅਤੇ ਗੁਰਬਾਣੀ ਵਿਚ ਉਸਦੇ ਸੰਕਲਪ ਦਾ ਅਧਿਐਨ ਪ੍ਰਸਤੁਤ ਕਰਦੇ ਹੋਏ ਉਸਦੇ ਵੱਖ ਵੱਖ ਰੂਪਾਂ ਨੂੰ ਉਜਾਗਰ ਕਰਨਾ ਹੈ। ਨਾਲ ਹੀ ਆਦਿ ਗ੍ਰੰਥ ਵਿਚ ਇਸਤਰੀ ਦੇ ਪ੍ਰਤੀਕਾਤਮਕ ਸਰੂਪ ਦੀ ਵਿਆਖਿਆ ਕਰਦੇ ਹੋਏ ਆਦਰਸ਼ ਇਸਤਰੀ ਨੂੰ ਰੂਪਾਇਮਾਨ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਜਾਵੇਗਾ।

ਆਦਿ ਗ੍ਰੰਥ ਕੇਵਲ ਸਿੱਖਾਂ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਲਈ ਇਕ ਅਲੌਕਿਕ ਦੇਣ ਹੈ। ਇਸ ਵਿਚ ਸ਼ਰਧਾ ਰਖਣ ਵਾਲਿਆਂ ਨੂੰ ਦਾਤਾਂ, ਜਿਗਿਆਸੂਆਂ ਨੂੰ ਅਥਾਹ ਗਿਆਨ ਭੰਡਾਰ ਅਤੇ ਧਰਮ ਮਾਰਗ ਦੇ ਪਾਂਧੀਆਂ ਨੂੰ ਨਵਾਂ ਮਾਰਗ ਦਰਸ਼ਨ ਮਿਲਦਾ ਹੈ। ਇਹ ਰਚਨਾ ਗਿਆਨ ਅਤੇ ਸਰੋਦੀ ਅੰਸ਼ ਦਾ ਸੁਮੇਲ ਹੈ ਜਿਸ ਵਿਚ ਸ਼ਾਂਤ ਰਸ ਦਾ ਪ੍ਰਵਾਹ ਇੰਨੀ ਉਕਧੀ ਸਹਿਤ ਵਹਿੰਦਾ ਪ੍ਰਤੀਤ ਹੁੰਦਾ ਹੈ। ਇਸ ਅਥਾਹ ਸਮੁੰਦਰ ਵਿਚ ਬੇਅੰਤ ਹੀਰੇ, ਜਵਾਹਰ ਅਤੇ ਮਾਣਕ ਲੁਕੇ ਪਏ ਹਨ ਜਿਨ੍ਹਾਂ ਨੂੰ ਲਭਣ ਲਈ ਇਸਦੀ ਡੂੰਘਾਈ ਅਤੇ ਵਿਸ਼ਾਲਤਾ ਵਿਚ ਗੋਤੇ ਲਾਉਣੇ ਪੈਂਦੇ ਹਨ। ਹੁਣ ਤਕ ਆਦਿ ਗ੍ਰੰਥ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕਰਨ ਲਈ ਵਿਦਵਾਨਾਂ ਦੁਆਰਾ ਕੁਝ ਉਪਰਾਲੇ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਗੁਰਬਾਣੀ ਵਿਚ: ਨਾਮ ਦਾ ਸੰਕਲਪ, ਗੁਰੂ ਦਾ ਸੰਕਲਪ, ਸਮਕਾਲੀਨ ਸਮਾਜ ਚਿਤ੍ਰਣ

ਨੈਤਿਕਤਾ ਦਾ ਸੰਕਲਪ, ਸੁਹਜਤਾ, ਸਿੱਖ-ਵਿਧਾਨ, ਗੁਰਮਤਿ ਫਿਲਾਸਫੀ ਅਤੇ ਆਦਿ ਗ੍ਰੰਥ ਦਾ ਸਾਂਸਕ੍ਰਿਤਿਕ ਅਧਿਐਨ ਵਿਸ਼ੇਸ਼ ਕਰਕੇ ਵਰਣਨਯੋਗ ਹਨ।

ਆਦਿ ਗ੍ਰੰਥ ਵਿਚ ਇਸਤਰੀ ਬਾਰੇ ਹਾਲੇ ਤਕ ਡਾਕਟਰੇਟ ਪੱਧਰ ਦਾ ਸ਼ੋਧ ਕਾਰਜ ਨਹੀਂ ਹੋਇਆ। ਹਥਲੀ ਖੋਜ ਇਸ ਦਿਸ਼ਾ ਵਿਚ ਇਕ ਨਿਮਾਣਾ ਪ੍ਰਯਤਨ ਹੈ। ਇਸਦਾ ਪ੍ਰਮੁਖ ਆਧਾਰਖੇਤਰ ਆਦਿ ਗ੍ਰੰਥ ਦੀ ਬਾਣੀ ਹੈ।

ਇਸ ਸ਼ੋਧ-ਪ੍ਰਬੰਧ ਨੂੰ ਕੁਲ ਸੱਤ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ 'ਇਸਤਰੀ ਦਾ ਸਰੂਪ; ਪਰੰਪਰਾ ਅਤੇ ਵਿਕਾਸ' ਦਾ ਵਰਣਨ ਹੈ। ਇਸ ਵਿਚ ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਦੇ ਪ੍ਰਮੁਖ ਸੰਸਾਰ-ਪ੍ਰਸਿੱਧ ਵਿਦਵਾਨਾਂ ਦੇ ਵਿਚਾਰ ਸੰਕਲਿਤ ਕਰਕੇ ਵਿਕਾਸ ਦੀ ਲੜੀ ਦਾ ਅਧਿਐਨ ਪ੍ਰਸਤੁਤਕੀਤਾ ਗਿਆ ਹੈ।

ਦੂਜਾ ਅਧਿਆਇ 'ਪ੍ਰਾਚੀਨ ਭਾਰਤੀ ਸਮਾਜ ਵਿਚ ਇਸਤਰੀ' ਹੈ ਜਿਸ ਵਿਚ ਪੂਰਬ ਆਰੀਆ ਕਾਲ, ਵੈਦਿਕ ਕਾਲ, ਉੱਤਰਵੈਦਿਕ ਕਾਲ ਅਤੇ ਸ਼੍ਰਮਣ ਸੰਸਕ੍ਰਿਤੀ (ਜੈਨੀ ਅਤੇ ਬੋਧੀ) ਵਿਚ ਨਾਰੀ ਦੀ ਸਥਿਤੀ ਦਾ ਵਰਣਨ ਕੀਤਾ ਗਿਆ ਹੈ। ਇਹ ਸਾਰੇ ਵਿਸ਼ੇ ਆਪਣੇ ਆਪ ਵਿਚ ਏਨੇ ਵਿਸ਼ਾਲ ਹਨ ਕਿ ਹਰਇਕ ਉੱਤੇ ਵੱਖ ਵੱਖ ਗ੍ਰੰਥ ਰਚੇ ਜਾ ਸਕਦੇ ਹਨ ਪਰ ਵਾਧੂ ਵਿਸਥਾਰ ਤੋਂ ਬਚਣ ਲਈ ਇਥੇ ਸੰਖੇਪ ਰਹਿਣ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ।

ਤੀਜੇ ਅਧਿਆਇ ਵਿਚ ਸਾਮੀ ਧਰਮਾਂ ਉੱਤੇ ਵਿਚਾਰ ਕੀਤਾ ਗਿਆ ਹੈ। ਇਸ ਵਿਚ ---- ਇਬਰਾਨੀ ਮੱਤ, ਈਸਾਈ ਮੱਤ ਅਤੇ ਇਸਲਾਮ ਵਿਚ ਔਰਤ ਪ੍ਰਤਿ ਵਿਵਹਾਰ ਦਾ ਸੰਖੇਪ ਵਰਣਨ ਹੈ।

ਚੌਥੇ ਅਧਿਆਇ ਵਿਚ ਮਧਕਾਲੀਨ ਧਾਰਾਵਾਂ (ਆਦਿ ਗ੍ਰੰਥ ਕਾਲ ਤਕ) ਵਿਚ ਇਸਤਰੀ ਦੀ ਸਥਿਤੀ ਵਿਚਾਰੀ ਗਈ ਹੈ ਜਿਸ ਵਿਚ ਨਾਥ ਜੋਗੀਆਂ ਦੀ ਵਿਚਾਰਧਾਰਾ ਭਗਤੀ ਅੰਦੋਲਨ ਦੇ ਸੰਤਾਂ ਦੁਆਰਾ ਇਸਤਰੀ ਦੇ ਹੱਕਾਂ ਦੀ ਪ੍ਰੋੜਤਾ ਅਤੇ ਉਸਦੀ ਉਨੱਤੀ ਲਈ ਪ੍ਰਯਤਨ ਸ਼ਾਮਿਲ ਹਨ।

ਪੰਜਵੇਂ ਅਧਿਆਇ ਵਿਚ ਆਦਿ ਗ੍ਰੰਥ ਵਿਚ ਆਏ ਵਰਣਨ ਦੇ ਆਧਾਰ ਤੇ ਇਸਤਰੀ ਦੇ ਵਿਅਕਤੀਤਵ ਦਾ ਵਰਣਨ ਕੀਤਾ ਗਿਆ ਹੈ। ਵਿਚਾਰਾਂ ਦੀ ਪੁਸ਼ਟੀ ਲਈ

ਆਦਿ ਗ੍ਰੰਥ ਵਿਚੋਂ ਟੂਕਾਂ ਦਿੱਤੀਆਂ ਗਈਆਂ ਹਨ। ਇਕ ਇਕ ਵਿਚਾਰ ਅਤੇ ਪੱਖ ਨੂੰ ਸਪੱਸ਼ਟ ਕਰਨ ਲਈ ਵਿਸਥਾਰ ਦਿੱਤਾ ਗਿਆ ਹੈ। ਤੀਜਿਆਂ ਰੂਪ ਵਿਚ ਉਹ ਕਿਵੇਂ ਮਾਪਿਆਂ ਦਾ ਨਾਜ਼ ਪ੍ਰਾਪਤ ਕਰਦੀ ਸੀ। ਪਤਨੀ ਰੂਪ ਵਿਚ ਉਸਦੇ ਭਿੰਨ ਭਿੰਨ ਫਰਜ਼, ਗੁਣ ਅਤੇ ਅਵਸਥਾਵਾਂ ਦਾ ਵਰਣਨ ਕਰਦੇ ਹੋਏ ਮਾਂ ਰੂਪ ਵਿਚ ਸਮਾਜਿਕ ਸਥਿਤੀ ਦਾ ਬਿਆਨ ਹੈ। ਇਸਤਰੀ ਦੇ ਉੱਤਮ ਅਤੇ ਨੀਚ ਦੋਹਾਂ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ਚੰਗੀ ਇਸਤਰੀ ਦੇ ਰੂਪ ਵਿਚ ਉਸਨੂੰ ਸਲਾਹਿਆ ਗਿਆ ਹੈ ਪਰ ਭੈੜੀ ਇਸਤਰੀ ਦੇ ਰੂਪ ਵਿਚ ਉਸਨੂੰ ਦੁਰਕਾਰਿਆ ਗਿਆ ਹੈ ਅਤੇ ਠੀਕ ਮਾਰਗ ਤੇ ਚਲਣ ਲਈ ਪ੍ਰੇਰਨਾ ਦਿੱਤੀ ਗਈ ਹੈ।

ਛੇਵੇਂ ਅਧਿਆਇ ਵਿਚ ਇਸਤਰੀ ਨੂੰ ਇਸਤਰੀ-ਗੁਣਾਂ ਦੇ ਪ੍ਰਤੀਕਾਂ ਵਜੋਂ ਵਰਣਨ ਕੀਤਾ ਗਿਆ ਹੈ। ਆਦਿ ਗ੍ਰੰਥ ਅਧਿਆਤਮਕ ਰਚਨਾ ~~ਵਿਚ~~ ਹੈ। ਇਸ ਵਿਚ ਗੁਰੂ ਸਾਹਿਬ ਅਤੇ ਭਗਤ ਜਨਾਂ ਨੇ ਇਸਤਰੀ ਰੂਪ ਹੋ ਕੇ ਪ੍ਰਭੂ ਪਤੀ ਦੀ ਆਰਾਧਨਾ ਕੀਤੀ ਹੈ। ਉਹ ਸਮਝਦੇ ਹਨ ਕਿ ਇਸਤਰੀ ਗੁਣ ਹੀ ਮਨੁੱਖ ਨੂੰ ਪ੍ਰਭੂ ਪਰਮਾਤਮਾ ਬਣਾ ਸਕਦੇ ਹਨ। ਇਸਤਰੀ ਪਿਆਰ ਦੀ ਮੂਰਤ ਹੈ ਜੋ ਸਵੈ-ਕੁਰਬਾਨੀ ਅਤੇ ਤਿਆਗ ਰਾਹੀਂ ਪਤੀ ਦੀ ਆਤਮਾ ਦਾ ਹੀ ਇਕ ਅੰਸ਼ ਬਣ ਜਾਂਦੀ ਹੈ। ਉਸ ਕੋਲ ਦੇਣ ਲਈ ਦਇਆ, ਸ਼ਰਧਾ ਅਤੇ ਪਿਆਰ ਹੈ। ਚੰਗੀ ਇਸਤਰੀ ਨੂੰ ਗੁਰਮੁਖ ਅਤੇ ਸੁਚੱਜੀ ਦੇ ਪ੍ਰਤੀਕ ਵਿਚ ਸੁੰਦਰੀ, ਸ਼ਰਮੀਲੀ, ਸੰਜਮੀ, ਸੰਤੋਖੀ, ਮਿਹਨਤੀ, ਸੇਵਾਭਾਵੀ, ਸਨਿਮਰ, ਉਦਾਰ, ਹਸਮੁਖ, ਪਤੀ-ਵਰਤ, ਸੱਸ-ਸਹੁਰੇ ਦੀ ਪਿਆਰੀ ਅਤੇ ਘੱਟ-ਖਰਚੀਲੀ ਬਿਆਨਿਆ ਹੈ। ਜੋ ਰੋਜ਼ ਨਿਤਨੇਮ ਕਰਦੀ ਹੈ, ਦੁਨਿਆਵੀ ਮੋਹ ਮਾਇਆ ਤੋਂ ਵਿਰਕਤ ਰਹਿੰਦੀ ਹੋਈ ਆਪਣੇ ਫਰਜ਼ ਨਿਭਾਉਂਦੀ ਹੈ। ਪਰ ਭੈੜੀ ਇਸਤਰੀ ਲਈ ਵਰਤੇ ਗਏ ਪ੍ਰਤੀਕਾਂ ਵਿਚ ਛੁੱਟੜ, ਮਨਮੁਖ, ਬਿਰਹਨ, ਕੁਚਜਿਆ, ਕਰੂਪ, ਕੁੱਚਜੀ, ਕੁਲਖਣੀ, ਦੁਹਾਗਣ, ਕੂੜੀ, ਕੁਮਤੀ, ਰੰਡਵਾਰ, ਚਲਿੱਤਰੀ ਨਾਰ, ਆਦਿ ਦੀ ਵਰਤੋਂ ਕੀਤੀ ਗਈ ਹੈ। ਸਪਸ਼ਟਾਂ ਸਹਿਤ ਉਹ ਭਾਰਤੀ ਇਸਤਰੀ ਲਈ ਆਦਰਸ਼ ਸਰੂਪ ਪੇਸ਼ ਕਰਦੀ ਹੈ। ਸੰਜਮੀ, ਤਿਆਗਮਈ ਅਤੇ ਪਤੀਵਰਤਾ ਹੋ ਕੇ ਆਦਰਸ਼ ਪੁੱਤਰੀ, ਆਦਰਸ਼ ਪਤਨੀ, ਅਤੇ ਆਦਰਸ਼ ਮਾਂ ਬਣਦੀ ਹੈ। ਉਸਦੇ ਕੁਦਰਤੀ ਗੁਣਾਂ ਵਿਚ ਉਸਦਾ ਧਰਤੀ ਦੀ ਤਰ੍ਹਾਂ ਧੀਰਜਵਾਨ, ਸ਼ਾਂਤਮਈ ਅਤੇ ਸਹਿਣਸ਼ੀਲ ਹੋਣਾ ਮੁੱਖ ਹਨ।

ਸਤਵਾਂ ਅਧਿਆਇ 'ਆਦਿ ਗ੍ਰੰਥ ਅਨੁਸਾਰ ਆਦਰਸ਼ ਇਸਤਰੀ ਦਾ ਸਰੂਪ' ਨੂੰ ਸਮਰਪਿਤ ਕੀਤਾ ਗਿਆ ਹੈ। ਸਦਗੁਣ ਧਾਰਨ ਕਰਨ ਨਾਲ ਉਹ ਆਦਰਸ਼ ਪਾਤਰ ਬਣਦੀ ਹੈ

ਪਰ ਔਗੁਣਾਂ ਕਾਰਨ ਉਸਦਾ ਵਿਅਕਤੀਤਵ ਕਲੰਕਿਤ ਹੋ ਜਾਂਦਾ ਹੈ। ਆਦਰਸ਼ ਸਰੂਪ ਵਿਚ ਉਹ ਉਦਾਰ, ਹਉਮੈ ਰਹਿਤ, ਹਲੀਮੀ ਵਾਲੀ, ਆਚਾਰਵੰਤੀ, ਅਰੋਗ, ਪਤੀਵਰਤਾ, ਪੁੱਤਰਵੰਤੀ, ਭਾਣਾ ਮੰਨਣ ਵਾਲੀ, ਕ੍ਰੋਧ ਰਹਿਤ, ਮਿਹਨਤੀ, ਮਿਠਬੋਲੜੀ, ਗਿਆਨਵਾਨ, ਗੰਭੀਰ, ਵਫ਼ਾਦਾਰ, ਨਿਮਰ, ਸਾਫ਼ਸੁਥਰੀ, ਉੱਦਮ, ਸੁੱਚਜੀ, ਸ਼ੀਲਵੰਤੀ, ਸੇਵਾ ਭਾਵੀ, ਸ਼ੁਭਆਚਰਨ, ਸਹਿਣਸ਼ੀਲ, ਸੰਜਮੀ, ਸੰਤੋਖੀ, ਖਿਮਾਵਾਨੀ, ਮਮਤਾਮਈ, ਸਾਂਝੇ ਪਰਿਵਾਰ ਵਿਚ ਰਹਿਣ ਵਾਲੀ, ਪੱਕ ਪਰਤੀਤੀ, ਅਤੇ ਭਗਤੀ ਭਾਵ ਵਾਲੀ ਹੁੰਦੀ ਹੈ।

ਅੰਤ ਵਿਚ ਸਾਰੇ ਸ਼ੋਧ ਪ੍ਰਬੰਧ ਦਾ ਸਾਰੰਸ਼ ਦਿੱਤਾ ਗਿਆ ਹੈ। ਜਿਸ ਵਿਚ ਪੂਰਬ-ਆਰੀਆ ਕਾਲ ਤੋਂ ਆਦਿ ਗ੍ਰੰਥ ਕਾਲ ਤਕ ਦੇ ਵਿਚਾਰਾਂ ਨੂੰ ਇਕ ਲੜੀ ਵਿਚ ਪਰੋ ਕੇ ਨਿਸ਼ਕਰਸ਼ ਕੱਢਿਆ ਗਿਆ ਹੈ।

ਇਹ ਸ਼ੋਧ ਪ੍ਰਬੰਧ ਸੰਪੂਰਨ ਤਾਂ ਕੀ ਆਰੰਭ ਵੀ ਨਹੀਂ ਹੋ ਸਕਦਾ ਸੀ ਜੇਕਰ ਪਰਮ ਸਤਿਕਾਰਯੋਗ ਡਾ. ਜੋਗਿੰਦਰ ਸਿੰਘ ਜੀ ਪ੍ਰਿੰਸੀਪਲ, ਗੌਰਮਿੰਟ ਮਹਿੰਦਰਾ ਕਾਲਜ, ਪਟਿਆਲਾ (ਸਾਬਕਾ ਮੁੱਖੀ ਪੰਜਾਬੀ ਵਿਭਾਗ, ਗੌਰਮਿੰਟ ਕਾਲਜ, ਲੁਧਿਆਣਾ) ਆਪਣੀ ਯੋਗ ਅਗਵਾਈ ਨਾਲ ਰਾਹ ਨਾ ਰੁਸ਼ਨਾਂਦੇ। ਮੈਂ ਜਦੋਂ ਵੀ ਆਪਣੇ ਖੋਜ ਕਾਰਜ ਸੰਬੰਧੀ ਔਕੜਾਂ ਲੈ ਕੇ ਉਹਨਾਂ ਪਾਸ ਗਈ, ਉਹਨਾਂ ਨੇ ਰਖਣਾ ਕੰਮ ਛੱਡ ਕੇ ਮੇਰੀ ਜਿਗਿਆਸਾ ਪੂਰਤੀ ਲਈ ਲਗਾਤਾਰ ਦਸ ਦਸ ਘੰਟੇ ਦਾ ਸਮਾਂ ਦਿੱਤਾ। ਇਕ ਇਕ ਸ਼ਬਦ ਨੂੰ ਉਹਨਾਂ ਗਹੁ ਨਾਲ ਘੋਖਿਆ ਅਤੇ ਭਾਸ਼ਾਈ ਸੁਧਾਈਆਂ ਕੀਤੀਆਂ। ਸਵਰਗਵਾਸੀ ਡਾ. ਤਾਰਨ ਸਿੰਘ ਜੀ, ਮੁੱਖੀ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਅਤਿ ਰਿਣੀ ਹਾਂ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਵਡਮੁੱਲੀਆਂ ਹਦਾਇਤਾਂ ਰਾਹੀਂ ਇਸ ਸ਼ੋਧ ਪ੍ਰਬੰਧ ਦਾ ਮੂੰਹ ਮੱਥਾ ਸੰਵਾਰਿਆ।

ਮੈਂ ਧੰਨਵਾਦੀ ਹਾਂ ਸ੍ਰ ਸਤਿਕਾਰਯੋਗ ਡਾ. ਵਿਸ਼ਵਾਨਾਥ ਤਿਵਾੜੀ, ਮੁੱਖੀ, ਪੰਜਾਬੀ ਵਿਭਾਗ ਅਤੇ ਭਾਈ ਵੀਰ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ, ਜਿਨ੍ਹਾਂ ਨੇ ਸਮੇਂ ਸਮੇਂ ਮੈਨੂੰ ਸਹਿਯੋਗ ਦੇ ਕੇ ਉਤਸ਼ਾਹਿਤ ਕੀਤਾ।

ਅੰਤ ਵਿਚ ਮੈਂ ਧੰਨਵਾਦੀ ਹਾਂ ਸ: ਅਜੀਤ ਸਿੰਘ ਕੱਕੜ, ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਜਿਨ੍ਹਾਂ ਨੇ ਇਸ ਖੋਜ-ਕਾਰਜ ਲਈ ਪ੍ਰੇਰਨਾ ਦੇ ਕੇ ਜੀਵਨ-ਸੇਧ ਬਖ਼ਸ਼ੀ।

ਆਖਰ ਇਹ ਸ਼ੋਧ ਪ੍ਰਬੰਧ ਮੈਂ ਨਿਮਰਤਾ ਸਹਿਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਪ੍ਰਸਤੁਤ ਕਰਦੀ ਹਾਂ।

ਤ੍ਰਿਪਤ ਕੌਰ

*****

ਅਧਿਆਇ ਪਹਿਲਾ

ਇਸਤਰੀ ਦਾ ਸਰੂਪ : ਪਰੰਪਰਾ ਤੇ ਵਿਕਾਸ

ਇਸਤਰੀ ਸ਼ਬਦ "ਸਤਯੈ" ਧਾਤੂ ਤੋਂ ਬਣਿਆ ਹੈ ਅਤੇ ਪ੍ਰਾਚੀਨ ਕਾਲ ਤੋਂ ਹੀ ਇਸ ਸ਼ਬਦ ਦਾ ਪ੍ਰਯੋਗ ਹੁੰਦਾ ਆ ਰਿਹਾ ਹੈ। ਸਮੇਂ ਸਮੇਂ ਤੇ ਵਿਦਵਾਨਾਂ, ਸਿਖਿਆ ਸ਼ਾਸਤਰੀਆਂ, ਵਿਆਕਰਨ ਵੇਤਾਵਾਂ ਅਤੇ ਗ੍ਰੰਥਕਾਰਾਂ ਨੇ ਇਸਤਰੀ ਨੂੰ ਵੱਖ ਵੱਖ ਸ਼ਬਦਾਂ ਨਾਲ ਸੰਬੋਧਿਤ ਕੀਤਾ ਹੈ। ਇਹ ਸ਼ਬਦ ਇਕ ਦੂਜੇ ਨਾਲ ਅਰਥ-ਭੇਦ ਰਖਦੇ ਹੋਏ ਇਸਤਰੀ ਦੇ ਸਰਬ-ਪੱਖੀ ਗੁਣਾਂ ਅਤੇ ਔਗੁਣਾਂ ਨੂੰ ਪ੍ਰਤੀਬਿੰਬਿਤ ਕਰਦੇ ਹਨ। ਵੇਦਾਂ, ਸ਼ਾਸਤਰਾਂ, ਧਰਮ-ਗ੍ਰੰਥਾਂ, ਪਵਿੱਤਰ ਪੋਥੀਆਂ, ਅਧਿਆਤਮਕ ਸ਼ਬਦਾਵਲੀ ਅਤੇ ਗਿਆਨ ਪੁਸਤਕਾਂ ਵਿਚ ਇਸਤਰੀ ਦੇ ਅਨੇਕਾਂ ਗੁਣ, ਔਗੁਣ, ਸ਼ਕਤੀਆਂ, ਉਸਾਰੂ ਰੁੱਚੀਆਂ, ਚੰਚਲਤਾ, ਈਰਖਾ ਅਤੇ ਮਾਰੂ-ਭਾਵਨਾਵਾਂ ਨੂੰ ਰੂਪਮਾਨ ਕੀਤਾ ਗਿਆ ਹੈ। ਆਮ ਤੌਰ ਤੇ ਇਸਤਰੀ ਦੇ ਬਾਹਰ-ਮੁੱਖੀ ਰੂਪ ਨੂੰ ਅਬਲਾ, ਅਹਲਿਯਹੁ ਔਰਤ, ਅਰਧ ਸਰੀਰੀ, ਅਰਧਾਂਗੀ, ਇਸਤਰੀ, ਸੁੰਦਰੀ, ਕੰਨਿਆਂ, ਕਾਮਨੀ, ਕਿਸ਼ੋਰੀ, ਖਾਤੂਨ, ਚੰਚਲਾ, ਚਪਲਾ, ਜੋਰੂ, ਜ਼ੋਜਹ, ਜ਼ਨ, ਜਾਯਾ, ਜਨਨੀ, ਤ੍ਰੀਮਤ, ਤ੍ਰਿਯਾ, ਦੋਹਿਤਾ, ਧਰਮ ਪਤਨੀ, ਧਨ, ਨਾਰੀ, ਪ੍ਰਮਦਾ, ਪ੍ਰਿਯਾ, ਪ੍ਰੇਯਸੀ, ਪ੍ਰੇਮਿਕਾ, ਪਤਨੀ, ਪੁਤਰੀ, ਬਹੂ, ਬੀਵੀ, ਭਾਰਯਾ, ਮਹਿਲਾ, ਮਸਤੂਰਤ, ਮਾਤਾ, ਮੁੰਧ, ਮਾਨਨੀਯ, ਮੇਨਾ, ਯੋਸ਼ਾ, ਲਲਨਾ, ਵਹੁਟੀ, ਵੋਮੈਨ ਅਤੇ ਵਾਈਫ਼ ਸ਼ਬਦਾਂ ਰਾਹੀਂ ਚਿਤ੍ਰਿਤ ਕੀਤਾ ਜਾਂਦਾ ਹੈ। ਇਨ੍ਹਾਂ ਤੋਂ ਉਸਦੇ ਵੱਖ ਵੱਖ ਸੰਸਾਰੀ ਸੰਬੰਧਾਂ ਦਾ ਗਿਆਨ ਹੁੰਦਾ ਹੈ।

ਇਸ ਤੋਂ ਬਿਨਾਂ ਉਸਦੀਆਂ ਅੰਤਰਮੁੱਖੀ ਸ਼ਕਤੀਆਂ ਅਤੇ ਗੁਣਾਂ ਦੇ ਪ੍ਰਗਟਾਵੇ ਲਈ ਅਧਿਆਤਮਕ ਸ਼ਬਦਾਵਲੀ ਵਿਚ ਅਨੰਤ ਸੰਬੋਧਨ ਹਨ, ਜੋ ਗੁਣਾਂ ਦਾ ਹੀ ਵਿਅਕਤੀਕਰਨ ਹੋ ਜਾਂਦੇ ਹਨ। ਇਸ ਪੱਖੋਂ ਉਹ ਸ੍ਰੀ ਹੈ, ਸ਼ਕਤੀ ਹੈ, ਚਿਤਿ ਹੈ। ਇਕ ਇਕ ਸ਼ਬਦ ਇਸਤਰੀ ਅੰਦਰਲੀ ਅਸੀਮ ਸ਼ਕਤੀ ਦਾ ਬੋਧ ਕਰਾਉਂਦਾ ਹੈ। ਉਸਦੇ ਮੋਹ ਵਿਚ ਸਨੇਹ ਹੈ, ਬੰਧਨ ਵਿਚ ਦਾਨ ਅਤੇ ਜੀਵਨ ਵਿਚ ਉਤਸਰਗ ਹੈ। ਉਹ ਭਗਤੀ ਹੈ, ਸ਼ਰਧਾ ਹੈ, ਪੂਜਣਯੋਗ ਹੈ। ਉਹ ਦੇਵੀ ਹੈ, ਅਪੂਰਨ ਵਿਚ ਪੂਰਨ। ਦੇਵੀ ਅਤੇ ਸ਼ਕਤੀ ਰੂਪ ਵਿਚ ਉਸਨੂੰ ਸਮਰੱਥ, ਸੰਪੂਰਨ, ਸ਼ਕਤੀਸ਼ਾਲੀ ਤੋਂ ਇਲਾਵਾ ਪ੍ਰੇਰਨਾ ਸ੍ਰੋਤ, ਭਗਤੀ, ਸ਼ਰਧਾ ਅਤੇ ਸੇਵਾ ਦਾ ਅਮੁੱਕ ਸੋਮਾ ਮੰਨਿਆ ਗਿਆ ਹੈ। ਔਰਤ ਦੇ ਇਹ ਗੁਣ ਉਜਾਗਰ ਕਰਨ ਲਈ ਬੜੇ

ਪ੍ਰਭਾਵਸ਼ਾਲੀ ਅਤੇ ਜ਼ੋਰਦਾਰ ਸ਼ਬਦ ਵਰਤੇ ਗਏ ਹਨ ਜਿਵੇਂ ਮਹਾਂਸ਼ਕਤੀ, ਮਹਾਮਾਯਾ ਅਤੇ ਮਹਾਂਮੋਹ। ਅਜੇਹੇ ਸ਼ਬਦ ਆਦਿ ਕਾਲ ਤੋਂ ਵਰਤੇ ਗਏ ਹਨ। ਮਹਾਂ ਸ਼ਕਤੀ ਰੂਪ ਵਿਚ ਉਹ ਪ੍ਰੇਰਨਾਸ੍ਰੋਤ ਹੈ ਜੋ ਮਨੁੱਖ ਨੂੰ ਮਹਾਨ ਕਵੀ, ਮਹਾਨ ਕਲਾਕਾਰ ਅਤੇ ਮਹਾਨ ਤਪਸਵੀ ਬਣਾ ਸਕਦੀ ਹੈ। ਉਹ ਪੁਰਸ਼ ਵਿਚ ਜੀਵਨ ਅਤੇ ਰਸ ਦਾ ਸੰਚਾਰ ਕਰਦੀ ਹੈ। ਉਹ ਮਹਾਮਾਯਾ ਵੀ ਹੈ। ਪੁਰਸ਼ ਦੀ ਸਾਰੀ ਸ੍ਰਿਸ਼ਟੀ ਹੀ ਉਸਦੇ ਆਕਰਸ਼ਣ-ਬੱਧ ਹੈ। ਉਹ ਸੰਸਾਰ ਦੀਆਂ ਕੁਲ ਕ੍ਰਿਆਵਾਂ ਉਤੇ ਬਦਲਾਂ, ਦੀ ਤਰ੍ਹਾਂ ਛਾਈ ਹੋਈ ਹੈ।

ਇਸਤਰੀ ਮਹਾਂਮੋਹ ਹੈ। ਉਹ ਸਦਾ ਆਪਣੇ ਪਤੀ, ਆਪਣੇ ਬੱਚਿਆਂ ਅਤੇ ਘਰ ਲਈ ਹੀ ਸੋਚਦੀ ਹੈ। ਮੋਹਮਈ ਹੋ ਕੇ ਵੀ ਆਪਣੇ ਨਿਜ ਲਈ ਨਾ ਸੋਚ ਕੇ ਸੇਵਾ ਅਤੇ ਤਿਆਗ ਦੀ ਮੂਰਤੀ ਹੈ। ਇਸ ਤਰ੍ਹਾਂ ਉਹ ਉਤਸਰਗਮਈ ਹੈ। ਇਸਤਰੀ ਦਾ ਵਿਕਰਾਲ ਰੂਪ-(ਜਦੋਂ ਉਹ ਵਿਦਰੋਹ ਕਰਦੀ ਹੈ) ਮਹਾਕਾਲੀ ਦਾ ਸਰੂਪ ਹੁੰਦਾ ਹੈ। ਉਸਦੀ ਵਿਨਾਸ਼ਕਾਰੀ ਸ਼ਕਤੀ ਭਿਆਨਕ ਰੂਪ ਧਾਰਨ ਕਰਦੀ ਹੈ। ਇਸਤਰੀ ਦਾ ਆਕਰਸ਼ਣ ਅਤੇ ਪ੍ਰੇਰਨਾ ਮਹਾਂ ਯੁੱਧ ਕਰਵਾਉਂਦੇ ਹਨ; ਵਿਨਾਸ਼ ਕਰਵਾਉਂਦੇ ਹਨ। ਉਹ ਘਰਾਂ ਵਿਚ ਅਸ਼ਾਂਤੀ ਅਤੇ ਜੀਵਨ ਵਿਚ ਕੁੜੱਤਨ ਤੇ ਦੁਖ ਭਰ ਦੇਂਦੀ ਹੈ। ਨਾਰੀ ਮਹਾਂ ਸ਼ਕਤੀ ਹੈ ਜੋ ਕਲਾ ਵਿਚ ਕਲਾਤਮਕਤਾ ਤੇ ਰਾਗ ਭਰਦੀ ਹੈ। ਜੇਕਰ ਸੰਸਾਰ ਦੀ ਕਲਾ 'ਚੋਂ ਇਸਤਰੀ ਨੂੰ ਕੱਢ ਦੇਈਏ ਤਾਂ ਬਾਕੀ ਆਤਮਾ-ਰਹਿਤ ਸ਼ਰੀਰ ਦੀ ਤਰ੍ਹਾਂ ਨਿਰਜੀਵ ਖੁੰਢ ਹੀ ਰਹਿ ਜਾਣਗੇ। ਕਿਸੇ ਨਾ ਕਿਸੇ ਰੂਪ ਵਿਚ ਇਸਤਰੀ ਹਰ ਕੋਮਲ ਕਲਾ ਵਿਚ ਵਿਦਮਾਨ ਹੈ। ਉਹ ਮਹਾਲਕਸ਼ਮੀ ਹੈ। ਉਸਦੀ ਸੇਵਾ, ਉਸਦਾ ਪਿਆਰ ਅਤੇ ਆਕਰਸ਼ਣ ਸਮਾਜ ਨੂੰ ਬਣਾਉਂਦਾ ਹੈ। ਘਰ ਨੂੰ ਘਰ ਬਣਾਉਣ ਵਾਲੀ ਇਸਤਰੀ ਹੀ ਹੈ। ਜੇਕਰ ਘਰ ਵਿਚ ਖੁਸ਼ੀ, ਸ਼ਾਂਤੀ, ਸਮਾਜ ਵਿਚ ਸੁਖ ਅਤੇ ਰਾਸ਼ਟਰ ਵਿਚ ਉਤਕਰਸ਼ ਦੀ ਸਿਰਜਨਾ ਇਸਤਰੀ ਹੀ ਕਰਦੀ ਹੈ। ਇਸਤਰੀ ਦੀ ਮਰਦ ਨੂੰ ਵਿਵਸਥਿਤ ਅਤੇ ਨਿਯਮ-ਬੱਧ ਹੋਣ ਲਈ ਮਜਬੂਰ ਕਰਦੀ ਹੈ। ਆਦਮੀ ਕਲਪਨਾ ਦੇ ਖੰਭਾਂ ਤੇ ਉਡੱਦਾ ਸਦਾ ਹਵਾ ਵਿਚ ਵਿਚਰਨ ਦੇ ਸੁਪਨੇ ਲੈਂਦਾ ਹੈ। ਪਰ ਇਸਤਰੀ ਉਸਨੂੰ ਵਾਸਤਵਿਕਤਾ ਤੋਂ ਜਾਣੂ ਕਰਵਾਉਂਦੀ ਹੋਈ ਧਰਤੀ ਉਤੇ ਟਿਕਣ ਲਈ ਪ੍ਰੇਰਦੀ ਹੈ। ਇਸਤਰ੍ਹਾਂ ਇਸਤਰੀ ਪ੍ਰਕ੍ਰਿਤੀ ਹੈ।

ਮੁੱਖ ਰੂਪ ਵਿਚ ਇਸਤਰੀ ਤੋਂ ਭਾਵ ਅਸੀਂ 'ਵਿਆਹੁਤਾ' ਤੋਂ ਹੀ ਲੈਂਦੇ ਹਾਂ। ਕਾਮ ਸ਼ਾਸਤਰ ਵਿਚ ਇਸਤਰੀ ਚਾਰ ਪ੍ਰਕਾਰ ਦੀ ਮੰਨੀ ਗਈ ਹੈ:-

1- ਸ਼ੰਖਿਨੀ
2- ਹਸਤਿਨੀ
3- ਚਿਤ੍ਰਿਨੀ
4- ਪਦਮਿਨੀ

3.

ਉਮਰ ਦੇ ਲਿਹਾਜ ਨਾਲ ਔਰਤ ਦੇ ਚਾਰ ਭੇਦ ਹਨ :-

1- ਬਾਲਾ (16 ਸਾਲ ਤਕ ਦੀ ਉਮਰ)
2- ਤਰੁਣੀ (16 ਸਾਲ ਤੋਂ 30 ਸਾਲ ਤਕ)
3- ਪ੍ਰੌਢਾ (30 ਤੋਂ 50 ਸਾਲ ਤਕ)
4- ਵ੍ਰਿਧਾ (50 ਤੋਂ ਉਪਰ ਦੀ ਉਮਰ)

ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਬ੍ਰਹਮ ਵੈਵਰਤ ਵਿਚ ਇਸਤਰੀ ਤਿੰਨ ਪ੍ਰਕਾਰ ਦੀ ਦਸੀ ਗਈ ਹੈ :-

1- ਸਾਧਵੀ :- ਜੋ ਪਤੀ ਵਿਚ ਪੂਰਨ ਭਗਤੀ ਭਾਵ ਰਖਦੀ ਹੋਵੇ ਅਤੇ ਸੰਤਾਨ ਉਤਪਤੀ ਲਈ ਪਤੀ ਦਾ ਸੰਗ ਕਰੇ।

2- ਭੋਗਯਾ :- ਜੋ ਭੋਗਵਾਸਨਾ ਅਤੇ ਪਦਾਰਥ ਲਾਲਚ ਵਸ ਪਤੀ ਦਾ ਸੰਗ ਕਰੇ।

3- ਕੁਲਟਾ :- ਜੋ ਪਰ-ਪੁਰਸ਼ਾਂ ਨਾਲ ਕਾਮ-ਵਸ ਭੋਗ ਕਰਦੀ ਹੋਵੇ ਅਤੇ ਕਪਟ ਨਾਲ ਪਤੀ ਦੀ ਸੇਵਾ ਕਰੇ।[1]

ਸ਼ਾਸਤਰਾਂ ਅਨੁਸਾਰ ਆਦਮੀ ਵਾਸਤਵ ਵਿਚ ਕਾਮਨਾਹੀਣ, ਕ੍ਰਿਆਹੀਣ, ਅਤੇ ਆਸਕਤ-ਹੀਣ ਹੈ। ਉਸਦਾ ਕੋਈ ਉਦੇਸ਼ ਨਹੀ; ਘਰ ਨਹੀਂ; ਮੰਜ਼ਿਲ ਨਹੀਂ।

ਆਦਮੀ ਸ਼ਾਂਤ ਤਤ ਹੈ। ਉਹ ਉਦਾਸੀਨ ਅਤੇ ਖੁਸ਼ਕ ਹੈ। ਉਹ ਸਵੈ ਤਕ ਹੀ ਸੀਮਿਤ ਰਹਿੰਦਾ ਹੈ। ਇਹ ਗੁਣ ਜਾਂ ਵਿਸ਼ੇਸ਼ਤਾਵਾਂ ਇਸਤਰੀ ਤੋਂ ਬਿਲਕੁਲ ਉਲਟ ਹਨ। ਜਦੋਂ ਉਹ ਇਸਤਰੀ ਨੂੰ ਵੇਖਦਾ ਹੈ ਤਾਂ ਆਪਾ-ਭੁੱਲ ਬੈਠਦਾ ਹੈ, ਉਹ ਉਸਦੇ ਆਕਰਸ਼ਣ ਅਤੇ ਪ੍ਰੇਰਨਾ ਵਿਚ ਬੱਝਾ ਉਪਭੋਗਤਾ ਬਣ ਜਾਂਦਾ ਹੈ। ਉਸਦੀਆਂ ਸਾਰੀਆਂ ਕ੍ਰਿਆਵਾਂ ਉਸੇ ਪ੍ਰਕ੍ਰਿਤੀ ਦੁਆਲੇ ਘੁੰਮਣ ਲਗ ਪੈਂਦੀਆਂ ਹਨ ਅਤੇ ਪ੍ਰਕ੍ਰਿਤੀ- ਜੋ ਗੁਣਮਈ, ਆਸਕਤਮਈ ਅਤੇ ਤਿਆਗਮਈ ਹੈ, ਆਪੇ ਲਈ ਕੁਝ ਨਹੀਂ ਕਰਦੀ। ਉਹ ਜੜ੍ਹ ਹੈ, ਪਰ ਜਦੋਂ ਪੁਰਸ਼ ਦੇ ਨੇੜੇ ਆਉਂਦੀ ਹੈ ਤਾਂ ਕ੍ਰਿਆਸ਼ੀਲ ਹੋ ਜਾਂਦੀ ਹੈ। ਉਹ ਆਪ ਉਪਭੋਗਤਾ ਨਹੀਂ ਹੈ ਪਰ ਪੁਰਸ਼ ਨੂੰ ਬਣਾ ਦੇਂਦੀ ਹੈ।

ਇਸਤਰੀ ਸ੍ਰਿਸ਼ਟੀ ਦਾ ਸਾਧਨ ਹੈ, ਪ੍ਰਕ੍ਰਿਤੀ ਦਾ ਮੂਰਤ ਰੂਪ। ਉਹ ਅਬਲਾ ਹੈ ਪਰ ਕੋਮਲ ਵੀ। ਉਸ ਵਿਚ ਬਹੁਤ ਸਾਰੇ ਗੁਣਾਂ ਦਾ ਸੁਮੇਲ ਹੈ। ਉਸ ਵਿਚ ਰਮਣੀ ਦੀ ਰਮਣੀਕਤਾ, ਕਾਮਿਨੀ ਦੀ ਵਾਸਨਾ, ਸ਼ੌਕੀ ਦੀ ਸ਼ੌਕਾ, ਮੱਦਮਸਤ ਦਾ ਮੱਦ, ਪ੍ਰੇਮੀ ਦਾ ਪ੍ਰੇਮ, ਮਿੱਤਰ ਦੀ ਵਫਾਦਾਰੀ ਅਤੇ

ਮਾਤਾ ਦੀ ਤਿਆਗਮਈ ਕੁਰਬਾਨੀ ਕੁੱਟ ਕੁੱਟ ਕੇ ਭਰੇ ਹੁੰਦੇ ਹਨ। ਇਸਤਰੀ ਕੋਲ ਦਇਆ, ਮਮਤਾ, ਮਾਣ, ਵਿਸ਼ਵਾਸ, ਵੀਰਤਾ, ਸੇਵਾ, ਸਾਹਸ, ਖਿਮਾ, ਤਿਆਗ, ਉਤਸ਼ਾਹ ਅਤੇ ਅਟੁੱਟ ਪ੍ਰੇਮ ਤੋਂ ਬਿਨਾਂ ਇਕ ਸ਼ਿਸ਼ੂ, ਸਖਾ, ਭਾਰਯਾ, ਸਹਯਾਤ੍ਰੀ ਅਤੇ ਸਿਖਿਅਕ ਦੇ ਗੁਣ ਹੁੰਦੇ ਹਨ। ਉਸ ਮਾਲਕ ਨੇ ਉਸਨੂੰ ਬੜਾ ਕੋਮਲ ਹਿਰਦਾ ਅਤੇ ਸੁੱਤਤਰ ਆਤਮਾ ਦਿੱਤੀ ਹੈ।

ਪੁਰਸ਼ ਅਤੇ ਇਸਤਰੀ ਇਕ ਹੀ ਤੱਤ ਦੀਆਂ ਦੋ ਤਰ੍ਹਾਂ ਦੀਆਂ ਮੂਰਤੀਆਂ ਹਨ। 'ਸੰਸਾਰ ਵਿਚ ਸੱਤ ਤਤ ਨਾਰੀ ਹੈ। ਆਦਮੀ ਤਾਂ ਵਖਾਵਾ ਕਰਦਾ ਹੈ। ਇਸਤਰੀ ਵਿਚ ਹੀ ਜੀਵ ਦਾ ਜੀਵਨ-ਤੱਤ, ਪ੍ਰਤਿਸ਼ਠਿਤ ਹੈ। ਇਸਤਰੀ ਹੀ ਜੀਵਨ ਦਾ ਕਾਰਨ ਹੈ।[2] ਜਿਵੇਂ ਸੂਰਜ ਦਾ ਪੂਰਕ ਚੰਨ ਹੈ, ਉਸੇ ਤਰ੍ਹਾਂ ਪੁਰਸ਼ ਦੀ ਪੂਰਕ ਇਸਤਰੀ ਹੈ। ਪੁਰਸ਼ ਪ੍ਰਸ਼ਨ ਹੈ, ਇਸਤਰੀ ਉਸਦਾ ਉੱਤਰ ਹੈ; ਪੁਰਸ਼ ਤ੍ਰਿਸ਼ਨਾ ਹੈ ਇਸਤਰੀ ਉਸਦੀ ਤ੍ਰਿਪਤੀ; ਪੁਰਸ਼ ਕਠੋਰ ਹੈ ਇਸਤਰੀ ਕੋਮਲ; ਪੁਰਸ਼ ਜ਼ਾਲਿਮ ਹੈ ਇਸਤਰੀ ਮਮਤਾ; ਪੁਰਸ਼ ਸੁਆਰਥ ਹੈ ਅਤੇ ਇਸਤਰੀ ਤਿਆਗ। ਪ੍ਰਭੂ ਨੇ ਪੁਰਸ਼ ਨੂੰ ਜੀਵਨ ਸਾਥਣ ਦੇ ਰੂਪ ਵਿਚ ਵਿਸ਼ਵਾਸ਼ਪਾਤਰ, ਵਾਸਤਵਿਕ, ਪ੍ਰਕਾਸ਼ਮਈ, ਸੁਨਿਹਰੇ ਮਨੋਹਰ ਨੇਤ੍ਰਾਂਵਾਲੀ, ਰੱਹਸਮਈ, ਸੱਚੇ ਫੌਲਾਦ ਦੀ ਬਣੀ ਹੋਈ ਪਤਨੀ ਦਿੱਤੀ ਹੈ।

ਗ੍ਰਿਹਸਥ ਜੀਵਨ ਵਿਚ ਵੇਖਦੇ ਹਾਂ ਕਿ ਨਰ ਜਾਂ ਨਾਰੀ ਸੁਤੰਤਰ ਰੂਪ ਵਿਚ ਕੋਈ ਵੀ ਸੰਪੂਰਨ ਨਹੀਂ ਹੈ। 'ਦੋਵੇਂ ਹੀ ਇਕ ਦੂਜੇ ਦਾ ਅੱਧ ਹਨ। ਦੋਹਾਂ ਦੇ ਸੁਮੇਲ 'ਚੋਂ ਹੀ ਸੰਪੂਰਨ ਵਿਅਕਤੀਤਵ ਉਭਰਦਾ ਹੈ। ਜਦੋਂ ਤਕ ਪੁਰਸ਼ ਇਸਤਰੀ ਪ੍ਰਾਪਤ ਨਹੀਂ ਕਰਦਾ, ਉਹ ਅੱਧਾ ਪੁਰਸ਼ ਹੀ ਰਹਿੰਦਾ ਹੈ।'[3] ਪਤੀ-ਪਤਨੀ ਦੇ ਅੱਧਾ-ਅੱਧਾ ਭਾਗ ਹੋਣ ਦੀ ਕਲਪਨਾ ਤੋਂ ਹੀ ਇਸ ਸੰਬੰਧ ਦੇ ਪਵਿਤਰ-ਮਹਾਨ ਅਤੇ ਸੁੱਚੇ ਹੋਣਾ ਪ੍ਰਮਾਣਿਤ ਹੋ ਜਾਂਦਾ ਹੈ।

ਇਸਤਰੀ ਹੀ ਪੁਰਸ਼ ਦਾ ਅਸੂਲ, ਜੀਵਨ-ਤੱਤ, ਆਨੰਦ-ਤੱਤ ਅਤੇ ਪ੍ਰਜਣਨ-ਤੱਤ ਹੈ। ਇਸੇ ਲਈ ਉਹ ਉਸਦੀ ਪਰਮ-ਮਿੱਤਰ ਅਤੇ ਅਪਣੱਤ ਹੈ। ਉਹ ਦੈਵੀ ਗੁਣਾਂ ਦੀ ਮੂਰਤ ਹੈ; ਅਲੌਕਿਕ ਗੁਣਾਂ ਦਾ ਸ੍ਰਾਰਕਾਰ। ਇਸਤਰੀ ਦਾ ਨਿਰਬਲ ਅੰਸ਼ ਹੈ, ਉਸਦਾ ਇਸਤਰੀਤਵ ਅਤੇ ਸਬਲ ਅੰਸ਼ ਹੈ ਪਤਨੀਤਵ ਜਾਂ ਪਤੀਵਿਰਤ ਧਰਮ। ਉਹ ਰਚਨਹਾਰੇ ਦੀ ਉਤਕ੍ਰਿਸ਼ਟ ਰਚਨਾ ਹੈ।

ਨਾਰੀ ਤਿਆਗ ਅਤੇ ਤਪਸਿਆ ਦੀ ਮੂਰਤ ਹੈ। ਉਸਦੇ ਇਹ ਦੋ ਗੁਣ ਹੀ ਵਾਸਤਵ ਵਿਚ ਉਸਦੇ ਸਰੂਪ ਨੂੰ ਪ੍ਰਗਟਾ ਦਿੰਦੇ ਹਨ। ਉਸਦੇ ਜੀਵਨ ਦਾ ਮੂਲ ਮੰਤਰ ਹੈ ਤਿਆਗ ਜਿਸਨੂੰ ਉਹ ਸਿੱਧ ਕਰਦੀ ਹੈ ਤਪਸਿਆ ਰਾਹੀਂ; ਸੇਵਾ ਰਾਹੀਂ; ਨਿਮਰਤਾ ਰਾਹੀਂ। ਇਸਤਰੀ ਹੀ ਪੁਰਸ਼ ਦੀ ਸ਼ੋਭਾ ਹੈ। ਜੋ ਚੀਜ਼ਾਂ ਇਸਤਰੀ ਨੂੰ ਪਿਆਰੀਆਂ ਲਗਦੀਆਂ ਹਨ, ਉਹ ਸੁੰਦਰ ਹੁੰਦੀਆਂ ਹਨ ਕਿਉਂਕਿ ਇਸਤਰੀ ਦੇ ਅੰਦਰ ਸੁੰਦਰਤਾ ਹੈ। ਸੁੰਦਰਤਾ ਵਿਚ ਸਦਾ ਪ੍ਰੇਮ ਹੁੰਦਾ ਹੈ; ਪ੍ਰੇਮ ਵਿਚ ਅਨੰਤਤਾ

ਅਤੇ ਅਨੰਨਤਾ ਵਿਚ ਆਨੰਦ ਹੁੰਦਾ ਹੈ। ਇਸ ਤਰ੍ਹਾਂ ਇਸਤਰੀ ਵਿਚ ਹੀ ਆਨੰਦ ਹੈ।

ਪਰ ਜਿਵੇਂ ਰੋਸ਼ਨੀ ਪਿਛੇ ਹਨੇਰਾ, ਦਿਨ ਪਿਛੇ ਰਾਤ, ਧੁਪ ਪਿਛੇ ਛਾਂ ਅਤੇ ਸੁਖ ਪਿਛੇ ਦੁਖ ਸੁਭਾਵਿਕ ਹੈ, ਇਸਤਰੀ ਦੇ ਇਨ੍ਹਾਂ ਗੁਣਾਂ, ਸੁੰਦਰਤਾ ਅਤੇ ਆਕਰਸ਼ਣ ਪਿਛੇ ਔਗੁਣ ਵੀ ਲੁਕੇ ਹੋਏ ਹਨ। ਉਸਦੇ ਵਿਕ੍ਰਿਤ ਰੂਪ ਵਿਚ ਉਸਦੀ ਨਜ਼ਾਕਤ ਪਿਛੇ ਚੰਚਲਤਾ; ਪਿਆਰ ਓਹਲੇ ਘਿਰਣਾ; ਕਰੁਣਾ ਪਿਛੇ ਕਰੂਰਤਾ; ਆਨੰਦ ਪਿਛੇ ਵਿਸ਼ਾਦ ਅਤੇ ਸੁਹਿਰਦਤਾ ਪਿਛੇ ਦਵੈਸ਼ ਲਭਿਆ ਜਾ ਸਕਦਾ ਹੈ। ਇਸ ਰੂਪ ਵਿਚ ਉਸਨੂੰ ਹੱਵਾ ਦੀ ਉਤਰਾਧਿਕਾਰਨੀ ਕਹਿ ਕੇ ਨਿੰਦਿਆ ਗਿਆ ਹੈ ਜਿਸਨੇ ਰੱਬੀ ਹੁਕਮ ਦੀ ਉਲੰਘਣਾ ਕੀਤੀ ਅਤੇ ਆਦਮ ਨੂੰ ਵੀ ਵਿਵਰਜਿਤ ਫਲ ਖਾਣ ਲਈ ਉਕਸਾਇਆ। ਜਦੋਂ ਇਸਤਰੀ ਕ੍ਰੋਧ ਜਾਂ ਈਰਖਾ ਦਾ ਸ਼ਿਕਾਰ ਹੋ ਜਾਂਦੀ ਹੈ ਤਾਂ ਉਹ ਚੰਡੀ ਦਾ ਰੂਪ ਧਾਰ ਲੈਂਦੀ ਹੈ। ਜਿੰਨਾਂ ਉਸਦਾ ਪਿਆਰ ਨਿਰਛਲ ਹੁੰਦਾ ਹੈ, ਉਨਾਂ ਹੀ ਉਸਦਾ ਪ੍ਰਤਿਸ਼ੋਧ ਜ਼ਾਲਿਮ। ਇਸੇ ਲਈ ਤਾਂ ਮਹਾਭਾਰਤ ਵਿਚ ਉਸਦੀ ਤੁਲਨਾ; ਯਮ, ਵਾਯੂ, ਮੌਤ, ਪਾਤਾਲ, ਛੁਰੇ ਦੀ ਧਾਰ, ਜ਼ਹਿਰ, ਸੱਪ ਅਤੇ ਅਗਨੀ ਨਾਲ ਕੀਤੀ ਗਈ ਹੈ।[4] ਮਹਾਤਮਾ ਕਬੀਰ ਨੇ ਵੀ[5] ਇਸੇ ਲਈ ਨਾਰੀ ਨਾਲ ਰਚਣ ਵਾਲੇ ਦੀ ਦੁਰਗਤੀ ਦਾ ਚਿੱਤਰ ਖਿਚਿਆ ਹੈ। ਇਸਤਰੀ ਨੂੰ ਭਰਮਾਉਣ ਵਾਲੀ ਮੋਹਿਨੀ ਅਤੇ ਜਾਦੂਗਰਨੀ ਵੀ ਕਿਹਾ ਜਾਂਦਾ ਹੈ ਜੋ ਦੂਜਿਆਂ ਨੂੰ ਆਪਣੇ ਵਸ ਵਿਚ ਕਰਕੇ ਮਨਮਰਜ਼ੀ ਕਰਵਾਉਂਦੀ ਹੈ। ਉਹ ਮਾਇਆ ਦਾ ਪ੍ਰਤੀਕ ਹੈ। ਇਸੇ ਲਈ ਮਾਇਆ ਵਾਲਾ ਛਲ ਉਸ ਵਿਚ ਵਿਦਮਾਨ ਰਹਿੰਦਾ ਹੈ ਪਰ ਇਸਤਰੀ ਦਾ ਅਜੇਹਾ ਸਰੂਪ ਵਿਸ਼ੇਸ਼ ਹਾਲਤਾਂ ਵਿਚ ਹੀ ਹੋਂਦ ਵਿਚ ਆਉਂਦਾ ਹੈ। ਆਮ ਤੌਰ ਤੇ 'ਨਾਰੀ- ਨਿੰਦਾ' ਕਰਨੀ ਵੀ ਬੁਰੀ ਮੰਨੀ ਜਾਂਦੀ ਹੈ।[6]

ਸਾਡੇ ਦੇਸ਼ ਵਿਚ ਇਸਤਰੀ- ਵਰਗ ਨੂੰ ਸਨਮਾਨ ਦੇਣ ਲਈ ਪਹਿਲਾਂ ਨਾਰੀ ਫਿਰ ਨਰ ਦਾ ਨਾਂ ਆਉਂਦਾ ਹੈ। ਜਿਵੇਂ ਸੀਤਾ ਰਾਮ ; ਲਛਮੀ-ਨਾਰਾਇਣ; ਗੌਰੀ-ਸ਼ੰਕਰ; ਸ਼ਚੀ-ਪੁਰੰਦਰ ; ਰਾਧਾ- ਕ੍ਰਿਸ਼ਨ। ਸਰੀਰਕ ਪੱਖੋਂ ਨਿਰਬਲ ਹੋਣ ਤੇ ਵੀ ਉਹ ਪੁਰਸ਼ ਤੋਂ ਵੱਧ ਆਤਮਿਕ ਸ਼ਕਤੀਵਾਲੀ ਅਤੇ ਤਿਆਗਮਈ ਹੈ। ਸਰੀਰਕ ਪੱਖੋਂ ਉਹ ਕਦੇ ਪੂਰੀ ਤਰ੍ਹਾਂ ਸੁਤੰਤਰ ਨਹੀਂ ਰਹਿ ਸਕਦੀ। ਉਸਨੂੰ ਰਖਿਆ ਦੀ ਲੋੜ ਹੈ। ਪਰ ਪੁਰਸ਼ ਦੀ ਜਨਮਦਾਤੀ ਹੋਣ ਕਾਰਨ ਉਹ ਉਸ ਤੋਂ ਮਹਾਨ ਹੈ।

ਮਾਂ ਰੂਪ ਵਿਚ ਉਹ ਘਰ ਦੀ ਮਹਾਰਾਣੀ ਹੈ ਜੋ ਸਨੇਹਮਈ ਮਾਤਾ ਅਤੇ ਆਦਰਸ਼ ਗ੍ਰਿਹਣੀ ਦੇ ਰੂਪ ਵਿਚ ਰਾਜ ਕਰਦੀ ਹੈ। ਜਾਤੀ, ਵਿਅਕਤੀ, ਸਮਾਜ ਅਤੇ ਦੇਸ਼ ਦੇ ਭਾਗ ਸੱਚੀ ਹਿਤੈਸ਼ੀ ਮਾਤਾ ਉਤੇ ਹੀ ਨਿਰਭਰ ਕਰਦੇ ਹਨ। ਇਸੇ ਲਈ ਮਾਤਾ ਦਾ ਦਰਜਾ ਸਵਰਗ ਤੋਂ ਉੱਚਾ ਮੰਨਿਆ ਗਿਆ ਹੈ।[7]

ਮੁਸੀਬਤ ਸਮੇਂ ਹਮੇਸ਼ਾਂ ਮਾਂ ਹੀ ਮੂਹੋਂ ਨਿਕਲਦਾ ਹੈ। ਇਹ ਮਾਤ੍ਰਿਤਵ ਹੀ ਉਸਨੂੰ ਪੂਰਨ ਇਸਤਰੀ ਬਣਾਉਂਦਾ ਹੈ ਅਤੇ ਉਹ ਪੂਜਣਯੋਗ ਅਖਵਾਂਦੀ ਹੈ। ਰਾਮ, ਕ੍ਰਿਸ਼ਨ, ਭੀਸ਼ਮ, ਯੁਧਿਸ਼ਟਰ, ਕਰਣ, ਅਰਜਨ, ਬੁੱਧ, ਮਹਾਂਵੀਰ, ਸ਼ੰਕਰ, ਰਾਮਾਨੁਜ, ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਲਿੰਕਨ, ਗਾਂਧੀ, ਨਹਿਰੂ, ਮਾਲਵੀਯ, ਪਟੇਲ, ਟੈਗੋਰ, ਭਗਤ ਸਿੰਘ, ਸੁਖਦੇਵ, ਰਾਜਗੁਰੂ, ਸੁਭਾਸ਼ ਚੰਦਰ, ਕਰਤਾਰ ਸਿੰਘ ਸਰਾਭਾ, ਹਕੀਕਤ ਰਾਏ, ਮਦਨ ਲਾਲ ਢੀਂਗਰਾ, ਅਤੇ ਸੰਸਾਰ ਦੇ ਹੋਰ ਕਿੰਨੇ ਮਹਾਂਪੁਰਸ਼ ਮਹਾਨ ਮਾਤਾਵਾਂ ਦੀ ਦੇਣ ਹਨ। ਜਨਨੀ ਰੂਪ ਵਿਚ ਉਹ ਵਿਸ਼ੇ-ਵਿਕਾਰਾਂ ਦਾ ਆਨੰਦ ਲੈਣ ਦੀ ਥਾਂ ਆਨੰਦ ਦਾਤੀ ਹੈ। ਜੇਕਰ ਮਾਤਾ ਆਪਣੇ ਸਰੂਪ ਨੂੰ ਕਾਇਮ ਰਖਦੀ ਹੋਈ ਆਪਣੇ ਮੁੱਢਲੇ ਫਰਜ਼ ਵਫਾਦਾਰੀ ਨਾਲ ਪੂਰੇ ਕਰਦੀ ਹੈ ਤਾਂ ਸਮਾਜ ਦੀ ਕਾਇਆ ਕਲਪ ਕਰ ਸਕਦੀ ਹੈ। ਹਰ ਵਿਅਕਤੀ ਵਿਚੋਂ ਉਸਦੀ ਮਾਤਾ ਦਾ ਵਿਅਕਤੀਤਵ ਨਿਸ਼ਚੇ ਹੀ ਝਲਕਦਾ ਹੈ।

ਭਾਰਤ ਵਿਚ ਵੱਖ ਵੱਖ ਦੇਵੀਆਂ ਨੂੰ ਵੱਖ ਵੱਖ ਗੁਣਾਂ ਦਾ ਸਰੂਪ ਮੰਨੇ ਕੇ ਚਿਤਰਿਆ ਜਾਂਦਾ ਹੈ ਜਿਵੇਂ ਲਛਮੀ ਨੂੰ ਧਨ ਦਾ ਸਰੂਪ ਮੰਨ ਕੇ ਪੂਜਾ ਕੀਤੀ ਜਾਂਦੀ ਹੈ ; ਦੁਰਗਾ ਸ਼ਕਤੀ ਦੀ ਦੇਵੀ ਹੈ ਤਾਂ ਸਰਸਵਤੀ ਵਿਦਿਆ ਦੀ ਦੇਵੀ ਹੈ ਅਤੇ ਆਦਿਤੀ ; ਊਸ਼ਾ ; ਇੰਦ੍ਰਾਣੀ, ਇਲਾ, ਭਾਰਤੀ, ਹੋਲਾ, ਸਿਨੀਵਾਲੀ, ਪ੍ਰਸਿਨੀ ਆਦਿ ਨੂੰ ਵਿਦਵਤਾ ਦੀਆਂ ਮੂਰਤੀਆਂ ਮੰਨਿਆ ਗਿਆ ਹੈ।

ਸੰਸਾਰ ਦੇ ਮਹਾਨ ਚਿੰਤਕਾਂ, ਦਾਰਸ਼ਨਿਕਾਂ ਅਤੇ ਵਿਦਵਾਨਾਂ ਨੇ ਸਮੇਂ ਸਮੇਂ ਤੇ ਆਪਣੇ ਵਿਚਾਰ ਗਿਆਨ ਪੁਸਤਕਾਂ ਵਿਚ ਸੰਕਲਿਤ ਕੀਤੇ ਹਨ ਜਿਨ੍ਹਾਂ ਦੇ ਅਧਿਐਨ ਤੋਂ ਇਸਤਰੀ ਸੰਬੰਧੀ ਵਿਸ਼ਵ ਵਿਆਪੀ ਵਿਚਾਰਧਾਰਾ ਦਾ ਗਿਆਨ ਹੁੰਦਾ ਹੈ। ਇਨ੍ਹਾਂ ਬਾਰੇ ਇੱਥੇ ਸੰਖੇਪ ਜੇਹੇ ਹਵਾਲੇ ਦਿੱਤੇ ਗਏ ਹਨ।

ਆਰੀਆ ਲੋਕ :- 'ਆਰੰਭਕ ਆਰੀਆ ਲੋਕਾਂ ਵਿਚ ਪਤਨੀ ਦਾ ਵਿਭਚਾਰ ਭਿਅੰਕਰ ਅਪਰਾਧ ਸੀ।'[8]

ਮਨੂ ਸਿਮਰਤੀ :- ਇਸਤਰੀਆਂ ਦੇ ਸੰਸਕਾਰ ਵੀ ਵੇਦ ਮੰਤਰਾਂ ਨਾਲ ਨਹੀਂ ਕੀਤੇ ਜਾ ਸਕਦੇ ਸਨ।
ਉਹ ਅਗਿਆਨਣਾਂ, ਵੇਦ-ਮੰਤ੍ਰਾਂ ਦੇ ਅਧਿਕਾਰ ਤੋਂ ਵਾਂਝੀਆਂ ਅਤੇ ਝੂਠ ਦੀ ਮੂਰਤ ਹਨ।[9]

ਸ਼ਤਪਥ ਬ੍ਰਾਹਮਣ :- ਜਾਯਾ ਆਪਣਾ ਹੀ ਅੱਧਾ ਅੰਸ਼ ਹੈ।[10]

ਮਹਾਂ ਭਾਰਤ :- 'ਯਮ - ਮ੍ਰਿਤੂ, ਪਤਾਲ, ਛੁਰੇ ਦੀ ਧਾਰ, ਵਿਚ ਸੱਪ, ਅਗਨੀ ਨਾਲ ਨਾਰੀ ਦੀ ਤੁਲਨਾ ਕੀਤੀ ਜਾ ਸਕਦੀ ਹੈ।'[11]

ਸੇਂਟ ਆਗਸਟਾਈਨ :- 'ਪੁਰਸ਼ ਨੂੰ ਸਵਰਗ ਤੋਂ ਪਤਿਤ ਕਰਨ ਦੇ ਲਈ ਹੀ ਨਾਰੀ ਬਣਾਈ ਗਈ ਹੈ।'

ਈਸਾਈ :- 'ਇਸਤਰੀ ਧਾਰਮਿਕ ਕੰਮਾਂ ਵਿਚ ਰੋੜਾ ਹੈ। ਸਦਾ ਪਤੀ ਦੇ ਅਧੀਨ ਰਹੇਗੀ। ਉਹ ਹਵਾ ਦੀ ਉਤਰਾਧਿਕਾਰਣੀ ਹੋਣ ਕਾਰਣ ਨਿੰਦਨੀਯ ਹੈ।[12]

ਇਸਲਾਮ :- ਮੁਹੰਮਦ ਨੇ ਕਿਹਾ ਸੀ ਕਿ ਜੋ ਕੋਈ ਇਸਤਰੀ ਨੂੰ ਆਪਣਾ ਹੁਕਮਰਾਨ ਨਿਯਤ ਕਰਦੀ ਹੈ, ਉਹ ਨਿਜਾਤ ਤੋਂ ਵਾਂਝੀ ਰਹੇਗੀ।

ਹਜ਼ਰਤ ਮੁਹੰਮਦ :- 'ਪੁਰਸ਼ ਦੇ ਲਈ ਬਣਾਈ ਗਈ ਸਭ ਤੋਂ ਵੱਡੀ ਮੁਸੀਬਤ ਇਸਤਰੀ ਹੈ।'[13]

ਅਰਬੀ :- 'ਕਬਰ ਸਭ ਤੋਂ ਚੰਗਾ ਜੁਆਈ ਹੈ। ਜੋ ਕੁੜੀ ਦਾ ਜਨਮ ਹੁੰਦਿਆਂ ਹੀ ਉਸਨੂੰ ਗੱਡ ਦਿੰਦੇ ਸਨ।'[14]

ਕੁਰੈਸ਼ੀ :- ਉਹ ਅਬੂਦਿਲਾਯਾ ਪਹਾੜ ਉਤੇ ਆਪਣੀ ਕੰਨਿਆ ਦਾ ਵਧ ਕਰ ਦੇਂਦੇ ਸਨ।

ਯੂਰਪ :- ਗਊ ਅਤੇ ਇਸਤਰੀ ਦੀ ਆਤਮਾ ਨਹੀਂ ਹੁੰਦੀ। (Ref. ?)

ਅਮਰੀਕਾ :- ਛਿਨਕ ਜਾਤੀ ਦੇ ਲੋਗ ਕੰਨਿਆਂ ਜਾਂ ਇਸਤਰੀ ਨੂੰ ਪ੍ਰਾਹੁਣੇ ਦੀ ਸੇਵਾ ਲਈ ਭੇਟ ਕਰਨਾ ਆਪਣਾ ਧਰਮ ਸਮਝਦੇ ਸਨ। (?)

ਅਮਰੀਕਾ:- 'ਬੋਸਟਨ ਵਿਚ ਤਾਂ 1850 ਤਕ ਇਸਤਰੀ ਨੂੰ ਨਾਗਰਿਕ ਹੀ ਨਹੀਂ ਮੰਨਿਆ ਜਾਂਦਾ ਸੀ।'[15]

ਇੰਗਲੈਂਡ:- 'ਗ੍ਰਿਮ ਸ਼ ਨੇ ਤਾਂ 1828 ਤਕ ਵੀ ਇੰਗਲੈਂਡ ਵਿਚ ਖੁਲ੍ਹੀਆਂ ਮੰਡੀਆਂ ਵਿਚ ਪਤਨੀਆਂ ਵੇਚਣ ਦਾ ਜ਼ਿਕਰ ਕੀਤਾ ਹੈ।'[16]

ਇੰਗਲੈਂਡ:- "ਮਧਕਾਲੀਨ ਕਾਨੂੰਨ ਲੂਣ ਅਤੇ ਸਿਰਕੇ ਵਿਚ ਭਿੱਜੀ ਮਜ਼ਬੂਤ ਛੜੀ ਨਾਲ ਇਸਤਰੀ ਨੂੰ ਕੁੱਟਣ ਦਾ ਅਧਿਕਾਰ ਪੁਰਸ਼ ਵਰਗ ਨੂੰ ਦਿੰਦਾ ਹੈ।'[17]

ਯੂਨਾਨ ਅਤੇ ਰੋਮ:- ਪ੍ਰਸਿੱਧ ਪੁਰਸ਼ ਪਤਨੀ ਦਾਨ ਕਰਦੇ ਸਨ। ਸੁਕਰਾਤ ਨੇ ਵੀ ਪਤਨੀ ਆਪਣੇ ਮਿੱਤਰ ਨੂੰ ਉਧਾਰ ਦਿੱਤੀ ਸੀ। (Ref. ?)

ਰੋਮ :- 'ਪਤਨੀ ਨੂੰ ਪਰ-ਪੁਰਸ਼ ਨਾਲ ਵੇਖਦਿਆਂ ਹੀ ਮਾਰ ਦਿਓ।'[18]

ਨਿਊਜ਼ੀਲੈਂਡ, ਅਫਰੀਕਾ ਤੇ ਅਰਬ:- ਵਿਭਚਾਰੀ ਇਸਤਰੀ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ ਸੀ। (19) ?

ਫਿੱਜ਼ੀ :- ਇਸਤਰੀਆਂ ਨੂੰ ਦਰਖਤਾਂ ਨਾਲ ਬੰਨ੍ਹ ਕੇ ਕੁਟੱਣਾ ਫਿੱਜ਼ੀ ਪਤੀਆਂ ਦਾ ਮਨੋਰੰਜਨ ਸੀ।[20]

ਹੰਗਰੀ ਤੇ ਇਟਲੀ:- ਕੁਝ ਭਾਗਾਂ ਵਿਚ ਇਸਤਰੀਆਂ ਮਾਰ ਖਾਣ ਨੂੰ ਆਪਣਾ ਸਨਮਾਨ ਸਮਝਦੀਆਂ ਸਨ; ਕੰਨ ਮਰੋੜਨ ਨੂੰ ਪਿਆਰ ਅਤੇ ਨਾਂ ਕੁਟੱਣ ਵਾਲੇ ਨੂੰ ਬੇਵਕੂਫ ਸਮਝਦੀਆਂ ਸਨ।[21]

ਮੈਕਸਨ :-	ਵਿਭਚਾਰਨ ਇਸਤਰੀ ਨੂੰ ਚਿਤਾ ਵਿਚ ਸਾੜਦੇ ਸਨ।[22]
ਮੰਗੋਲ :-	ਰਾਜਿਆਂ ਦੇ ਮਰਨ ਉਤੇ ਉਨ੍ਹਾਂ ਦੀਆਂ ਦਾਸੀਆਂ ਨੂੰ ਵੀ ਉਨ੍ਹਾਂ ਦੇ ਨਾਲ ਹੀ ਗੱਡ ਦਿੱਤਾ ਜਾਂਦਾ ਸੀ।[23]
ਬੈਬੀਲੋਨੀਆ ਐਸਕੀਮੋ, ਰੈਡਸਕਿਨ, ਆਸਟ੍ਰੇਲੀਆ, ਬੁਸ਼ਮੈਨ	ਫਰਨਿਯਸ ਨੇ ਪਤੀਆਂ ਦੁਆਰਾ ਪੈਸੇ ਲੈ ਕੇ ਪਤਨੀ ਅਤੇ ਪੁਤਰੀ ਸੌਂਪਣੀ ਦਾ ਜ਼ਿਕਰ ਕੀਤਾ ਹੈ।[24]
ਮੈਕਸੀਕਨ:-	ਦੇਵਤਾ ਸਾਹਮਣੇ ਪੁਤਰੀ ਦੀ ਬਲੀ ਦੇਂਦੇ ਸਨ।[25]
ਜਾਪਾਨ :-	'ਸਮਾਜਿਕ ਵਿਵਸਥਾ ਅਜੇਹੀ ਸੀ ਕਿ ਉਸੇ ਕਸੂਰ ਲਈ ਪੁਰਸ਼ ਨੂੰ ਕੋਈ ਦੰਡ ਨਹੀਂ ਸੀ ਪਰ ਇਸਤਰੀ ਲਈ ਘੋਰ ਦੰਡ ਸੀ। ਜਾਪਾਨੀ ਪੁਰਸ਼ ਰਖੈਲਾਂ ਰਖ ਸਕਦਾ ਸੀ ਪਰ ਇਸਤਰੀ ਈਰਖਾ ਵੀ ਨਹੀਂ ਕਰ ਸਕਦੀ ਸੀ।'[26]
ਰੂਸ :-	'ਵਰ ਪਤਨੀ ਨੂੰ ਕੋੜੇ ਮਾਰ ਕੇ ਘਰ ਲੈ ਜਾਂਦਾ ਸੀ ਅਤੇ 'ਮੁਰਗੀ ਇਕ ਪੰਛੀ ਨਹੀਂ ਹੈ, ਉਸੇ ਤਰ੍ਹਾਂ ਇਸਤਰੀ ਗ੍ਰਿਹਦਾਸੀ ਤੋਂ ਵੱਧ ਕੁਝ ਨਹੀਂ ਸੀ' ਸਮਝੀ ਜਾਂਦੀ।
ਚੀਨ :-	'ਅਗਿਆਨਤਾ ਇਸਤਰੀ ਦਾ ਸਰਬੋਤਮ ਗਹਿਣਾ ਹੈ ਅਤੇ ਭੈੜੇ ਤੋਂ ਭੈੜਾ ਮੁੰਡਾ ਸਰਬੋਤਮ ਲੜਕੀ ਤੋਂ ਚੰਗਾ ਹੈ।'[28]
ਯੂਨਾਨ :-	ਯੂਨਾਨ ਵਿਚ ਪਤਨੀ ਨੂੰ ਘਰ ਦੀ ਨੌਕਰਾਣੀ ਮਾਤਰ ਹੀ ਮੰਨਿਆ ਜਾਂਦਾ ਸੀ।[29]
ਯੂਨਾਨੀ : ਟੱਬਰ:	ਯੂਨਾਨੀ ਇਸਤਰੀ ਜ਼ਿੰਦਗੀ ਦੇ ਕਿਸੇ ਕਾਲ ਵਿਚ ਵੀ ਸੰਗਰਖਿਅਕ ਤੋਂ ਬਿਨਾਂ ਨਹੀਂ ਰਹਿ ਸਕਦੀ ਸੀ।
ਅਰਸਤੂ :-	ਇਸਤਰੀ ਇਕ ਅਧੂਰਾ ਇਨਸਾਨ ਹੈ। ਮਰਦ ਉਸ ਉਤੇ ਹਕੂਮਤ ਕਰਨ ਲਈ ਅਤੇ ਇਸਤਰੀ ਮੰਨਣ ਲਈ ਹੈ।[30]
ਪਲੈਟੋ:-	ਇਸਤਰੀ ਨੌਕਰਾਂ ਦੇ ਸਮਾਨ ਹੈ।[31]
ਕਨਫਿਊਸ਼ਿਅਸ:-	ਇਸਤਰੀ ਨੂੰ ਸਦਾ ਪੁਰਸ਼ ਦੇ ਵੱਸ ਵਿਚ ਰਹਿਣਾ ਚਾਹੀਦਾ ਹੈ।[32]
ਨੈਪੋਲੀਅਨ :-	ਮੈਂ ਜੋ ਕੁਝ ਵੀ ਹਾਂ ਅਤੇ ਜੋ ਕੁਝ ਵੀ ਬਣਾਂਗਾ ਆਪਣੀ ਦੇਵਤਿਆਂ ਵਰਗੀ ਮਾਂ ਸਦਕਾ ਹੀ।

ਫ੍ਰਾਂਸਿਸ ਬੇਕਨ:- ਇਸਤਰੀ ਜਵਾਨੀ ਵਿਚ ਮਰਦ ਲਈ ਪਤਨੀ, ਅਧਖੜ ਉਮਰ ਵਿਚ ਸਾਥਣ ਅਤੇ ਬੁਢੇਪੇ ਵਿਚ ਨਰਸ ਹੁੰਦੀ ਹੈ। *

ਸ਼ੇਖ ਸਾਅਦੀ :- ਇਕ ਖੂਬਸੂਰਤ, ਸੁਸ਼ੀਲ, ਸ਼ੁਭ ਅਤੇ ਨੇਕ ਆਚਰਣ ਵਾਲੀ ਇਸਤਰੀ ਮੋਤੀਆਂ ਦਾ ਇਕ ਅਨਮੋਲ ਖਜ਼ਾਨਾ ਹੈ। *

ਮੈਡਮ.ਡੀ.ਅਸਟੀਲ:- ਪਿਆਰ ਜਿਸਦੀ ਝਲਕ ਮਰਦ ਨੂੰ ਜ਼ਿੰਦਗੀ ਵਿਚ ਕਦੀ ਕਦੀ ਮਿਲਦੀ ਹੈ, ਇਸਤਰੀ ਦੀ ਜ਼ਿੰਦਗੀ ਦਾ ਪੂਰਨ ਇਤਿਹਾਸ ਹੈ। *

ਬੁੱਧ :- ਇਸਤਰੀਆਂ ਵਲ ਨਜ਼ਰ ਨਾ ਚੁੱਕੋ; ਜੇ ਚੁੱਕ ਲਵੋ ਤਾਂ ਬਹੁਤ ਸਾਵਧਾਨ ਰਹੋ। *

ਜੋਗੀ :- ਇਸਤਰੀ ਵਿਸ ਭਰੀ ਗੰਦਲ ਤੇ ਬਾਘਨ ਹੈ ਜੋ ਮਨੁੱਖ ਨੂੰ ਖਤਮ ਕਰ ਦੇਂਦੀ ਹੈ। *

ਭਗਤ ਕਬੀਰ:- ਨਾਰੀ ਕੀ ਛਾਈ ਪਰਤ ਅੰਧਾ ਹੋਤ ਭੁਜੰਗ ॥
ਕਬੀਰ ਤਿਨ ਕੀ ਕੌਨ ਗਤਿ ਨਿਤ ਨਾਰੀ ਕੇ ਸੰਗ ॥ *

ਸਵਾਮੀ ਵਿਵੇਕਾਨੰਦ:- ਉਹ ਦੇਸ਼ ਅਤੇ ਉਹ ਜਾਤੀ ਜੋ ਆਪਣੀ ਇਸਤਰੀ ਜਾਤੀ ਦੀ ਇੱਜ਼ਤ ਨਹੀਂ ਕਰਦੀ, ਉਹ ਨਾ ਤਾਂ ਕਦੇ ਉਨੱਤਸ਼ੀਲ ਹੋਈ ਹੈ ਅਤੇ ਨਾ ਹੀ ਹੋ ਸਕੇਗੀ। ਜੇ ਤੁਸੀਂ ਇਸਤਰੀਆਂ ਦੀ- ਜੋ ਆਦਿ ਮਾਤਾ ਦੀਆਂ ਸਜੀਵ ਮੂਰਤੀਆਂ ਹਨ - ਉਨੱਤੀ ਦੀ ਚੇਸ਼ਟਾ ਨਹੀਂ ਕਰੋਗੇ ਤਾਂ ਤੁਸੀਂ ਨਿਸ਼ਚਿਤ ਹੀ ਜਾਣ ਲੈਣਾ ਕਿ ਤੁਹਾਡੇ ਵਿਕਾਸ ਦਾ ਕੋਈ ਰਸਤਾ ਹੈ ਹੀ ਨਹੀਂ।[33]

ਮਹਾਤਮਾ ਗਾਂਧੀ:- ਔਰਤ ਨੂੰ ਕਮਜ਼ੋਰ ਕਹਿਣਾ ਗਲਤ ਹੈ। ਇਹ ਮਰਦ ਦਾ ਔਰਤ ਪ੍ਰਤਿ ਅਨਿਆ ਹੈ।[34]

ਡਾ.ਰਾਧਾ ਕ੍ਰਿਸ਼ਨਨ:- ਭਾਰਤ ਨੇ ਹਰ ਪੀੜ੍ਹੀ ਵਿਚ ਲੱਖਾਂ ਹੀ ਅਜੇਹੀਆਂ ਔਰਤਾਂ ਪੈਦਾ ਕੀਤੀਆਂ ਹਨ ਜਿਨ੍ਹਾਂ ਨੂੰ ਕਦੇ ਪ੍ਰਸਿੱਧੀ ਪ੍ਰਾਪਤ ਨਹੀਂ ਹੋਈ ਪਰ ਜਿਨ੍ਹਾਂ ਦੇ ਦਿਲਾਂ ਦਾ ਨਿੱਘ, ਸਵੈ-ਕੁਰਬਾਨੀ ਦਾ ਜਜ਼ਬਾ, ਨਿਸ਼ਕਾਮ ਵਫਾਦਾਰੀ ਅਤੇ ਦੁਖ ਤੋਂ ਵੀ ਸ਼ਕਤੀ ਲੈਣ ਦਾ ਗੁਣ ਪ੍ਰਾਚੀਨ ਪੀੜ੍ਹੀ ਦੀ ਸ਼ਾਨ ਦੇ ਰੂਪ ਵਿਚ ਬਾਕੀ ਹਨ।[35]

ਡਾ.ਇਲਾਮੁਕਰਜੀ:- ਭਾਰਤੀ ਇਸਤਰੀ ਦਾ ਯੁਗਾਂ ਦਾ ਇਤਿਹਾਸ ਉਸਦੇ ਵਿਰੋਧੀ ਲਿੰਗ ਉਤੇ ਨਿਰਭਰ ਰਹਿਣ ਦੇ ਦੁਖਦਾਈ ਇਤਿਹਾਸ ਤੋਂ ਬਿਨਾਂ ਕੁਝ ਨਹੀਂ ਹੈ।[36]

10

ਮਹਾਦੇਵੀ ਵਰਮਾ :- ਭਾਰਤੀ ਇਸਤਰੀ ਪਵਿਤਰ ਮੰਦਰ ਦੀ ਦੇਵੀ ਬਣ ਚੁੱਕੀ ਹੈ ਤਾਂ ਆਪਣੇ ਘਰ ਦੀ ਗੋਲੀ ਨੌਕਰ ਦੀ ਕੈਦਣ ਵੀ। ਉਸਨੂੰ ਆਪਣੇ ਪਿਤਾ ਅਤੇ ਪਤੀ ਤੋਂ ਸਮਾਜ ਵਿਚ ਅਯੋਗ ਸਥਾਨ ਮਿਲਦਾ ਰਿਹਾ ਹੈ . . . . . ਪਤੀ ਦੇ ਘਰ ਵਿਚ ਉਸਨੂੰ ਇਕ ਉਪੇਕਸ਼ਿਤ ਪ੍ਰਾਣੀ ਵਰਗਾ ਜੀਵਨ ਬਿਤਾਣਾ ਪੈਂਦਾ ਹੈ।[37]

ਤਾਰਾ ਚੰਦ :- ਮਧ ਕਾਲੀਨ ਸਮਾਜ ਦਾ ਸਭ ਤੋ ਭੈੜਾ ਪੱਖ ਸੀ ਇਸਦਾ ਇਸਤਰੀ ਪ੍ਰਤਿ ਵਤੀਰਾ। ਉਨਾ ਨੂੰ ਜਾਇਦਾਦ ਦਾ ਅਧਿਕਾਰ ਨਹੀਂ ਸੀ, ਵਿਧਵਾ ਹੋ ਜਾਣ ਤੇ ਸਤੀ ਹੋਣਾ ਪੈਂਦਾ ਸੀ ਜਾਂ ਵਿਧਵਾ ਰਹਿਣਾ ਪੈਂਦਾ ਸੀ। ਬਹੁ- ਪਤਨੀ ਵਿਆਹ ਦਾ ਸਰਾਪ ਵੀ ਉਸੇ ਨੂੰ ਹੀ ਸੀ।[38]

ਵਾਈ.ਐਮ.ਰਿਗ:- ਇਸਤਰੀ ਜ਼ਿੰਦਗੀ ਵਿਚ ਕਦੇ ਵੀ ਉਚਾਈ ਵਲ ਜਾਣ ਬਾਰੇ ਨਹੀਂ ਸੋਚ ਸਕੀ। ਉਹ ਆਪਣਾ ਸਾਰਾ ਸਮਾਂ ਫੈਸ਼ਨ ਕਰਨ ਜਾਂ ਆਪੇ ਦਾ ਵਖਾਵਾ ਕਰਨ ਵਰਗੀਆਂ ਮਹੱਤਵਹੀਨ ਸੋਚਾਂ ਵਲ ਲਗਾ ਦੇਂਦੀ ਹੈ।[39]

ਗੁਰਬਖਸ਼ ਸਿੰਘ:- ਮਰਦ ਜ਼ਿੰਦਗੀ ਦਾ ਮਜਬੂਤ ਬੂਟਾ ਹੈ, ਪੱਤਿਆਂ ਭਰੀਆਂ ਟਹਿਣੀਆਂ ਦਾ ਸੁਹਣਾ ਖਿਲਾਰ ਹੈ ਪਰ ਇਸਤਰੀ ਇਸ ਸੁੰਦਰ ਖਿਲਾਰ ਨੂੰ ਫੁੱਲਾਂ ਨਾਲ ਲੱਦਦੀ ਹੈ।

ਪ੍ਰੋ.ਪੂਰਨ ਸਿੰਘ :- ਘਰ ਦਾ ਪਿਆਰ ਅਤੇ ਵਤਨ ਦਾ ਪਿਆਰ ਇਸਤਰੀ ਜਾਤੀ ਦੇ ਬੇਹਦ ਸਤਿਕਾਰ ਤੇ ਪਿਆਰ ਤੋਂ ਬਿਨਾਂ ਜਿੰਦਾ ਨਹੀ ਹੋ ਸਕਦਾ। ਜਦ ਤਕ ਮਾਂ, ਭੈਣ ਜਾਂ ਇਸਤਰੀ ਅਤੇ ਉਨ੍ਹਾਂ ਦੇ ਰਚੇ ਘਰ ਦੇ ਜੀਵਨ ਦਾ ਤੀਬਰ ਪਿਆਰ ਨਾ ਹੋਵੇ, ਵਤਨ ਦਾ ਪਿਆਰ ਸਥਿਰ ਨਹੀ ਹੋ ਸਕਦਾ।[40]

ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ ਭਾਵੇਂ ਕੋਈ ਵੀ ਦੇਸ਼ ਹੋਵੇ : ਪੂਰਬੀ ਜਾਂ ਪਛੱਮੀ, ਸਭਿਅ ਜਾਂ ਅਸਭਿਅ, ਈਸਾਈ ਜਾਂ ਇਸਲਾਮੀ, ਹਿੰਦੂ ਜਾਂ ਬੋਧੀ, ਭੌਤਿਕਵਾਦੀ ਜਾਂ ਅਧਿਆਤਮਵਾਦੀ, ਛੋਟਾ ਜਾਂ ਵੱਡਾ, ਅਮੀਰ ਜਾਂ ਗਰੀਬ, ਸੁਤੰਤਰ ਜਾਂ ਪਰਤੰਤਰ - - ਸਭ ਵਿਚ ਇਸਤਰੀ ਜਾਤੀ ਨੂੰ ਜ਼ੁਲਮ ਦੀਆਂ ਜ਼ੰਜੀਰਾਂ ਵਿਚ ਜਕੜਿਆ ਗਿਆ ਹੈ।

' ਮਨੁੱਖ ਜਾਤੀ ਨੂੰ ਅਗੇ ਚਲਾਉਣ ਵਿਚ ਇਸਤਰੀ ਦਾ ਹੱਥ ਆਦਮੀ ਜਿੰਨਾ ਹੀ ਰਿਹਾ ਹੈ ਫਿਰ ਵੀ ਉਸਨੂੰ ਸਦਾ ਮਨੁੱਖ ਤੋ ਨੀਵਾਂ ਦਰਜਾ ਹੀ ਦਿੱਤਾ ਜਾਂਦਾ ਰਿਹਾ ਹੈ।[41]

'ਪੱਥਰਯੁਗ ਤੋਂ ਸਪੂਤਨਿਕ ਯੁਗ ਤਕ ਇਸਤਰੀ ਨੇ ਆਪਣੀ ਮਮਤਾ, ਵਾਤਸਲ, ਤਿਆਗ, ਕਰੁਣਾ, ਕੋਮਲਤਾ ਅਤੇ ਮਧੁਰਤਾ ਨਾਲ ਪੁਰਸ਼ ਦੀ ਕਠੋਰਤਾ ਅਤੇ ਰੁੱਖੇਪਨ ਨੂੰ ਘੱਟ ਕਰਕੇ ਡੂੰਘੇ ਪਿਆਰ ਦੀ ਧਾਰਾ ਵਹਾਉਣ ਵਿਚ ਮਹਾਨ ਸਹਿਯੋਗ ਦਿੱਤਾ ਹੈ। ਚਿਰ ਕਾਲ ਤੋਂ ਹੀ ਇਸਤਰੀ ਕੋਮਲਤਾ, ਨਿਮਰਤਾ, ਤਿਆਗ, ਮਧੁਰਤਾ ਅਤੇ ਕਰੱਤਵ ਪਾਲਨ ਦਾ ਪ੍ਰਤੀਕ ਰਹੀ ਹੈ ਅਤੇ ਪੁਰਸ਼- ਸ਼ਕਤੀ, ਬਹਾਦਰੀ ਅਤੇ ਕਠੋਰਤਾ ਦਾ ਚਿੰਨ੍ਹ ਰਿਹਾ ਹੈ।'[42] ਇਸ ਤਰ੍ਹਾਂ ਇਸਤਰੀ ਸਦਾ ਹੀ ਪੁਰਸ਼ ਵਲੋਂ ਕੀਤੇ ਜਾਂਦੇ ਜ਼ੋਰ ਜ਼ਬਰ ਨੂੰ ਖਿੜੇ ਮੱਥੇ ਸਹਿੰਦੀ ਰਹੀ ਅਤੇ ਪੁਰਸ਼ ਦੀ ਉਸ ਪ੍ਰਤਿ ਅਣਗਹਿਲੀ ਵਧਦੀ ਰਹੀ।

ਘੋਲ ਮਰਦ ਦੀ ਜੀਵਨ ਪ੍ਰੇਰਨਾ ਰਿਹਾ ਹੈ ਅਤੇ ਸਮਰਪਨ ਭਾਵ ਇਸਤਰੀ ਦੀ ਜੀਵਨ-ਸ਼ਕਤੀ ਰਿਹਾ ਹੈ। ਇਸ ਜੀਵਨ ਸ਼ਕਤੀ ਬਿਨਾਂ ਘੋਲ ਨਿਰਾਰਥਕ ਹੋ ਜਾਂਦਾ ਹੈ। ਔਰਤ ਕਿਸੇ ਨਾ ਕਿਸੇ ਰੂਪ ਵਿਚ ਸਦਾ ਹੀ ਪੁਰਸ਼ ਨੂੰ ਅਗਾਂਹ ਵਧਣ ਲਈ ਪ੍ਰੇਰਨਾ ਦੇਂਦੀ ਰਹੀ ਹੈ। ਬਦਲੇ ਵਿਚ ਆਦਮੀ ਉਸਨੂੰ ਅਤੇ ਉਸਦੇ ਹੱਕਾਂ ਨੂੰ ਪਹਿਚਾਨਣ ਤੋਂ ਹੀ ਗੁਰੇਜ਼ ਕਰਦਾ ਰਿਹਾ। ਦਿਲ ਦੀ ਕਿਸੇ ਨੁਕਰੋਂ ਸ਼ਾਇਦ ਉਹ ਇਸਤਰੀ ਦੀ ਇਸ ਵਿਸ਼ਾਲ ਜੀਵਨ-ਸ਼ਕਤੀ ਤੋਂ ਡਰਦਾ ਰਿਹਾ ਹੈ। ਇਸੇ ਲਈ ਉਸਨੂੰ ਘਰ ਦੀ ਚਾਰ ਦੀਵਾਰੀ ਤਕ ਸੀਮਿਤ ਰਖਣ ਦੀਆਂ ਯੋਜਨਾਵਾਂ ਬਣਾਂਦਾ ਰਿਹਾ ਹੈ ਤਾਂ ਜੋ ਉਸਦੀਆਂ ਮਾਨਸਿਕ ਅਤੇ ਬੌਧਿਕ ਸ਼ਕਤੀਆਂ ਪੂਰਨ ਪ੍ਰਫੁੱਲਤ ਨਾ ਹੋ ਜਾਣ।

ਇਕ ਇਸਤਰੀ ਨੇ ਆਪਣੇ ਜੀਵਨ ਤਜਰਬੇ ਅਤੇ ਸਮਾਜ ਵਿਚ ਵਿਚਰਦੇ ਪੁਰਸ਼ਾਂ ਦੇ ਅਧਿਐਨ ਪਿਛੋਂ ਇਹ ਤੱਤ ਕਢਿਆ ਹੈ ਕਿ:- 'ਨਾਰੀ ਦਾ ਮਾਨਸਿਕ ਵਿਕਾਸ ਮਰਦ ਦੇ ਮਾਨਸਿਕ ਵਿਕਾਸ ਤੋਂ ਜ਼ਿਆਦਾ ਤੇਜ਼ੀ ਨਾਲ ਹੁੰਦਾ ਹੈ। ਉਸਦਾ ਸੁਭਾਅ ਵਧੇਰੇ ਕੋਮਲ, ਉਸਦੇ ਪ੍ਰੇਮ ਅਤੇ ਘਿਰਨਾ ਦੇ ਭਾਵ ਵਧੇਰੇ ਤੇਜ਼ ਅਤੇ ਸਥਾਈ ਹੁੰਦੇ ਹਨ।[43] ਇਸੇ ਲਈ ਲਗਦੇ ਵਸ ਇਸਤਰੀ ਕਿਸੇ ਨੂੰ ਪ੍ਰੇਮ ਜਾਂ ਘਿਰਨਾ ਨਹੀਂ ਕਰਦੀ ਹੈ ਪਰ ਜਦੋਂ ਕਿਸੇ ਪ੍ਰਤਿ ਅਜੇਹੇ ਵਿਚਾਰ ਬਣਾ ਲੈਂਦੀ ਹੈ, ਉਨ੍ਹਾਂ ਨੂੰ ਬਦਲਣਾ ਲਗ ਭਗ ਅਸੰਭਵ ਹੋ ਜਾਂਦਾ ਹੈ।

ਇਸਤਰੀ- ਪੁਰਸ਼ 'ਦੋਹਾਂ ਦੇ ਸੁਭਾਵਾਂ ਵਿਚ ਉਨਾਂ ਹੀ ਅੰਤਰ ਹੈ, ਜਿੰਨਾ ਝੜੀ ਅਤੇ ਬਿਜਲੀ ਵਿਚ। ਇਕ ਤੋਂ ਸ਼ਾਂਤੀ ਮਿਲਦੀ ਹੈ ਪਰ ਪਸ਼ੂਬਲ ਪੈਦਾ ਨਹੀਂ ਹੋ ਸਕਦਾ; ਦੂਜੀ ਤੋਂ ਸ਼ਕਤੀ ਮਿਲਦੀ ਹੈ ਪਰ ਪਿਆਸ ਨਹੀਂ ਬੁਝਦੀ।'[44]

ਪੁਰਸ਼ ਕਠੋਰ ਹੋਣ ਕਾਰਨ ਰੁੱਖਾ ਹੈ ਅਤੇ ਨਿਰਦਈ ਵੀ। ਉਹ ਸਦਾ ਬਦਲਾ ਲੈਣ ਦੀ ਹੀ ਸੋਚਦਾ ਹੈ ਖਿਮਾ ਕਰਨਾ ਉਸਦੀ ਆਦਤ ਨਹੀਂ। ਉਸਦੇ ਕਰੱਤਵ ਪਾਲਨ ਵਿਚ ਸਖ਼ਤੀ ਹੈ। ਇਸਤਰੀ ਸੁਭਾਵਿਕ ਹੀ ਕੋਮਲ ਅਤੇ ਅਨੁਭਵਸ਼ੀਲ ਹੈ। ਖਿਮਾਂ ਕਰਨਾ ਉਸਦੀ ਆਦਤ ਹੈ ਅਤੇ ਪ੍ਰੇਰਨਾ ਦੇਣਾ

ਉਸਦਾ ਗੁਣ। ਆਦਮੀ ਦੀ ਦਲੇਰੀ ਜੇਕਰ ਆਗਿਆ ਦੇਣ ਵਿਚ ਹੈ ਤਾਂ ਔਰਤ ਦੀ ਦਲੇਰੀ ਆਗਿਆ ਪਾਲਨ ਵਿਚ ਹੈ। ਨਾਰੀ ਕੇਵਲ ਨਾਰੀ ਦੇ ਰੂਪ ਵਿਚ ਗੁਣ- ਪ੍ਰੇਮੀ,ਭਾਵੁਕ ,ਪਿਆਰੀ,ਸਾਊ ਅਤੇ ਹਮਦਰਦ ਹੈ-- ਭਾਵੇਂ ਉਹ ਸਭਿਅ ਦੇਸ਼ ਹੋਵੇ ਜਾਂ ਅਸਭਿਅ ਦੇਸ਼ਾਂ ਦਾ ਜੰਗਲੀ ਕਾਨੂੰਨ।

' ਯੁਗਾਂ ਤੋਂ ਹੀ ਦਲਿਤ, ਪੀੜਿਤ ਅਤੇ ਅਪਮਾਨਿਤ ਹੋਣ ਤੇ ਵੀ ਨਾਰੀ ਸਦਾ ਸ਼ਕਤੀ ਦੀ ਸਾਕਾਰ ਮੂਰਤੀ ਰਹੀ ਹੈ। ਰਾਮਚੰਦਰ ਨੇ ਸੀਤਾ ਨੂੰ ਪਵਿੱਤਰ ਮੰਨਦੇ ਹੋਏ ਵੀ ਤਿਆਗਿਆ ; ਲਛਮਣ ਨਵ-ਵਿਆਹੁਤਾ ਪਤਨੀ ਤੋਂ ਵਿਮੁੱਖ ਹੋ ਗਿਆ ; ਦ੍ਰੋਪਤੀ ਨੂੰ ਭਰੀ ਸਭਾ ਵਿਚ ਅਪਮਾਨਿਤ ਹੋਣਾ ਪਿਆ; ਸਤੀ ਨੂੰ ਪਤੀ ਦਾ ਅਨਾਦਰ ਹੋਣ ਕਾਰਨ ਯੱਗ ਦੀ ਅੱਗ ਵਿਚ ਭਸਮ ਹੋਣਾ ਪਿਆ ; ਬੁੱਧ ਅਤੇ ਨਲ ਨੇ ਪਤਨੀਆਂ ਦਾ ਤਿਆਗ ਕੀਤਾ; ਜੰਗਲਾਂ ਵਿਚ ਵਾਸ ਕੀਤਾ। ਇਤਨਾ ਕੁਝ ਹੋਣ ਤੇ ਵੀ ਪਤਨੀ ਨੇ ਪਤੀ-ਪ੍ਰੇਮ ਵਿਚ ਕਿਸੇ ਤਰ੍ਹਾਂ ਦੀ ਕਮੀ ਨਾ ਆਉਣ ਦਿੱਤੀ। ਉਸਨੇ ਸਦਾ ਆਪਣੇ ਫਰਜ਼ ਪੂਰੇ ਕੀਤੇ।[45] '

ਸਾਡੇ ਦੇਸ਼ ਵਿਚ ਪ੍ਰਾਚੀਨ ਕਾਲ ਤੋਂ ਹੀ ਅਜੇਹੀਆਂ ਅਣਗਿਣਤ ਉਦਾਹਰਨਾਂ ਮਿਲਦੀਆਂ ਹਨ ਜਿਥੇ ਇਸਤਰੀ ਨੂੰ ਨਿਰਦੋਸ਼ ਹੋਣ ਤੇ ਵੀ ਦੋਸ਼ੀ ਹੋਣਾ ਕਬੂਲਣਾ ਪਿਆ। ਪਰ ਪਤੀ ਦੇ ਅਨਿਆਂ ਵਿਰੁੱਧ ਉਸਨੇ ਆਵਾਜ਼ ਨਾ ਉਠਾਈ ; ਪਤੀ ਦੁਆਰਾ ਧਿੱਕਾਰੇ ਜਾਣ ਤੇ ਵੀ ਉਸਦੇ ਚਰਨਾ ਤੋਂ ਵੱਖ ਰਹਿਣਾ ਨਾ ਕਬੂਲਿਆ ; ਆਪਣੀਆਂ ਸਭ ਇੱਛਾਵਾਂ, ਖਾਹਿਸ਼ਾਂ ਅਤੇ ਲੋੜਾਂ ਨੂੰ ਖਤਮ ਕਰਕੇ ਪਤੀ ਦੀ ਹਰ ਖੁਸ਼ੀ ਲਈ ਸਵੈ ਬਲਿਦਾਨ ਦਿੱਤਾ। ਪਤੀ ਨੂੰ ਗੁਰੂ ਅਤੇ ਦੇਵਤਾ ਮੰਨ ਕੇ ਪੂਜਿਆ। ਉਸਦੀ ਇਸ ਮਹਾਨਤਾ ਕਾਰਨ ਹੀ ਉਸਦੀ ਪੂਜਾ ਵੀ ਹੋਈ ਹੈ।

' ਭਾਰਤ ਵਾਸੀਆਂ ਨੇ ਸਭ ਆਦਰਸ਼ ਇਸਤਰੀ ਰੂਪਾਂ ਵਿਚ ਹੀ ਮੰਨੇ ਹਨ। ਵਿਦਿਆ ਦਾ ਆਦਰਸ਼ ਸੁਰਸਤੀ ਦੇਵੀ ਹੈ ਤਾਂ ਧਨ ਦੀ ਦੇਵੀ ਲਛਮੀ ਹੈ; ਬਹਾਦਰੀ ਦੀ ਆਦਰਸ਼ ਦੁਰਗਾ ਹੈ ਤਾਂ ਸੁੰਦਰਤਾ ਦਾ ਪ੍ਰਤੀਕ ਰਤੀ; ਪਵਿੱਤਰਤਾ ਦਾ ਸੋਮਾ ਗੰਗਾ ਨੂੰ ਮੰਨਿਆ ਹੈ ਤਾਂ ਸਰਬ ਸ਼ਕਤੀਮਾਨ ਪ੍ਰਭੂ ਦੀ ਜਗਤ ਜਨਨੀ ਰੂਪ ਵਿਚ ਹੀ ਉਸਤਤ ਕੀਤੀ ਹੈ।'[46] ਜੋ ਲੋਕ ਇਸਤਰੀ ਬਾਰੇ ਨੀਚ ਵਿਚਾਰ ਦੇਂਦੇ ਹਨ ਉਨ੍ਹਾਂ ਦੇ ਆਪਣੇ ਜੀਵਨ ਵਿਚ ਕੁਝ ਨਿਰਾਸ਼ਾਜਨਕ ਵਾਪਰਿਆ ਹੁੰਦਾ ਹੈ ਜਾਂ ਫਿਰ ਉਨ੍ਹਾਂ ਦਾ ਵਿਅਕਤਿਤਵ ਸੰਤੁਲਿਤ ਨਹੀ ਹੁੰਦਾ। ਆਮ ਤੌਰ ਤੇ ਅਜੇਹੇ ਮਰਦਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ:-

1- ਅਸਫਲ ਗ੍ਰਿਹਸਥੀ :- ਜਿਸ ਨੇ ਆਪਣੇ ਜੀਵਨ ਵਿਚ ਇਸਤਰੀ ਸੁਖ ਨਹੀਂ ਮਾਣਿਆ ਹੁੰਦਾ। ਕਾਰਨ ਭਾਵੇਂ ਕੋਈ ਵੀ ਰਿਹਾ ਹੋਵੇ ਉਹ ਆਪਣੇ ਦੁਖੀ ਜੀਵਨ ਲਈ ਇਸਤਰੀ ਨੂੰ ਕੋਸਦਾ ਹੋਇਆ ਉਸਦੀ ਨਿੰਦਾ ਹੀ ਕਰੇਗਾ ਅਤੇ ਉਸਨੂੰ ਸਾਰੀਆਂ ਮੁਸੀਬਤਾਂ ਦੀ ਜੜ੍ਹ, ਔਗੁਣਾਂ ਦਾ ਭੰਡਾਰ ਕਹੇਗਾ।

2- ਸਫਲ ਗ੍ਰਿਹਸਥੀ :- ਜਿਸਨੇ ਜੀਵਨ ਵਿਚ ਘਰ ਦਾ ਸੁਖ ਮਾਣਿਆ ਹੈ, ਉਹ ਔਰਤ ਨੂੰ ਸਰਬ-ਗੁਣ ਸੰਪੰਨ, ਪਤੀਵਰਤਾ ਅਤੇ ਧਰਤੀ ਉਤੇ ਸਵਰਗ ਉਤਾਰ ਲਿਆਉਣ ਵਿਚ ਸਮਰੱਥ ਕਹੇਗਾ। ਉਸਨੂੰ ਇਸਤਰੀ ਬਿਨਾਂ ਘਰ ਦੀ ਹੋਂਦ ਦਾ ਕੋਈ ਅਰੱਥ ਹੀ ਨਹੀਂ ਜਾਪਦਾ।

3- ਵਿਰਕਤ ਸੰਨਿਆਸੀ :- ਸਦਾ ਹੀ ਇਸਤਰੀ ਨੂੰ ਕਾਮਣਹਾਰੀ ਅਤੇ ਭਗਤੀ ਦੇ ਮਾਰਗ ਦੀ ਬਾਧਾ ਦਸ ਕੇ ਉਸ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇਂਦਾ ਹੈ।

ਸੰਸਾਰ ਵਿਚ ਜ਼ਿਆਦਾ ਗਿਣਤੀ ਸਫਲ ਗ੍ਰਿਹਸਥੀਆਂ ਦੀ ਹੈ ਜੋ ਸੰਤੁਸ਼ਟ ਜੀਵਨ ਬਿਤਾਂਦੇ ਹਨ ਅਤੇ ਇਸਤਰੀ ਪ੍ਰਤਿ ਸਦਭਾਵਨਾ ਰਖਦੇ ਹਨ। ਕਿਸੇ ਦੀ ਉਲਾਰ ਵਿਚਾਰਧਾਰਾ ਪਿਛੇ ਲਗ ਕੇ ਅਸੀਂ ਇਸਤਰੀ ਨੂੰ ਭੈੜੀ ਨਹੀਂ ਕਹਿ ਸਕਦੇ।

ਟਿੱਪਣੀਆਂ

1- ਭਾਈ ਕਾਨ੍ਹ ਸਿੰਘ - ਗੁਰ ਸ਼ਬਦ ਰਤਨਾਕਰ, ਪੰਨਾ 699

2- ਕਨਿੰਘਮ - ਨਾਰੀ ਸੰਬੰਧੀ ਵਿਚਾਰ 'ਨਾਰੀਤ੍ਵ' ਲੇਖ ਪੰਨਾ 54-55

3- ਵ੍ਰਿਹਦਾਰਣਯਕ ਉਪਨਿਸ਼ਦ - 1/4/3 : ਸ਼ਤਪਥ ਬ੍ਰਾਹਮਣ 5/2/3/10 ;

4- ਮਹਾਭਾਰਤ : 13/38/29

5- ਨਾਰੀ ਕੀ ਝਾਂਈ ਪਰਤ ਅੰਧਾ ਹੋਤ ਭੁਜੰਗ,
ਕਬੀਰ ਤਿਨ ਕੀ ਕੌਨ ਗਤਿ ਨਿਤ ਨਾਰੀ ਕੇ ਸੰਗ ॥

6- ਨਾਰੀ ਨਿੰਦਿਆ ਮਤ ਕਰੋ ਨਾਰੀ ਨਰ ਕੀ ਖਾਨ ॥
ਨਾਰੀ ਸੇ ਪੈਦਾ ਹੂਏ ਧ੍ਰੁਵ ਪ੍ਰਹਿਲਾਦ ਸਮਾਨ ॥ —— ( )

7- ਜਨਨੀ ਜਨਮ ਭੂਮਿਸ਼ਚ ਸ੍ਵਰਗਾਦਪਿ ਗਰੀਯਸੀ। — ( )

8- ਸ਼ਾਰਦ : ਪ੍ਰੀ-ਹਿਸਟਾਰਿਕ ਸੋਸਾਇਟੀਜ਼ ਪੰਨਾ 388

9- ਮਨੂ ਸਿਮ੍ਰਿਤੀ : 5/147/48

10- ਸ਼ਤਪਥ ਬ੍ਰਾਹਮਣ 5/2/3/10

11- ਮਹਾਭਾਰਤ 13/38/29

Augustine ?
? 12- Genesis 3/16

13- More Speeches of Mohammad P.161,168

14- ਸਿਮੋਨ ਦ ਬੋਵੂਆਰ : ਨਾਰੀ ਤੇ ਸਮਾਜ, ਪੰਨਾ 271

15- ਸ਼ੁਕਲਚੰਦ ਰ : ਨਾਰੀ ਦਾ ਮੁੱਲ, ਪੰਨਾ 45

16- Muller : Family, P.224

17- Smith : History of Modern Culture, P.520

18- Letourneau: Evolution of Marriage, P.[illegible]-84

19- [illegible] P.241, 311-15

20- [illegible] : Fiji and Fijians P.168

21- Ellis; Studies in Psychology of Sex and Analysis of Sexual Impulse P.66

22- [illegible] : Marriage P.145

23- ਜਿਓਫਰੀ ਨਾਲ ਪ੍ਰਾਊਰ : ਨਾਰੀ ਔਰ ਸਮਾਜ ਪੰਨਾ 298

24- [illegible] : Prehistoric Antiquities P.[illegible]

25- ਜਿਓਫਰੀ ਨਾਲ ਪ੍ਰਾਊਰ: ਨਾਰੀ ਔਰ ਸਮਾਜ ਪੰਨਾ 271

26- [illegible] : Religions of Japan. P.320

27- [illegible] : Modern Customs and Ancient Laws of Asia. P.44

28- M.A. [illegible] Women and Society. P.16

29- [illegible] : Tree of Life P.161

30 [illegible] : [illegible] P.117

31- [illegible] ,

32- [illegible] : Chinese Classics. I/[illegible]

33- ਸਵਾਮੀ ਵਿਵੇਕਾਨੰਦ : ਭਾਰਤੀ ਨਾਰੀ

34- Women and Social Injustice P.156

35- ਡਾ. ਰਾਧਾ ਕ੍ਰਿਸ਼ਨਨ: ਰਿਲੀਜਨ ਐਂਡ ਸੋਸਾਇਟੀ ਪੰਨਾ 197-98

36- I.S. [illegible] : Social [illegible] Indian Women (Introduction [illegible])

37- ਮੁੱਖੜਾ ਕੀ ਕਹਾਣੀਆਂ ਪੰਨਾ 41

38- HISTORY OF FREEDOM MOVEMENT IN INDIA Vol. II P.254

39 - [illegible]

40 - ਖੁਲ੍ਹੇ ਲੇਖ

41 - ਸ਼ੇਖ ਕਿਡਵਈ (———)

42 - ਡਾ. ਸ਼ਾਵਿਤਰੀ ਡਾਗਾ : 'ਆਧੁਠਿਕ ਹਿੰਦੀ ਮੁਕਤਕ ਕਾਵਿਯ ਮੇ ਠਾਰੀ '

43 - ਮਹਾਦੇਵੀ ਵਰਮਾ : ਸ਼ੂੰਖਲਾ ਕੀ ਕੜੀਆਂ ਪੰਨਾ 11 - 12

44 - ਸਾਵਿਤਰੀ ਡਾਗਾ : 'ਆਧੁਠਿਕ ਹਿੰਦੀ ਮੁਕਤਕ ਕਾਵਿਯ ਮੇਂ ਠਾਰੀ '

45 - ਡਾ. ਵਲਭ ਦਾਸ ਤਿਵਾੜੀ : ਹਿੰਦੀ ਕਾਵਯ ਮੇਂ ਠਾਰੀ ਪੰਨਾ 44 - 45

46 - ਚੰਦ੍ਰਾਵਤੀ ਲਖਠਪਾਲ : ਇਸਤ੍ਰਿਯੋਂ ਕੀ ਸਥਿਤੀ ਪੰਨਾ 18

ਅਧਿਆਇ ਦੂਜਾ

(ੳ) ਪੂਰਵ- ਆਰੀਆ ਕਾਲ ਦੀ ਵਿਚਾਰਧਾਰਾ ਅਤੇ ਇਸਤਰੀ

ਪ੍ਰਾਚੀਨਤਮ ਸਮਾਜ ਵਿਚ ਇਸਤਰੀ ਦੀ ਸਥਿਤੀ ਦਾ ਸਰਵੇਖਣ ਕਰਨ ਲਈ ਦੋ ਪ੍ਰਸੰਗਾਂ ਵਿਚ ਸਾਰਾ ਅਧਿਐਨ ਕੀਤਾ ਜਾ ਸਕਦਾ ਹੈ :-

(ੳ) ਆਦਿ ਸਮਾਜ ਨੂੰ ਮਾਤ - ਪ੍ਰਧਾਨ ਸਮਾਜ ਮੰਨਦੇ ਹੋਏ ਔਰਤ ਨੂੰ ਸਰਵ- ਉੱਚ ਸਥਾਨ ਪ੍ਰਦਾਨ ਕਰਨਾ ਅਤੇ ,

(ਅ) ਨਾਰੀ ਦੀ ਸਰਬ- ਵਿਆਪਕ ਅਧੀਨਗੀ ਉਤੇ ਜ਼ੋਰ ਦੇਂਦੇ ਹੋਏ ਪਰਿਵਾਰ ਅਤੇ ਸਮਾਜ ਵਿਚ ਉਸਨੂੰ ਅਤਿ ਗੌਣ ਦਰਜਾ ਦੇਣਾ।

ਪ੍ਰਾਚੀਨ ਸਮਾਜ ਦਾ ਮਾਤ- ਪ੍ਰਧਾਨ ਸਮਾਜ ਹੋਣਾ ਇਸਤਰੀ ਦੀ ਸਥਿਤੀ ਵਾਲੀ ਸਮਸਿਆ ਨਾਲ ਕੇਵਲ ਅਸਿੱਧਾ ਸੰਬੰਧ ਹੀ ਰਖਦਾ ਹੈ।[1] ਦੇਸ਼ ਸਮਾਜ ਅਤੇ ਕੌਮ ਦੀਆਂ ਭੂਗੋਲਿਕ, ਰਾਜਸੀ, ਸਮਾਜਿਕ ਅਤੇ ਆਰਥਿਕ ਲੋੜਾਂ ਅਨੁਸਾਰ ਸਮਾਜ ਮਾਤਾ ਜਾਂ ਪਿਤਾ ਪ੍ਰਧਾਨ ਹੋ ਸਕਦਾ ਹੈ। ਇਸ ਕਰਕੇ ਇਸਤਰੀ ਦੀ ਸਥਿਤੀ ਨਿਰਧਾਰਿਤ ਕਰਨ ਦਾ ਇਹ ਮਾਪਦੰਡ ਸਰਬਮਾਨ ਨਹੀਂ ਹੈ। ਇਸ ਵਿਚ ਬਾਹਰੀ ਪਰਿਸਥਿਤੀਆਂ ਦਾ ਪ੍ਰਭਾਵ ਝਲਕਦਾ ਹੈ। ਪੂਰਵ- ਆਰੀਆ ਕਾਲ ਸੰਬੰਧੀ ਵਧੇਰੇ ਵਿਸਥਾਰਿਤ ਗਿਆਨ ਉਪਲਬਧ ਨਹੀਂ ਹੈ। ਅਤੀਤ ਅਨਾਦੀ ਹੈ ਜਿਸਦਾ ਪ੍ਰਾਚੀਨਤਮ ਭਾਗ ਅਗਿਆਤ ਹੈ।[2] ਭਿੰਨ ਭਿੰਨ ਸਥਾਨਾਂ ਦੀਆਂ ਪੁਰਾਤਤਵ ਖੁਦਾਈਆਂ ਤੋਂ ਪ੍ਰਾਪਤ ਪ੍ਰਮਾਣਾਂ ਦੁਆਰਾ ਹੀ ਪ੍ਰਾਚੀਨ ਸਮਾਜਿਕ ਅਤੇ ਸਭਿਆਚਾਰਕ ਜੀਵਨ ਬਾਰੇ ਵਿਗਿਆਨਕ ਅਨੁਮਾਨ ਲਾਏ ਗਏ ਹਨ।

ਮਹਿੰਜੋਦਾਰੋ ਅਤੇ ਹੜੱਪਾ ਦੀਆਂ ਸਰ ਜਾਨ ਮਾਰਸ਼ਲ, ਦਇਆ ਰਾਮ ਸਾਹਨੀ ਅਤੇ ਆਰ.ਡੀ. ਬੈਨਰਜੀ ਦੁਆਰਾ ਕਰਵਾਈਆਂ ਗਈਆਂ ਖੁਦਾਈਆਂ ਤੋਂ ਪੂਰਵ- ਆਰੀਆ ਕਾਲ ਦੀ ਵਿਕਸਿਤ ਸ਼ਹਿਰੀ ਸਭਿਅਤਾ ਦੇ ਅਵਸ਼ੇਸ਼ ਸਿੰਧ- ਘਾਟੀ- ਸਭਿਅਤਾ ਦੇ ਰੂਪ ਵਿਚ ਮਿਲੇ ਹਨ ਜਿਥੋਂ ਪਤਾ ਚਲਦਾ ਹੈ ਕਿ ਦ੍ਰਾਵਿੜ - ਸਮਾਜ ਨੇ ਕਈ ਪੱਖਾਂ ਤੋਂ ਅਸਚਰਜ ਜਨਕ ਉਨੱਤੀ ਕੀਤੀ ਹੋਈ ਸੀ ਜਿਸ ਨੂੰ ਮਗਰੋਂ ਮੱਧ- ਏਸ਼ੀਆਈ ਆਰੀਆਂ ਨੇ ਵਿਖੰਡਿਤ ਕਰ ਦਿੱਤਾ। ਆਰੀਆਂ ਨਾਲ ਕਈ ਸਦੀਆ ਦੇ ਸੰਘਰਸ਼ ਦੇ ਸਿੱਟੇ

ਵਜੋ ਦ੍ਰਾਵਿੜ ਲੋਕ ਦਖਣੀ ਭਾਰਤ ਵਿਚ ਜਾ ਕੇ ਵਿਸਥਾਪਿਤ ਹੋ ਗਏ। ਰਿਗਵੇਦ ਦੀਆਂ ਕਈ ਰਿਚਾਵਾਂ ਪਰੋਖਰੂਪ ਵਿਚ ਦ੍ਰਾਵਿੜਾਂ ਦੀ ਆਰੀਆਂ ਉਤੇ ਸਰਵੋਤਮਤਾ ਦਾ ਪ੍ਰਮਾਣ ਹਨ। ਆਰੀਆ ਸਾਹਿਤ ਵਿਚ ਆਏ ਰਾਖਸ਼ ਦ੍ਰਾਵਿੜ ਨਸਲ ਦੇ ਹੀ ਉਨੱਤ ਭਾਰਤੀ ਨਾਗਰਿਕ ਸਨ ਜੋ ਠੰਢੇ ਦੇਸ਼ ਤੋ ਆਏ ਵੱਡੇ ਡੌਲ ਵਾਲੇ ਆਰੀਆ ਦੀ ਚੜਤਲ ਤੋ ਹਾਰ ਕੇ ਦੱਖਣ ਵਲ ਧੱਕੇ ਜਾਂਦੇ ਰਹੇ। ਇਸ ਵਿਚ ਸੰਦੇਹ ਨਹੀ ਕਿ ਆਰੀਆਈ ਸਾਹਿਤ ਵਿਚ ਉਨ੍ਹਾਂ ਦਾ ਤ੍ਰਿਸਕ੍ਰਿਤ ਰੂਪ ਚਿਤ੍ਰਿਆ ਗਿਆ ਹੈ ਪਰ ਅਜੇਹਾ ਕੇਵਲ ਘ੍ਰਿਣਾ ਦੀ ਉਲਾਰੂ ~~ਭਾਵ~~ ਭਾਵਨਾ ਕਾਰਨ ਹੀ ਹੋਇਆ ਹੈ। ਦ੍ਰਾਵਿੜ ਸੰਸਕ੍ਰਿਤੀ ਦੀ ਉਚੱਤਾ ਨੂੰ ਕਿਸੇ ਤਰ੍ਹਾਂ ਵੀ ਝੁਠਲਾਇਆ ਨਹੀਂ ਜਾ ਸਕਦਾ। ਮਿਸਰ ਅਤੇ ਮੈਸੋਪੋਟੇਸੀਆ ਦੀ ਸਭਿਅਤਾ ਦੇ ਸਮਕਾਲੀ, ਸਿੰਧ ਘਾਟੀ ਦੇ ਇਹ ਦ੍ਰਾਵਿੜ ਲੋਕ, ਮਿਸਰੀਆਂ ਤੋਂ ਸੁਹਿਰੀ ਵਸੇਬੇ ਦੇ ਪੱਖੋਂ ਕਿਸੇ ਤਰ੍ਹਾਂ ਵੀ ਘੱਟ ਨਹੀ ਸਨ।

"ਪੁਰਾਤਤਵ ਵਿਗਿਆਨੀਆਂ ਦਾ ਮੱਤ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਕਈ ਸਦੀਆਂ ਤਕ ਪ੍ਰਫੁਲਤ ਰਹੀ ਜਿਸਦਾ ਪ੍ਰਮਾਣ ਮਹਿੰਜੋਦਾਰੋ ਦੀਆਂ ਕਈ ਪਰਤਾਂ ਡੂੰਘੀਆਂ ਖੁਦਾਈਆਂ ਤੋ ਮਿਲਦਾ ਹੈ। ਇਥੋਂ ਮਿਲੇ ਅਮਰੀ- ਸਭਿਆਚਾਰਕ ਬਰਤਨਾਂ ਤੋ ਇਹ ਪ੍ਰਮਾਣਿਤ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਸੰਬੰਧ ਬਲੋਚਿਸਤਾਨ ਅਤੇ ਅਫਗਾਨਿਸਤਾਨ ਨਾਲ ਵੀ ਸਨ। ਬਲੋਚਿਸਤਾਨ ਅਤੇ ਸਿੰਧ ਵਿਚਲੀਆਂ ਖੁਦਾਈਆਂ ਨੇ ਸਿੱਧ ਕੀਤਾ ਹੈ ਕਿ ਚਾਰ ਹਜ਼ਾਰ ਈਸਵੀ ਪੂਰਬ ਦੇ ਲਗਭਗ ਇਸ ਖੇਤਰ ਵਿਚ ਖੇਤੀਬਾੜੀ ਦਾ ਆਰੰਭ ਹੋ ਚੁੱਕਾ ਸੀ ਅਤੇ ਸ਼ਹਿਰੀਕਰਣ ਕਾਂਸਾ ਯੁਗ ਵਿਚ ਜਾ ਕੇ ਹੋਇਆ। ਪਾਕਿਸਤਾਨੀ ਮਾਹਿਰਾਂ ਨੇ ਕੋਟ ਦਿੱਜੀ ਤੋ ਅਜੇਹੇ ਕਿਲੇ ਅਤੇ ਰਿਹਾਇਸ਼ੀ ਮਕਾਨਾਂ ਦੀਆਂ ਵਿਧੀਵਤ ਕਤਾਰਾਂ ਦੇ ਅਵਸ਼ੇਸ਼ ਲਭੇ ਹਨ ਜੋ ਹੜੱਪਾ ਕਾਲ ਤੋ ਵੀ ਪੁਰਾਣੀ ਅਤਿ ਵਿਕਸਿਤ ਸਭਿਅਤਾ ਦਾ ਚਿਤਰ ਰੂਪਮਾਨ ਕਰਦੇ ਹਨ। ਇਸ ਤੋ ਦ੍ਰਾਵਿੜ ਸਭਿਅਤਾ ਦੇ ਹੋਰ ਭੀ ਵੀ ਪੁਰਾਣੇ ਹੋਣ ਦਾ ਨਿਸ਼ਚਾ ਹੋ ਜਾਂਦਾ ਹੈ।[3]"

ਪੂਰਵ - ਆਰੀਆ ਕਾਲ ਦੇ ਵਿਧੀਵਤ ਅਧਿਐਨ ਲਈ ਉਸ ਕਾਲ ਦੀ ਲਿਪੀ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਪਰ ਹਾਲੇ ਤਕ ਖੁਦਾਈ ਤੋ ਪ੍ਰਾਪਤ ਅਵਸ਼ੇਸ਼ਾਂ ਉਤੇ ਉਕਰੀ ਲਿਪੀ ਨੂੰ ਪੂਰੀ ਤਰ੍ਹਾਂ ਪੜ੍ਹਿਆ ਨਹੀਂ ਜਾ ਸਕਿਆ। ਇਸ ਖੇਤਰ ਵਿਚ ਸਫ਼ਲਤਾ ਮਿਲਦਿਆਂ ਹੀ ਉਸ ਸਮੇਂ ਦੇ ਜੀਵਨ ਉਤੇ ਭਰਪੂਰ ਚਾਨਣਾ ਪੈਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਪਰ ਲਗਭਗ ਸਾਰੇ ਮਾਨਵ- ਵਿਗਿਆਨੀ ਪ੍ਰਾਪਤ ਤੱਥਾਂ ਦੇ ਆਧਾਰ ਉਤੇ ਇਸ ਵਿਚਾਰ ਨਾਲ ਸਹਿਮਤ ਹਨ ਕਿ " ਸਭ ਮੁੱਢਲੀਆਂ ਮਨੁੱਖ - ਜਾਤੀਆਂ ਮਾਤ- ਪ੍ਰਧਾਨ ਸਮਾਜਿਕ ਕਾਲ ਵਿਚੋਂ ਗੁਜ਼ਰੀਆਂ ਹਨ। ਜਿਵੇਂ ਜਿਵੇਂ ਸਭਿਆਚਾਰਕ ਉਨੱਤੀ ਦੇ ਪੜਾਅ ਪਾਰ ਕਰਦੀਆਂ ਗਈਆਂ ਉਨਾਂ ਦਾ ਝੁਕਾ ਪਿਤਾ - ਪ੍ਰਧਾਨ ਸਮਾਜ ਵਲ

ਹੁੰਦਾ ਗਿਆ। ਯੂਨਾਨੀ ਅਤੇ ਟਿਊਟਨ ਜਾਤੀਆਂ ਵਿਚ ਵੀ ਮਾਤ- ਪ੍ਰਧਾਨ ਸਮਾਜ ਹੋਣ ਦੇ ਪ੍ਰਮਾਣ ਮਿਲਦੇ ਹਨ।"[4] ਅਜ ਵੀ ਦਖਣ ਵਿਚ ਅਨ-ਆਰੀਆ ਸਭਿਅਤਾ ਦੇ ਪ੍ਰਤੀਕ ਵਜੋਂ ਕੁਝ ਜਾਤੀਆਂ ਜਿਵੇਂ ਨਾਯਰ ਅਤੇ ਤਾਮਿਲ ਦੇ ਦ੍ਰਾਵਿੜ ਮਿਲਦੀਆਂ ਹਨ ਜਿਨ੍ਹਾਂ ਦਾ ਇਤਿਹਾਸ ਸਿੰਧ ਘਾਟੀ ਸਭਿਅਤਾ ਜਿੰਨਾ ਪੁਰਾਣਾ ਹੈ।

ਮਾਤ - ਪ੍ਰਧਾਨ ਸਮਾਜ ਹੋਣ ਦੇ ਨਾਤੇ ਵੰਸ਼ ਮਾਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

" ਸਾਮੂਹਿਕ ਵਿਆਹ ਦੀ ਪ੍ਰਥਾ ਵਿਚ ਕੇਵਲ ਮਾਤਾ ਹੀ ਨਿਸ਼ਚਿਤ ਰੂਪ ਵਿਚ ਪਹਿਚਾਣੀ ਜਾ ਸਕਦੀ ਸੀ।"[5] ਇਸ ਲਈ ਬੱਚੇ ਮਾਤਾ ਦੇ ਨਾਂ ਨਾਲ ਹੀ ਜਾਣੇ ਜਾਂਦੇ ਸਨ ਜਿਵੇਂ ਜਰਤਕਾਰ, ਪਰੂਚੱਪਾ, ਸਾਰੀਪੁਤਰ,ਵੈਨਤਿਯਾ, ਦੈਤਿਯਾ, ਕਦਰਵਿਯਾਸ ਆਦਿ।

ਇਸਤਰੀ ਪ੍ਰਧਾਨ ਸਮਾਜ ਵਿਚ ਪਤੀ ਆਪਣੀ ਪਤਨੀ ਕੋਲ ਜਾ ਕੇ ਰਹਿੰਦਾ ਸੀ। ਆਮ ਤੌਰ ਤੇ ਪੁਰਸ਼ ਧੋਖਾ ਨਹੀਂ ਸੀ ਦੇਂਦਾ ਪਰ ਜੇਕਰ ਅਜੇਹਾ ਹੋ ਵੀ ਜਾਂਦਾ ਸੀ ਤਾਂ ਮਾਂ ਦੇ ਘਰ ਰਹਿ ਰਹੇ ਹੋਣ ਕਾਰਨ ਬੱਚਿਆਂ/ਇਸਤਰੀ ਨੂੰ ਬਹੁਤਾ ਫ਼ਰਕ ਨਹੀਂ ਸੀ ਪੈਂਦਾ। ਪੁਰਸ਼ ਘਰ ਛੱਡ ਕੇ ਚਲਾ ਜਾਂਦਾ ਸੀ ਪਰ ਘਰ ਦਾ ਪ੍ਰਬੰਧ ਉਸੇ ਪ੍ਰਕਾਰ ਹੀ ਚਲਦਾ ਰਹਿੰਦਾ ਸੀ।

" ਪੂਰਵ- ਆਰੀਆ ਕਾਲ ਵਿਚ ਨਰ ਅਤੇ ਨਾਰੀ ਦੀ ਮਰਯਾਦਾ ਵਿਚ ਅੰਤਰ ਨਹੀਂ ਸੀ। ਸਮਾਜ ਦੇ ਮਾਪ- ਦੰਡ ਦੂਹਰੇ ਨਹੀਂ ਸਨ। ਮਰਦ ਦਾ ਕੰਮ ਸ਼ਿਕਾਰ ਕਰਨਾ, ਯੁੱਧ ਕਰਨਾ ਅਤੇ ਪਸ਼ੂ ਪਾਲਨਾ ਸੀ ਜਦੋਂ ਕਿ ਔਰਤ ਘਰ ਦਾ ਸਾਰਾ ਪ੍ਰਬੰਧ ਕਰਦੀ ਅਤੇ ਅੰਨ ਉਗਾਉਂਦੀ ਸੀ।"[6] ਹੌਲੀ ਹੌਲੀ ਜੀਵਨ ਗੁੰਝਲਦਾਰ ਹੁੰਦਾ ਗਿਆ। ਵਸੋਂ ਵਧਦੀ ਗਈ। ਕਬੀਲਿਆਂ ਦੇ ਆਪਸੀ ਝਗੜੇ ਵਧਣੇ ਸ਼ੁਰੂ ਹੋ ਗਏ ਜਿਸ ਕਰਕੇ ਸਵੈ ਰਖਿਆ ਦੀ ਲੋੜ ਵਧੇਰੇ ਭਾਸਨ ਲਗੀ। ਸ਼ਕਤੀ ਲੋੜਦੇ ਕੰਮ ਵਧਣ ਕਾਰਨ ਸਮਾਜ ਦੀ ਵਾਗਡੋਰ ਮਰਦਾਂਵੇਂ ਹੱਥਾਂ ਵਿਚ ਆਉਣੀ ਆਰੰਭ ਹੋ ਗਈ ਅਤੇ ਵੰਸ਼ ਪਿਤਾ ਦੇ ਨਾਂ ਨਾਲ ਚਲਨ ਲਗ ਪਿਆ। ਮਰਦ ਆਪਣੇ ਸਰੀਰਕ ਬਲ ਸਦਕਾ ਸੰਪਤੀ ਦਾ ਧਾਰਨੀ ਬਣਦਾ ਗਿਆ। ਔਰਤ ਜ਼ਾਤ ਦੀ ਸ਼ਕਤੀ ਨਿਗੂਣੀ ਤੋਂ ਹੋਰ ਨਿਗੂਣੀ ਹੁੰਦੀ ਚਲੀ ਗਈ। " ਅੱਜ ਦੇ ਜੰਗਲੀ ਕਬੀਲਿਆਂ ਵਾਂਗ ਆਦਿ ਸਮਾਜ ਵਿਚ ਨੈਤਿਕ ਬੰਧਨ ਨਹੀਂ ਸਨ।"[7] ਜਿਉਂ ਜਿਉਂ ਸਮਾਜ ਵਿਕਾਸ ਦੀਆਂ ਪੌੜੀਆਂ ਚੜ੍ਹਦਾ ਗਿਆ, ਨਾਰੀ ਲਈ ਨੈਤਿਕਤਾ ਦੇ ਨਿਯਮ ਕਰੜੇ ਹੁੰਦੇ ਗਏ। ਸਮਾਜ ਵਿਚ ਦੂਹਰੇ ਮਾਪ- ਦੰਡ ਲਾਗੂ ਹੋਣ ਲਗੇ।

ਆਦਿ ਕਾਲ ਵਿਚ ਦੇਵੀਆਂ ਦੀ ਪੂਜਾ ਦੇ ਪ੍ਰਮਾਣ ਵੀ ਮਿਲਦੇ ਹਨ ਜਿਸ ਤੋਂ ਉਸ ਸਮੇਂ ਵਿਚ ਔਰਤ ਦੀ ਮਰਦ ਤੋਂ ਚੰਗੇਰੀ ਸਥਿਤੀ ਦੇ ਸੰਕੇਤ ਮਿਲਦੇ ਹਨ। " ਦੇਵਤਾ ਸ਼ਬਦ ਮੁੱਢਲੇ ਰੂਪ ਵਿਚ ਇਸਤਰੀ ਵਾਚਕ ਸੀ।"[8] ਬਹੁਤੇ ਵਿਦਵਾਨ ਇਸ ਤੱਥ ਨਾਲ ਸਹਿਮਤ ਹਨ ਕਿਉਂਕਿ ਨਦੀ ਘਾਟੀ ਦੀ

ਖੁਦਾਈ ਵਿਚੋਂ ਦੇਵੀ ਮਾਂ ਦੀ ਕਾਂਸੇ ਦੀ ਮੂਰਤੀ ਪ੍ਰਾਪਤ ਹੋਈ ਹੈ।[9] ਗੁਫਾਵਾਂ ਵਿਚੋਂ ਮਿਲੇ ਇਸਤਰੀ ਚਿੱਤਰਾਂ, ਮੂਰਤੀਆਂ ਅਤੇ ਮੁਹਰਾਂ ਦੇ ਆਧਾਰ ਤੇ ਉਸ ਕਾਲ ਦੇ ਸਮਾਜ ਨੂੰ ਚਿਤ੍ਰਿਤ ਕੀਤਾ ਜਾ ਰਿਹਾ ਹੈ। ਪ੍ਰਾਪਤ ਹੋਏ ਸੁੰਦਰ ਗਹਿਣੇ, ਹਾਰਸ਼ਿੰਗਾਰ ਦਾ ਸਮਾਨ, ਭਾਂਡੇ, ਮੁਹਰਾਂ, ਆਭੂਸ਼ਣਾਂ ਨਾਲ ਅਲੰਕ੍ਰਿਤ ਨਾਰੀ ਦੀ ਨਾਚਮੁਦ੍ਰਾ ਵਿਚ ਪ੍ਰਾਪਤ ਹੋਈ ਕਾਂਸੇ ਦੀ ਮੂਰਤੀ, ਦੇਵੀ ਮਾਂ ਦੀ ਮੂਰਤੀ ਆਦਿ ਤੋਂ ਇਸਤਰੀ ਦੀ ਸੁਤੰਤਰ ਅਤੇ ਮਹੱਤਵਪੂਰਨ ਹੋਂਦ ਦੇ ਪ੍ਰਮਾਣ ਮਿਲਦੇ ਹਨ।

ਮਿਸਰੀ ਸਭਿਅਤਾ ਵਿਚ ਇਸਤਰੀ ਦੀ ਸਨਮਾਨਿਤ ਸਥਿਤੀ ਦਾ ਗਿਆਨ ਅਤੇ ਪ੍ਰਮਾਣ ਮਿਸਰੀ- ਪਿਰਾਮਿਡਾਂ ਵਿਚ ਸਾਂਭੇ ਸ਼ਰੀਰਾਂ, ਚਿਤਰ - ਲਿਪੀ ਵਾਰਤਾਵਾਂ, ਗਹਿਣੇ, ਉਕਰਾਈਆਂ ਅਤੇ ਮਲਕਾ ਨਫ਼ਰਟੀਟੀ ਦੀ ਖ਼ੂਬਸੂਰਤ ਮੂਰਤੀ ਤੋਂ ਮਿਲਦਾ ਹੈ। ਤੁਲਨਾਤਮਕ ਦ੍ਰਿਸ਼ਟੀ ਤੋਂ ਘੋਖਿਆਂ ਜਾਪਦਾ ਹੈ ਕਿ ਸਿੰਧ ਘਾਟੀ ਸਮਾਜ ਵਿਚ ਇਸਤਰੀ ਦੀ ਸਥਿਤੀ ਨਿਸ਼ਚੇ ਹੀ ਸੁਤੰਤਰ, ਆਦਰਯੋਗ, ਪ੍ਰੇਰਨਾਦਾਇਕ ਅਤੇ ਮਹੱਤਵਪੂਰਨ ਹੋਵੇਗੀ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ " ਕਿਸੇ ਰਾਸ਼ਟਰ ਨੂੰ ਮਹਾਨ ਬਣਾਉਣ ਦਾ ਇਕੋ ਇਕ ਢੰਗ ਹੈ- ਉਸ ਰਾਸ਼ਟਰ ਦੀਆਂ ਇਸਤਰੀਆਂ ਦੀ ਸਥਿਤੀ ਨੂੰ ਚੰਗੇਰਾ ਕਰਨਾ।"[10] ਇਹ ਸੁਭਾਵਿਕ ਸਚਾਈ ਹੈ ਕਿ ਕਲਾਤਮਕ ਪ੍ਰਾਪਤੀਆਂ ਸੁਹਜਾਤਮਕ ਪ੍ਰੇਰਨਾ ਬਿਨਾਂ ਸੰਭਵ ਨਾਹੀਂ ਹੋ ਸਕਦੀਆਂ। ਨਾਰੀ ਅਜੇਹੀ ਪ੍ਰੇਰਨਾ ਦਾ ਅਤੁੱਟ ਸੋਮਾ ਹੈ ਇਸ ਨਾਤੇ ਉਹ ਕੋਮਲ ਕਲਾਵਾਂ ਦੀ ਜਨਮਦਾਤੀ ਅਤੇ ਮਰਦ ਨੂੰ ਸਫ਼ਲਤਾ ਦੀ ਸਿਖਰ ਤੇ ਪੁਚਾਉਣ ਵਾਲੀ ਵਰਦਾਤੀ ਹੈ।

ਆਦਿ ਕਾਲ ਵਿਚ ਆਧੁਨਿਕ ਸਮਾਜ ਦੀਆਂ ਕਈ ਬੁਰਾਈਆਂ ਦੀ ਹੋਂਦ ਦੀਆਂ ਸੰਭਾਵਨਾਵਾਂ ਨੂੰ ਰੱਦ ਕੀਤਾ ਜਾ ਚੁੱਕਾ ਹੈ। ਉਸ ਸਮੇਂ ਵਿਚ ਬਾਲ - ਵਿਆਹ, ਸਤੀ- ਪ੍ਰਥਾ ਅਤੇ ਪਰਦੇ ਦੀ ਹੋਂਦ ਸਾਬਤ ਨਹੀਂ ਕੀਤੀ ਜਾ ਸਕੀ। ਲੜਕੀਆਂ ਨੂੰ ਮਰਜ਼ੀ ਨਾਲ ਪਤੀ ਚੁਣਨ ਦਾ ਅਧਿਕਾਰ ਸੀ। ਇਸ ਤੋਂ ਛੁੱਟ ਅਣ-ਆਰੀਆ ਲੋਕ ਨੈਤਿਕ ਮਾਮਲਿਆਂ ਸੰਬੰਧੀ ਬਹੁਤੇ ਕਟੱੜ ਨਹੀਂ ਸਨ। ਇਸਤਰੀ ਨੂੰ ਕਰੜੇ ਨਿਯਮਾਂ ਵਿਚ ਨਹੀਂ ਜਕੜਿਆ ਹੋਇਆ ਸੀ।

ਆਦਿ ਸਮਾਜ ਬਾਰੇ ਅੱਜ ਤਕ ਜੋ ਕੁਝ ਵੀ ਖੁਦਾਈਆਂ ਰਾਹੀਂ ਉਪਲਬਧ ਹੋਇਆ ਹੈ ਉਸਨੂੰ ਵਿਗਿਆਨੀਆਂ ਨੇ ਵਿਗਿਆਨਕ ਢੰਗ ਦੁਆਰਾ ਘੋਖ ਕੇ ਜੋ ਨਤੀਜੇ ਕਢੇ ਹਨ, ਉਨ੍ਹਾਂ ਦੇ ਆਧਾਰ ਤੇ ਅਤੇ ਖੁਦਾਈ ਵਿਚ ਮਿਲੇ ਗਹਿਣਿਆਂ, ਵਸਤੂਆਂ, ਸ਼ਿੰਗਾਰ ਵਸਤਾਂ, ਆਰਾਮਦਾਇਕ ਸੁੰਦਰ ਇਮਾਰਤਾਂ ਅਤੇ ਸ਼ਹਿਰੀ ਰਹਿਣੀ ਬਹਿਣੀ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਸਤਰੀ ਦਾ ਸਮਾਜਿਕ ਜੀਵਨ ਵਿਚ ਮਹੱਤਵਪੂਰਨ ਸਥਾਨ ਸੀ। ਉਹ ਮਰਦ ਦੀ ਪੈਰ ਦੀ ਜੁਤੀ ਜਾਂ ਗੁਲਾਮ ਨਾ ਹੋ ਕੇ ਉਸਦੇ ਜੀਵਨ ਦੀ ਪ੍ਰੇਰਨਾ - ਸ੍ਰੋਤ ਅਤੇ ਲੁਭਾਉਣੀ ਸਾਥਣ ਸੀ। ਉਸਨੂੰ ਪੂਰਨ ਆਜ਼ਾਦੀ ਨਾਲ

ਵਿਚਰਨ ਦਾ ਢੰਗ ਸੀ। ਉਸਦੀ ਆਦਰਸ਼ਮਈ ਅਤੇ ਪ੍ਰਾਮਾਣਿਕੀ ਸਥਿਤੀ ਹੀ ਸਮਾਜ ਤੇ ਜੀਵਨ ਪ੍ਰਵਿਰਤੀਆਂ ਦਾ ਨਿਰਮਾਣ ਕਰਦੀ ਰਹੀ ਸੀ।

ਭਾਰਤੀ ਸੰਸਕ੍ਰਿਤੀ ਨੂੰ ਅਧਿਐਨ ਦੀ ਸੁਖੈਨਤਾ ਲਈ ਦੋ ਭਾਗਾਂ ਵਿਚ ਵੰਡ ਸਕਦੇ ਹਾਂ:

(ੳ) <u>ਵੈਦਿਕ ਸੰਸਕ੍ਰਿਤੀ</u>

ਇਸ ਦੇ ਅੰਤਰਗਤ ਚਾਰ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਸੂਤਰ, ਸਿਮਰਤੀਆਂ, ਪੁਰਾਣ, ਰਾਮਾਇਣ, ਮਹਾਂਭਾਰਤ ਅਤੇ ਭਾਗਵਤ ਗੀਤਾ ਵਾਲੀ ਵਿਚਾਰਧਾਰਾ ਆਉਂਦੇ ਹਨ ਅਤੇ

(ਅ) <u>ਸ਼੍ਰਮਣ ਸੰਸਕ੍ਰਿਤੀ/ਆਗਮਕਾਲੀਨ ਵਿਚਾਰਧਾਰਾ</u>

ਇਸਦੇ ਅਧੀਨ ਜੈਨੀ ਅਤੇ ਬੋਧੀ ਵਿਚਾਰਧਾਰਾ ਨੂੰ ਵਿਚਾਰਿਆ ਜਾ ਸਕਦਾ ਹੈ।

(ੳ)(1) <u>ਵੈਦਿਕ ਕਾਲੀਨ ਵਿਚਾਰਧਾਰਾ ਅਤੇ ਇਸਤਰੀ</u>

ਵੈਦਿਕ ਪ੍ਰਭਾਵ ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਉਤਰ ਵੈਦਿਕ ਕਾਲ ਵਿਚ ਵੀ ਵੇਦਾਂ ਦਾ ਜੀਵਨ ਉਤੇ ਡੂੰਘਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ ਅਤੇ ਸਾਡੇ ਆਧੁਨਿਕ ਜੀਵਨ ਵਿਚ ਵੀ ਵੈਦਿਕ ਸੰਸਕਾਰਾਂ ਦੇ ਚਿੰਨ੍ਹ ਸਪਸ਼ਟ ਨਜ਼ਰੀਂ ਪੈਂਦੇ ਹਨ। ਰਿਗਵੇਦ ਭਾਰਤ ਦੀ ਹੀ ਨਹੀਂ ਸੰਸਾਰ ਦੀ ਪ੍ਰਾਚੀਨਤਮ ਰਚਨਾ ਮੰਨੀ ਜਾਂਦੀ ਹੈ। ਬਾਕੀ ਦੇ ਵੇਦ ਇਸ ਤੋਂ ਪਿਛੋਂ ਰਚੇ ਗਏ। ਇਨ੍ਹਾਂ ਦੇ ਉਦਾਹਰਨ ਅਥਵਾ ਰਚਨਾਕਾਲ ਬਾਰੇ ਪੂਰਬੀ ਅਤੇ ਪੱਛਮੀ ਵਿਦਵਾਨਾਂ ਦੀਆਂ ਧਾਰਨਾਵਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਪੂਰਬੀ ਵਿਦਵਾਨਾਂ ਵਿਚੋਂ ਕੁਝ ਤਾਂ ਵੇਦਾਂ ਨੂੰ ਹਜ਼ਾਰਾਂ ਵਰ੍ਹੇ ਪੁਰਾਣੇ ਸਿੱਧ ਕਰਦੇ ਹਨ ਜਦੋਂ ਕਿ ਕੁਝ ਹੋਰ ਵਿਦਵਾਨ ਇਹਦਾ ਸਮਾਂ ਲੱਖਾਂ ਸਾਲ ਪੁਰਾਣਾ ਮੰਨਦੇ ਹਨ।

ਲੋਕਮਾਨਯ ਬਾਲ ਗੰਗਾਧਰ ਤਿਲਕ ਨੇ ਉਤਰਧਰੁਵ ਨਿਵਾਸ ਪੁਸਤਕ ਵਿਚ ਵੇਦਾਂ ਦੀ ਉਤਪਤੀ ਦਸ ਹਜ਼ਾਰ ਵਰ੍ਹੇ ਪੁਰਾਣੀ ਸਿੱਧ ਕੀਤੀ ਹੈ। "ਸ੍ਰੀ ਉਮੇਸ਼ਚੰਦਰ ਦੱਤ, ਸ੍ਰੀ ਅਵਿਨਾਸ਼ ਚੰਦਰ ਅਤੇ ਸ੍ਰੀ ਨਾਨਾ ਪਾਵਗੀ ਨੇ ਤਿਲਕ ਜੀ ਦੇ ਮਤ ਦਾ ਖੰਡਣ ਕਰਕੇ ਵੈਦਿਕ ਪ੍ਰਮਾਣਾਂ ਤੋਂ ਹੀ ਵੇਦਾਂ ਦੀ ਭਾਰਤ ਵਿਚ ਉਤਪਤੀ ਲੱਖਾਂ ਵਰ੍ਹੇ ਦੀ ਪੁਰਾਣੀ ਪ੍ਰਮਾਣਿਤ ਕੀਤੀ ਹੈ।[11]"

ਰਿਗਵੇਦ ਦਾ ਆਰੰਭ ਵਿਸ਼ਵਾਮਿੱਤਰ ਦੇ ਗਾਇਤਰੀ ਮੰਤਰ ਨਾਲ ਅਤੇ ਅੰਤ ਵੇਦ-ਵਿਆਸ ਦੇ ਸੰਘਤਾਕਰਨ ਦੇ ਬਾਅਦ ਹੋਇਆ। ਵੇਦ ਵਿਆਸ ਪਿਛੋਂ ਕਿਸੇ ਨੇ ਮੰਤਰ ਰਚਨਾ ਕਰਨ ਦੀ ਹਿੰਮਤ

ਨਾ ਕੀਤੀ। ਏਨੇ ਵੱਡੇ ਗ੍ਰੰਥਾਂ ਦਾ ਰਚਨਾਕਾਲ ਸੈਂਕੜੇ ਵਰ੍ਹਿਆਂ ਦਾ ਜ਼ਰੂਰ ਹੋਵੇਗਾ। ਇਸ ਕਾਲ ਨੂੰ ਭਿੰਨ ਭਿੰਨ ਯੁੱਗਾਂ ਵਿਚ ਵੰਡ ਕੇ ਪ੍ਰਸਿੱਧ ਰਿਸ਼ੀਆਂ ਦੇ ਨਾਵਾਂ ਉਤੇ ਹੀ ਯੁੱਗ ਦਾ ਨਾਮਕਰਨ ਕੀਤਾ ਗਿਆ। ਵਿਸ਼ਵਾਮਿੱਤਰ ਯੁੱਗ, ਭਾਰਦਵਾਜ ਯੁੱਗ, ਕਣਵਯੁੱਗ, ਵਸ਼ਿਸ਼ਟਯੁੱਗ, ਵਾਸਦੇਵ ਯੁੱਗ ਅਤੇ ਸ਼ੌਨਕਯੁੱਗ। ਅੰਤਿਮਯੁੱਗ ਤੋਂ ਬਾਅਦ ਵੇਦਾਂ ਦਾ ਵਿਕਾਸ ਬੰਦ ਹੋਇਆ।

" ਦਾਸ ਬਾਬੂ ਨੇ ਇਤਿਹਾਸਕ ਅਤੇ ਭੂਗੋਲਿਕ ਪ੍ਰਮਾਣਾਂ ਰਾਹੀਂ ਵੇਦਾਂ ਨੂੰ ਲੱਖਾਂ ਵਰ੍ਹੇ ਪੁਰਾਣੇ ਦਰਸਾਇਆ ਹੈ। ਅਸੀਂ ਦੇਸੀ ਢੰਗ ਨਾਲ ਇਤਿਹਾਸਕ ਹਵਾਲਿਆਂ ਦੁਆਰਾ ਉਨ੍ਹਾਂ ਨੂੰ ਲੱਖਾਂ ਵਰ੍ਹਿਆਂ ਤੋਂ ਵੀ ਵਧੇਰੇ ਪ੍ਰਾਚੀਨ ਸਾਬਤ ਕਰ ਸਕਦੇ ਹਾਂ। ਵੇਦ ਉਦੋਂ ਦੇ ਹਨ ਜਦੋਂ ਤੋਂ ਪ੍ਰਥਮ ਮਨੁੱਖ ਦਾ ਪ੍ਰਾਦੁਰਭਾਵ ਹੋਇਆ ਸੀ। "[12]

ਪਰ ਮੈਨਨ[13] ਨੇ ਇਨ੍ਹਾਂ ਦਾ ਰਚਨਾ ਕਾਲ 2000 ਈ:ਪੂ: ਤੋਂ 1000 ਈ:ਪੂ: ਦੇ ਸਮੇਂ ਦਾ ਮੰਨਿਆ ਹੈ। ਵਿਲਸਨ[14] ਨੇ ਇਸ ਤੋਂ ਥੋੜਾ ਅੰਤਰ ਰਖਦੇ ਹੋਏ ਇਹ ਸਮਾਂ 1400 ਈ:ਪੂ: ਦੇ ਨੇੜੇ ਤੇੜੇ ਦਾ ਨਿਸ਼ਚਿਤ ਕੀਤਾ ਹੈ। 'ਕੁਝ ਹੋਰ ਵਿਦਵਾਨਾਂ'[15] ਨੇ ਵੀ ਕਾਲ ਨੂੰ ਨਿਰਧਾਰਿਤ ਕਰਦੇ ਹੋਏ 1100 ਈ:ਪੂ: ਦਾ ਸਮਾਂ ਮੰਨਿਆ ਹੈ ਜਦੋਂ ਇਹ ਰਿਚਾਵਾਂ ਇਕੱਤਰ ਕਰਕੇ ਲਿਖਤ ਰੂਪ ਵਿਚ ਆਈਆਂ।

ਸਾਡੇ ਕੋਲ ਕੋਈ ਵਿਸ਼ਵਾਸਯੋਗ ਪ੍ਰਮਾਣ, ਨਿਸ਼ਚਿਤ ਆਧਾਰ, ਇਤਿਹਾਸਕ ਅੰਕੜੇ ਜਾਂ ਵਿਗਿਆਨਕ ਵਿਧੀ ਨਹੀਂ ਹੈ ਜਿਨ੍ਹਾਂ ਅਨੁਸਾਰ ਵੈਦਿਕ ਸਾਹਿਤ ਦਾ ਸਮਾਂ ਨਿਰਧਾਰਿਤ ਕਰ ਸਕੀਏ। ਪਰ ਜਿਹੜੇ ਵੀ ਸਬੂਤ ਉਪਲਬਧ ਹਨ, ਉਨ੍ਹਾਂ ਉਤੇ ਨਿਰਭਰ ਕਰਦੇ ਹੋਏ ਇਹ ਕਹਿ ਸਕਦੇ ਹਾਂ ਕਿ ਵੇਦਾਂ ਦੀ ਰਚਨਾ ਲਗਭਗ 1500 ਈ:ਪੂ: ਤਕ ਹੋ ਚੁੱਕੀ ਸੀ। ਇਸ ਤੋਂ ਕੁਝ ਸਮਾਂ ਪਿਛੋਂ ਕਰਮਕਾਂਡਾਂ ਤੋਂ ਉਪਰਾਮ ਹੋ ਕੇ ਪ੍ਰਕ੍ਰਿਤੀ ਅਤੇ ਆਤਮਾ ਵਲ ਪਰਤਦੇ ਹੋਏ ਉਪਨਿਸ਼ਦਾਂ ਦੀ ਰਚਨਾ 700 ਈ:ਪੂ: ਤਕ ਕੀਤੀ ਗਈ। ਬ੍ਰਾਹਮਣ ਗ੍ਰੰਥ ਵੀ ਲਗਭਗ ਇਸੇ ਕਾਲ ਦੀ ਰਚਨਾ ਹਨ। ਆਰਣਯਕ ਗ੍ਰੰਥ, ਸੂਤਰ, ਸਿਮਰਤੀਆਂ, ਪੁਰਾਣ, ਅਤੇ ਫਿਰ ਮਹਾਂਕਾਵਿ ਰਚੇ ਗਏ ਜੋ 650 ਈ. ਤਕ ਸੰਪੂਰਨ ਹੋ ਗਏ ਸਨ। ਇਨ੍ਹਾਂ ਵੇਦਾਂ ਅਤੇ ਗ੍ਰੰਥਾਂ ਵਿਚ ਜਿਥੇ ਭਗਤੀ, ਉਪਾਸਨਾ, ਪੂਜਾ ਪਾਠ ਦੀਆਂ ਵਿਧੀਆਂ ਦਾ ਵਿਸਥਾਰ ਪੂਰਵਕ ਵਰਣਨ ਹੈ, ਉਥੇ ਸਮਾਜਕੀ ਭੌਤਿਕ ਵਿਗਿਆਨ, ਚਿਕਿਤਸਾ ਅਧਿਆਤਮਕ ਸਾਧਨਾਂ ਜਿਹੇ ਵਿਸ਼ਿਆਂ ਨੂੰ ਵੀ ਅੰਕਿਤ ਕੀਤਾ ਗਿਆ ਹੈ।

ਵੈਦਿਕ ਸਾਹਿਤ ਮੁੱਢ ਵਿਚ ਕੇਵਲ ਸ਼ਰੁਤੀ ਅਤੇ ਸਿਮਰਤੀ ਸਾਹਿਤ ਸੀ। ਰਿਸ਼ੀਆਂ ਦੁਆਰਾ ਰਚਿਤ [illegible] ਰਿਚਾਵਾਂ ਨੂੰ ਸੂਤਰ ਰੂਪ ਵਿਚ ਕੰਠ ਕਰ ਲਿਆ ਗਿਆ। ਸਮਾਜ ਦੀ

3.

ਪ੍ਰਤਿਸ਼ਠਿਤ ਬ੍ਰਾਹਮਣ ਸ਼੍ਰੇਣੀ ਨੇ ਸਦੀਆਂ ਤਕ ਇਸਨੂੰ ਯਾਦ ਰਖਿਆ। ਮਗਰੋਂ ਜਾ ਕੇ ਇਸਨੂੰ ਤਤਕਾਲੀ ਬ੍ਰਹਮੀ ਲਿਪੀ ਵਿਚ ਲਿਖਿਆ। ਇਸ ਤਰ੍ਹਾਂ ਵੇਦਾਂ ਦੇ ਰਚਨਾਕਾਲ ਅਤੇ ਲੇਖਨਕਾਲ ਵਿਚ ਕਈ ਸਦੀਆਂ ਦਾ ਅੰਤਰ ਹੋਵੇਗਾ। ਕੱਟੜ ਸਨਾਤਨੀ ਪ੍ਰਵ੍ਰਿਤੀ ਹੋਣ ਕਾਰਨ ਮੌਲਿਕ ਰਚਨਾ ਵਿਚ ਬਹੁਤੀ ਤਬਦੀਲੀ ਦੀ ਸੰਭਾਵਨਾ ਨਹੀਂ ਸੀ। ਸੋ ਅਸੀਂ ਇਨ੍ਹਾਂ ਨੂੰ ਹੀ ਸੰਸਾਰ ਦੇ ਸਰਵਵਿਦਿਤ ਪ੍ਰਾਚੀਨਤਮ ਪ੍ਰਮਾਣਿਕ ਅਤੇ ਵਿਸਤ੍ਰਿਤ ਗ੍ਰੰਥ ਮੰਨਦੇ ਹਾਂ।

ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਖਿਆਂ ਆਰੀਆ ਜੀਵਨ ਤੀਬਰ ਗਤੀ ਨਾਲ ਵਿਕਸਿਤ ਹੋਇਆ ਪ੍ਰਤੀਤ ਹੁੰਦਾ ਹੈ। ਆਰੀਆ ਪਸ਼ੂ ਚਰਵਾਹਿਆਂ ਦੇ ਰੂਪ ਵਿਚ ਭਾਰਤ ਵਿਚ ਆਏ। ਉਨ੍ਹਾਂ ਦਾ ਜੀਵਨ ਖੁਲ੍ਹਾ ਡੁਲ੍ਹਾ ਅਤੇ ਪ੍ਰਕ੍ਰਿਤੀ ਨਾਲ ਓਤਪੋਤ ਸੀ। ਸਥਾਨਕ ਦ੍ਰਾਵਿੜਾਂ ਨਾਲ ਸੰਘਰਸ਼ ਸਮੇਂ ਆਗੂ ਸਰਦਾਰ ਹੌਲੀ ਹੌਲੀ ਰਾਜੇ ਬਣੇ, ਭਿੰਨ ਭਿੰਨ ਭੂਗੋਲਿਕ ਖੇਤਰਾਂ ਵਿਚ ਗਣਰਾਜ ਸਥਾਪਤ ਹੋਏ, ਛੋਟੇ ਛੋਟੇ ਰਾਜਿਆਂ ਤੋਂ ਮਹਾਰਾਜੇ ਅਤੇ ਮਹਾਰਾਜਾਧਿਰਾਜ ਤਕ ਬਣ ਕੇ ਵਿੰਧਿਆਚਲ ਤਕ ਹਿੰਦੂ ਰਾਜ ਸਥਾਪਤ ਕੀਤੇ। ਹਿੰਦੂ ਰਾਜਭਾਗ ਦੀ ਇਹ ਕਹਾਣੀ ਰਾਮਾਇਣ ਅਤੇ ਮਹਾਭਾਰਤ ਤੋਂ ਉਘੜ ਕੇ ਸਾਹਮਣੇ ਆਉਂਦੀ ਹੈ। ਵੇਦ ਅਧਿਆਤਮਕ ਅਤੇ ਧਾਰਮਿਕ ਵਿਚਾਰਧਾਰਾ ਮੂਲਕ ਹਨ। ਗਿਆਨ ਦਾ ਅਥਾਹ ਭੰਡਾਰ ਹੁੰਦੇ ਹੋਏ ਵੀ ਭੌਤਿਕ ਜੀਵਨ ਕੇਂਦ੍ਰਤ ਨਹੀਂ ਹਨ। ਕੇਵਲ ਰਿਗਵੇਦ ਦੀਆਂ ਕੁਝ ਰਿਚਾਵਾਂ ਰਾਹੀਂ ਸਮਾਜਿਕ ਪ੍ਰਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਇਸਤਰੀ ਪ੍ਰਤਿ ਵਿਚਾਰਧਾਰਾ ਦਾ ਗਿਆਨ ਵੀ ਇਨ੍ਹਾਂ ਰਿਚਾਵਾਂ ਵਿਚੋਂ ਹੀ ਮਿਲਦਾ ਹੈ।

ਹਰ ਸਮਾਜ, ਹਰ ਕਲਾ ਅਤੇ ਹਰ ਹੁਨਰ ਦੀ ਪ੍ਰੇਰਨਾ ਅਤੇ ਸਿਰਜਣਾ ਸ਼ਕਤੀ ਨਾਰੀ ਹੀ ਮੰਨੀ ਗਈ ਹੈ। ਇਥੋਂ ਤਕ ਕਿ ਉਸ ਪ੍ਰਤਿ ਕੀਤੇ ਜਾਂਦੇ ਵਿਵਹਾਰ ਨੂੰ ਸਮਾਜ ਦੇ ਸਾਂਸਕ੍ਰਿਤਿਕ ਪੱਧਰ ਨਾਲ ਇਕ - ਰੂਪ ਕੀਤਾ ਜਾਂਦਾ ਹੈ। ਬਹੁਤੇ ਖੋਜੀ ਵਿਦਵਾਨ ਨੀਵੇਂ ਸਾਂਸਕ੍ਰਿਤਿਕ ਪੱਧਰ ਅਤੇ ਨਾਰੀ ਪ੍ਰਤਿ ਹੀਣ ਭਾਵਨਾ ਨੂੰ ਸਹਿਸੰਬੰਧਿਤ ਕਰਦੇ ਹਨ।[16] " ਵੈਦਿਕ ਸਾਹਿਤ ਤੋਂ ਇਸਤਰੀ ਪੁਰਸ਼ ਦੇ ਸੰਬੰਧਾਂ ਦਾ ਪ੍ਰਾਚੀਨਤਮ ਰੂਪ ਝਲਕਦਾ ਹੈ ਪਰ ਇਹ ਸਮਾਜ ਕਿਸੇ ਪੱਖੋਂ ਵੀ ਆਦਿ ਕਾਲੀਨ ਸਮਾਜ ਨਹੀਂ ਆਖਿਆ ਜਾ ਸਕਦਾ। ਰਿਗਵੈਦਿਕ ਕਾਲ ਇਸਤਰੀ ਦੀ ਸਮਾਜਿਕ ਸਥਿਤੀ ਦਾ ਇਤਿਹਾਸਕ ਆਧਾਰ ਹੈ। ਇਸ ਸਮੇਂ ਵਿਚ ਔਰਤ ਦਾ ਲਗਭਗ ਹਰਇਕ ਰੂਪ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਜੀਵਨ ਖੇਤਰ ਵਿਚ ਇਸਤਰੀ ਕਈ ਭੂਮਿਕਾਵਾਂ ਨਿਭਾਉਂਦੀ ਹੋਈ ਵਿਚਰਦੀ ਹੈ।

ਬੱਚੀ, ਯੁਵਤੀ, ਪ੍ਰੇਮਿਕਾ, ਪਤਨੀ, ਵਿਧਵਾ, ਮਾਤਾ, ਦਾਦੀ, ਅਤੇ ਨਾਨੀ ਦੇ ਰੂਪ ਵਿਚ ਆਪਣੇ ਫਰਜ਼ ਨਿਭਾਉਂਦੀ ਹੋਈ ਪਰਿਵਾਰ ਦਾ ਕੇਂਦਰ ਮੰਨੀ ਜਾਂਦੀ ਹੈ ਤਾਂ ਕਦੇ ਵਿਭਚਾਰਨ ਅਤੇ ਈਰਖਾਲੂ ਹੁੰਦੀ ਹੋਈ ਘਿਰਣਾ ਦੀ ਪਾਤਰ ਵੀ ਬਣਦੀ ਹੈ। ਵੈਦਿਕ ਕਾਲ ਵਿਚ ਇਸਤਰੀ ਦੇ ਸਨਮਾਨਿਤ ਪੱਖ ਨੂੰ ਹੀ ਉਜਾਗਰ ਕੀਤਾ ਗਿਆ ਹੈ। ਦੇਵੀਆਂ ਦੇ ਰੂਪ ਵਿਚ ਪੂਜੀਆਂ ਜਾਣ ਵਾਲੀਆਂ ਸ਼ਕਤੀਆਂ ਲਛਮੀ (ਧਨ- ਦੇਵੀ), ਦੁਰਗਾ (ਸ਼ਕਤੀ- ਦੇਵੀ), ਸੁਰਸਤੀ (ਵਿਦਿਆ ਦੇਵੀ) ਮੁੱਖ ਸਨ। ਰਿਸ਼ੀਕਾਵਾਂ ਦੀ ਪ੍ਰਤਿਸ਼ਠਿਤ ਸਥਿਤੀ ਅਦਿਤੀ, ਊਸ਼ਾ, ਇੰਦ੍ਰਾਣੀ, ਇੱਲਾ, ਭਾਰਤੀ, ਹੋਲਾ, ਸਿਨੀਵਾਲੀ, ਸੁਧਾ, ਪ੍ਰਸ਼ਨਿ ਆਦਿ ਨੂੰ ਪ੍ਰਾਪਤ ਸੀ। ਸਾਧਾਰਣ ਇਸਤਰੀ ਦੇ ਦੈਨਿਕ ਜੀਵਨ ਸਬੰਧੀ "ਨਿਯਮ ਵੀ ਕਠੋਰ ਨਹੀਂ ਸਨ।"[17]

ਕੰਨਿਆ ਰੂਪ

ਵੈਦਿਕ ਸਮਾਜ ਪੁਰਸ਼ ਪ੍ਰਧਾਨ ਸੀ। ਹਰ ਪ੍ਰਕਾਰ ਦੀ ਵਿਵਸਥਾ ਦੀ ਜ਼ਿੰਮੇਵਾਰੀ ਅਤੇ ਪ੍ਰਭੁਤਵ ਮਰਦ ਪਾਸ ਹੀ ਰਿਹਾ। ਇਸਦਾ ਇਹ ਭਾਵ ਬਿਲਕੁਲ ਨਹੀਂ ਕਿ ਨਾਰੀ ਕੇਵਲ ਅਧੀਨਗੀ ਦਾ ਹੀ ਜੀਵਨ ਬਤੀਤ ਕਰ ਰਹੀ ਸੀ। ਕੰਨਿਆ ਰੂਪ ਵਿਚ ਉਸਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਮਨੁੱਖੀ ਜੀਵਨ ਔਕੜਾਂ ਭਰਿਆ ਸੀ। ਜਿਸ ਵਿਚ ਵੀਰ ਪੁਰਸ਼ਾਂ ਦੀ ਸਦਾ ਲੋੜ ਰਹਿੰਦੀ ਸੀ। ਪਰਿਵਾਰਿਕ ਸ਼ਕਤੀ ਦਾ ਮਾਪਦੰਡ ਮਰਦ ਮੈਂਬਰਾਂ ਦੀ ਗਿਣਤੀ ਸੀ। ਅਜੇਹੀ ਸਥਿਤੀ ਵਿਚ ਵੀਰ ਪੁੱਤਰਾਂ ਦੀ ਕਾਮਨਾ ਬੜੀ ਸੁਭਾਵਿਕ ਜਾਪਦੀ ਹੈ। ਵੇਦਾਂ ਵਿਚ ਸੰਤਾਨ ਪ੍ਰਾਪਤੀ ਦੀ ਇੱਛਾ ਪ੍ਰਗਟ ਕਰਨ ਵਾਲੀਆਂ ਰਿਚਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਪੁੱਤਰ/ਪੁੱਤਰੀ ਦਾ ਅੰਤਰ ਨਹੀਂ ਕੀਤਾ ਗਿਆ। ਪੁੱਤਰ-ਕਾਮਨਾ ਲਈ ਵੀ ਹਵਿਲਿ ਪ੍ਰਾਪਤ ਹੋ ਜਾਂਦੇ ਹਨ ਪਰ ਕੰਨਿਆਂ - ਕਾਮਨਾ ਦਾ ਉਲੇਖ ਨਹੀਂ ਮਿਲਦਾ। ਗਰਭਾਵਸਥਾ ਵਿਚ 'ਪੁੱਤਰ ਜਨਮ ਹੋਣ ਲਈ ਮੰਤਰ'[18] ਉਚਾਰੇ ਜਾਂਦੇ ਸਨ ਤਾਂ ਜੋ ਪੁੱਤਰੀ ਪੈਦਾ ਹੀ ਨਾ ਹੋਵੇ। ਪੁੱਤਰ ਪੈਦਾ ਕਰਨ ਵਿਚ ਹੀ ਇਸਤਰੀ ਜੀਵਨ ਦੀ ਸਾਰਥਕਤਾ ਅਤੇ ਪੂਰਨਤਾ ਮੰਨੀ ਜਾਂਦੀ ਸੀ। 'ਸੰਤਾਨ ਪ੍ਰਾਪਤੀ ਇਸਤਰੀ ਨੂੰ ਸੰਪੂਰਨਤਾ ਬਖਸ਼ਦੀ ਹੈ।'[19] ਇਥੇ ਧੀ ਜਾਂ ਪੁੱਤਰ ਦਾ ਵੇਰਵਾ ਨਹੀਂ ਦਿੱਤਾ ਗਿਆ। ਨਿਪੁੱਤੀ ਅਤੇ ਬਾਂਝ ਔਰਤ ਨੂੰ ਹੀਣ ਅਤੇ ਅਭਾਗਣ ਸਮਝਿਆ ਜਾਂਦਾ ਸੀ।

ਕੰਨਿਆ ਦੇ ਜਨਮ ਉਪਰੰਤ ਉਸ ਪ੍ਰਤਿ ਕਠੋਰ ਵਿਵਹਾਰ ਨਹੀਂ ਕੀਤਾ ਜਾਂਦਾ ਸੀ। ਸਗੋਂ ਉਸਦਾ ਪਾਲਨ-ਪੋਸ਼ਣ ਪੁੱਤਰਾਂ ਦੇ ਸਮਾਨ ਹੀ ਕੀਤਾ ਜਾਂਦਾ ਸੀ। ਹਰ ਪ੍ਰਕਾਰ ਦੀ ਸਿਖਿਆ ਦੇ ਦਰਵਾਜ਼ੇ ਉਸ ਲਈ ਖੁਲ੍ਹੇ ਸਨ। ਲੜਕੀ ਨੇ ਜਨਨੀ ਬਣ ਕੇ ਸੰਤਾਨ ਅੰਦਰ ਉੱਤਮ ਗੁਣਾਂ ਦਾ ਸੰਚਾਰ ਕਰਨਾ ਹੁੰਦਾ ਹੈ। ਇਸ ਉਦੇਸ਼ ਨੂੰ ਮੁੱਖ ਰਖਦੇ ਹੋਏ 'ਇਸਤਰੀ ਸਿਖਿਆ ਦਾ ਵਿਸ਼ੇਸ਼ ਪ੍ਰਬੰਧ ਸੀ।'[20] ਕੋਮਲ ਕਲਾਵਾਂ ਅਤੇ ਘਰੇਲੂ ਜੀਵਨ ਲਈ ਉਪਯੋਗੀ ਵਿਸ਼ੇ ਪਾਠਕ੍ਰਮ ਦਾ ਅਨਿੱਖੜਵਾਂ ਅੰਗ ਸਨ। ਇੱਛੁਕ ਵਿਦਿਆਰਥਣਾਂ ਰਾਜਨੀਤੀ ਅਤੇ ਸ਼ਸਤਰ ਵਿਦਿਆ ਵੀ ਗ੍ਰਹਿਣ ਕਰਨ ਲਈ ਸੁਤੰਤਰ ਸਨ। ਵੈਦਿਕ ਅਧਿਐਨ ਅਤੇ ਧਾਰਮਿਕ ਗ੍ਰੰਥਾਂ ਦੇ ਅਧਿਐਨ ਉਤੇ ਵੀ ਕੋਈ ਰੁਕਾਵਟ ਨਹੀਂ ਸੀ। ਇਥੋਂ ਤਕ ਕਿ ਕੰਨਿਆ ਦੇ ਉਮਰ ਭਰ ਕੁਆਰੀ ਰਹਿ ਕੇ ਬ੍ਰਹਮਚਾਰਨੀ ਦਾ ਜੀਵਨ ਬਤੀਤ ਕਰਨ ਤੇ ਵੀ ਕੋਈ ਇਤਰਾਜ਼ ਨਹੀਂ ਹੁੰਦਾ ਸੀ। ਵਿਦਵਾਨ ਪੁਰਸ਼ਾਂ ਦੇ ਨਾਲ ਮੈਤ੍ਰੇਯੀ, ਗਾਰਗੀ, ਐਤ੍ਰੇਯੀ, ਵਿਸ਼ਵਵਾਰਾ, ਸ਼ਾਸਵਤੀ, ਅਪਾਲਾ, ਘੋਸ਼ਾ ਅਤੇ ਅਦਿਤੀ ਦੇ ਨਾਂ ਬੜੀ ਸ਼ਰਧਾ ਨਾਲ ਲਏ ਜਾਂਦੇ ਹਨ। ਗੋਪਾ, ਜੁਹੂ, ਇੰਦ੍ਰਾਣੀ, ਸਰਮਾ ਉਰਵਸ਼ੀ, ਲੋਪਾਮੁਦ੍ਰਾ, ਯਮੀ, ਵਾਕ ਸੁਲਭਾ, ਦਕਸ਼ਿਣਾ, ਰਾਤਰੀ, ਸੂਰਯਾ, ਸਾਵਿਤ੍ਰੀ, ਸ਼ਚੀ, ਨਿਵਾਵਰੀ ਅਤੇ ਸ਼ੁਕਤੀ ਰਿਸ਼ਿਕਾਵਾਂ ਦੇ ਨਾਂ ਉਲੇਖਨੀਯ ਹਨ। ਦਾਰਸ਼ਨਿਕ ਵਿਚਾਰ ਵਟਾਂਦਰਿਆਂ ਵਿਚ ਇਸਤਰੀਆਂ ਨੂੰ ਵਿਚੋਲੇ ਬਣਾਉਣ ਦੇ ਹਵਾਲੇ ਵੀ ਮਿਲਦੇ ਹਨ ਜਿਵੇਂ ਮੰਡਨ ਮਿਸ਼ਰ ਦੀ ਪਤਨੀ ਭਾਰਤੀ ਨੂੰ ਬਣਾਇਆ ਗਿਆ ਸੀ। ਵਿਚੋਲੇ ਦੇ ਤੌਰ ਤੇ ਮਹੱਤਵਪੂਰਣ ਰੋਲ ਅਦਾ ਕਰਨ ਵਾਲੀ ਸਰਮਾ ਦਾ ਪਾਣਿ ਨਾਲ ਸੰਵਾਦ ਬਹੁਤ ਪ੍ਰਸਿੱਧ ਹੈ।

ਪੁੱਤਰੀ ਨੂੰ ਪਿਤਾ ਦੇ ਘਰ ਆਜ਼ਾਦੀ ਨਾਲ ਵਿਚਰਨ ਦੀ ਖੁਲ੍ਹ ਸੀ। ਉਹ ਘਰ ਦੀ ਚਾਰਦੀਵਾਰੀ ਵਿਚ ਕੈਦ ਨਹੀਂ ਸੀ। ਬਾਲ ਵਿਆਹ ਜੇਹੀ ਬੁਰਾਈ ਦੇ ਹਵਾਲੇ ਨਹੀਂ ਮਿਲਦੇ। ਵਿਆਹ ਕੇਵਲ ਸਮਾਜਿਕ ਬੰਧਨ ਨਾ ਹੋਕੇ ਅਧਿਆਤਮਕ ਸੰਬੰਧ ਸੀ। ਇਸ ਖੇਤਰ ਵਿਚ ਮਾਤਾ ਪਿਤਾ ਅਤੇ ਭਰਾ ਦੀ ਇੱਛਾ ਅੰਤਮ ਹੁੰਦੀ ਸੀ। ਪਰ ਪੁੱਤਰੀ ਨਾਲ ਉਨ੍ਹਾਂ ਦੇ ਸੰਬੰਧ ਏਨੇ ਸੁਖਾਵੇਂ ਹੁੰਦੇ ਸਨ ਕਿ ਮਾਪੇ ਸੁਯੋਗ ਵਰ ਨਾਲ ਹੀ ਉਸਦਾ ਵਿਆਹ ਕਰਦੇ ਸਨ। ਅਯੋਗ ਵਰ ਨੂੰ ਦੇਣ ਨਾਲੋਂ ਕੁਆਰੀ ਰੱਖ ਲੈਣ ਨੂੰ ਤਰਜੀਹ ਦਿੱਤੀ ਜਾਂਦੀ ਸੀ। ਉਸਨੂੰ 'ਭਾਰ ਨਹੀਂ ਸਮਝਿਆ ਜਾਂਦਾ ਸੀ।'[21] ਪਿਤਾ ਖੁਸ਼ੀ ਖੁਸ਼ੀ ਉਸਨੂੰ ਉਮਰ ਭਰ ਕੋਲ ਰਖਣ ਲਈ ਤਿਆਰ ਰਹਿੰਦਾ ਸੀ।

ਲੜਕੀ ਨੂੰ 'ਵਰ- ਚੋਣ ਦੀ ਸੁਤੰਤਰਤਾ'[22] ਸੀ। ਪਿਆਰ ਵਿਆਹ ਵੀ ਹੋ ਜਾਂਦੇ ਸਨ। ਉਹ 'ਚੰਗੇ ਵਰ ਦੀ ਕਾਮਨਾ ਕਰਦੀਆਂ ਸਨ।'[23] ਇਸ ਤੋਂ ਪਤਾ ਲਗਦਾ ਹੈ ਕਿ ਵਿਆਹ ਜਵਾਨੀ ਦੀ ਅਵਸਥਾ ਵਿਚ ਹੁੰਦੇ ਸਨ। ਵਧੂ ਨੂੰ ਪੁੱਤਰਵੰਤੀ ਹੋਣ ਦਾ ਆਸ਼ੀਰਵਾਦ ਦਿੱਤਾ ਜਾਂਦਾ ਸੀ।

ਵੈਦਿਕ ਕਾਲ ਵਿਚ ਰਿਸ਼ੀਆਂ ਦੀ ਸੂਰਜ ਅਤੇ ਸੂਰਜਪ੍ਰਭਾ ਆਦਿ ਪ੍ਰਾਕ੍ਰਿਤਿਕ ਤੱਤਾਂ ਵਿਚ ਪਿਤਾ-ਪੁਤਰੀ ਸੰਬੰਧਾਂ ਦੀ ਕਲਪਨਾ ਉਸ ਸਮੇਂ ਦੇ ਉਨ੍ਹਾਂ ਦੇ ਮਧੁਰ, ਕੋਮਲ ਅਤੇ ਸੁਖਾਵੇਂ ਵਤੀਰੇ ਦਾ ਪ੍ਰਤੀਕ ਹਨ। ਪਿਤਾ ਆਪਣੀ ਪੁਤਰੀ ਦੀ ਖੁਸ਼ੀ ਲਈ ਆਪਣਾ ਜੀਵਨ ਨਿਛਾਵਰ ਕਰਨ ਲਈ ਤਤਪਰ ਰਹਿੰਦਾ ਸੀ। ਤਾਂ ਪੁੱਤਰੀ ਵੀ ਪਿਤਾ ਦੀ ਖੁਸ਼ੀ ਅਤੇ ਕੁਲ ਦੀ 'ਮਰਯਾਦਾ ਲਈ ਆਪਾ ਵਾਰ ਦੇਂਦੀ ਸੀ।'[25] ਸੁਕੰਨਿਆਂ ਦਾ ਬੁੱਢੇ ਚਵਨ ਰਿਸ਼ੀ ਨਾਲ ਵਿਆਹੇ ਜਾਣਾ ਅਤੇ ਦੇਵਯਾਨੀ ਦੇ ਵਿਆਹ ਵਿਚ ਸਰਮਿਸ਼ਠਾ ਦਾ ਦਾਜ ਵਿਚ ਦਾਸੀ ਬਣ ਕੇ ਜਾਣਾ ਅਜੇਹੀ ਕੁਰਬਾਨੀ ਦੀਆਂ ਮੂੰਹ ਬੋਲਦੀਆਂ ਉਦਾਹਰਨਾ ਹਨ।

ਭਰਾ-ਵਿਹੂਣੀਆਂ ਕੰਨਿਆਂ ਦੇ ਵਿਆਹ ਵਿਚ ਔਖੀ ਔਕੜ ਪੇਸ਼ ਆਉਂਦੀ ਸੀ ਕਿਉਂਕਿ ਉਸਦੇ ਪਹਿਲੇ ਪੁੱਤਰ ਉਤੇ ਨਾਨੇ ਦਾ ਅਧਿਕਾਰ ਹੁੰਦਾ ਸੀ ਪਿਤਾ ਦਾ ਨਹੀਂ। ਲੜਕੀ ਨੂੰ ਇਸੇ ਕਾਰਨ ਦੁਹਿਤਾ ਕਿਹਾ ਜਾਂਦਾ ਹੈ, "ਉਹ ਆਪਣੇ ਪੁੱਤਰ ਦੁਆਰਾ ਹੀ ਪਿਤਾ ਦੀ ਵਿਰਾਸਤ ਵਿਚੋਂ ਧਨ ਪ੍ਰਾਪਤ ਕਰ ਸਕਦੀ ਸੀ ਜਿਵੇਂ ਅੱਜ ਵੀ ਘਰ-ਜਵਾਈ ਰਖ ਕੇ ਪੁੱਤਰ ਦੀ ਕਮੀ ਨੂੰ ਪੂਰਾ ਕੀਤਾ ਜਾਂਦਾ ਹੈ। ਰੂਸ ਵਿਚ ਹਾਲੇ ਤਕ ਵਿਆਹੁਤਾ ਪੁੱਤਰੀ ਉਤੇ ਪਿਤਾ ਦਾ ਪ੍ਰਭੁਤਵ ਕਾਇਮ ਰਹਿੰਦਾ ਹੈ।"[25]

ਗੁਣਹੀਣੀ ਅਤੇ ਕੁਰੂਪ ਕੰਨਿਆਂ ਨੂੰ ਧਨ ਦੇ ਕੇ ਵਿਆਹੇ ਜਾਣ ਦੇ ਸੰਕੇਤ ਵੀ ਉਪਲਬਧ ਹਨ। ਇਹੀ ਵਾਸਤਵ ਵਿਚ ਦਾਜ ਹੁੰਦਾ ਸੀ। ਪਿਤਾ ਦੀ ਸੰਪਤੀ ਉਤੇ ਭਰਾਵਾਂ ਦਾ ਅਧਿਕਾਰ ਹੁੰਦਾ ਸੀ। ਉਨ੍ਹਾਂ ਦੁਆਰਾ "ਭੈਣ ਦੇ ਵਿਆਹ ਵਿਚ ਯੌਤਕ ਦੇਣ ਤੋਂ ਵੀ ਇਹੀ ਸਿੱਧ ਹੁੰਦਾ ਹੈ ਕਿ ਇਸ ਤਰਾਂ ਕੰਨਿਆਂ ਨੂੰ ਕੁਝ ਧਨ ਦੇ ਦਿੱਤਾ ਜਾਂਦਾ ਸੀ। ਬਾਕੀ ਉਤੇ ਭਰਾਵਾਂ ਦਾ ਵਿਰਾਸਤੀ ਹੱਕ ਕਾਇਮ ਰਹਿੰਦਾ ਸੀ।"[26] ਜ਼ਿਆਦਾ ਧਨ ਦੇਣ ਨਾਲ ਲੜਕੀ ਦੀ ਸ਼ਾਨ ਵਧ ਜਾਂਦੀ ਸੀ। ਕੁਆਰੀ ਕੰਨਿਆ ਜਾਇਦਾਦ ਲੈ ਕੇ ਵੱਖ ਨਹੀਂ ਹੋ ਸਕਦੀ ਸੀ। ਪਰ ਪਿਤਾ/ਭਰਾ ਦੇ ਘਰ ਰਹਿ ਕੇ ਧਨ ਖਰਚਣ ਦੀ ਅਧਿਕਾਰੀ ਸੀ। ਪਿਤਾ ਉਸਦੀ ਹੋਂਦ ਕਾਰਨ ਕਿਸੇ ਤਰ੍ਹਾਂ ਦਾ ਭਾਰ, ਬੇਚੈਨੀ, ਅਸ਼ਾਂਤੀ ਜਾਂ ਸ਼ਰਮ ਨਹੀਂ ਮਹਿਸੂਸਦਾ ਸੀ।

ਪੁੱਤਰੀ ਦੇ ਜਾਇਦਾਦ ਸੰਬੰਧੀ ਅਧਿਕਾਰਾਂ ਬਾਰੇ ਵਿਰੋਧੀ ਵਿਚਾਰ ਪਾਏ ਜਾਂਦੇ ਹਨ। "ਡਾ. ਕ੍ਰਿਸ਼ਨ ਕਮਲ ਭੱਟਾਚਾਰੀਆ ਨੇ ਵੈਦਿਕ ਪ੍ਰਮਾਣਾਂ ਰਾਹੀਂ ਅਜੇਹੇ ਵਿਰਾਸਤੀ ਅਧਿਕਾਰਾਂ ਦੀ ਅਣਹੋਂਦ ਸਿਧ ਕੀਤੀ ਹੈ ਜਦੋਂ ਕਿ ਡਾ. ਦੁਆਰਕਾਨਾਥ ਮਿੱਤਰ ਨੇ ਜੈਮਿਨੀ ਸੂਤਰਾਂ ਦੇ ਆਧਾਰ

ਤੇ ਅਜੇਹੇ ਅਧਿਕਾਰਾਂ ਦੀ ਹੋਂਦ ਦੀ ਪੁਸ਼ਟੀ ਕੀਤੀ ਹੈ।"[27] ਨਿਰਪੱਖ ਹੋ ਕੇ ਵਾਚੀਏ ਤਾਂ ਪਤਾ ਲਗਦਾ ਹੈ ਕਿ ਇਸਤਰੀ ਦੇ ਵਿਰਾਸਤ ਸੰਬੰਧੀ ਅਧਿਕਾਰਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਇਸ ਲਈ ਉਸ ਮੁੱਢਲੇ ਕਾਲ ਵਿਚ ਅਜੇਹੇ ਵਿਸ਼ਾਲ ਅਧਿਕਾਰ ਹੋਣਾ ਤਰਕਸੰਗਤ ਨਹੀਂ ਜਾਪਦਾ। ਇਸ ਤੋਂ ਪਿਛਲੇਰੇ ਕਾਲ ਦੀਆਂ ਸੰਹਿਤਾਵਾਂ ਅਤੇ ਬ੍ਰਾਹਮਣ ਗ੍ਰੰਥਾਂ ਵਿਚ ਪੁਤਰੀ ਨੂੰ ਪਰਿਵਾਰਿਕ ਸੰਪਤੀ ਦਾ ਅਣਅਧਿਕਾਰੀ ਕਿਹਾ ਗਿਆ ਹੈ। ਇਹ ਸੰਭਵ ਨਹੀਂ ਜਾਪਦਾ ਕਿ ਜੋ ਅਧਿਕਾਰ ਇਕ ਵਾਰੀ ਦਿੱਤੇ ਗਏ ਸਨ, ਹੌਲੀ ਹੌਲੀ ਵਾਪਸ ਲੈ ਲਏ ਜਾਣ।

ਸਮਾਜਿਕ ਜੀਵਨ ਦੇ ਖੇਲ ਵਿਚ ਪਰਿਵਾਰਕ ਸ਼ੁਕਤੀ ਦੇ ਮਹੱਤਵ ਕਾਰਨ ਕਲਦਾਇਕ ਪੁਤਰਾਂ ਦਾ ਪ੍ਰਭਾਵ ਵਧਣ ਲਗਾ ਅਤੇ ਇਸਤਰੀ ਸਰੀਰਕ ਪੱਖੋਂ ਨਿਮਾਣੀ ਅਤੇ ਨਿਤਾਣੀ ਹੋਣ ਕਾਰਨ ਮਹੱਤਤਾ ਗੁਆਉਣ ਲਗੀ। ਬ੍ਰਾਹਮਣ ਕਾਲ ਵਿਚ ਇਹ ਅੰਤਰ ਖੁਲ ਕੇ ਸਾਹਮਣੇ ਆਉਂਦਾ ਹੈ ਜਦੋਂ "ਪਤਨੀ ਨੂੰ ਇਕ ਸਾਥੀ, ਪੁੱਤਰੀ ਨੂੰ ਇਕ ਮੁਸੀਬਤ ਅਤੇ ਪੁੱਤਰ ਨੂੰ ਸਰਬੋਤਮ ਸਵਰਗ ਦਾ ਪ੍ਰਕਾਸ਼"[28] ਕਿਹਾ ਜਾਣ ਲਗਾ। ਇਸ ਤਰ੍ਹਾਂ ਪੁੱਤਰੀ ਦੀ ਸਥਿਤੀ ਡਾਵਾਂਡੋਲ ਹੋਣ ਲਗੀ।

ਕੁਝ ਸੰਹਿਤਾਵਾਂ ਅਤੇ ਬ੍ਰਾਹਮਣ ਗ੍ਰੰਥਾਂ ਵਿਚ "ਪੁੱਤਰੀ ਨੂੰ ਧਨ ਲੈ ਕੇ ਕਿਸੇ ਨੂੰ ਦੇਣ ਦੇ ਉਲੇਖ ਵੀ ਮਿਲਦੇ ਹਨ।"[29] ਭਾਵੇਂ ਅਜੇਹਾ ਵਿਸ਼ੇਸ਼ ਪ੍ਰਸਥਿਤੀਆਂ ਦੀਆਂ ਮਜਬੂਰੀਆਂ ਵਿਚ ਹੀ ਕੀਤਾ ਗਿਆ ਹੋਵੇਗਾ। ਉਪਨਿਸ਼ਦਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਕਿਤੇ ਕਿਤੇ ਵਿਦੁਸ਼ੀ ਕੰਨਿਆਂ ਲਈ ਪ੍ਰਾਰਥਨਾ ਕਰਨ ਅਤੇ ਘਿਓ ਵਾਲੀ ਤਿਲ-ਚਾਵਲੀ[30] ਖਾਣ ਦਾ ਉਲੇਖ ਮਿਲਦਾ ਹੈ। ਇਸ ਤੋਂ ਇਹ ਜਾਪਦਾ ਹੈ ਕਿ ਬੁਧੀਮਾਨ ਅਤੇ ਸੁਯੋਗ ਕੰਨਿਆ ਮਾਤਾ-ਪਿਤਾ ਲਈ ਸਨਮਾਨ ਦਾ ਵਿਸ਼ਾ ਸੀ। ਅਯੋਗ ਪੁੱਤਰ ਨਾਲੋਂ ਯੋਗ ਪੁੱਤਰੀ ਦੀ ਪ੍ਰਾਪਤੀ ਲੁਭਾਉਂਦੀ ਸੀ।

ਸਿਮ੍ਰਤੀ ਕਾਲ ਵਿਚ ਬਹੁਤ ਸਾਰੇ ਵਿਰੋਧੀ ਵਿਚਾਰਾਂ ਦਾ ਟਕਰਾ ਪੇਸ਼ ਆਉਂਦਾ ਹੈ। ਇਕ ਪਾਸੇ ਤਾਂ ਉਸਦੇ ਵਿਆਹ-ਯੋਗ ਹੋ ਜਾਣ ਪਿਛੋਂ ਵੀ ਜੇਕਰ ਮਾਪਿਆਂ ਨੂੰ ਯੋਗ ਵਰ ਨਾ ਮਿਲੇ ਤਾਂ ਅਯੋਗ ਵਿਅਕਤੀ ਨਾਲ ਉਸਨੂੰ ਵਿਆਹੁਣ ਤੋਂ ਵਰਜਿਆ ਹੈ। ਅਯੋਗ ਪਾਤਰ ਨੂੰ ਦੇਣਾ ਵੱਡਾ ਪਾਪ ਅਤੇ ਲੜਕੀ ਨਾਲ ਅਨਿਆਂ ਮੰਨਿਆ ਹੈ। ਇਸਦਾ ਭਾਵ ਹੈ ਕਿ ਭਾਵੇਂ ਉਹ 'ਸਾਰੀ ਉਮਰ ਕੁਆਰੀ ਹੀ ਪਿਤਾ ਦੇ ਘਰ ਬੈਠੀ ਰਹੇ।'[31] ਦੂਜੇ ਪਾਸੇ ਉਸੇ ਹੀ ਅਧਿਆਇ ਦੇ ਅਗਲੇ ਸ਼ਲੋਕ ਵਿਚ ਬਿਲਕੁਲ ਵਿਰੋਧੀ ਵਿਚਾਰਧਾਰਾ ਦਰਜ ਹੈ ਕਿ ਵਿਆਹ-ਯੋਗ ਹੋ ਜਾਣ ਤੇ ਜੇਕਰ ਮਾਪੇ ਲੜਕੀ ਦਾ ਵਿਆਹ ਨਹੀਂ ਕਰਦੇ ਤਾਂ ਲੜਕੀ ਜਿਸਨੂੰ ਚਾਹੇ ਪਤੀ ਬਣਾ ਲਵੇ ਉਸਨੂੰ ਪਾਪ ਨਹੀਂ ਲਗੇਗਾ। ਵਿਆਹ ਸੰਬੰਧੀ ਸੁਤੰਤਰਤਾ ਨੂੰ ਸਮਾਜਿਕ ਮਾਨਤਾ ਦਿੱਤੀ ਹੈ।'[32]

ਧਰਮ - ਸੂਤ੍ਰਕਾਰਾਂ ਨੇ ਵਿਆਹ - ਯੋਗ ਹੋ ਜਾਣ ਪਿਛੋਂ ਮਾਪਿਆਂ ਲਈ ਤਿੰਨ ਸਾਲ ਤਕ ਦਾ ਸਮਾਂ ਵਰ- ਲਭਣ ਲਈ ਨਿਰਧਾਰਿਤ ਕੀਤਾ ਹੈ। " ਲੜਕੀ ਤਿੰਨ ਸਾਲ ਤਕ ਉਡੀਕ ਕਰੇ ਫਿਰ ਮਨਮਰਜ਼ੀ ਨਾਲ ਵਿਆਹ ਕਰਵਾ ਲਵੇ।"[33] ਜਿਥੇ ਲੜਕੀ ਪ੍ਰਤਿ ਏਨੀ ਉਦਾਰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਥੇ ਪਤੀ ਦਾ ਪਤਨੀ ਉਤੇ ਪੂਰਨ ਪ੍ਰਭੂਤਵ ਕਾਇਮ ਕਰ ਦਿੱਤਾ ਹੈ। ਪਤੀ ਆਪਣੀ ਪਤਨੀ ਲਈ ਸਖਾ/ਸਾਥੀ ਹੁੰਦਾ ਸੀ, ਹੌਲੀ ਹੌਲੀ ਉਸਦਾ ਦਰਜਾ ਵਧ ਕੇ ਗੁਰੂ ਵਾਲਾ ਹੋ ਗਿਆ ਅਤੇ ਪਤਨੀ ਦਾ ਸਥਾਨ ਸਾਥਣ ਤੋਂ ਘੱਟ ਕੇ ਸ਼ਿੱਸ਼ਾ ਵਾਲਾ ਰਹਿ ਗਿਆ। ਅੰਤ ਵਿਚ ਪਤੀ ਗੁਰੂ ਤੋਂ ਇਕਦਮ ਦੇਵਤਾ ਦੇ ਆਸਨ ਉਤੇ ਬਿਰਾਜ ਗਿਆ ਪਰ ਪਤਨੀ ਸੇਵਿਕਾ ਬਣ ਕੇ ਚਰਨ ਧੂੜ ਮੱਥੇ ਲਾਉਣ ਲਾਇਕ ਹੀ ਰਹਿ ਗਈ। ਨਤੀਜੇ ਵਜੋਂ ਬਾਲ - ਵਿਆਹ ਵਧਣ ਲਗੇ ਤਾਂ ਜੋ ਲੜਕੀ ਨੂੰ ਪਤੀ ਪਰਮੇਸ਼ਵਰ ਆਪਣੀ ਇੱਛਾ ਅਨੁਸਾਰ ਢਾਲ ਸਕੇ।

ਕੰਨਿਆਂ ਦੀ ਸਿਖਿਆ ਬਾਰੇ ਵੀ ਵਿਦਵਾਨਾਂ ਅਤੇ ਸਿਮਰਤੀਕਾਰਾਂ ਵਿਚ ਮਤਭੇਦ ਹਨ। "ਮਨੂੰ ਜੀ ਨੇ ਪੁੱਤਰੀ ਲਈ ਕੇਵਲ ਘਰੇਲੂ ਕਾਰ - ਵਿਹਾਰ ਦੀ ਸਿਖਿਆ ਦੇਣ ਦਾ ਵਿਧਾਨ ਕੀਤਾ ਹੈ। ਨਾਰਦ ਅਤੇ ਬ੍ਰਹਸਪਤੀ ਨੇ ਉਸਨੂੰ ਪੁੱਤਰ ਦੀ ਤਰ੍ਹਾਂ ਹੀ ਪਿਤਾ ਦੀ ਉਤਰਾਧਿਕਾਰੀ ਮੰਨਿਆ ਹੈ। ਉਹ ਪਿਆਰ ਦੀ ਪਾਤਰ ਹੈ ਜੇਕਰ ਗਲਤੀ ਕਰੇ ਵੀ ਤਾਂ ਪਿਤਾ ਸਹਿ ਲਵੇ।"[34] ਇਸ ਤੋਂ ਜਾਪਦਾ ਹੈ ਕਿ ਪੁੱਤਰੀ ਪ੍ਰਤਿ ਸਨੇਹ ਵਧ ਰਿਹਾ ਸੀ। ਪਰ ਵਿਆਹ ਦੀ ਜ਼ਿੰਮੇਵਾਰੀ ਪ੍ਰਤਿ ਸੁਚੇਤਤਾ ਇਸ ਕਦਰ ਵਧ ਗਈ ਸੀ ਕਿ ਇਸਨੂੰ ਛੋਟੀ ਤੋਂ ਛੋਟੀ ਨਿਭਾਉਣ ਦੀ ਕਾਹਲੀ ਪਈ ਰਹਿੰਦੀ ਸੀ। ਕੁਝ ਸਿਮਰਤੀਕਾਰਾਂ ਤਾਂ ਕੰਨਿਆ ਦਾ ਵਿਆਹ ਉਸਨੂੰ ਲੜਕੇ ਲੜਕੀ ਦਾ ਅੰਤਰ ਮਹਿਸੂਸ ਹੋਣ ਤੋਂ ਪਹਿਲਾਂ ਹੀ ਕਰ ਦੇਣ ਦੇ ਹਾਮੀ ਸਨ।

ਪੁਰਾਣ ਕਾਲ ਵਿਚ ਵੀ ਕੰਨਿਆਂ - ਪ੍ਰਾਪਤੀ ਲਈ ਇੱਛਾ ਕਰਨ ਦੀਆਂ ਉਦਾਹਰਨਾਂ ਮਿਲਦੀਆਂ ਹਨ ਅਤੇ ਕੰਨਿਆਂ ਦੇ ਦਰਸ਼ਨਾਂ ਨੂੰ ਚੰਗਾ-ਸ਼ਗਨ ਮੰਨਿਆ ਜਾਂਦਾ ਸੀ।

ਇੰਞ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਮਰਦ ਦੀ ਸਮਾਜਿਕ ਪ੍ਰਭੂਤਵ ਹੌਲੀ ਹੌਲੀ ਵਧਦਾ ਗਿਆ। ਉਹ ਔਰਤ ਉਤੇ ਹਾਵੀ ਹੁੰਦਾ ਗਿਆ। ਉਸਦੀ ਮਰਜ਼ੀ ਅਪਰ ਅਪਾਰ ਹੁੰਦੀ ਗਈ ਪਰ ਇਸਤਰੀ ਦੇ ਅਧਿਕਾਰ ਸੀਮਿਤ ਹੁੰਦੇ ਗਏ।

ਵਿਆਹੁਤਾ ਰੂਪ

' ਵਿਆਹ ਪਿਛੋਂ ਵਿਆਹੁਤਾ ਜੀਵਨ ਦਾ ਆਰੰਭ ਹੁੰਦਾ ਹੈ। ਵਿਆਹ ਕੇਵਲ ਸਰੀਰਕ ਜਾਂ ਸਮਾਜਿਕ ਬੰਧਨ ਹੀ ਨਹੀਂ, ਰੂਹਾਂ ਦਾ ਮੇਲ ਹੈ; ਆਤਮਿਕ ਸੰਜੋਗ। ਵਿਆਹ ਪਰਮਾਤਮਾ ਦੁਆਰਾ ਨਿਸ਼ਚਿਤ ਕੀਤੇ ਜਾਂਦੇ ਹਨ ਅਤੇ ਦਿਸਦੇ ਸੰਸਾਰ ਵਿਚ ਰਸਮਾਂ ਦੁਆਰਾ ਨੇਪਰੇ ਚਾੜ੍ਹੇ ਜਾਂਦੇ ਹਨ। ਇਸ ਨਾਤੇ ਪਤੀ-ਪਤਨੀ ਇਕ ਜੋਤ ਸਰੂਪ ਹੁੰਦੇ ਹਨ ਭਾਵੇਂ ਸਰੀਰ ਦੋ ਹੀ ਦਿਸਦੇ ਹਨ। ਵੈਦਿਕ ਕਾਲੀਨ ਵਿਚਾਰਧਾਰਾ ਬਿਲਕੁਲ ਇਸਦੇ ਅਨੁਕੂਲ ਸੀ। 'ਜਾਇਆ ਹੀ ਘਰ ਹੈ।'[35] ਦੂਜੇ ਸ਼ਬਦਾਂ ਵਿਚ ਪਤਨੀ ਦੀ ਹੋਂਦ ਨਾਲ ਹੀ ਮਕਾਨ ਘਰ ਅਖਵਾਂਦਾ ਹੈ। ਉਸਦੇ ਬਿਨਾਂ ਘਰ ਆਤਮਾ ਰਹਿਤ ਸਰੀਰ ਵਾਂਗ ਨਿਰਜਿੰਦ ਹੈ। 'ਇਸਤਰੀ ਘਰ ਦਾ ਗਹਿਣਾ ਹੈ।'[36] ਘਰ ਦਾ ਸ਼ਿੰਗਾਰ ਹੈ। ਉਹ ਘਰ ਵਿਚ ਰਾਣੀ ਦੀ ਤਰ੍ਹਾਂ ਵਿਚਰੇ। ਉਹ ਹੀ ਘਰ ਨੂੰ ਸਵਰਗ ਬਣਾ ਸਕਦੀ ਹੈ ਅਤੇ ਉਸਦੀ ਕ੍ਰੋਪੀ ਵਸਦੇ ਰਮਦੇ ਘਰ ਨੂੰ ਨਰਕ ਦੀ ਖਾਣ ਵਿਚ ਪਰਿਵਰਤਿਤ ਕਰ ਸਕਦੀ ਹੈ।

ਵੈਦਿਕ ਕਾਲ ਵਿਚ ਪਤਨੀ ਨੂੰ ਅਰਧਾਂਗਨੀ ਕਿਹਾ ਜਾਂਦਾ ਸੀ ਭਾਵ ਪਤੀ ਦਾ ਅੱਧਾ ਅੰਗ। ਨਰ-ਨਾਰੀ 'ਦੋਵੇਂ ਇਕ ਹੀ ਸਰੀਰ ਦੇ ਦੋ ਹਿਸੇ ਹਨ। ਇਕ ਦੂਜੇ ਦੇ ਬਿਲਕੁਲ ਸਮਾਨ ਅਤੇ ਪੂਰਕ।'[37] ਵੱਖਰੇ ਦੋਵੇਂ ਹੀ ਅਧੂਰੇ ਹਨ। ਪਤੀ ਦੀ ਖੁਸ਼ੀ ਅਤੇ ਗਮੀ ਦਾ ਰਾਜ਼ਦਾਰ ਉਸਦੀ ਪਤਨੀ ਤੋਂ ਵਧ ਹੋਰ ਕੋਈ ਨਹੀਂ ਹੋ ਸਕਦਾ। ਦੋਹਾਂ ਦੀ ਖੁਸ਼ੀ ਵਿਚ ਹੀ ਪਰਿਵਾਰਿਕ ਕਲਿਆਣ ਨਿਹਿਤ ਹੈ। ਇਸ ਤਰ੍ਹਾਂ ਪਤਨੀ 'ਘਰ ਦੀ ਖੁਸ਼ੀ ਦਾ ਗੁੰਬਦ ਅਤੇ ਪਤੀ ਦੀ ਸੱਚੀ ਮਿੱਤਰ ਹੈ।'[38] ਇਸੇ ਲਈ ਆਦਮੀ ਨੂੰ ਇਸਤਰੀ ਦੀਆਂ ਇਛਾਵਾਂ ਦਾ ਧਿਆਨ ਰਖਣ ਦਾ ਉਪਦੇਸ਼ ਦਿੱਤਾ ਹੈ। ਘਰ ਰੂਪੀ ਬਾਗ ਵਿਚ ਨਾਰੀ ਇਕ ਖਿੜੀ ਹੋਈ ਕਲੀ ਦਾ ਸਰੂਪ ਹੈ ਜੋ ਆਪ ਖਿੜਦੀ ਹੋਈ ਸਮੁੱਚੇ ਬਾਗ ਵਿਚ ਮਹਿਕ ਖਲੇਰਦੀ ਹੈ।

ਅਰਧਾਂਗਨੀ ਹੋਣ ਦੇ ਨਾਤੇ ਉਸਨੇ ਪਰਿਵਾਰ ਪ੍ਰਤਿ ਬਹੁਤ ਸਾਰੇ ਕਰੱਤਵ ਨਿਭਾਉਣੇ ਹੁੰਦੇ ਹਨ। ਇਹ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਉਸ ਵਿਚ ਗੁਣਾਂ ਦਾ ਖਜ਼ਾਨਾ ਵਿਦਮਾਨ ਹੋਵੇ। ਉਸ ਕਾਲ ਵਿਚ ਪਤਨੀ ਲਈ ਗ੍ਰਿਹਸਥ-ਆਸ਼ਰਮ ਵਿਚ ਨਿਵਾਸ ਕਰਦੇ ਹੋਏ "ਪਤੀਵਰਤ ਧਰਮ ਪਾਲਨਾ, ਚਰਿਤਰਵਾਨ, ਸੁਸ਼ੀਲ, ਸੰਜਮੀ ਅਤੇ ਮਿਠਬੋਲੜੀ ਬਣ ਕੇ ਆਗਿਆ ਪਾਲਨ ਲਈ

ਤਤਪਰ ਰਹਿਣ ਵਾਲੀ ਹੋਣ ਦੀ ਲੋੜ ਸੀ।[39] ਘਰ ਦਾ ਕੰਮ ਸੁਚਾਰੂ ਰੂਪ ਨਾਲ ਚਲਾਉਣ ਲਈ ਘਰੇਲੂ ਕੰਮ ਵਿਚ ਕੁਸ਼ਲ ਹੋਣ ਦੀ ਲੋੜ ਸੀ। ਦੋਹਾਂ ਜੀਆਂ ਦੇ 'ਪਰਸਪਰ ਸਹਿਯੋਗ'[40] ਦੀ ਨੀਂਹ ਉਤੇ ਹੀ ਪਰਿਵਾਰਿਕ ਇਮਾਰਤ ਖੜੀ ਹੁੰਦੀ ਹੈ। ਘਰੇਲੂ ਕੰਮਾਂ ਵਿਚ ਪਤਨੀ ਸੁਘੜ ਹੋਣੇ ਅਤੇ ਰੁਜ਼ਗਾਰ ਦੇ ਮਾਮਲੇ ਵਿਚ ਪਤੀ।ਅਜੇਹੀ ਸੁਸ਼ੀਲ ਇਸਤਰੀ ਪ੍ਰਤਿ ਸਨਮਾਨ, ਸਮਾਨਤਾ ਅਤੇ ਆਦਰ ਵਾਲਾ ਵਿਵਹਾਰ ਕੀਤਾ ਜਾਂਦਾ ਸੀ।

ਵੈਦਿਕ ਕਾਲ ਵਿਚ ਇਸਤਰੀਆਂ ਬਹੁਤ ਸੁਤੰਤਰ ਸਨ। ਘਰ ਦੀ ਚਾਰਦੀਵਾਰੀ ਅੰਦਰ ਬੰਦ ਰਹਿਣ ਜਾਂ ਬਾਹਰ ਜਾਣ ਸਮੇਂ ਪਰਦਾ ਕਰਨ ਲਈ ਉਹ ਮਜਬੂਰ ਨਹੀਂ ਸਨ।[41] ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਉਹ ਉਛੂੰਖਲਤਾ ਨਾਲ ਆਪ ਮੁਹਾਰੀਆਂ ਘੁਮਦੀਆਂ ਰਹਿੰਦੀਆਂ ਸਨ। ਉਹ ਆਪਣੇ ਪਰਿਵਾਰ ਨਾਲ ਜਨ ਸਭਾਵਾਂ ਅਤੇ ਸਮਾਗਮਾਂ ਵਿਚ ਜਾ ਸਕਦੀਆਂ ਸਨ। ਹਰ ਪ੍ਰਕਾਰ ਦੇ ਧਾਰਮਿਕ ਕਾਰਜ ਕਰਨ ਦੀ ਨਾ ਕੇਵਲ ਖੁਲ੍ਹ ਹੀ ਸੀ ਸਗੋਂ ਨਾਰੀ ਦੀ ਉਪਸਥਿਤੀ ਬਿਨਾਂ ਨਰ ਦਾ ਯੱਗ ਸੰਪੂਰਨ ਨਹੀਂ ਹੋ ਸਕਦਾ ਸੀ। ਉਹ ਪਤੀ ਦੇ ਨਾਲ ਬੈਠ ਕੇ ਅਹੂਤੀ ਪਾਉਂਦੀ ਸੀ ਇਸ ਲਈ ਉਸਨੂੰ ਧਾਰਮਿਕ ਸਿਖਿਆ ਦੇਣੀ ਜ਼ਰੂਰੀ ਸੀ।

ਵੈਦਿਕ ਸਾਹਿਤ ਵਿਚ ਥਾਂ ਥਾਂ ਤੇ ਬਹੁਤ ਸਾਰੀਆਂ ਦੇਵੀਆਂ ਦੀ ਸਤੁਤਿ ਕੀਤੀ ਗਈ ਹੈ। ਇਹ ਦੇਵੀਆਂ ਦੈਵੀ ਸ਼ਕਤੀਆਂ ਦਾ ਪ੍ਰਤੀਕ ਹਨ। ਸਾਰਾ ਹਿੰਦੂ ਸਮਾਜ ਵਿਭਿੰਨ ਸ਼ਕਤੀਆਂ ਅਤੇ ਗੁਣ-ਸੰਪੰਨ ਇਨ੍ਹਾਂ ਦੇਵੀਆਂ ਤੋਂ ਹਰ ਪ੍ਰਕਾਰ ਦੇ ਵਰਦਾਨ ਮੰਗਦਾ ਹੈ। ਇਨ੍ਹਾਂ ਦੇਵੀਆਂ ਵਿਚੋਂ 'ਊਸ਼ਾ, ਭਾਰਤੀ, ਸੁਰਸਤੀ, ਇੱਲਾ'[42] ਆਦਿ ਪ੍ਰਮੁੱਖ ਹਨ। ਇਸ ਤੋਂ ਇਸਤਰੀ ਦੀ ਸਨਮਾਨਿਤ ਸਥਿਤੀ ਦਾ ਗਿਆਨ ਹੁੰਦਾ ਹੈ।

ਧਾਰਮਿਕ ਸਿਖਿਆ ਤੋਂ ਛੁੱਟ ਇਸਤਰੀ ਰੁਚੀ ਅਨੁਸਾਰ ਸੈਨਿਕ ਸਿਖਿਆ ਪ੍ਰਾਪਤ ਕਰਨ ਲਈ ਸੁਤੰਤਰ ਸੀ। ਉਹ ਪਤੀਆਂ ਦੇ ਨਾਲ ਮੈਦਾਨ-ਏ-ਜੰਗ ਵਿਚ ਜਾ ਕੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ ਸਨ। ਵਿਸ਼ਚਲਾ, ਇੰਦ੍ਰਸੈਨਾ ਅਤੇ ਵ੍ਰਿਤਾਸੁਰ ਦੀ ਮਾਤਾ ਨੇ ਰਣ-ਖੇਤਰ ਵਿਚ ਆਪਣੇ ਹੱਥ ਵਖਾਏ ਸਨ। 'ਨਮੁਚਿ ਦੀ ਇਸਤਰੀ - ਸੈਨਾ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ।'[43]

ਸੁਹਾਗਣ ਨੂੰ ਸਮਾਜ ਵਿਚ ਸਨਮਾਨਿਤ ਸਥਾਨ ਪ੍ਰਾਪਤ ਸੀ। ਆਮ ਤੌਰ ਤੇ ਇਕ ਪਤਨੀ ਵਿਆਹ ਹੋਇਆ ਕਰਦੇ ਸਨ ਪਰ ਕਿਤੇ ਕਿਤੇ 'ਬਹੁ-ਪਤਨੀ ਵਿਆਹ'[44] ਦੀਆਂ ਉਦਾਹਰਨਾ ਵੀ ਮਿਲਦੀਆਂ ਹਨ ਜਿਸ ਕਾਰਨ ਘਰਾਂ ਵਿਚ ਅਸ਼ਾਂਤੀ ਰਹਿਣੀ ਸੁਭਾਵਿਕ ਸੀ।

ਇਸੇ ਤਰ੍ਹਾਂ ਸਧਾਰਣ ਜਨਤਾ ਵਿਚ ਇਕ-ਪਤੀ ਵਿਆਹ ਦਾ ਰਿਵਾਜ ਵਿਦਮਾਨ ਸੀ ਪਰ ਰਿਗਵੇਦ[45] ਵਿਚ ਇਸਦੇ ਉਲਟ ਬਹੁ-ਪਤੀ ਵਿਆਹ ਦੇ ਸੰਕੇਤ ਵੀ ਮਿਲਦੇ ਹਨ।

ਦਾਜ ਦੀ ਅੱਜ ਦੇ ਰੂਪ ਵਿਚ ਹੋਂਦ ਨਹੀਂ ਸੀ ਪਰ 'ਕੰਨਿਆਂ - ਧਨ'[46] ਵਜੋਂ ਕੁਝ ਸਾਮਾਨ ਜਾਂ ਧਨ ਦਿੱਤਾ ਜਾਂਦਾ ਹੋਵੇਗਾ ਜਿਸ ਉਤੇ ਉਸਦੇ ਪਤੀ ਦਾ ਪੂਰਾ ਅਧਿਕਾਰ ਸਮਝਿਆ ਜਾਂਦਾ ਸੀ। ਆਰਥਿਕ ਪੱਖੋਂ ਉਹ ਪਤੀ ਉਤੇ ਹੀ ਆਸ਼੍ਰਿਤ ਸੀ। ਵਿਰਾਸਤ ਦੇ ਹੱਕ ਦੀ ਹੋਂਦ ਦੀ ਸੰਭਾਵਨਾ ਵੀ ਨਹੀਂ ਜਾਪਦੀ ਕਿਉਂਕਿ ਇਤਿਹਾਸ ਗਵਾਹ ਹੈ ਕਿ ਇਸਤਰੀ ਦੇ ਆਰਥਿਕ ਅਧਿਕਾਰਾਂ ਵਿਚ ਉੱਤਰੋਤਰ ਵਾਧਾ ਹੀ ਹੋਇਆ ਹੈ। ਜੋ ਹੱਕ ਇਕ ਵਾਰੀ ਪ੍ਰਾਪਤ ਕਰ ਲਏ ਗਏ ਉਹ ਕਦੇ ਵਾਪਸ ਨਹੀਂ ਹੋਏ। ਵਿਰਾਸਤ ਸੰਬੰਧੀ ਅਧਿਕਾਰ ਸਿਮਰਤੀ ਕਾਲ ਤਕ ਵੀ ਬਹੁਤ ਘੱਟ ਸਨ।

ਪਤਨੀ ਖਰੀਦਣ ਦੇ ਉਲੇਖ ਵੀ ਹਨ। ਕੁਝ ਪ੍ਰਸਥਿਤੀਆਂ ਵਿਚ ਵਰ ਨੂੰ ਵਧੂ ਵਿਸ਼ੇਸ਼ ਪਸੰਦ ਆ ਜਾਣ ਉਤੇ ਉਸਦੇ ਪਿਤਾ ਦੀ ਮੰਗ ਪੂਰੀ ਕਰਨੀ ਪੈਂਦੀ ਹੋਵੇਗੀ। ਵਿਸ਼ੇਸ਼ ਕਰਕੇ ਜਦੋਂ ਲੜਕੀ ਦੇ ਮਾਪੇ ਆਰਥਿਕ ਪੱਖੋਂ ਕਮਜ਼ੋਰ ਹੁੰਦੇ ਹੋਣਗੇ। ਵਰ ਦੀ ਉਮਰ ਜ਼ਿਆਦਾ ਹੋ ਚੁੱਕੀ ਹੋਣ ਜਾਂ ਵਿਧੁਰ ਹੋਣ ਦੀ ਸੂਰਤ ਵਿਚ ਵੀ ਪਤਨੀ ਖਰੀਦਣੀ ਪੈਂਦੀ ਹੋਵੇਗੀ। ਪਤਨੀ ਦੀ ਮੌਤ ਉਤੇ ਪਤੀ ਦੁਖੀ ਹੁੰਦਾ ਸੀ, ਵਿਸ਼ੇਸ਼ ਕਰਕੇ ਜਦੋਂ ਪਤਨੀ ਪੈਸੇ ਖਰਚ ਕੇ ਲਿਆਈ ਗਈ ਹੁੰਦੀ ਸੀ ਜਾਂ ਉਹ ਪੁੱਤਰਾਂ ਦੀ ਜਨਨੀ ਹੁੰਦੀ ਸੀ। ਚੰਗੀ ਪਤਨੀ ਸੁਭਾਗ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਇਸ ਲਈ ਪਤਨੀ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਜਾਂਦੀ ਸੀ।

ਵਿਧਵਾ ਦੀ ਹਾਲਤ ਬੜੀ ਤਰਸਯੋਗ ਹੁੰਦੀ ਹੋਵੇਗੀ। ਵਿਧਵਾ - ਵਿਆਹ ਦੀ ਪ੍ਰਥਾ ਪ੍ਰਚਲਿਤ ਨਹੀਂ ਸੀ। ਪਤੀ ਦੀ ਮੌਤ ਉਪਰੰਤ ਉਸ ਤੋਂ ਚਰਿਤ੍ਰਵਾਨ, ਸੰਜਮੀ, ਸਤ ਉਤੇ ਕਾਇਮ ਰਹਿ ਕੇ ਪਤੀ ਦੀ ਯਾਦ ਵਿਚ ਜੀਵਨ ਬਤੀਤ ਕਰਨ ਦੀ ਉਮੀਦ ਕੀਤੀ ਜਾਂਦੀ ਸੀ ਪਰ ਸਤੀ ਹੋਣਾ ਕੋਈ ਸਮਾਜਿਕ ਮਜ਼ਬੂਰੀ ਨਹੀਂ ਸੀ। ਸਵੈ ਇੱਛਾ ਨਾਲ ਹੋਣ ਵਾਲੀ ਸਤੀ ਨੂੰ ਪੂਰਨ ਮਾਣ-ਮਰਯਾਦਾ ਅਤੇ ਸਨਮਾਨ ਸਹਿਤ ਸਤੀ ਕੀਤਾ ਜਾਂਦਾ ਸੀ। ਇਸਤਰੀ ਅਵੱਧ ਮੰਨੀ ਗਈ ਹੈ। ਕਿਤੇ ਕਿਤੇ ਉਹ ਮਰਜ਼ੀ ਨਾਲ ਜਾਂ ਬਰਾਦਰੀ ਦੇ ਕਹਿਣ ਤੇ ਆਪਾ ਕੁਰਬਾਨ ਕਰ ਦੇਂਦੀ ਸੀ। 'ਪਤੀ ਨਾਲ ਗੱਡੇ ਜਾਣ ਦੀਆਂ ਉਦਾਹਰਨਾਂ ਵੀ ਹਨ। 'ਉਸਨੂੰ ਪਤੀ ਦੇ ਭਰਾ ਨਾਲ ਵਿਆਹ ਕਰਵਾਉਣ ਦੀ ਆਜ਼ਾਦੀ ਸੀ। ਕੁਝ ਰਿਚਾਵਾਂ ਵਿਚ ਪਤੀ ਦੀ ਚਿਤਾ ਉਤੇ ਲੇਟੀ ਹੋਈ ਨੂੰ ਪਤੀ ਦਾ ਭਰਾ ਉਠਾਉਂਦੇ ਹੋਏ ਕਹਿੰਦਾ ਹੈ ਕਿ ਉਹ ਜਿਉਂਦੇ ਲੋਕਾਂ ਦੀ ਦੁਨੀਆਂ ਵਿਚ ਵਾਪਸ ਆ ਜਾਵੇ।'[47]

ਵਿਆਹੁਤਾ ਨਾਰ ਦੇ ਆਪਣੇ ਸਹੁਰੇ ਪਰਿਵਾਰ ਪ੍ਰਤਿ ਹੋਰ ਸਾਰੇ ਫਰਜ਼ ਹੁੰਦੇ ਸਨ। ਗ੍ਰਿਹਸਥੀ ਦਾ ਸਾਰਾ ਭਾਰ ਪਤੀ- ਪਤਨੀ ਦੇ ਮੋਢਿਆਂ ਉਤੇ ਹੁੰਦਾ ਸੀ। ਸੋ ਦੋਹਾਂ ਦਾ ਆਪਸੀ ਸਹਿਯੋਗ ਆਵੱਸ਼ਕ ਸੀ। ਪਤੀ ਦੀ ਸੇਵਾ ਵਿਚ ਹਰ ਸਮੇਂ ਲੀਨ ਰਹਿਣ ਅਤੇ ਆਪਾ ਵਾਰ ਕੇ ਵੀ ਪਤੀ ਨੂੰ ਖ਼ੁਸ਼ ਰਖਣ ਵਾਲੀ ਇਸਤਰੀ ਸਨਮਾਨਿਤ ਜੀਵਨ ਬਤੀਤ ਕਰਦੀ ਸੀ। ਆਮ ਤੌਰ ਤੇ ਇਸਤਰੀ ਪ੍ਰਤਿ ਦ੍ਰਿਸ਼ਟੀਕੋਣ ਪੁਰਸ਼ ਨਾਲ ਸਮਾਨਤਾ ਵਾਲਾ ਹੀ ਸੀ। ~~ਆਮ ਤੌਰ ਤੇ~~ 'ਇਸਤਰੀ ਜਾਤੀ ਸੰਬੰਧੀ ਅਜੇਹੇ ਉੱਚ ਵਿਚਾਰ ਹੋਰ ਕਿਸੇ ਮਤ ਵਿਚ ਨਹੀਂ ਮਿਲਦੇ।'[48] ਪ੍ਰਾਚੀਨ ਆਰੀਆ ਇਸਤਰੀ ਦੀ ਸਥਿਤੀ ਲਈ ਪਿਛੋਕੜ ਵਲ ਝਾਤੀ ਮਾਰੀਏ ਤਾਂ ਉਸਦਾ ਦਰਜਾ ਉੱਚਾ ਹੀ ਹੁੰਦਾ ਜਾਪਦਾ ਹੈ। ਜਿਵੇਂ ਜਿਵੇਂ ਆਧੁਨਿਕਤਾ ਵਲ ਵਧਦੇ ਹਾਂ ਤਾਂ ਉਸਦੀ ਸਥਿਤੀ ਭੌਤਿਕਵਾਦੀ ਹੁੰਦੀ ਜਾ ਰਹੀ ਹੈ। ਅਧਿਆਤਮਕ ਅਤੇ ਨੈਤਿਕ ਪੱਖੋਂ ਉਸਦਾ ਦਰਜਾ ਗੌਣ ਹੁੰਦਾ ਜਾ ਰਿਹਾ ਹੈ। ਉਹ ਇੱਜ਼ਤ, ਮਾਣ ਅਤੇ ਪਵਿਤਰਤਾ ਦੀਆਂ ਭਾਵਨਾਵਾਂ ਜੋ ਇਸਤਰੀ ਪ੍ਰਤਿ ਵਿਦਮਾਨ ਸਨ, ਅੱਜ ਦ੍ਰਿਸ਼ਟੀਗੋਚਰ ਨਹੀਂ ਹੁੰਦੀਆਂ। " ਦੂਜੀਆਂ ਜਾਤੀਆਂ ਦੇ ਇਤਿਹਾਸ ਵਿਚ ਜਿੰਨਾ ਪਿਛੇ ਵਲ ਜਾਂਦੇ ਹਾਂ ਔਰਤ ਦੀ ਦਸ਼ਾ ਰਸਾਤਲ ਵਲ ਜਾਂਦੀ ਮਿਲਦੀ ਹੈ ਪਰ ਭਾਰਤ ਵਿਚ ਸਥਿਤੀ ਬਿਲਕੁਲ ਹੀ ਵਿਰੋਧੀ ਹੈ।"[49]

ਇਸ ਦਾ ਇਹ ਅੱਰਥ ਨਹੀਂ ਕਿ ਸਮਾਜ ਵਿਚ ਸਭ ਇਸਤਰੀਆਂ ਨੂੰ ਸਦਾ ਪ੍ਰਤਿਸ਼ਠਾ ਹੀ ਮਿਲਦੀ ਸੀ ਅਤੇ ਹੀਣ ਵਿਚਾਰਧਾਰਾ ਦੀ ਅਣਹੋਂਦ ਸੀ। ਸਗੋਂ ਜਿਥੇ ਬਹਾਦਰ, ਸੁਸ਼ੀਲ ਅਤੇ ਅਧਿਕਾਰੀ ਇਸਤਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ 'ਪੂਜਾ ਅਤੇ ਦਾਨ ਨਾ ਕਰਨ ਵਾਲੇ ਪੁਰਸ਼ ਤੋਂ ਉੱਤਮ ਮੰਨਿਆ ਹੈ,[50] ਉਥੇ ਛਲਕਪਟ ਅਤੇ ਵਿਭਚਾਰ ਕਰਨ ਵਾਲੀਆਂ ਨੂੰ "ਭੈੜੇ - ਆਚਰਨ ਵਾਲੀਆਂ ਕਹਿ ਕੇ ਦੁਤਕਾਰਿਆ ਗਿਆ ਹੈ।"[51] ਜਿਥੇ ਪਤੀ ਅਨਿਆਂ ਕਰਦੇ ਹੋਏ ਪਤਨੀ ਨੂੰ ਜੂਏ ਵਿਚ ਹਾਰਨ ਜੇਹੇ ਕੁਕਰਮ ਕਰਦਾ ਸੀ, ਉਥੇ ਪਤਨੀ ਵੀ ਪਤੀ ਨੂੰ ਤਿਆਗ ਜਾਂਦੀ ਸੀ।

ਸਮੁੱਚੀ ਸਥਿਤੀ ਵਲ ਝਾਤੀ ਮਾਰੀਏ ਤਾਂ ਇਹ ਤੱਤ ਕਢ ਸਕਦੇ ਹਾਂ ਕਿ ਪਤਨੀ ਨਾਲ ਪਤੀ ਦੀ ਸਮਾਨਤਾ ਵਾਲਾ ਵਿਵਹਾਰ ਕੀਤਾ ਜਾਂਦਾ ਸੀ। ਉਸਨੂੰ ਅਰਧਾਂਗਨੀ, ਸਮ੍ਰਾਜੀ, ਘਰ ਦੀ ਧਵਜਾ ਅਤੇ ਘਰ ਦੀ ਖ਼ੁਸ਼ੀ ਦੇ ਗੁੰਬਦ ਦਾ ਨੀਂਹ ਪਥੱਰ ਕਹਿ ਕੇ ਸਨਮਾਨਿਤ ਕੀਤਾ ਗਿਆ ਸੀ। ਉਹ ਧਾਰਮਿਕ ਰਸਮਾਂ ਪੂਰਨ ਕਰਨ ਦੀ ਅਧਿਕਾਰੀ ਸੀ ਤਾਂ ਸੈਨਿਕ ਸਿਕਸ਼ਣ ਵੀ ਪ੍ਰਾਪਤ ਕਰ ਸਕਦੀ ਸੀ। ਘਰ ਦੀ ਚਾਰਦੀਵਾਰੀ ਵਿਚ ਰਹਿ ਕੇ ਕੰਮ ਕਾਜ ਕਰਨ ਦੀ ਖੁਲ੍ਹ ਮਾਣਦੀ ਸੀ ਤਾਂ ਜੰਗ ਦੇ ਮੈਦਾਨ ਵਿਚ ਵੈਰੀ ਨੂੰ ਕਰਾਰੇ ਹੱਥ ਵੀ ਵਖਾ ਸਕਦੀ ਸੀ। ਪਰ " ਵੈਦਿਕ ਕਥਾਵਾਂ ਵਿਚ ਨਰ ਤੱਤ ਦੀ ਵੱਡੀ ਵਡਿਆਈ ਕੀਤੀ ਗਈ ਹੈ। ਪ੍ਰਿਥਵੀ ਅਦਿਤਿ, ਊਸ਼ਾ ਅਤੇ ਸੁਰਸਤੀ ਜੇਹੀਆਂ ਦੇਵੀਆਂ ਨੂੰ ਬੜੀ ਤੁੱਛ ਥਾਂ ਦਿੱਤੀ

ਗਈ ਹੈ। ਇਸ ਪੱਖੋਂ ਵੈਦਿਕ ਸਭਿਅਤਾ ਸਿੰਧ ਘਾਟੀ ਦੀ ਪੂਰਵ-ਇਤਿਹਾਸਕ ਸੰਸਕ੍ਰਿਤੀ ਤੋਂ ਬਿਲਕੁਲ ਭਿੰਨ ਹੈ ਜਿਥੇ ਦੇਵਾਂ-ਮਾਂ ਦਾ ਸਥਾਨ ਪੁਰਸ਼ ਸਾਥੀ ਨਾਲ ਬਿਲਕੁਲ ਸਾਂਝਾ ਸੀ।"[52]

ਵੇਦਾਂ ਪਿਛੋਂ ਬ੍ਰਾਹਮਣ-ਗ੍ਰੰਥ ਰਚੇ ਗਏ। ਇਸ ਕਾਲ ਵਿਚ ਪ੍ਰਧਾਨਤਾ ਦਾ ਕੇਂਦਰ ਪੁਰਸ਼ ਹੋ ਰਿਹਾ ਸੀ ਅਤੇ ਇਸਤਰੀ ਦੀ ਸਥਿਤੀ ਗੌਣ ਹੁੰਦੀ ਜਾ ਰਹੀ ਸੀ। ਤਿਆਗਮਈ ਰੁਚੀਆਂ ਦਾ ਪਰਸਪਰ ਪਰਸਾਰ ਹੋ ਰਿਹਾ ਸੀ। ਜਿਸ ਵਿਚ ਔਰਤ ਵੱਡੀ ਰੁਕਾਵਟ ਮੰਨੀ ਜਾਂਦੀ ਸੀ। ਇਸ ਲਈ ਉਸਨੂੰ ਅਨਾਦਰ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਣ ਲੱਗਾ। ਉਸਦੇ ਜੀਵਨ ਦੇ ਨਿਯਮ ਵੀ ਕਠੋਰ ਹੋਣ ਲਗੇ। 'ਉਸਦਾ ਸਭਾ ਸਮੇਲਨਾਂ ਵਿਚ ਜਾਣਾ ਵਰਜਿਤ ਹੋ ਗਿਆ। ਪਤੀ ਦੇ ਭੋਜਨ ਕਰ ਚੁਕਣ ਪਿਛੋਂ ਹੀ ਉਹ ਭੋਜਨ ਕਰ ਸਕਦੀ ਸੀ। ਉਸਨੂੰ ਅਨਰਥ ਦੀ ਜੜ੍ਹ, ਸ਼ਰਾਬ ਅਤੇ ਜੂਏ ਦੇ ਨਾਲ ਤੀਸਰੀ ਮਹਾਨ ਬੁਰਾਈ, ਸ਼ੂਦਰ ਤੋਂ ਵੀ ਨੀਚ ਅਤੇ ਭੈੜੇ ਤੋਂ ਭੈੜੇ ਮਰਦ ਤੋਂ ਵੀ ਭੈੜੀ ਮੰਨਿਆ ਜਾਣ ਲਗਾ।"[53]

ਪਰ ਇਸਤਰੀ ਦਾ ਦਰਜਾ ਇਕਦਮ ਨੀਵਾਂ ਨਹੀਂ ਸੀ ਹੋ ਗਿਆ। ਹਾਲੇਂ ਵੀ ਉਹ ਧਾਰਮਿਕ ਕਾਰਜ ਕਰਨ ਦੇ ਸਮੱਰਥ ਸੀ ਅਤੇ ਵਿਦਿਆ ਗ੍ਰਹਿਣ ਕਰ ਸਕਦੀ ਸੀ। ਤੱਤਵ ਗਿਆਨ ਦੇ ਵਿਵਾਦਾਂ ਵਿਚ ਇਸਤਰੀਆਂ ਵੱਧ ਚੜ੍ਹ ਕੇ ਹਿੱਸਾ ਲੈਂਦੀਆਂ ਸਨ। ਇਸਤਰੀ ਸਿਖਿੱਅਕ ਵੀ ਮਿਲ ਜਾਂਦੀਆਂ ਸਨ। ਉਪਨਿਸ਼ਦ ਕਾਲ ਵਿਚ ਵੈਦਿਕ ਕਾਲ ਵਾਲੀ ਨਾਰੀ ਮਹੱਤਤਾ ਨਹੀਂ ਸੀ ਰਹੀ ਪਰ ਪਤੀ-ਪਤਨੀ ਨੂੰ ਹਾਲੇਂ ਵੀ ਇਕ ਜੋਤਿ ਦੀਆਂ ਹੀ ਦੋ ਮੂਰਤਾਂ ਮੰਨਿਆ ਜਾਂਦਾ ਸੀ। ਕਰਮ-ਕਾਂਡ ਗੁੰਝਲਦਾਰ ਹੁੰਦੇ ਜਾ ਰਿਹੇ ਸਨ ਜਿਸ ਕਾਰਨ ਪਤਨੀ ਸਾਰੇ ਯੱਗਾਂ ਦੀ ਕਿਰਿਆ ਪਤੀ ਨਾਲ ਬਹਿ ਕੇ ਸੰਪੂਰਨ ਨਹੀਂ ਕਰ ਸਕਦੀ ਸੀ। ਹੌਲੀ ਹੌਲੀ ਧਾਰਮਿਕ ਸਿਖਿਆ ਔਰਤ ਲਈ ਬੇਲੋੜੀ ਬਣ ਗਈ।

ਇਸ ਕਾਲ ਵਿਚ ਕੋਈ ਕੋਈ ਇਸਤਰੀ 8-10 ਸਾਲ ਸ਼ਾਸਤਰ ਅਧਿਐਨ ਕਰਨ ਪਿਛੋਂ ਹੀ ਗ੍ਰਿਹਸਥ-ਆਸ਼ਰਮ ਵਿਚ ਪ੍ਰਵੇਸ਼ ਕਰਦੀ ਸੀ। ਵਿਰਲੀ ਹੀ ਕੋਈ ਉਮਰ ਭਰ ਬ੍ਰਹਮਚਰਜ ਦਾ ਪਾਲਨ ਕਰਦੀ ਹੋਈ ਗਿਆਨ ਪ੍ਰਾਪਤ ਕਰਦੀ ਸੀ। ਜਿਵੇਂ: ਵਾਚਕਵਨੀ, ਗਾਰਗੀ, ਮੈਤ੍ਰੇਯੀ ਆਦਿ। ਬਹੁ ਗਿਣਤੀ ਅਨਪੜ੍ਹ ਹੀ ਹੁੰਦੀ ਸੀ। ਵਿਆਹ ਨੂੰ ਹਾਲੇਂ ਵੀ ਪਵਿਤਰ ਬੰਧਨ ਮੰਨਿਆ ਜਾਂਦਾ ਸੀ ਜਿਸ ਵਿਚ ਦੰਪਤੀ ਪਿਆਰ, ਸੰਤਾਨ ਉਤਪਤੀ ਅਤੇ ਸੰਤਾਨ ਪਾਲਨ ਦੇ ਧਰਮ ਸ਼ਾਮਲ ਸਨ। ਪੁਰਾਣ ਕਾਲ ਵਿਚ ਇਸਤਰੀ ਸੰਬੰਧੀ ਜੋ ਉੱਤਮ ਵਿਚਾਰ ਮਿਲਦੇ ਹਨ ਤਾਂ ਨੀਚ ਵਿਚਾਰਾਂ ਦੀ ਵੀ ਕਮੀ ਨਹੀਂ ਹੈ।

ਉਤੱਰ ਵੈਦਿਕ ਕਾਲ ਉਹ ਸਮਾਂ ਹੈ ਜਦੋਂ ਕਿ ਵੈਦਿਕ ਪ੍ਰਭਾਵ ਖਤਮ ਹੋਣ ਲਗ ਪਿਆ ਸੀ। ਭਾਵੇਂ ਪੂਰਨ ਤੌਰ ਤੇ ਅਸੀਂ ਵੈਦਿਕ ਪ੍ਰਭਾਵਾਂ ਤੋਂ ਮੁਕਤ ਕਦੇ ਵੀ ਨਹੀਂ ਹੋ ਸਕੇ। ਨਵਾਂ ਯੁੱਗ ਉਦੋਂ ਆਰੰਭ ਹੋਇਆ ਜਦੋਂ 'ਸਭਿਅਤਾ ਦੇ ਮਹੱਤਵ-ਪੂਰਨ ਅੰਗਾਂ ਉਤੇ ਨਵੇਂ ਪ੍ਰਭਾਵ ਪੈਣ ਲਗੇ। ਸਮਾਜ, ਰਾਜਨੀਤੀ, ਧਰਮ, ਸਾਹਿਤ ਅਤੇ ਕਲਾ ਵਿਚ ਕੁਝ ਨਵੇਂ ਲਛੱਣ ਪੈਦਾ ਹੋਣ ਲਗੇ। ਇਸ ਪੱਖੋਂ ਵੈਦਿਕ ਕਾਲ 700 ਈ: ਪੂ: ਦੇ ਨੇੜੇ ਤੇੜੇ ਮੰਨਣਾ ਪੈਂਦਾ ਹੈ।'[54] ਸਿਮਰਤੀਆਂ ਨੂੰ ਉਤੱਰ ਵੈਦਿਕ ਕਾਲ ਦੀਆਂ ਰਚਨਾਵਾਂ ਕਿਹਾ ਗਿਆ ਹੈ। ਇਸ ਕਾਲ ਵਿਚ ਪਤਨੀ ਦੀ ਸ਼ਲਾਘਾ ਵਿਚ ਬਹੁਤ ਕੁਝ ਲਿਖਿਆ ਗਿਆ ਹੈ। ਉਸਨੂੰ 'ਘਰ ਦੀ ਸ਼ੋਭਾ ਕਿਹਾ ਅਤੇ ਉਸਦਾ ਮੁੱਖ ਸਦਾ ਪਵਿੱਤਰ ਮੰਨਿਆ ਹੈ ਜਿਵੇਂ ਪੰਛੀਆਂ ਦੀ ਚੁੰਝ ਨਾਲ ਕਟਿਆ ਫਲ, ਗਾਂ ਚੋਂਦੇ ਸਮੇਂ ਵੱਛੇ ਦਾ ਮੂੰਹ ਜਾਂ ਸ਼ਿਕਾਰ ਖੇਡਦੇ ਸਮੇਂ ਕੁੱਤੇ ਦਾ ਮੂੰਹ ਪਵਿੱਤਰ ਮੰਨਿਆ ਜਾਂਦਾ ਹੈ।'[55]

ਵਿਆਹੁਤਾ ਇਸਤਰੀ ਅੰਦਰ ਕੁਝ ਗੁਣਾਂ ਦੀ ਹੋਂਦ ਜ਼ਰੂਰੀ ਮੰਨੀ ਗਈ ਹੈ ਜਿਨ੍ਹਾਂ ਬਾਰੇ ਸਿਮਰਤੀਕਾਰਾਂ ਵਿਚ ਥੋੜਾ ਬਹੁਤ ਮੱਤਭੇਦ ਹੈ। ਮਨੂ ਦੇ ਵਿਚਾਰ ਵਿਚ ਉਸਨੂੰ ਹਸਮੁੱਖ, ਗ੍ਰਹਿ ਕਾਰਜਾਂ ਵਿਚ ਪ੍ਰਵੀਨ, ਸਾਫ-ਸੁਥਰੀ ਅਤੇ ਘੱਟ ਖਰਚੀਲੀ ਹੋਣਾ ਚਾਹੀਦਾ ਹੈ। ਯਾਗਵ ਲਕਯ ਆਦਿ ਸਿਮਰਤੀਕਾਰਾਂ ਨੇ ਹੋਰ ਵੀ ਗੁਣ ਸ਼ਾਮਲ ਕੀਤੇ ਜਿਵੇਂ ਗੁਣ-ਹੀਣ ਪਤੀ ਨੂੰ ਦੇਵਤਾ ਮੰਨੇ, ਦਾਸੀ, ਵੇਸਵਾ, ਜਨਨੀ ਅਤੇ ਭਰਾ ਦੀ ਤਰ੍ਹਾਂ ਵਿਵਹਾਰ ਕਰ ਸਕਦੀ ਹੋਵੇ, ਪਤੀ ਦਾ ਨਾਮ ਨਾ ਲਵੇ, ਉੱਚੀ ਨਾ ਬੋਲੇ ਅਤੇ ਮਾਰ ਪੈਣ ਤੇ ਵੀ ਮੁਸਕਰਾਂਦੀ ਰਹੇ। ਪਤੀ ਸੇਵਾ ਅਤੇ ਪਤੀ- ਇੱਛਾ ਪੂਰਤੀ ਪਤਨੀ ਦਾ ਮੁੱਢਲਾ ਕਰੱਤਵ ਹੈ।'[56] ਸਤੀਤਵ ਦੀ ਮਹਿਮਾ ਨਾਲ ਪੁਰਾਣ ਭਰੇ ਪਏ ਹਨ। ਇਥੋਂ ਤਕ ਕਿ 'ਪਤਨੀ ਦੇ ਸੰਤੁਸ਼ਟ ਹੋਣ ਤੇ ਹੀ ਘਰ ਦਾ ਕਲਿਆਣ ਸੰਭਵ ਹੈ ਅਤੇ ਜਥੇ ਇਸਤਰੀ ਦੀ ਪੂਜਾ ਹੁੰਦੀ ਹੈ, ਉਥੇ ਹੀ ਦੇਵਤਾ ਨਿਵਾਸ ਕਰਦੇ ਹਨ।

ਨਾਲ ਹੀ ਦੁਰਾਚਾਰਨ ਅਤੇ ਵਿਭਚਾਰਨ ਲਈ ਅਲਗ ਨਿਯਮਾਂ ਦਾ ਵਿਧਾਨ ਹੈ। ਉਸਨੂੰ ਅਨੁਸ਼ਾਸਨ ਵਿਚ ਰਖਣ ਲਈ ਵਾਂਸ ਦੀ ਸੋਟੀ, ਰੱਸੀ ਜਾਂ ਹੱਥ ਨਾਲ ਤਿੰਨ ਵਾਰੀ ਮਾਰਨ ਦਾ ਪੁਰਸ਼ ਨੂੰ ਅਧਿਕਾਰ ਹੈ। ਕੌਟਲਯ ਅਤੇ ਸ਼ੁੱਖ ਇਸਦੇ ਹਾਮੀ ਹਨ। ਨੈਤਿਕਤਾ ਦਾ ਪਧੱਰ ਉਚਾ ਹੋਣ ਕਾਰਨ ਸਤ ਧਰਮ ਉਤੇ ਕਾਇਮ ਰਹਿਣਾ ਅਤਿ ਆਵੱਸ਼ਕ ਸੀ। ਪਤਨੀ ਦੇ ਕੁਕਰਮਾਂ ਦਾ ਦੋਸ਼ੀ ਪਤੀ ਦਾ ਲਾਪਰਵਾਹ ਹੋਣਾ ਮੰਨਿਆ ਜਾਂਦਾ ਸੀ। ਵਿਭਚਾਰਨ ਨੂੰ ਪ੍ਰਾਣ-ਦੰਡ ਦਿੱਤਾ ਜਾ ਸਕਦਾ ਸੀ। ਵਿਭਚਾਰੀ ਪੁਰਸ਼ ਲਈ ਵੀ ਕਠੋਰ ਸਜ਼ਾਵਾਂ ਸਨ ਜਿਨ੍ਹਾਂ ਵਿਚੋਂ ਅੰਗ-ਭੰਗ ਕਰਨਾ, ਦਾਗਣਾ, ਮਾਰ ਦੇਣਾ, ਦੇਸ਼ ਨਿਕਾਲਾ ਅਤੇ ਜੁਰਮਾਨਾ ਆਦਿ ਮੁੱਖ ਸਨ। ਚਰਿਤਰਹੀਣ ਪਤਨੀ ਵੀ ਪਤੀ ਤੋਂ

ਜੀਵਨ ਨਿਰਬਾਹ ਲਈ ਖਰਚ ਪ੍ਰਾਪਤ ਕਰ ਸਕਦੀ ਸੀ। ਬਾਂਝ ਪਤਨੀ ਦੀ ਰਜ਼ਾਮੰਦੀ ਨਾਲ ਪਤੀ ਹੋਰ ਵਿਆਹ ਕਰਵਾ ਸਕਦਾ ਸੀ ਪਰ ਪਤਨੀ ਲਈ ਪੁਨਰ ਵਿਆਹ ਦੀ ਖੁਲ੍ਹ ਕਿਸੇ ਸੂਰਤ ਵਿਚ ਵੀ ਨਹੀਂ ਸੀ।'[57] ਵਿਆਹ ਵਿਚ ਉਚਾਰੇ ਜਾਣ ਵਾਲੇ ਮੰਤਰ ਕੇਵਲ ਕੁਆਰੀਆਂ ਕੰਨਿਆਂ ਲਈ ਹੀ ਮੰਨੇ ਜਾਂਦੇ ਸਨ।

ਇਸਤਰੀ ਦੇ ਆਰਥਿਕ ਅਧਿਕਾਰਾਂ ਸੰਬੰਧੀ ਦੋ ਵਿਰੋਧੀ ਵਿਚਾਰਧਾਰਾਵਾਂ ਹਨ। ਕੁਝ ਵਿਦਵਾਨ ਉਸਨੂੰ ਨਿਰਧਨ ਅਤੇ ਵਿਰਾਸਤ ਦੇ ਅਯੋਗ ਮੰਨਦੇ ਸਨ। 'ਇਸਤਰੀ, ਪੁਤਰੀ ਅਤੇ ਦਾਸ ਤਿੰਨੇ ਨਿਰਧਨ ਹਨ ਭਾਵ ਇਨ੍ਹਾਂ ਦੇ ਧਨ ਉਤੇ ਇਨ੍ਹਾਂ ਦੇ ਮਾਲਕਾਂ ਦਾ ਅਧਿਕਾਰ ਹੁੰਦਾ ਹੈ। ਨਾਲ ਹੀ ਵਿਸ਼ਨੂੰ ਸਿਮਰਤੀ ਵਿਚ 'ਪਤਨੀ ਦੀ ਕਮਾਈ ਖਾਣ ਵਾਲੇ (ਚਾਰਣ, ਕੁਸ਼ੀਲਵ, ਸ਼ਹਿਲੂਸ ਵਰਗੇ) ਹਤਿਆਰਿਆਂ ਦੀ ਤਰ੍ਹਾਂ ਪਾਪੀ ਅਤੇ ਨਰਕਗਾਮੀ ਹੁੰਦੇ ਹਨ।'[58] ਕੁਝ ਵਿਦਵਾਨਾਂ ਦੁਆਰਾ ਪਤੀ ਦੀ ਜਾਇਦਾਦ ਦਾ ਪਹਿਲਾ ਵਾਰਸ ਵਿਧਵਾ ਨੂੰ ਮੰਨਿਆ ਗਿਆ ਹੈ। ਉਸ ਪਿਛੋਂ ਪੁਤਰੀਆਂ ਅਤੇ ਮਾਪਿਆਂ ਦੀ ਵਾਰੀ ਆਉਂਦੀ ਹੈ। ਕਾਤਯਾਨਨ ਨੇ ਇਸਤਰੀ ~~ਉਸ ਨੂੰ~~ ਨੂੰ ਪੂਰੇ ਅਧਿਕਾਰ ਦਿੱਤੇ ਹਨ। ਪਰ ਨਾਰਦ ਨੇ ਉਸਨੂੰ ~~ਕ~~ ਕੇਵਲ ਚਲ ਸੰਪਤੀ ਦਾ ਅਧਿਕਾਰੀ ਮੰਨਿਆ ਹੈ, ਵਿਰਾਸਤ ਦੇ ਹੱਕ ਦਾ ਵਿਰੋਧ ਕੀਤਾ ਹੈ।

ਜਨਨੀ ਰੂਪ

ਵੈਦਿਕ ਕਾਲ ਵਿਚ ਮਾਤਾ ਨੂੰ ਸਮਾਜਿਕ, ਪਰਿਵਾਰਿਕ ਅਤੇ ਧਾਰਮਿਕ ਅਰਥਾਤ ਹਰ ਪੱਖੋਂ ਮਹੱਤਵ ਦਿੱਤਾ ਜਾਂਦਾ ਸੀ। ਮਾਂ ਨੂੰ ਪ੍ਰੇਮ, ਦਇਆ ਅਤੇ ਸਹਾਨੂਭੂਤੀ ਦੀ ਪ੍ਰਤਿਮਾ ਸਮਝਿਆ ਜਾਂਦਾ ਸੀ। ਵੇਦਾਂ ਨੇ ਮਾਤਾ ਨੂੰ ਗੁਰੂ ਮੰਨਿਆ ਹੈ। ਪਿਤਾ ਦੀ ਗ਼ੈਰਹਾਜ਼ਰੀ ਵਾਂਗ ਮਾਤਾ ਵੀ ਮੁਸ਼ਕਿਲ ਸਮੇਂ 'ਸੰਤਾਨ ਦੀ ਰਖਿਆ'[59] ਕਰਦੀ ਸੀ। ਇਸ ਲਈ ਹੀ ਮਾਤਾ ਦੀ ਸ਼ਾਨ ਪਿਤਾ ਤੋਂ ਦਸ ਗੁਣਾਂ ਵੱਧ ਮੰਨੀ ਗਈ ਹੈ।[60] ਮਾਤਾ ਦਾ ਸਥਾਨ ਸਵਰਗ ਤੋਂ ਵੀ ਉੱਚਾ ਕਿਹਾ ਹੈ।

ਕੰਨਿਆ ਦੇ ਵਿਆਹ ਵਿਚ ਪਿਤਾ ਨਾਲੋਂ ਮਾਤਾ ਦੇ ਅਧਿਕਾਰ ਜ਼ਿਆਦਾ ਹੁੰਦੇ ਸਨ। ਇਹ ਠੀਕ ਹੈ ਕਿ ਪੁੱਤਰਾਂ ਨੂੰ ਜਾਇਦਾਦ ਅਤੇ ਵੰਸ਼ ਪਿਤਾ ਤੋਂ ਮਿਲਦਾ ਸੀ ਪਰ ਮਾਤਾ ਦੇ ਨਾਂ ਤੋਂ ਵੀ ਸੰਤਾਨ ਨੂੰ ਬੁਲਾਏ ਜਾਣ ਦੇ ਉਲੇਖ ਮਿਲਦੇ ਹਨ।[61] ਇਨ੍ਹਾਂ ਮਾਤਰਿਕ ਨਾਵਾਂ ਤੋਂ ਮਾਤਾ ਦੀ ਸ਼ਾਨ ਅਤੇ ਪਰਿਵਾਰ ਵਿਚ ਉਸ ਦੀ ਉੱਚ ਸਥਿਤੀ ਦਾ ਪ੍ਰਮਾਣ ਮਿਲਦਾ ਹੈ।

ਆਮ ਜੀਵਨ ਵਿਚ ਵੀ ਅਸੀਂ ਮਾਤਾ ਪਿਤਾ ਸ਼ਬਦ ਵਿਚ ਪਿਤਾ ਤੋਂ ਪਹਿਲਾਂ ਮਾਤਾ ਨੂੰ ਹੀ ਪੁਕਾਰਦੇ ਹਾਂ। ਹਰ ਔਕੜ ਸਮੇਂ ਵੀ ਮਾਂ ਨੂੰ ਹੀ ਯਾਦ ਕਰਦੇ ਹਾਂ। ਇਸਤਰੀ ਵਿਚ ਜਨਨੀ ਦੀ ਪ੍ਰਕ੍ਰਿਤਕ ਯੋਗਤਾ ਲਈ ਇਸਨੂੰ ਜਨਨੀ ਵੀ ਕਿਹਾ ਗਿਆ ਹੈ। ਵਾਤਸਲ ਅਤੇ ਮਾਤ੍ਰਿਤਵ ਦੇ ਦੈਵੀ ਗੁਣਾਂ ਵਿਚ ਮਾਂ ਦਾ ਤਿਆਗ ਲੁਕਿਆ ਹੁੰਦਾ ਹੈ। ਉਹ ਹਰ ਔਕੜ ਸਹਿ ਕੇ ਵੀ ਸੰਤਾਨ ਨੂੰ ਸੁਖ ਦੇਣਾ ਲੋੜਦੀ ਹੈ। ਉਸਦੇ ਇਨ੍ਹਾਂ ਮਹਾਨ ਗੁਣਾਂ ਕਰਕੇ ਹੀ ਵੇਦ,ਪੁਰਾਣ ਮਾਤਾ ਦੇ ਗੁਣ-ਗਾਣ ਅਤੇ ਮਹਿਮਾ ਨਾਲ ਭਰੇ ਪਏ ਹਨ।

ਜਨਨੀ ਦੇ ਰੂਪ ਵਿਚ ਇਸਤਰੀ ਦੇ ਸਤਿਕਾਰ ਦਾ ਇਕ ਹੋਰ ਮਹਾਨ ਸਬੂਤ ਹੈ ਆਪਣੇ ਇਸ਼ਟ ਨੂੰ ਮਾਂ ਕਹਿ ਕੇ ਪੁਕਾਰਨਾ ਅਤੇ ਪੂਜਣਾ। ਸਾਰੇ ਭਗਤ ਜਨ, ਬੱਚੇ ਬੱਚੀਆਂ ਦਾ ਰੂਪ ਹੋ ਕੇ ਜਗਤ - ਜਨਨੀ ਮਾਤਾ ਦੀ ਪੂਜਾ ਕਰਦੇ ਅਤੇ ਭੇਟਾ ਗਾ ਕੇ ਉਸਦੀ ਸਤੁਤੀ ਕਰਦੇ ਹਨ। ਇਸ ਸੰਬੰਧ ਵਿਚ ਜਿਥੇ ਮਾਂ ਦਾ ਸਤਿਕਾਰ ਹੈ, ਆਦਰ ਹੈ, ਮਾਣ ਹੈ, ਉਥੇ ਉਸ ਪ੍ਰਤਿ ਪਿਆਰ ਵੀ ਡੁਲ੍ਹ - ਡੁਲ੍ਹ ਪੈਂਦਾ ਹੈ। ਮਾਂ ਦੀ ਬੁੱਧੀ ਨੂੰ ਪਵਿੱਤਰ ਅਤੇ ਨਿਰਮਲ ਮੰਨਿਆ ਹੈ। ਇਸੇ ਲਈ ਤਾਂ ਵੇਦ ਮਾਤਾ ਵਾਲੀ ਬੁੱਧੀ ਗ੍ਰਹਿਣ ਕਰਨ ਦਾ ਉਪਦੇਸ਼ ਦੇਂਦੇ ਹਨ।

ਜੇਕਰ ਕਿਸੇ ਇਸਤਰੀ ਦੇ ਘਰ ਵਿਆਹ ਤੋਂ ਕੁਝ ਸਾਲ ਬਾਅਦ ਤਕ ਪੁੱਤਰ ਪੈਦਾ ਨਹੀਂ ਹੁੰਦਾ ਸੀ ਤਾਂ ਉਸਨੂੰ ਨਿਪੁੱਤੀ ਕਹਿ ਕੇ ਅਪਮਾਨਿਤ ਕੀਤਾ ਜਾਂਦਾ ਸੀ ਅਤੇ ਕਈ ਵਾਰੀ ਤਾਂ ਪਤੀ- ਪੁੱਤਰ ਪ੍ਰਾਪਤੀ ਲਈ ਹੋਰ ਵਿਆਹ ਵੀ ਕਰਵਾ ਲੈਂਦਾ ਸੀ ਕਿਉਂਕਿ ਇਹ ਵਿਚਾਰਧਾਰਾ ਆਮ ਸੀ ਕਿ ਜਦੋਂ ਤਕ ਮਨੁੱਖ ਪੁੱਤਰ ਪ੍ਰਾਪਤ ਨਹੀਂ ਕਰਦਾ, ਉਹ ਅਧੂਰਾ ਹੈ; ਉਸਦੀ ਗਤੀ ਨਹੀਂ ਹੁੰਦੀ; ਉਸਦਾ ਵੰਸ਼ ਅਗੇ ਨਹੀਂ ਚਲਦਾ; ਕਈ ਵਾਰੀ ਤਾਂ ਅਜੇਹੀ ਅਭਾਗੀ ਇਸਤਰੀ ਨੂੰ ਤਿਆਗ ਵੀ ਦਿੱਤਾ ਜਾਂਦਾ ਸੀ। ਪਰ ਪੁੱਤਰ ਪ੍ਰਾਪਤੀ ਨਾਲ ਮਾਂ ਅਮਰ ਹੋ ਜਾਂਦੀ ਸੀ।[62]

ਉੱਤਰ ਵੈਦਿਕ ਕਾਲ ਵਿਚ ਸਿਮਰਤੀਆਂ ਵਿਚ ਮਾਤਾ ਦੀ ਸ਼ਾਨ ਨੂੰ ਹੋਰ ਵੀ ਉਚਿਆਇਆ ਗਿਆ ਹੈ। ਭਾਵੇਂ ਕੰਨਿਆਂ ਪ੍ਰਤਿ ਵਿਚਾਰਾਂ ਦਾ ਘੇਰਾ ਤੰਗ ਹੁੰਦਾ ਜਾ ਰਿਹਾ ਸੀ ਪਰ ਮਾਤਾ ਦਾ ਸਤਿਕਾਰ,ਸਨਮਾਨ ਤੇ ਇੱਜ਼ਤ ਹੋਰ ਵੱਧ ਰਹੇ ਸਨ। ਹੁਣ ਮਾਂ ਦੀ ਸ਼ਾਨ ਕੇਵਲ ਪਿਤਾ ਤੋਂ ਹੀ ਨਹੀਂ, ਆਚਾਰੀਆ ਅਤੇ ਉਪਾਧਿਆਇ ਤੋਂ ਵੀ ਵਧ ਸੀ। ਸੌ ਉਪਾਧਿਆਇ ਤੋਂ ਵੱਧ ਇਕ ਪਿਤਾ ਅਤੇ ਹਜ਼ਾਰ ਪਿਤਾਵਾਂ ਤੋਂ ਵੱਧ ਇਕ ਮਾਂ ਦੀ ਸ਼ਾਨ ਹੈ। ਯਾਗਵਲਕਯ ਨੇ ਤਾਂ ਮਾਂ ਨੂੰ ਦੇਵਤਿਆਂ ਤੋਂ ਵੀ ਜ਼ਿਆਦਾ ਪੂਜਣਯੋਗ ਕਿਹਾ। ਇਸ ਕਾਲ ਵਿਚ ਮਾਂ ਦੀ ਸਥਿਤੀ ਸਾਖਿਆਤ ਦੇਵੀ ਮਾਂ ਵਰਗੀ ਹੋ ਗਈ ਜਾਪਦੀ ਸੀ।

7.

/ ਮਾਤਾ ਹੀ ਵਿਅਕਤੀ, ਰਾਸ਼ਟਰ ਅਤੇ ਕੌਮ ਦੀ ਨਿਰਮਾਤਾ ਹੈ। ਜਿਸ ਪ੍ਰਕਾਰ ਦਾ ਉਹ ਚਾਹੁੰਦੀ ਹੈ, ਬੱਚੇ ਦਾ ਵਿਅਕਤੀਤਵ ਢਾਲ ਸਕਦੀ ਹੈ। 'ਮਾਤਾ ਤੋਂ ਵਧ ਕੇ ਕੋਈ ਗੁਰੂ ਨਹੀਂ ਹੈ ਅਤੇ ਉਸ ਦੀ ਸੇਵਾ ਵਰਗਾ ਕੋਈ ਤਪ ਨਹੀਂ ਹੈ।'[63] ਭਾਵ ਜੰਗਲ ਵਿਚ ਜਾ ਕੇ ਇਕਾਂਤ ਵਿਚ ਤਪ ਕਰਨ ਨਾਲੋਂ ਮਾਤਾ ਦੀ ਸੇਵਾ ਕਰਨੀ ਕਿਤੇ ਵਧ ਗੁਣਕਾਰੀ ਅਤੇ ਲਾਹੇਵੰਦ ਹੈ।

ਇਸੇ ਤਰ੍ਹਾਂ ਮਾਤਾ ਪ੍ਰਤਿ ਆਦਰ ਪ੍ਰਗਟਾਉਂਦੇ ਹੋਏ ਹਦਾਇਤ ਕੀਤੀ ਗਈ ਹੈ ਕਿ 'ਮਾਤਾ - ਪਿਤਾ ਵਿਚ ਹੋ ਰਹੀ ਬਹਿਸ ਵਿਚ ਪੁੱਤਰ ਨਾ ਬੋਲੇ ਪਰ ਜੇਕਰ ਬੋਲਣਾ ਹੀ ਪਵੇ ਤਾਂ ਮਾਤਾ ਵਲੋਂ ਬੋਲੇ।'[64] ਇਸ ਤਰ੍ਹਾਂ ਪਿਤਾ ਤੋਂ ਵੀ ਵਧ ਮਾਂ ਨੂੰ ਮਹੱਤਤਾ ਦਿੱਤੀ ਗਈ ਹੈ। ਦੂਜੇ ਸ਼ਬਦਾਂ ਵਿਚ ਮਾਂ ਦੀ ਰਖਿਆ ਲਈ ਜਾਂ ਉਸ ਨੂੰ ਮੁਕਤੀ ਦੇਣ ਲਈ ਪਿਤਾ ਦਾ ਵੀ ਵਿਰੋਧ ਕਰਨ ਦੀ ਆਗਿਆ ਹੈ। 'ਨਾਰੀ ਅਤੇ ਬ੍ਰਾਹਮਣ ਦੀ ਰਖਿਆ ਕਰਨ ਲਈ ਧਰਮ ਯੁੱਧ ਵਿਚ ਕਿਸੇ ਨੂੰ ਵੀ ਮਾਰਨਾ ਪਵੇ, ਪਾਪ ਨਹੀਂ ਹੁੰਦਾ।'[65] ਮਾਤਾ ਦੀ ਆਗਿਆ ਦੀ ਹਰ ਕੀਮਤ ਤੇ ਪਾਲਣਾ ਕਰਨੀ ਚਾਹੀਦੀ ਹੈ। ਉਸਦੀ ਆਗਿਆ ਦਾ ਉਲੰਘਣ ਕਰਨ ਵਾਲੀ ਸੰਤਾਨ ਨਿੰਦਾ ਦੀ ਪਾਤਰ ਹੈ। ਇਸਦੇ ਉਲੱਟ ਜੋ 'ਪੁੱਤਰ ਕਦੇ ਮਾਂ ਦੀ ਆਗਿਆ ਨਹੀਂ ਟਾਲਦਾ, ਤਿੰਨ ਲੋਕਾਂ ਦਾ ਜੇਤੂ ਅਤੇ ਤੇਜਸਵੀ ਹੋ ਕੇ ਸਵਰਗ ਦਾ ਅਨੰਦ ਮਾਣਦਾ ਹੈ; ਇਸ ਸੰਸਾਰ ਦੇ ਸੁਖ ਭੋਗਦਾ ਹੈ ਪਰ ਮਾਤਾ ਦਾ ਅਪਮਾਨ ਜਾਂ ਨਿਰਾਦਰ ਕਰਨ ਵਾਲੇ ਦੇ ਸਾਰੇ ਪੁੰਨ ਦੇ ਕੰਮ ਵੀ ਵਿਅਰਥ ਹੀ ਜਾਂਦੇ ਹਨ।'[66]

(ii) ਮਹਾਂ - ਕਾਵਿ ਕਾਲੀਨ ਵਿਚਾਰਧਾਰਾ ਅਤੇ ਇਸਤਰੀ

ਇਸ ਕਾਲ ਦੇ ਮੁੱਖ ਦੋ ਮਹਾਂ ਕਾਵਿ ਹਨ : ਰਾਮਾਇਣ ਅਤੇ ਮਹਾਭਾਰਤ। ਇਨ੍ਹਾਂ ਦੋਹਾਂ ਤੋਂ ਭਾਰਤੀ ਸੰਸਕ੍ਰਿਤੀ ਦਾ ਭਰਪੂਰ ਵਰਣਨ ਮਿਲ ਜਾਂਦਾ ਹੈ। 'ਇਨ੍ਹਾਂ ਗ੍ਰੰਥਾਂ ਦਾ ਜੋ ਪ੍ਰਮਾਣਿਕ ਰੂਪ ਸਾਨੂੰ ਉਪਲਬਧ ਹੈ, ਉਹ ਗੁਪਤ ਕਾਲ ਤੋਂ ਪਹਿਲਾਂ ਦਾ ਨਹੀਂ ਹੈ।'[67] ਘਟਨਾ ਕਾਲ ਅਤੇ ਰਚਨਾਕਾਲ ਵਿਚ ਕੁਝ ਸਮੇਂ ਦਾ ਪਾੜ ਜ਼ਰੂਰ ਹੁੰਦਾ ਹੈ। 'ਇਨ੍ਹਾਂ ਦੀਆਂ ਘਟਨਾਵਾਂ ਲਗਭਗ 1400 ਈਸਵੀ ਪੂਰਵ ਤੋਂ 1000 ਈਸਵੀ ਪੂਰਵ ਦੇ ਵਿਚਕਾਰਲੇ 400 ਸਾਲਾਂ ਦੀਆਂ ਮੰਨੀਆਂ ਜਾਂਦੀਆਂ ਹਨ। ਜਦੋਂ ਕਿ ਇਨ੍ਹਾਂ ਦਾ ਰਚਨਾਕਾਲ 400 ਈ.ਪੂ. ਤੋਂ 400 ਈਸਵੀ ਦੇ ਵਿਚਕਾਰ ਦਾ ਮੰਨਿਆ ਜਾਂਦਾ ਹੈ; ਮਹਾਂਭਾਰਤ ਦਾ ਸਮਾਂ 400 ਈਸਵੀ

ਪੂਰਵ ਤੋਂ 400 ਈਸਵੀ ਦੇ ਵਿਚਕਾਰ ਅਤੇ ਰਮਾਇਣ ਦਾ ਰਚਨਾਕਾਲ 400 ਈਸਵੀ ਪੂਰਵ ਤੋਂ 200 ਈਸਵੀ ਦੇ ਵਿਚਕਾਰ ਦਾ ਹੈ।'[68]

ਇਹ ਦੋਵੇਂ ਗ੍ਰੰਥ ਧਾਰਮਿਕ ਹਨ ਅਤੇ ਧਾਰਮਿਕ ਪੱਖੋਂ ਇਨ੍ਹਾਂ ਦੀ ਮਹੱਤਤਾ ਹਰਇਕ ਭਾਰਤੀ ਲਈ ਬਹੁਤ ਹੈ। ਪਰ ਇਨ੍ਹਾਂ ਵਿਚੋਂ ਉਸ ਕਾਲ ਦਾ ਜੀਵਨ-ਢੰਗ, ਸਮਾਜਿਕ ਢਾਂਚਾ, ਲੈਣ-ਦੇਣ, ਵਪਾਰ ਅਤੇ ਇਸਤਰੀ ਦੀ ਸਥਿਤੀ ਦਾ ਵਾਸਤਵਿਕ ਗਿਆਨ ਵੀ ਮਿਲਦਾ ਹੈ।

ਇਸ ਅਧਿਆਇ ਨੂੰ ਲਿਖਣ ਸਮੇਂ ਇਨ੍ਹਾਂ ਦੋਹਾਂ ਗ੍ਰੰਥਾਂ ਨੂੰ ਮੁੱਖ ਰੂਪ ਵਿਚ ਹਵਾਲੇ ਵਜੋਂ ਵਰਤਿਆ ਗਿਆ ਹੈ ਅਤੇ ਸ਼ਲੋਕਾਂ ਦੇ ਨੰਬਰ ਦੇਣ ਸਮੇਂ ਰਾਮਾਇਣ ਵਿਚੋਂ ਪਹਿਲਾਂ ਕਾਂਡ ਦਾ ਨੰਬਰ ਫਿਰ ਸਰਗ ਦਾ ਨੰਬਰ ਅਤੇ ਅੰਤ ਵਿਚ ਸ਼ਲੋਕ ਦਾ ਨੰਬਰ ਦਿੱਤਾ ਗਿਆ ਹੈ। ਮੂਲ ਸੋਮਾ ਵਾਲਮੀਕੀ ਦੀ ਰਾਮਾਇਣ, ਟੀਕਾਕਾਰ ਪੰਡਤ ਰਾਮਤੇਜ ਸ਼ਾਸਤਰੀ ਦੀ 1951 ਦਾ ਪ੍ਰਕਾਸ਼ਨ ਅਤੇ ਰਾਮਚਰਿਤ ਮਾਨਸ, ਟੀਕਾਕਾਰ ਹਨੂਮਾਨ ਪ੍ਰਸਾਦ ਪੋਦਾਰ, ਸਾਲ 1959 ਵਾਲੀ ਵਰਤੀ ਹੈ।

ਮਹਾਂਭਾਰਤ ਦੇ ਸ਼ਲੋਕਾਂ ਦੇ ਹਵਾਲੇ ਲਈ ਪੰਡਤ ਰਾਮ ਨਰਾਇਣ ਦੱਤ ਸ਼ਾਸਤਰੀ ਅਤੇ ਪੰਡਤ ਰਾਮ ਗੋਰਖਪੁਰ ਤੋਂ ਪ੍ਰਕਾਸ਼ਿਤ ਸੰਸਕਰਣ ਦੀ ਵਰਤੋਂ ਕੀਤੀ ਗਈ ਹੈ। ਇਸਦੇ ਹਵਾਲੇ ਵਿਚ ਨੰਬਰਾਂ ਦੀ ਵਰਤੋਂ ਸਮੇਂ ਪਹਿਲਾਂ ਪਰਵ ਦਾ ਨੰਬਰ ਫਿਰ ਅਧਿਆਇ ਅਤੇ ਅੰਤ ਵਿਚ ਸ਼ਲੋਕ ਦਾ ਨੰਬਰ ਦਿੱਤਾ ਗਿਆ ਹੈ।

(ੳ) ਰਾਮਾਇਣ ਕਾਲੀਨ ਵਿਚਾਰਧਾਰਾ ਅਤੇ ਇਸਤਰੀ

ਰਾਮਾਇਣ ਇਕ ਮਹਾਂਕਾਵਿ ਹੈ ਜੋ ਮਹਾਂਰਿਸ਼ੀ ਬਾਲਮੀਕ ਦੇ ਕਥਨ ਅਨੁਸਾਰ "ਉਸ ਯੁੱਗ ਦੀ ਆਦਰਸ਼ ਮਹਾਰਾਣੀ ਸੀਤਾ ਜੀ ਦੇ ਚਰਿਤਰ ਦਾ ਚਿਤ੍ਰਣ ਹੈ।"[69] ਇਸ ਮਹਾਂਕਾਵਿ ਵਿਚ ਨਾਇਕ ਰਾਮ ਅਤੇ ਨਾਇਕਾ ਸੀਤਾ ਹੈ। ਨਾਇਕ ਰਾਮ ਨੂੰ ~~ਚਿਤਰਣ~~ ਚਿਤਰਦੇ ਸਮੇਂ ਕਈ ਥਾਵਾਂ ਉਤੇ ਕਵੀ ਨੇ ਉਨ੍ਹਾਂ ਅੰਦਰ ਮਨੁੱਖੀ ਕਮਜ਼ੋਰੀਆਂ ਨੂੰ ਪ੍ਰਗਟਾਇਆ ਹੈ ਅਤੇ ਉਨ੍ਹਾਂ ਤੋਂ ਚੂਕ ਹੁੰਦਾ ਹੈ ਜਿਵੇਂ ਸੀਤਾ ਨੂੰ ਰਾਵਣ ਦੀ ਕੈਦ ਵਿਚੋਂ ਛੁਡਾ ਕੇ ਫਿਰ ਗਰਭਵਤੀ ਹੋਣ ਦੀ ਹਾਲਤ ਵਿਚ ਹੀ ਉਸਨੂੰ ਤਿਆਗ ਦੇਣਾ; ਰਿਸ਼ੀਆਂ ਮੁਨੀਆਂ ਦੇ ਕਹਿਣ ਉਤੇ ਵੀ ਦੁਬਾਰਾ ਸੀਤਾ ਦੀ ਅਗਨੀ ਪ੍ਰੀਖਿਆ ਲੈਣਾ। ਇਸ ਦੇ ਉਲਟ ਸੀਤਾ ਜੀ ਦਾ ਚਰਿਤਰ ਹੋਰ ਵੀ ਜ਼ਿਆਦਾ ਉਘੜਿਆ ਹੈ। ਰਾਵਣ ਦੀ ਕੈਦ ਵਿਚ ਵੀ ਉਹ ਆਪਣੇ ਸਤ ਧਰਮ ਉਤੇ ਅਟੱਲ ਰਹੀ; ਜੰਗਲ ਵਿਚ ਰਾਮ ਨਾਲ ਸਭ ਤਰਾਂ ਦੇ ਕਸ਼ਟ ਝੱਲਦੀ ਰਹੀ; ਪਤੀ ਦੁਆਰਾ ਤਿਆਗੀ ਜਾਣ ਤੇ ਵੀ ਸਦਾ ਰਾਮ ਨੂੰ ਧਿਆਉਂਦੀ ਰਹੀ। ਔਕੜਾਂ ਵਿਚ ਲਵ-ਕੁਸ਼ ਨੂੰ ਚੰਗੀ ਤਰ੍ਹਾਂ ਪਾਲਦੀ ਰਹੀ ਅਤੇ ਅੰਤ ਪਤੀ ਲਈ ਹੀ ਆਪਾ

ਤਿਆਗ ਗਈ। ਇਸ ਤੋਂ ਉਸ ਕਾਲ ਵਿਚ ਇਸਤਰੀ ਨੂੰ ਸਮਾਜ ਵਿਚ ਆਦਰਯੋਗ ਸਥਾਨ ਪ੍ਰਾਪਤ ਹੋਣ ਦੇ ਸੰਕੇਤ ਮਿਲਦੇ ਹਨ। ਰਾਮਾਇਣ ਕਾਲ ਵਿਚ ਇਸਤਰੀ ਦੀ ਮਹੱਤਤਾ ਵਧਾਉਣ ਵਾਲੇ ਗੁਣਾਂ ਵਿਚੋਂ ਮੁੱਖ ਗੁਣ ਸਨ:-

1- ਮਾਂ - ਪੁਣਾ : ਮਾਂ ਦੇ ਗੁਣਾਂ ਵਿਚ ਇਸਤਰੀ ਵਿਚ ਜਿਥੇ ਜਨਨੀ ਬਣਨ ਦੀ ਸਮੱਰਥਾ ਸ਼ਾਮਲ ਸੀ, ਉਥੇ ਨਾਲ ਹੀ ਉਸ ਵਿਚ 'ਤਿਆਗ ਅਤੇ ਸਵੈ - ਕੁਰਬਾਨੀ ਦੀ ਹੋਂਦ ਵੀ ਜ਼ਰੂਰੀ ਸੀ। ਇਹ ਗੁਣ ਇਸਤਰੀ ਦੇ ਇਸਤਰੀ ਹੋਣ ਲਈ ਥੰਮ ਰੂਪ ਸਨ।'[70]

2- ਪ੍ਰਫੁਲਤਾ ਦੀ ਦੇਵੀ: ਇਸਤਰੀ ਹਰ ਰੂਪ ਵਿਚ ਆਪਣੇ, ਆਪਣੇ ਪਰਿਵਾਰ ਅਤੇ ਆਪਣੇ ਸੰਬੰਧੀਆਂ ਦਾ ਪਾਲਨ, ਸੇਵਾ ਅਤੇ ਧਿਆਨ ਕਰਦੀ ਸੀ।

3- ਉਤਸ਼ਾਹ ਦਾਤੀ: ਇਸਤਰੀ ਤੋਂ ਆਪਣੇ ਪਤੀ ਅਤੇ ਪੁੱਤਰਾਂ ਨੂੰ ਉਤਸ਼ਾਹਿਤ ਕਰਨ ਦੀ ਆਸ ਕੀਤੀ ਜਾਂਦੀ ਸੀ। ਇਸਤਰੀ ਤੋਂ ਉਤਸ਼ਾਹਿਤ ਹੋ ਕੇ ਮਨੁੱਖ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹੋ ਜਾਂਦਾ ਸੀ। ਜਿਸ ਘਰ ਵਿਚ ਇਸਤਰੀ ਨਹੀਂ ਹੁੰਦੀ ਉਥੇ ਪਰਿਵਾਰ ਨਿਰਉਤਸ਼ਾਹਿਤ ਜੇਹਾ ਜੀਵਨ ਬਤੀਤ ਕਰਦਾ ਹੈ।

ਰਾਮਾਇਣ - ਕਾਲੀਨ ਸੰਸਕ੍ਰਿਤੀ ਆਰੀਆ ਸੰਸਕ੍ਰਿਤੀ ਦਾ ਆਦਰਸ਼ ਮੰਨੀ ਜਾਂਦੀ ਹੈ। ਰਾਮਰਾਜ ਕਾਲੀਨ ਇਸਤਰੀ ਸੰਸਕ੍ਰਿਤੀ ਦਾ ਪਦਾਰਥਕ ਸਰੂਪ ਜਾਣਨ ਲਈ ਰਾਮਾਇਣ ਵਿਚ ਕਾਫੀ ਮਸਾਲਾ ਅਤੇ ਮਿਸਾਲਾਂ ਉਪਲਬਧ ਹਨ। ਜਿਸ ਵਿਚ ਇਸਤਰੀ ਦੀ ਕੰਨਿਆਂ - ਰੂਪ, ਵਿਆਹੁਤਾ - ਰੂਪ ਅਤੇ ਜਨਨੀ - ਰੂਪ ਵਿਚ ਸਥਿਤੀ ਦਾ ਗਿਆਨ ਹੁੰਦਾ ਹੈ।

ਕੰਨਿਆ - ਰੂਪ

ਰਾਮਾਇਣ ਕਾਲ ਵਿਚ ਪੁੱਤਰ ਦੀ ਹੀ ਕਾਮਨਾ ਕੀਤੀ ਜਾਂਦੀ ਸੀ। ਪੁੱਤਰ ਪ੍ਰਾਪਤੀ ਲਈ ਕਈ ਤਰ੍ਹਾਂ ਦੀਆਂ ਮੰਨਤਾਂ ਮੰਨੀਆਂ ਜਾਂਦੀਆਂ ਸਨ; ਕਈ ਤਰ੍ਹਾਂ ਦੇ ਮੰਤਰ ਪੜ੍ਹੇ ਜਾਂਦੇ ਅਤੇ ਪਾਠ - ਪੂਜਾ ਕੀਤੀ ਜਾਂਦੀ ਸੀ। ਜਦੋਂ ਤਕ ਪਰਿਵਾਰ ਵਿਚ ਪੁੱਤਰ ਦਾ ਜਨਮ ਨਹੀਂ ਹੁੰਦਾ ਸੀ, ਪਰਿਵਾਰ ਵਿਚ ਭਾਰੀ ਬੇਚੈਨੀ ਹੋ ਰਹਿੰਦੀ ਸੀ। ਪਰ ਫਿਰ ਵੀ ਕੰਨਿਆਂ ਪ੍ਰਤਿ ਕਿਸੇ ਤਰ੍ਹਾਂ ਦੇ ਬੁਰੇ ਵਤੀਰੇ ਜਾਂ ਘਿਰਣਾ ਦਾ ਪ੍ਰਮਾਣ ਨਹੀਂ ਮਿਲਦਾ।

ਰਾਮਾਇਣ ਵਿਚ ਕੁਝ ਥਾਵਾਂ ਤੇ ਕੰਨਿਆਂ ਦੇ ਜਨਮ ਉਤੇ ਪਿਤਾ ਨੂੰ ਚਿੰਤਾ ਕਰਦੇ ਹੋਏ ਵਖਾਇਆ ਹੈ। ਵਿਸ਼ੇਸ਼ ਕਰਕੇ ਅਭਿਮਾਨੀ ਮਨੁੱਖ ਲਈ ਪੁੱਤਰੀ ਦੇ ਵਿਆਹ ਦੀ ਚਿੰਤਾ ਬਣ ਜਾਂਦੀ ਹੋਵੇਗੀ।

ਕਿਉਂਕਿ ਆਪਣੀ ਲੜਕੀ ਕਿਸੇ ਨੂੰ ਸੌਂਪਣੀ ਪੈਂਦੀ ਸੀ; ਕੰਨਿਆਂ ਦੇ ਪਿਤਾ ਨੂੰ ਉਸਦੇ ਯੋਗ - ਵਰ ਲੱਭਣ ਦੀ ਔਕੜ ਵੀ ਰਹਿੰਦੀ ਹੋਵੇਗੀ। ਲੜਕੀ ਸੰਬੰਧੀ ਆਉਣ ਵਾਲੀਆਂ ਜ਼ਿੰਮੇਵਾਰੀਆਂ ਤੋਂ ਉਹ ~~ਉਹ~~ ਡਰ ਜਾਂਦਾ ਹੋਵੇਗਾ। ਹੋ ਸਕਦਾ ਹੈ ਕਦੇ ਕਦੇ ਮਾਂ-ਪਿਓ ਕੰਨਿਆਂ ਪ੍ਰਤਿ ਭਾਵੀ ਫਰਜ਼ਾਂ ਤੋਂ ਘਬਰਾ ਕੇ ਉਸਨੂੰ ਘਰੋਂ ਬਾਹਰ ਕਿਧਰੇ ਛੱਡ ਆਉਂਦੇ ਹੋਣ। 'ਸੀਤਾ ਰਾਜਾ ਜਨਕ ਨੂੰ ਹਲ ਚਲਾਂਦੇ ਸਮੇਂ ਹੀ ਨਿਰਜਨ ਸਥਾਨ ਤੇ ਮਿਲੀ ਸੀ। ਅਸ਼ੋਕ ਵਾਟਿਕਾ ਵਿਚ ਕੈਦ ਸੀਤਾ ਦੀ ਉਪਮਾ ਵੀ ਨਿਰਜਨ-ਵਨ ਵਿਚ ਛੱਡੀ ਬੱਚੀ ਨਾਲ ਕੀਤੀ ਗਈ ਹੈ।'[71]

ਆਮ ਜੀਵਨ ਵਿਚ ਤਿਓਹਾਰਾਂ, ਉਤਸਵਾਂ, ਮੇਲਿਆਂ, ਸੁਆਗਤ - ਸਮਾਰੋਹਾਂ ਅਤੇ ਧਾਰਮਿਕ ਕਾਰਜਾਂ ਸਮੇਂ ਕੰਨਿਆਂ ਦੀ ਹਾਜ਼ਰੀ ਨੂੰ ਚੰਗਾ ਸ਼ਗਨ ਸਮਝਿਆ ਜਾਂਦਾ ਸੀ। ਰਾਮ ਦੇ ਰਾਜ ਤਿਲਕ ਸਮੇਂ ਉਨ੍ਹਾਂ ਦੇ ਸੁਆਗਤ ਲਈ ਅੱਠ-ਕੰਨਿਆਂ ਆਈਆਂ ਸਨ ਅਤੇ ਰਾਜ ਤਿਲਕ ਵੀ ਪਹਿਲਾਂ ਬ੍ਰਾਹਮਣ ਅਤੇ ਫਿਰ ਕੰਨਿਆਂ ਨੇ ਕੀਤਾ ਸੀ।[72]

✓ ਵੈਦਿਕ ਕਾਲ ਵਿਚ ਕੰਨਿਆਂ ਸਾਰੀ ਉਮਰ ਕੁਆਰੀ ਰਹਿ ਕੇ ਪਿਤਾ ਦੇ ਘਰ ਸੁਖ ਭੋਗ ਸਕਦੀ ਸੀ ਪਰ ਰਾਮਾਇਣ ਕਾਲ ਵਿਚ 'ਵਿਆਹ ਜ਼ਰੂਰੀ ਹੋ ਗਿਆ ਸੀ। ਵਿਆਹ ਆਮ ਤੌਰ ਤੇ ਜਵਾਨੀ ਦੀ ਉਮਰ ਵਿਚ ਹੀ ਹੁੰਦੇ ਸਨ। ਵਰ - ਵਧੂ ਦੀ ਉਮਰ ਲਗਭਗ ਸਮਾਨ ਹੀ ਹੁੰਦੀ ਸੀ। ਸੁਯੰਬਰ ਦਾ ਰਿਵਾਜ ਸੀ ਜਿਸ ਕਾਰਣ ਲੜਕੀ ਨੂੰ ਆਪਣੀ ਮਰਜ਼ੀ ਦਾ ਵਰ ਚੁਣਨ ਦੀ ਆਜ਼ਾਦੀ ਮਿਲ ਜਾਂਦੀ ਸੀ।'[73] ਕਈ ਵਾਰੀ ਮਾਤਾ ਪਿਤਾ ਸੁਯੰਬਰ ਵਿਚ ਅਜੇਹੀ ਸ਼ਰਤ ਰਖ ਦੇਂਦੇ ਸਨ ਕਿ ਲੜਕੀ ਦੀ ਮਰਜ਼ੀ ਚਲਣ ਦਾ ਮੌਕਾ ਹੀ ਨਹੀਂ ਮਿਲਦਾ ਸੀ। ਦਿਸਣ ਵਿਚ ਪ੍ਰਤੀਤ ਹੁੰਦਾ ਸੀ ਕਿ ਲੜਕੀ ਨੂੰ ਵਰ-ਚੋਣ ਦੀ ਅਜ਼ਾਦੀ ਹੈ ਪਰ ਵਾਸਤਵ ਵਿਚ ਮਾਤਾ - ਪਿਤਾ ਦੁਆਰਾ ਰਖੀ ਸ਼ਰਤ ਪੂਰੀ ਕਰਨ ਵਾਲਾ ਵਿਅਕਤੀ ਹੀ ਕੰਨਿਆਂ ਨੂੰ ਵਰ ਸਕਦਾ ਸੀ।'[74] ਭਾਵੇਂ ਮਾਤਾ ਪਿਤਾ ਦੁਆਰਾ ਜੋ ਵੀ ਸ਼ਰਤ ਰਖੀ ਜਾਂਦੀ ਸੀ ਉਹ ਬੜੀ ਸੋਚ ਸਮਝ ਕੇ ਅਤੇ ਕੰਨਿਆਂ ਦੀ ਭਲਾਈ ਲਈ ਹੀ ਰਖੀ ਜਾਂਦੀ ਸੀ ਤਾਂ ਜੋ ਅਯੋਗ ਵਿਅਕਤੀ ਦੇ ਨਾਲ ਲੜਕੀ ਦਾ ਵਿਆਹ ਨਾ ਹੋ ਜਾਵੇ।

ਅੱਜ ਦੀ ਤਰ੍ਹਾਂ ਦਾਜ ਦੇਣ ਦੀ ਮਜਬੂਰੀ ਨਹੀਂ ਸੀ ਅਤੇ ਨਾ ਹੀ ਵਰ - ਪੱਖ ਵਾਲੇ ਮੂੰਹੋਂ ਕੁਝ ਮੰਗਦੇ ਸਨ। ਪਿਤਾ ਆਪਣੀ ਖੁਸ਼ੀ ਅਤੇ ਇੱਛਾ ਨਾਲ ਜੋ ਚਾਹੁੰਦਾ ਸੀ ਪੁਤਰੀ ਨੂੰ ਦੇ ਦੇਂਦਾ ਸੀ। ਜਿਸ ਉਤੇ ਕੰਨਿਆਂ ਦਾ ਪੂਰਾ ਅਧਿਕਾਰ ਹੁੰਦਾ ਸੀ। ਉਸ ਧਨ ਜਾਂ ਜਾਇਦਾਦ ਤੋਂ ਪ੍ਰਾਪਤ ਆਮਦਨੀ ਨੂੰ ਵੀ ਉਹ ਮਰਜ਼ੀ ਨਾਲ ਖਰਚ ਸਕਦੀ ਸੀ। ਸੀਤਾ ਨੂੰ ਉਸਦੇ ਪਿਤਾ ਨੇ ਬਹੁਤ ਕੁਝ ਦਾਜ ਵਿਚ ਦਿੱਤਾ ਸੀ।[75] ਸਹੁਰੇ ਘਰ ਵਿਚ ਆਮ ਤੌਰ ਤੇ ਲੜਕੀਆਂ ਸੁਖੀ ਹੀ ਰਹਿੰਦੀਆਂ ਸਨ। ਤਲਾਕ ਦਾ ਜ਼ਿਕਰ ਨਹੀਂ ਮਿਲਦਾ ਹੈ।

ਅੰਤਰਜਾਤੀ ਵਿਆਹ ਦੀਆਂ ਉਦਾਹਰਨਾਂ ਵੀ ਮਿਲਦੀਆਂ ਹਨ। ਅਜੇਹੇ ਵਿਆਹਾਂ ਵਿਚ ਪ੍ਰਤਿਲੋਮ ਵਿਆਹ(ਉੱਚ - ਜਾਤੀ ਦੀ ਇਸਤਰੀ ਦਾ ਨੀਵੀਂ ਜਾਤੀ ਦੇ ਆਦਮੀ ਨਾਲ) ਅਤੇ ਅਨੁਲੋਮ ਵਿਆਹ (ਨੀਵੀਂ ਜਾਤੀ ਦੀ ਇਸਤਰੀ ਦਾ ਉੱਚ ਜਾਤੀ ਦੇ ਪੁਰਸ਼ ਨਾਲ) ਵੀ ਹੁੰਦੇ ਸਨ।[76] ਜ਼ਿਆਦਾ ਗਿਣਤੀ ਅਨੁਲੋਮ ਵਿਆਹਾਂ ਦੀ ਹੁੰਦੀ ਸੀ। ਪ੍ਰਤਿਲੋਮ ਵਿਆਹ ਨੂੰ ਬੁਰਾ ਮੰਨਿਆ ਜਾਂਦਾ ਸੀ।

ਕੰਨਿਆਂ ਦੀ ਸਿਖਿਆ ਦਾ ਵੀ ਯੋਗ ਪ੍ਰਬੰਧ ਸੀ। ਉਸਨੂੰ ਵਿਵਹਾਰਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਸੀ। ਰਾਜਾ ਕੁਸ਼ਨਾਭ ਪੁਤਰੀਆਂ ਨੂੰ ਖਿਮਾਂ ਦਾ ਆਦਰਸ਼ ਉਪਦੇਸ਼ ਦੇਂਦੇ ਸਨ। ਰਾਜ ਕੁਮਾਰੀਆਂ ਨੂੰ ਰਾਜ ਧਰਮ ਦੀ ਸਿਖਿਆ ਦਿੱਤੀ ਜਾਂਦੀ ਸੀ। ਪਤੀ ਕੁਲ ਪ੍ਰਤਿ ਫਰਜ਼ ਸਿਖਾਏ ਜਾਂਦੇ ਸਨ।[77]

ਇਸ ਤੋਂ ਬਿਨਾਂ ਉਨ੍ਹਾਂ ਨੂੰ ਸੰਗੀਤ ,ਨਾਚ ਅਤੇ ਹੋਰ ਕੋਮਲ ਕਲਾਵਾਂ ਦੀ ਸਿਖਿਆ ਦਿੱਤੀ ਜਾਂਦੀ ਸੀ। ਰਾਵਣ ਦੇ ਮਹਿਲਾਂ ਦੀਆਂ ਇਸਤਰੀਆਂ ਕਈ ਪ੍ਰਕਾਰ ਦੇ ਸੰਗੀਤ ਯੰਤਰਾਂ ਦੀ ਵਰਤੋਂ ਕੁਸ਼ਲਤਾ ਨਾਲ ਕਰਦੀਆਂ ਸਨ। ਇਸਤਰੀਆਂ ਦੇ ਯੁੱਧ ਕਲਾ ਸਿਖਣ ਤੇ ਕੋਈ ਪਾਬੰਦੀ ਨਹੀਂ ਸੀ। ਕੈਕਈ ਨੇ ਰਣ - ਖੇਤਰ ਵਿਚ ਦਸ਼ਰਥ ਦੀ ਜਾਨ ਬਚਾ ਕੇ ਹੀ ਦੋ ਵਰ ਪ੍ਰਾਪਤ ਕੀਤੇ ਸਨ। ਸੀਤਾ ਥਾਂ ਪਰ ਥਾਂ ਗਿਆਨ ਦੀਆਂ ਕਈ ਸ਼ਾਖਾਵਾਂ ਦੀ ਨਿਪੁੰਨਤਾ ਦਲੀਲਾਂ ਦੁਆਰਾ ਪੇਸ਼ ਕਰਦੀ ਹੈ।[78] ਉਹ ਪਤੀ ਪ੍ਰਤਿ ਆਪਣੇ ਫਰਜ਼ਾਂ ਵਲੋਂ ਸੁਚੇਤ ਹੈ। ਮਾਤਾ ਕੁਸ਼ੱਲਿਆ ਦੇ ਰੋਕਣ ਉਤੇ ਉਹ ਉਸਨੂੰ ਵਿਸ਼ਵਾਸ਼ ਦੁਆਉਂਦੀ ਹੈ ਕਿ ਉਹ ਆਪਣੇ ਫਰਜ਼ ਪੂਰੇ ਕਰਨ ਹਿਤ ਹੀ ਰਾਮ ਦੇ ਨਾਲ ਜਾ ਰਹੀ ਹੈ ਕਿਉਂਕਿ ਪਤਨੀ ਨੂੰ ਸਦਾ ਪਤੀ ਦੇ ਨਾਲ ਹੀ ਰਹਿਣਾ ਚਾਹੀਦਾ ਹੈ। ਇਹ ਉਸਦਾ (ਸੀਤਾ ਦਾ) ਇਕ ਪਾਸੇ ਤਾ ਫਰਜ਼ ਹੈ ਪਰ ਜੇਕਰ ਉਸਨੂੰ ਜ਼ਬਰਦਸਤੀ ਜਾਣ ਤੋਂ ਰੋਕਿਆ ਜਾਂਦਾ ਹੈ ਤਾਂ ਉਹ ਇਸਨੂੰ ਆਪਣਾ ਅਧਿਕਾਰ ਸਮਝ ਕੇ ਵੀ ਨਾਲ ਜਾਣ ਨੂੰ ਤਿਆਰ ਹੈ। ਇਸੇ ਤਰਾਂ ਰਾਮ ਦੁਆਰਾ ਲੰਕਾ ਜਿਤਣ ਪਿਛੋਂ ਤਿਆਗੇ ਜਾਣ ਦੇ ਉੱਤਰ ਵਿਚ ਦਲੀਲ ਦੇਂਦੀ ਹੈ ਕਿ ਜਦੋਂ ਹਨੂਮਾਨ ਨੇ ਅਸ਼ੋਕ ਵਾਟਿਕਾ ਵਿਚ ਕੈਦ ਹੋਣ ਦੀ ਇਤਲਾਹ ਦੇ ਦਿੱਤੀ ਸੀ ਤਾਂ ਉਦੋਂ ਹੀ ਕਿਉਂ ਨਾ ਤਿਆਗ ਦਿੱਤਾ ਗਿਆ। ਜੰਗ ਕਰਕੇ ਕੈਦ ਮੁਕਤ ਕਰਵਾਉਣ ਦੀ ਕੀ ਲੋੜ ਸੀ।

ਇਸਤਰੀਆਂ ਨੂੰ ਧਾਰਮਿਕ ਕੰਮਾਂ ਅਤੇ ਵੈਦਿਕ ਕਰਮ ਕਾਂਡਾਂ ਦੀ ਸਿਖਿਆ ਵੀ ਦਿੱਤੀ ਜਾਂਦੀ ਸੀ। ਰਾਮ ਦੇ ਵਣ ਜਾਣ ਸਮੇਂ ਕੁਸ਼ੱਲਿਆ ਅਗਨੀ ਵਿਚ ਮੰਤਰਾਂ ਸਹਿਤ ਆਹੂਤੀ ਦੇ ਰਹੀ ਸੀ। ਬਾਲੀ ਦੀ ਪਤਨੀ ਤਾਰਾ ਪਤੀ ਦੀ ਵਿਜੈ - ਕਾਮਨਾ ਲਈ ਪੂਜਾ ਕਰਦੀ ਹੈ।[79]

ਲੜਕੀਆਂ ਦੀ ਸਿਖਿਆ ਦਾ ਪ੍ਰਬੰਧ ਆਮ ਤੌਰ ਤੇ ਘਰ ਵਿਚ ਹੀ ਹੁੰਦਾ ਸੀ। ਪਰ ਕਿਤੇ ਕਿਤੇ ਆਸ਼੍ਰਮਾਂ ਵਿਚ ਵੀ ਜਾ ਕੇ ਅਜੇਹੀ ਸਿਖਿਆ ਪ੍ਰਾਪਤ ਕੀਤੀ ਜਾਂਦੀ ਸੀ। ਮਾਤਾ - ਪਿਤਾ, ਰਿਸ਼ੀ- ਮੁਨੀ, ਬ੍ਰਾਹਮਣ ਅਤੇ ਵਿਦਵਾਨ ਸਿਖਿਅਕ ਹੁੰਦੇ ਸਨ। ਰਿਸ਼ੀ ਬਾਲਮੀਕ ਦੇ ਆਸ਼੍ਰਮ ਵਿਚ ਰਿਸ਼ੀਆਂ ਦੀਆਂ ਪਤਨੀਆਂ, ਤਪਸਵਨੀਆਂ ਅਤੇ ਸੰਨਿਆਸਨੀਆਂ ਰਹਿੰਦੀਆਂ ਸਨ।

ਗੁਣਵਾਨ ਕੰਨਿਆ ਦਾ ਵਿਆਹੁਤਾ ਜੀਵਨ ਸੁਖਦਾਈ ਹੁੰਦਾ ਸੀ ਅਤੇ ਉਹ ਮਾਪਿਆਂ ਦਾ ਜਸ, ਕੀਰਤੀ ਕਰਵਾਂਦੀ ਸੀ।

ਵਿਆਹੁਤਾ ਰੂਪ

ਵਿਆਹੁਤਾ ਇਸਤਰੀ ਲਈ ਪਤੀ ਹੀ ਉਸਦਾ ਸਰਬੰਸ ਸੀ। ਉਹ ਇਸਤਰੀ ਨੂੰ ਮਾਰੇ ਜਾਂ ਰਖੇ, ਸੁਖ ਦੇਵੇ ਜਾਂ ਦੁਖ, ਉਸ ਵਿਰੁੱਧ ਕੋਈ ਅਪੀਲ ਨਹੀਂ ਸੀ। ਉਹ ਇਸਤਰੀ ਲਈ ਪਤੀ ਗੁਰੂ, ਦੇਵਤਾ ਅਤੇ ਪ੍ਰਭੂ ਸੀ। ਲੋਕ ਅਤੇ ਪਰਲੋਕ ਵਿਚ ਉਹ ਹੀ ਇਸਤਰੀ ਦਾ ਇਕੋ ਇਕ ਆਸਰਾ ਸੀ। ਇਸ ਲਈ ਜਾਨ ਦੀ ਬਾਜ਼ੀ ਲਾ ਕੇ ਵੀ ਉਸਨੂੰ ਖੁਸ਼ ਕਰਨਾ ਹੁੰਦਾ ਸੀ।[80]

ਜਿਸ ਤਰ੍ਹਾਂ ਬਿਨਾਂ ਤਾਰ ਦੇ ਵੀਣਾ ਨਹੀਂ ਵਜਦੀ, ਵਿਅਰਥ ਪਈ ਰਹਿੰਦੀ ਹੈ; ਬਿਨਾਂ ਪਹੀਏ ਦੇ ਰਥ ਨਿਕਾਰਾ ਹੈ, ਉਸੇ ਤਰ੍ਹਾਂ ਬਿਨਾਂ ਪਤੀ ਦੇ ਪਤਨੀ ਦਾ ਜੀਵਨ ਵਿਅਰਥ ਅਤੇ ਦੁਖੀ ਹੈ। ਪਤੀ ਨਾਲ ਹੀ ਉਸ ਦੀ ਮਾਣ ਮਰਯਾਦਾ, ਇੱਜ਼ਤ, ਸ਼ਾਨ ਅਤੇ ਖ਼ੁਸ਼ੀ ਹੈ, ਪਤੀ ਹੀ ਉਸਦਾ ਸਰਬੋਤਮ ਗਹਿਣਾ ਹੈ। ਪਤੀ ਸੇਵਾ ਦੁਆਰਾ ਹੀ ਉਹ ਸਵਰਗ ਪ੍ਰਾਪਤ ਕਰ ਸਕਦੀ ਹੈ। ਪਤੀ - ਸੇਵਾ ਸਮਾਨ ਹੋਰ ਕੋਈ ਤਪ ਨਹੀਂ ਹੈ।[81]

ਪਾਰਬਤੀ ਦੀ ਮਾਂ ਉਸਨੂੰ ਉਪਦੇਸ਼ ਦੇਂਦੀ ਹੈ ਕਿ ਉਹ ਸਦਾ ਪਤੀ ਸ਼ਿਵਜੀ ਦੀ ਪੂਜਾ ਕਰੇ।

" ਕਰੇਹੁ ਸਦਾ ਸੰਕਰ ਪਦ ਪੂਜਾ ॥
ਨਾਰਿ ਧਰਮ ਪਤਿ ਦੇਉ ਨ ਦੂਜਾ ॥[82]

ਅਤੇ ਫਿਰ ਆਪ ਹੀ ਇਸਤਰੀ ਦੀ ਪਤੀ ਅਧੀਨਗੀ ਉਤੇ ਦੁਖ ਵੀ ਪ੍ਰਗਟ ਕਰਦੀ ਹੈ:-

" ਕਤ ਬਿਧਿ ਸ੍ਰਿਜੀ ਨਾਰਿ ਜਗ ਮਾਹੀਂ ॥
ਪਰਾਧੀਨ ਸਪਨੇਹੁੰ ਸੁਖੁ ਨਾਹੀਂ ॥ "[83]

ਆਦਰਸ਼ ਪਤਨੀ ਬਣਨ ਲਈ ਅਤੇ ਪਤੀ ਤੋਂ ਪਿਆਰ ਪ੍ਰਾਪਤ ਕਰਨ ਲਈ ਇਸਤਰੀ ਵਿਚ ਬਹੁਤ ਸਾਰੇ ਗੁਣ ਹੋਣੇ ਜ਼ਰੂਰੀ ਸਨ। ਉਸਨੂੰ ਪਤੀਵਿਰਤਾ, ਉਚ ਆਚਰਣ ਵਾਲੀ, ਨਿਮਰ ਅਤੇ ਆਗਿਆਕਾਰ ਹੋਣ ਤੇ ਹੀ ਪ੍ਰਸ਼ੰਸਾ ਪ੍ਰਾਪਤ ਹੁੰਦੀ ਸੀ। ਉਸ ਵਿਚ ਦਾਸੀ, ਸਹੇਲੀ, ਪਤਨੀ, ਭੈਣ ਅਤੇ ਮਾਤਾ ਵਾਲੇ ਸਾਰੇ ਗੁਣ ਹੋਣੇ ਚਾਹੀਦੇ ਸਨ।

" ਕੌਸ਼ਲਿਆਦਿ ਨਾਰਿ ਪ੍ਰਿਅ ਸਭ ਆਚਰਨ ਪੁਨੀਤ ॥
ਅਤਿ ਅਨੁਕੂਲ ਪ੍ਰੇਮ ਦ੍ਰਿੜ੍ਹ ਹਰਿ ਪਦ ਕਮਲ ਬਿਨੀਤ ॥[84] "

ਭਾਵ ਕੁਸ਼ਲਿਆ ਵਿਚ ਚੰਗੀ ਪਤਨੀ ਵਾਲੇ ਸਾਰੇ ਗੁਣ ਵਿਦਮਾਨ ਹਨ। ਸਮ੍ਰਿਤੀ ਦੇ ਮਤ ਅਨੁਸਾਰ ਪਤਨੀ ਨੂੰ ਪਤੀ ਦੀ ਆਤਮਾ ਮੰਨਿਆ ਗਿਆ ਹੈ। ਇਸਤਰੀ ਦੇ ਅਧਿਕਾਰ ਖੋਹਣ ਵਾਲਾ ਦੁਸ਼ਟ-ਆਤਮਾ ਅਤੇ ਘੋਰ ਪਾਪੀ ਹੈ। ਇਸਤਰੀ-ਵਧ ਨੂੰ ਬਾਲਕ ਜਾਂ ਬੁੱਢੇ ਦੇ ਵਧ ਦੇ ਸਮਾਨ ਘਿਰਣਤ ਮੰਨਿਆ ਗਿਆ ਹੈ।[85]

ਇਸਤਰੀਆਂ ਨੂੰ ਪੁਰਸ਼ਾਂ ਦੇ ਨਾਲ ਹੀ ਜਨ-ਸਭਾਵਾਂ, ਉਤਸਵਾਂ ਅਤੇ ਸਮਾਰੋਹਾਂ ਵਿਚ ਜਾਣ ਦੀ ਆਜ਼ਾਦੀ ਸੀ। ਪਤੀ ਦੇ ਘਰੇਲੂ, ਸਮਾਜਿਕ ਅਤੇ ਰਾਜਸੀ ਕੰਮਾਂ ਵਿਚ ਵੀ ਇਸਤਰੀ ਦਾ ਪੂਰਾ ਸਹਿਯੋਗ ਰਹਿੰਦਾ ਸੀ। ਸੀਤਾ, ਤਾਰਾ ਅਤੇ ਕੈਕਈ ਨੇ ਉਸ ਕਾਲ ਦੀਆਂ ਰਾਜਨੀਤਿਕ ਘਟਨਾਵਾਂ ਉਤੇ ਪ੍ਰਭਾਵ ਪਾਇਆ। ਇਸਤਰੀਆਂ ਆਪਣੇ ਵਤੀਰੇ ਨਾਲ ਪਤੀ ਨੂੰ ਮੋਹ ਕੇ ਉਸਦੇ ਮਨ ਉੱਤੇ ਪੂਰਾ ਰਾਜ ਕਰਦੀਆਂ ਸਨ। ਕੈਕਈ ਨੇ ਦਸਰਥ ਦੀ ਇੱਛਾ ਦੇ ਉਲਟ ਉਸ ਪਾਸੋਂ ਰਾਮ ਨੂੰ ਬਨਵਾਸ ਦੁਆਇਆ। ਸੀਤਾ ਨੇ ਸੋਨੇ ਦਾ ਹਿਰਣ ਲੈਣ ਦੀ ਜ਼ਿਦ ਕੀਤੀ ਜਿਸ ਦਾ ਨਤੀਜਾ ਭਿਆਨਕ ਨਿਕਲਿਆ।

ਹੌਲੀ ਹੌਲੀ ਪਰਦੇ ਦਾ ਰਿਵਾਜ ਵਧ ਗਿਆ ਸੀ। ਪਰਦਾ ਨਾ ਕਰਨਾ ਇਸਤਰੀ ਆਚਰਨ ਉਤੇ ਸ਼ੱਕ ਕਰਨ ਦਾ ਕਾਰਨ ਹੁੰਦਾ ਜਾ ਰਿਹਾ ਸੀ। ਰਾਵਣ ਦੀ ਕੈਦ ਚੋਂ ਮੁਕਤ ਕਰਵਾ ਕੇ ਲਿਆਉਣ ਪਿਛੋਂ ਰਾਮ ਚੰਦਰ ਜੀ ਨੇ ਸੀਤਾ ਦੇ ਸਤ ਦੀ ਪ੍ਰੀਖਿਆ ਲੈਣ ਲਈ ਉਸਨੂੰ ਬੇਪਰਦਾ ਕਰਕੇ ਵਖਾਵੇ ਦੇ ਪਰਦੇ ਦੀ ਵਿਰੋਧੀ ਭਾਵਨਾ ਰੂਪ ਵਿਚ ਵਰਤਿਆ ਹੈ ਕਿ " ਇਸਤਰੀ ਦਾ ਸੱਚਾ ਪਰਦਾ ਤਾਂ ਉਸਦਾ ਸਚਰਿਤਰ ਮੰਨਿਆ ਜਾਂਦਾ ਸੀ।"[86] ਇਸਤਰੀ ਨੂੰ ਸਵੈ-ਰਖਿਆ ਦੇ ਅਸਮਰਥ ਮੰਨਿਆ ਜਾਂਦਾ ਸੀ। ਉਸਨੂੰ ਸਦਾ ਪਿਤਾ, ਪਤੀ ਜਾਂ ਪੁੱਤਰ ਦੀ ਰੱਖਿਆ ਵਿਚ ਰਹਿਣ ਦੀ ਹਦਾਇਤ ਸੀ। ਇਸ ਪੱਖੋਂ ਇਸਤਰੀ ਨੂੰ ਪਤੀ ਦੀ ਜਾਇਦਾਦ ਮੰਨਿਆ ਜਾਂਦਾ ਸੀ ਜਿਸਦੀ ਸੁਤੰਤਰ ਸੱਤਾ ਕੋਈ ਨਹੀਂ ਸੀ।[87] ਰਾਮ ਚੰਦਰ ਜੀ ਸੀਤਾ ਨੂੰ ਦਾਨ ਵਿਚ ਦੇਣ ਦੀ ਗੱਲ ਕਹਿੰਦੇ ਹਨ ਅਤੇ ਦਸਰਥ ਕੈਕਈ ਨੂੰ ਮਨਾਉਂਦੇ ਹੋਏ

ਦੂਜੀਆਂ ਰਾਣੀਆਂ ਨੂੰ ਤਿਆਗ ਦੇਣ ਦਾ ਵਾਇਦਾ ਕਰਦੇ ਹਨ। ਦੂਜੇ ਸ਼ੂਦਰਾਂ ਵਿਚ ਇਸਤਰੀ ਨੂੰ ਤੋਹਫੇ ਵਜੋਂ ਦੇਣ ਦਾ ਰਿਵਾਜ ਸੀ।

ਇਕ ਪਤਨੀ ਵਿਆਹ ਦੀ ਪ੍ਰਥਾ ਹੀ ਪ੍ਰਚਲਿਤ ਸੀ। ਰਾਮ ਨੇ ਜੀਵਨ ਭਰ ਦੂਜਾ ਵਿਆਹ ਨਾ ਕਰਵਾਇਆ। ਧਾਰਮਿਕ ਰਸਮਾਂ ਦੀ ਪੂਰਤੀ ਲਈ ਪਤੀ-ਪਤਨੀ ਦੋਹਾਂ ਦੀ ਹਾਜ਼ਰੀ ਜ਼ਰੂਰੀ ਹੁੰਦੀ ਸੀ। ਰਾਮ ਨੇ ਧਾਰਮਿਕ ਕਾਰਜਾਂ ਦੀ ਪੂਰਤੀ ਲਈ ਦੁਬਾਰਾ ਵਿਆਹ ਕਰਾਉਣ ਦੀ ਥਾਂ ਪਤਨੀ ਸੀਤਾ ਦੀ ਸੋਨੇ ਦੀ ਮੂਰਤੀ ਨੂੰ ਹੀ ਯੱਗ ਵਿਚ ਰਖਵਾਇਆ ਸੀ। ਪਰ ਵੱਡੇ ਅਮੀਰ ਅਤੇ ਰਾਜੇ ਮਹਾਰਾਜੇ ਬਹੁਤੇ ਵਿਆਹ ਵੀ ਕਰਵਾ ਲੈਂਦੇ ਸਨ। ਰਾਜਾ ਦਸਰਥ ਦੀਆਂ ਚਾਰ ਰਾਣੀਆਂ ਸਨ। ਬਹੁਤੀਆਂ ਪਤਨੀਆਂ ਵਿਚੋਂ ਜਿਹੜੀ ਵੀ ਪਤੀ ਨੂੰ ਮੋਹ ਲੈਂਦੀ ਸੀ, ਉਹ ਹੀ ਬਾਕੀ ਸੌਕਣਾਂ ਉਤੇ ਰਾਜ ਕਰਦੀ ਸੀ। ਸੌਕਣਾਂ ਦਾ ਇਕ ਦੂਸਰੇ ਪ੍ਰਤਿ ਵਤੀਰਾ ਤਾਂ ਭੈੜਾ ਹੁੰਦਾ ਹੀ ਸੀ।[88] ਕਈ ਵਾਰੀ ਪਤੀ ਦੀ ਸਥਿਤੀ ਵੀ ਬੜੀ ਨਾਜ਼ੁਕ ਹੋ ਜਾਂਦੀ ਸੀ। ਕੈਕਈ ਰਾਮ ਨੂੰ ਰਾਜ ਦੇਣ ਤੇ ਦੁਖੀ ਹੈ ਕਿਉਂਕਿ ਉਹ ਉਸਦੀ ਸੌਕਣ ਦਾ ਪੁੱਤਰ ਹੈ। ਸੌਕਣ ਦੀ ਸੰਤਾਨ ਨੂੰ ਮਰਵਾ ਦੇਣ ਦੇ ਯਤਨ ਵੀ ਕੀਤੇ ਜਾਂਦੇ ਸਨ।

ਵਿਧਵਾ ਇਸਤਰੀ ਨੂੰ ਮਨਹੂਸ ਨਹੀਂ ਸਮਝਿਆ ਜਾਂਦਾ ਸੀ। ਉਨ੍ਹਾਂ ਦਾ ਨਿਜੀ ਜੀਵਨ ਔਕੜਾਂ ਭਰਿਆ ਹੁੰਦਾ ਸੀ। ਪਰ ਉਨ੍ਹਾਂ ਨੂੰ ਹਰਇਕ ਚੰਗੇ ਮੰਦੇ ਕੰਮ ਵਿਚ ਹਿੱਸਾ ਲੈਣ ਦਾ ਅਧਿਕਾਰ ਸੀ। ਰਾਮ ਦੇ ਵਣ ਤੋਂ ਵਾਪਸ ਪਰਤਣ ਤੇ ਉਸਦੀਆਂ ਵਿਧਵਾ ਮਾਵਾਂ ਸਾਰੇ ਸ਼ੁਗਨਾਂ ਦੇ ਕੰਮ ਕਰਦੀਆਂ ਹਨ। ਵਿਧਵਾ ਵਿਆਹ ਦੀਆਂ ਉਦਾਹਰਨਾਂ ਬਹੁਤ ਘੱਟ ਹਨ। ਕਿਤੇ ਕਿਤੇ ਭਰਾ ਦੀ ਵਿਧਵਾ ਨਾਲ ਵਿਆਹ ਹੁੰਦੇ ਹੋਣਗੇ ਕਿਉਂਕਿ ਨਿਰਜਨ ਵਣ ਵਿਚ ਸੀਤਾ ਲਛਮਣ ਨੂੰ ਭਰਾ ਰਾਮ ਦੀ ਮੱਦਦ ਲਈ ਨਾ ਜਾਣ ਤੇ ਉਸਨੂੰ ਬਹੁਤ ਬੁਰਾ ਭਲਾ ਕਹਿੰਦੀ ਹੋਈ ਉਸਦੀ ਨਿਯਤ ਤੇ ਸ਼ੱਕ ਕਰਦੀ ਹੈ।[89]

ਜੇਕਰ ਕੋਈ ਵਿਅਕਤੀ ਭੈਣ ਜਾਂ ਛੋਟੀ ਭਰਜਾਈ ਨਾਲ ਵਿਭਚਾਰ ਕਰਦਾ ਸੀ ਜਾਂ ਉਸਨੂੰ ਜ਼ੋਰ ਨਾਲ ਖੋਹ ਲੈਂਦਾ ਸੀ ਤਾਂ ਅਜੇਹੇ ਵਿਅਕਤੀ ਨੂੰ ਮਾਰ ਦੇਣ ਦਾ ਨਿਯਮ ਸੀ।[90] ਵਿਧਵਾ ਦੀ ਮਰਜ਼ੀ ਨਾਲ ਉਸ ਨਾਲ ਵਿਆਹ ਕੀਤਾ ਜਾ ਸਕਦਾ ਸੀ। ਦੂਜੇ ਪਾਸੇ ਵਿਧਵਾ ਹੋਣ ਦਾ ਮੁੱਖ ਕਾਰਨ ਇਸਤਰੀ ਦੇ ਨਿਜੀ ਦੋਸ਼ ਜਾਂ ਬੁਰੇ ਕਰਮ ਮੰਨੇ ਜਾਂਦੇ ਸਨ।[91] ਤਾਂ ਫਿਰ ਉਸਨੂੰ ਚੰਗਾ ਕਿਵੇਂ ਸਮਝਿਆ ਜਾ ਸਕਦਾ ਸੀ। ਭਾਵੇਂ ਵਿਧਵਾ ਵਿਆਹ ਦਾ ਰਿਵਾਜ ਵਧ ਰਿਹਾ ਸੀ ਤਾਂ ਦੂਜੇ ਪਾਸੇ ਸਤੀ ਦਾ ਵੀ ਉਲੇਖ ਮਿਲਦਾ ਹੈ। ਦਸਰਥ ਦੀ ਮੌਤ ਹੋਣ ਤੇ ਉਸਦੀਆਂ ਰਾਣੀਆਂ ਸਤੀ ਹੋਣ ਲਈ ਤਿਆਰ ਹੁੰਦੀਆਂ ਹਨ ਪਰ ਭਰਤ ਉਨ੍ਹਾਂ ਨੂੰ ਅਜੇਹਾ ਕਰਨ ਤੋਂ ਰੋਕਦਾ ਹੈ। ਇਸ ਤੋਂ ਪਹਿਲਾਂ ਦੇ ਵਰਣਨ ਵਿਚ ਰਾਜਾ ਦਸ਼ਰਥ ਦੀ ਬੇਚੈਨੀ ਦੀ ਤੁਲਨਾ ਸਤੀ ਹੋਣ ਲਈ ਤਿਆਰ ਇਸਤਰੀ ਨਾਲ ਕੀਤੀ ਗਈ ਹੈ ਜਿਸਦੇ ਤਨ ਉਤੇ ਗਹਣੇ ਸੁਸ਼ੋਭਿਤ ਹਨ ਪਰ ਉਸਨੂੰ ਉਹ ਚੰਗੇ ਨਹੀਂ ਲਗਦੇ।[92]

ਇਸਤਰੀ ਲਈ ਪਤੀ ਹੀ ਸਭ ਕੁਝ ਸੀ। ਪਤੀ ਵਲੋਂ ਪਤਨੀ ਕਿਸੇ ਵੀ ਸੂਰਤ ਵਿਚ ਬੇਮੁੱਖ ਨਹੀਂ ਹੋ ਸਕਦੀ ਸੀ। ਉਹ ਪਤੀ ਦੁਆਰਾ ਤਿਆਗੀ ਜਾ ਸਕਦੀ ਸੀ। ਪਰ ਪਤੀ ਨੂੰ ਉਹ ਨਹੀਂ ਤਿਆਗ ਸਕਦੀ ਸੀ। ਕੈਕਈ ਦੁਆਰਾ ਦਸਰਥ ਨੂੰ ਤਿਆਗ ਦੇਣ ਤੇ ਭਰਤ ਉਸਨੂੰ ਬੁਰਾ ਭਲਾ ਕਹਿੰਦਾ ਹੈ।[93] ਪਤੀ ਦੀ ਖ੍ਰਿੱਤਾ ਅਤੇ ਲੋਕ ਪੁੱਤਰ ਦੀਆਂ ਖੁਸ਼ੀਆਂ ਅਤੇ ਲੋੜਾਂ ਤੋਂ ਪਹਿਲਾਂ ਮੰਨੀਆਂ ਜਾਂਦੀਆਂ ਸਨ। ਪਤੀ ਦੇ ਮਾਤਾ-ਪਿਤਾ ਦੀ ਸੇਵਾ ਕਰਨੀ ਪਤਨੀ ਦਾ ਮੁੱਖ ਕਰੱਤਵ ਸੀ। ਰਾਮ ਚੰਦਰ ਜੀ ਸੀਤਾ ਨੂੰ ਵਣ ਵਿਚ ਜਾਣ ਤੋਂ ਰੋਕਦੇ ਹੋਏ ਪਿਛੇ ਸੱਸ-ਸਹੁਰੇ ਦੀ ਸੇਵਾ ਕਰਨ ਦਾ ਉਪਦੇਸ਼ ਦੇਂਦੇ ਹਨ।[94] ਪਰ ਇਸਤਰੀ ਲਈ ਪਤੀ-ਵਿਯੋਗ ਸਮਾਨ ਕੋਈ ਦੁਖ ਨਹੀਂ[95] ਸੋ ਉਹ ਹਰ ਹਾਲਤ ਵਿਚ ਪਤੀ ਦੇ ਨਾਲ ਹੀ ਰਹਿਣਾ ਚਾਹੁੰਦੀਆਂ ਸਨ।

ਪਤਨੀ ਤੋਂ ਸਚਰਿਤਰ ਅਤੇ ਪਤੀ ਵਿਚ ਨਿਸ਼ਠਾਵਾਨ ਹੋਣ ਦੀ ਉਮੀਦ ਕੀਤੀ ਜਾਂਦੀ ਸੀ। ਆਚਰਨ ਉਤੇ ਸ਼ੱਕ ਮਾਤਰ ਹੋ ਜਾਣ ਤੇ ਹੀ ਇਸਤਰੀ ਨੂੰ ਤਿਆਗ ਦਿੱਤਾ ਜਾਂਦਾ ਸੀ ਜਾਂ ਕਠੋਰ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪੈਂਦਾ ਸੀ। ਰਾਮਚੰਦਰ ਜੀ ਨੇ ਨਾ ਕੇਵਲ ਸੀਤਾ ਜੀ ਨੂੰ ਤਿਆਗਿਆ ਹੀ, ਸਗੋਂ ਕੇਵਲ ਸ਼ੱਕ ਦੂਰ ਕਰਨ ਲਈ ਹੀ ਉਹਨਾਂ ਦੀ ਅਗਨੀ ਪ੍ਰੀਖਿਆ ਵੀ ਲਈ। ਸੀਤਾ ਐਨੀ ਬੇਪਤੀ ਨਾ ਸਹਾਰਦੀ ਹੋਈ ਜ਼ਮੀਨ ਵਿਚ ਹੀ ਸਮਾ ਗਈ। ਸੀਤਾ ਜੇਹੀਆਂ ਇਸਤਰੀਆਂ ਨਿੰਦਤ ਹੋ ਕੇ ਜੀਉਣ ਨਾਲੋਂ ਮਰਨਾ ਚੰਗਾ ਸਮਝਦੀਆਂ ਹਨ।

ਇਕ ਚੰਗੀ ਇਸਤਰੀ ਦੇ ਗੁਣਾਂ ਦੀ ਵਿਆਖਿਆ ਕਰਦੇ ਹੋਏ ਉਸਨੂੰ ਸੁਸ਼ੀਲ, ਸੱਤਵਾਦੀ, ਵੱਡਿਆਂ ਦਾ ਆਦਰ ਕਰਨ ਵਾਲੀ, ਮਰਯਾਦਾ ਪਾਲਕ ਅਤੇ ਪਤੀ ਨੂੰ ਉੱਤਮ ਰਤਨ ਮੰਨਣ ਵਾਲੀ ਹੋਣ ਦਾ ਉਪਦੇਸ਼ ਦਿੱਤਾ ਹੈ। ਇਕ ਵਾਰੀ ਪਰ-ਪੁਰਸ਼ ਕੋਲ ਚਲੇ ਜਾਣ ਜਾਂ ਲਜਾਈ ਜਾਣ ਤੇ ਕੋਈ ਵੀ ਇਸਤਰੀ ਪਵਿੱਤਰ ਨਹੀਂ ਰਹਿ ਜਾਂਦੀ। ਉਹ ਜਿਵੇਂ ਮਰਜ਼ੀ ਰਹਿ ਸਕਦੀ ਸੀ ਪਰ ਪਤੀ ਦੇ ਘਰ ਨਹੀਂ।[96]

ਕਈ ਅਮੀਰ ਅਤੇ ਸਰਦੇ ਪੁਜਦੇ ਵਿਅਕਤੀ ਇਸਤਰੀ ਮੁੱਲ ਖਰੀਦ ਲੈਂਦੇ ਸਨ ਅਤੇ ਇਸਤਰੀ ਅਬਲਾ ਰੂਪ ਸਭ ਕੁਝ ਸਹਿ ਜਾਂਦੀ ਸੀ। ਪਰ ਇਸਦਾ ਇਹ ਭਾਵ ਨਹੀਂ ਕਿ ਸਭ ਇਸਤਰੀਆਂ ਹੀ ਅਬਲਾਵਾਂ ਹੁੰਦੀਆਂ ਸਨ। ਕਈ ਇਸਤਰੀਆਂ ਦੁਸਾਹਸੀ ਹੋ ਕੇ ਭਿਅੰਕਰ ਬਦਲੇ ਲੈਂਦੀਆਂ ਸਨ। ਉਹ ਨਾਗਿਨ ਤਰ੍ਹਾਂ ਡੰਗ ਮਾਰਦੀਆਂ ਸਨ ਕਿ ਡਸਿਆ ਵਿਅਕਤੀ ਪਾਣੀ ਨਹੀਂ ਮੰਗਦਾ ਸੀ।

ਤੁਲਸੀ ਦਾਸ ਜੀ ਨੇ ਇਸਤਰੀ-ਔਗੁਣਾਂ ਦੀ ਥਾਂ ਥਾਂ ਨਿੰਦਾ ਕੀਤੀ ਹੈ। ਜਦੋਂ ਇਸਤਰੀ ਚੰਗਿਆਈ ਨੂੰ ਤਿਆਗ ਦੇਂਦੀ ਹੈ ਤਾਂ ਉਹ ਮੋਮ ਤੋਂ ਇਕ ਦਮ ਪੱਥਰ ਹੋ ਜਾਂਦੀ ਹੈ। ਉਹ ਚੰਡੀ ਦਾ ਰੂਪ ਧਾਰ ਕੇ ਬਹੁਤ ਕਠੋਰ ਅਤੇ ਜ਼ਾਲਿਮ ਹੋ ਜਾਂਦੀ ਹੈ। ਇਸਦੀ ਉਦਾਹਰਨ ਕੈਕਈ ਹੈ ਜੋ ਈਰਖਾ ਵਸ

ਦਇਆ ਹੀਣ ਹੋ ਕੇ, ਕਠੋਰ ਸ਼ਬਦ ਬੋਲਦੀ ਹੋਈ ਪਤੀ ਨੂੰ ਦੁਖੀ ਕਰਦੀ ਹੈ।[97] ਉਸਦਾ ਭਿਆਨਕ ਰੂਪ ਦਸਰਥ ਤੋਂ ਵੇਖਿਆ ਨਹੀਂ ਜਾਂਦਾ। ਦਸ਼ਰਥ ਉਸ ਤੋਂ ਰਾਮ ਦੀ ਭੀਖ ਮੰਗਦੇ ਹਨ। ਪਰ ਉਹ ਪਿਘਲਨ ਵਾਲੀ ਨਹੀਂ। ਇਸ ਹਾਲਤ ਵਿਚ ਇਸਤਰੀਆਂ ਅਵਿਵੇਕ ਦਾ ਘਰ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਚੰਗੇ ਬੁਰੇ ਦੀ ਸੁਧ ਨਹੀਂ ਰਹਿੰਦੀ। ਉਹ ਲੋਭ ਵਿਚ ਡੁੱਬ ਜਾਂਦੀਆਂ ਸਨ।[98] ਸਤੀ ਜੀ ਆਪਣੇ ਮੁੱਖ ਤੋਂ ਹੀ ਕਹਿੰਦੇ ਹਨ ਕਿ ਇਸਤਰੀ ਸੁਭਾਅ ਤੋਂ ਹੀ ਮੂਰਖ ਹੈ:-

" ਸਤੀਂ ਹ੍ਰਿਦਯਂ ਅਨੁਮਾਨ ਕਿਯ ਸਬੁ ਜਾਨੇਉ ਸਰਬਗਯ ॥
ਕੀਨ੍ਹ ਕਪਟੁ ਮੈਂ ਸੰਭੁ ਸਨ ਨਾਰਿ ਸਹਜ ਜੜ ਅਗਯ[99] ॥ "

ਪਾਰਬਤੀ ਜੀ ਪਤੀ ਚਰਨਾਂ ਵਿਚ ਜੁੜੇ ਰਹਿਣ ਲਈ ਯਾਚਨਾ ਕਰਦੇ ਹਨ:-

" ਅਬ ਮੋਹਿ ਆਪਨਿ ਕਿੰਕਰਿ ਜਾਨੀ ॥
ਜਦਪਿ ਸਹਜ ਜੜ ਨਾਰਿ ਅਯਾਨੀ ॥[100] "

ਭਾਵ ਇਸਤਰੀ ਸੁਭਾਅ ਤੋਂ ਹੀ ਜੜ੍ਹ ਹੈ, ਮੂਰਖ ਹੈ ਫਿਰ ਵੀ ਪਤੀ ਉਸਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ; ਦਾਸੀ ਬਣਾਈ ਰਖੇ। ਪਤਨੀ ਦੁਆਰਾ ਪਤੀ ਸੇਵਾ ਵਿਚ ਰੁੱਝੇ ਰਹਿਣਾ ਹੀ ਉੱਤਮ ਆਦਰਸ਼ ਹੈ। ਇਸਤਰੀ ਨੂੰ ਸੁਭਾਵਿਕ ਹੀ ਅਗਿਆਨਤਾ ਅਤੇ ਮੂਰਖਤਾ ਦਾ ਪ੍ਰਤੀਕ ਮੰਨਿਆ ਹੈ। ਪਰ ਜੇ ਉਹ ਇਸਤਰੀ ਦਾਸੀ ਹੈ; ਚੇਰੀ ਹੈ ਜਾਂ ਅਪੰਗ ਹੈ ਤਾਂ ਉਸਦੇ ਬੁਰੇਪਨ ਦੀ ਤਾਂ ਸੀਮਾਂ ਹੀ ਨਹੀਂ ਰਹਿ ਜਾਂਦੀ। ਉਸਦੀ ਕੁਟਿਲਤਾ ਬਿਆਨ ਤੋਂ ਪਰੇ ਮੰਨੀ ਜਾਂਦੀ ਸੀ :-

" ਕਾਣੇ,ਖੋਰੇ,ਕੂਬਰੇ,ਕੁਟਿਲ,ਕੁਚਾਲੀ ਜਾਨਿ ॥
ਤ੍ਰਿਯ ਬਿਸੇਸ਼ਿ ਪੁਨਿ ਚੇਰਿ ਕਹਿ ਭਰਤ ਮਾਤੁ ਮੁਸਕਾਨਿ ॥[101] "

ਔਰਤ ਨੂੰ ਵਸ ਵਿਚ ਰਖਣ ਦੇ ਯਤਨਾਂ ਦੇ ਬਾਵਜੂਦ ਉਹ ਕੁਰਾਹੇ ਪੈ ਜਾਂਦੀ ਸੀ। ਸੁਤੰਤਰ ਰਹਿ ਕੇ ਉਹ ਵਿਗੜ ਜਾਂਦੀ ਹੈ। ਇਸ ਲਈ ਪਤਨੀ ਦੀ ਤੁਲਨਾ ਵਿਚ ਭਰਾ ਨੂੰ ਵਧੇਰੇ ਵਿਸ਼ਵਾਸਯੋਗ ਅਤੇ ਮਹੱਤਵਪੂਰਨ ਸਮਝਿਆ ਜਾਂਦਾ ਸੀ।[102] ਚੰਗੀ ਪਤਨੀ ਦਾ ਪਰਿਵਾਰ ਵਿਚ ਸਨਮਾਨ ਸੀ ਤਾਂ ਕਠੋਰ ਅਤੇ ਦੁਰਾਚਾਰੀ ਪਤਨੀ ਪਰਿਵਾਰ ਵਿਚ ਨਿੰਦਿਤ ਜੀਵਨ ਵੀ ਬਤੀਤ ਕਰਦੀ ਸੀ। ਜਨਨੀ ਬਣ ਜਾਣ ਤੇ ਵਿਆਹੁਤਾ ਦੀ ਸਥਿਤੀ ਚੰਗੇਰੀ ਹੋ ਜਾਂਦੀ ਸੀ।

ਜਨਨੀ - ਰੂਪ

ਮਾਂ ਦਾ ਦਰਜਾ ਲਗਭਗ ਹਰਇਕ ਸਮਾਜ ਅਤੇ ਸਮੇਂ ਵਿਚ ਸਨਮਾਨਿਤ ਹੀ ਰਿਹਾ ਹੈ। ਸੰਤਾਨ ਦੁਆਰਾ ਮਾਂ ਨੂੰ ਮਹਾਨ ਕਹਿ ਕੇ ਤਾਂ ਪੂਜਿਆ ਹੀ ਜਾਂਦਾ ਸੀ, ਪਤੀ ਵਲੋਂ ਵੀ ਪਤਨੀ ਦੇ ਮਾਂ ਬਣ ਜਾਣ ਤੇ ਉਸਨੂੰ ਵਡਿਆਇਆ ਜਾਂਦਾ ਰਿਹਾ ਹੈ। ਜੋ ਇਸਤਰੀ ਬਾਂਝ ਰਹਿ ਜਾਂਦੀ ਹੈ,ਉਹ ਹਮੇਸ਼ਾਂ ਹੀ ਨਿਰਾਦਰ ਦੀ ਪਾਤਰ ਰਹੀ ਹੈ। ਇਸਤਰੀ ਦੇ ਜੀਵਨ ਵਿਚ ਇਕ ਮਾਂ - ਪੁਣੇ ਦੀ ਕਮੀ ਕਾਰਨ ਹੀ ਮੁਸੀਬਤਾਂ ਦੇ ਪਹਾੜ ਟੁਟੱਦੇ ਰਹੇ ਹਨ। ਅਜੇਹੀ ਇਸਤਰੀ ਨੂੰ ਤਿਆਗ ਦਿੱਤਾ ਜਾਂਦਾ ਰਿਹਾ ਹੈ। ਪਤੀ ਸੰਤਾਨ ਪਿਛੇ ਹੋਰ ਵਿਆਹ ਕਰਵਾ ਲੈਂਦਾ ਸੀ।

ਰਾਮਾਇਣ ਦੀ ਕਹਾਣੀ ਇਕ ਮਾਂ ਦੀ ਮਮਤਾ ਦੀ ਕਹਾਣੀ ਹੈ ਜੋ ਆਪਣੇ ਬੱਚੇ ਦੇ ਪਿਆਰ ਅਤੇ ਭਲਾਈ ਲਈ ਆਪਣਾ ਸਭ ਕੁਝ ਤਿਆਗ ਦੇਂਦੀ ਹੈ। ਕੈਕਯੀ ਆਪਣੇ ਸਾਰੇ ਸੁਖ ਤਿਆਗ ਕੇ ਮਰਨ ਲਈ ਤਿਆਰ ਹੈ।(ਜੇਕਰ ਉਸਦੇ ਬੱਚੇ ਭਰਤ ਨੂੰ ਰਾਜਾ ਦਸ਼ਰਥ ਰਾਜ ਨਹੀਂ ਦੇਂਦਾ) ਕੈਕਯੀ ਹੱਠੀ,ਅਭਿਮਾਨੀ ਅਤੇ ਸੁਆਰਥੀ ਸੀ ਪਰ ਉਸਨੇ ਜੋ ਕੁਝ ਵੀ ਕੀਤਾ ਆਪਣੇ ਪੁੱਤਰ ਦੀ ਖੁਸ਼ੀ ਲਈ ਹੀ ਕੀਤਾ ; ਇਸੇ ਤਰ੍ਹਾਂ ਸੀਤਾ ਨੇ ਪਤਨੀ ਦੇ ਰੂਪ ਵਿਚ ਤਾਂ ਕਸ਼ਟ ਸਹੇ ਹੀ; ਜਨਨੀ ਹੋਣ ਦੇ ਨਾਤੇ ਉਹ ਉਦੋਂ ਤਕ ਜਿਊਂਦੀ ਰਹੀ ਜਦੋਂ ਤਕ ਉਸਦੇ ਪੁੱਤਰ ਸੰਭਲੇ ਨਾਹੀਂ। ਪਿਤਾ - ਪੁੱਤਰਾਂ ਦਾ ਮੇਲ ਕਰਵਾ ਕੇ ਉਸਨੇ ਆਪਾ ਤਿਆਗ ਦਿੱਤਾ।

ਰਾਮਾਇਣ ਵਿਚ ਥਾਂ ਪਰ ਥਾਂ ਮਾਂ ਨੂੰ ਮਹਾਨ ਕਿਹਾ ਗਿਆ ਹੈ। ਜਿਥੇ ਵੀ ਪਿਤਾ ਜਾਂ ਗੁਰੂ ਦੀ ਆਗਿਆ ਮੰਨਣ ਦਾ ਜ਼ਿਕਰ ਆਇਆ ਹੈ, ਨਾਲ ਹੀ ਮਾਤਾ ਨੂੰ ਵੀ ਪੂਜਯ ਕਿਹਾ ਗਿਆ ਹੈ। ਵੈਦਿਕ ਕਾਲ ਵਿਚ ਤਾਂ ਮਾਤਾ ਨੂੰ ਪਿਤਾ ਅਤੇ ਗੁਰੂ ਤੋਂ ਵੀ ਮਹਾਨ ਮੰਨਿਆ ਗਿਆ ਸੀ। ਹੁਣ ਵੀ ਉਚਾਰਨ ਕਰਦੇ ਸਮੇਂ ਪਹਿਲਾਂ ਮਾਂ ਫਿਰ ਪਿਤਾ ਅਤੇ ਗੁਰੂ ਦਾ ਨਾਂ ਲਿਆ ਜਾਂਦਾ ਹੈ।

ਮਾਤਾ ਪਿਤਾ ਅਤੇ ਗੁਰੂ ਦੀ ਗੱਲ ਨੂੰ ਬਿਨਾਂ ਸੋਚੇ,ਵਿਚਾਰੇ ਜਾਂ ਦਲੀਲ ਦੇਣ ਦੇ, ਮੰਨ ਲੈਣਾ ਚਾਹੀਦਾ ਹੈ:-

" ਮਾਤੁ ਪਿਤਾ ਗੁਰੁ ਪ੍ਰਭੁ ਕੈ ਬਾਨੀ ॥
ਬਿਨਹਿ ਬਿਚਾਰਿ ਕਰਿਅ ਸੁਭ ਜਾਨੀ ॥"[103]

" ਮਾਤਾ ਦੀ ਵਡਿਆਈ ਕਰਦੇ ਹੋਏ ਉਸਨੂੰ 'ਗੁਰੂ' ਕਿਹਾ ਗਿਆ ਹੈ।[104] ਪਿਤਾ ਦੀ ਆਗਿਆ ਦਾ ਪਾਲਨ ਬਹੁਤ ਜ਼ਰੂਰੀ ਹੈ ਪਰ ਮਾਤਾ ਦਾ ਹੁਕਮ ਮੰਨਣਾ ਵੀ ਜ਼ਰੂਰੀ ਹੈ। ਕੁਸ਼ੱਲਿਆ ਰਾਮ ਨੂੰ ਵਣ ਜਾਣ ਤੋਂ ਰੋਕਣ ਲਈ ਸਮਝਾਂਦੀ ਹੋਈ ਕਹਿੰਦੀ ਹੈ ਕਿ ਜੇ ਕੇਵਲ ਪਿਤਾ ਹੀ ਆਗਿਆ ਦੇਂਦਾ ਹੈ; ਮਾਤਾ ਦੀ ਉਸ ਵਿਚ ਰਜ਼ਾਮੰਦੀ ਨਾ ਹੋਏ ਤਾਂ ਅਜੇਹੀ ਆਗਿਆ ਨੂੰ ਟਾਲਿਆ ਵੀ ਜਾ ਸਕਦਾ ਹੈ; ਇਸ ਲਈ ਉਹ ਰਾਮ ਦੀ ਮਾਂ ਦੇ ਰੂਪ ਵਿਚ ਰਾਮ ਨੂੰ ਵਣ ਨਾ ਜਾਣ ਦੀ ਆਗਿਆ ਦੇਂਦੀ ਹੈ:-

" ਜੌ ਕੇਵਲੁ ਪਿਤੁ ਆਯਸੁ ਤਾਤਾ ॥
ਤੌ ਜਨਿ ਜਾਹੁ ਜਾਨਿ ਬੜਿ ਮਾਤਾ ॥
ਜੌ ਪਿਤੁ ਮਾਤੁ ਕਹੇਉ ਬਨ ਜਾਨਾ ॥
ਤੌ ਕਾਨਨ ਸਤ ਅਵਧ ਸਮਾਨਾ ॥"[105]

ਰਾਮ ਨੇ ਸਪਸ਼ਟ ਕੀਤਾ ਹੈ ਕਿ ਪਿਤਾ ਦਸ਼ਰਥ ਦੁਆਰਾ ਦਿੱਤੀ ਗਈ ਆਗਿਆ ਵਿਚ ਮਾਤਾ ਕੈਕਯੀ ਦੀ ਆਗਿਆ ਵੀ ਸ਼ਾਮਿਲ ਹੈ ਇਸ ਲਈ ਉਨ੍ਹਾਂ ਨੇ ਬਨਵਾਸ ਜਾਣਾ ਹੀ ਹੈ; ਉਨ੍ਹਾਂ ਨੂੰ ਮਾਤਾ ਪਿਤਾ ਦੀ ਆਗਿਆ ਮੰਨਣੀ ਚਾਹੀਦੀ ਹੈ। ਕੁਸ਼ੱਲਿਆ ਨੂੰ ਇਹ ਦਲੀਲ ਮੰਨਣੀ ਪੈਂਦੀ ਹੈ। ਰਾਮ ਚੰਦਰ ਬਨ ਜਾਣ ਸਮੇਂ ਲਛਮਣ ਨੂੰ ਆਪਣੇ ਨਾਲ ਜਾਣ ਤੋਂ ਰੋਕਦੇ ਹਨ। ਜਦੋਂ ਉਹ ਕਿਸੇ ਤਰ੍ਹਾਂ ਵੀ ਨਹੀਂ ਮੰਨਦਾ ਤਾਂ ਉਹ ਮਾਤਾ ਪ੍ਰਤਿ ਫਰਜ਼ ਯਾਦ ਕਰਵਾ ਕੇ ਰੋਕਦੇ ਹਨ: ਪੁੱਤਰ ਦਾ ਪਹਿਲਾ ਫਰਜ਼ ਹੈ ਮਾਤਾ ਦੀ ਸੇਵਾ ਕਰਨਾ। ਲਛਮਣ ਨੂੰ ਪਿਛੋਂ ਮਾਤਾ ਦੀ ਸੇਵਾ ਲਈ ਘਰ ਹੀ ਰਹਿਣਾ ਚਾਹੀਦਾ ਹੈ। ਜੋ ਲੋਗ ਮਾਤਾ, ਪਿਤਾ, ਗੁਰੂ ਅਤੇ ਸੁਆਮੀ ਦੀ ਸਿਖਿਆ ਨੂੰ ਬਿਨਾਂ ਕਿੰਤੂ ਦੇ ਸੁਭਾਵਿਕ ਹੀ ਸਿਰ ਮੱਥੇ ਮੰਨਦੇ ਹਨ, ਉਨ੍ਹਾਂ ਦਾ ਜਨਮ ਸਫ਼ਲ ਹੈ।[106]

ਰਾਮਾਇਣ ਵਿਚ ਰਾਮ-ਸੀਤਾ ਨੂੰ ਏਨੇ ਦੁਖ ਸਹਿਣੇ ਪਏ, ਇਸ ਸਭ ਦਾ ਮੁੱਖ ਕਾਰਨ ਕੈਕਯੀ- ਇਕ ਇਸਤਰੀ ਸੀ। ਇਸ ਸੰਬੰਧ ਵਿਚ ਉਸ ਉਤੇ ਹੀ ਸਾਰਾ ਦੋਸ਼ ਥੱਪਿਆ ਜਾਣਾ ਚਾਹੀਦਾ ਸੀ। ਰਾਮ ਲਈ ਚੌਦਾਂ ਸਾਲ ਦਾ ਬਨਵਾਸ ਅਤੇ ਭਰਤ ਲਈ ਅਯੁਧਿਆ ਦਾ ਰਾਜ - ਭਾਗ ਮੰਗਣ ਉਤੇ ਲਛਮਣ ਮਾਤਾ ਕੈਕਯੀ ਪ੍ਰਤਿ ਕਠੋਰ ਸ਼ਬਦ ਨਹੀਂ ਵਰਤਦਾ ਪਰ ਪਿਤਾ ਦਸਰਥ ਬਾਰੇ ਵਰਤਦਾ ਹੈ:- ਲਛਮਣ ਪਿਤਾ ਨੂੰ ਕੈਦ ਕਰਨ ਜਾਂ ਉਨ੍ਹਾਂ ਦਾ ਬਧ ਤਕ ਕਰ ਦੇਣ ਦਾ ਸੁਝਾਓ ਦੇਂਦਾ ਹੈ।[107]

ਇਸ ਹਵਾਲੇ ਤੋਂ ਵੀ ਇਹ ਹੀ ਸਪਸ਼ਟ ਹੁੰਦਾ ਹੈ ਕਿ ਮਾਤਾ ਨੂੰ ਕਿਸੇ ਵੀ ਅਪਰਾਧ ਲਈ ਕਠੋਰ ਸਜ਼ਾ ਨਹੀਂ ਦਿਤੀ ਜਾ ਸਕਦੀ ਸੀ। ਮਾਤਾ ਨੂੰ ਸਦਾ ਹੀ ਅਵੱਧ ਮੰਨਿਆ ਗਿਆ ਹੈ। ਉਸਨੂੰ ਮਾਰ ਦੇਣ ਵਰਗੇ ਨੀਚ ਖਿਆਲ ਤਾਂ ਵੱਡੇ ਤੋਂ ਵੱਡਾ ਪਾਪੀ ਵੀ ਨਹੀਂ ਰਖਦਾ ਸੀ।

ਮਾਂ ਦਾ ਪੁੱਤਰ ਤੋਂ ਵਿਛੜਨਾ ਬਹੁਤ ਦੁਖਦਾਈ ਹੁੰਦਾ ਸੀ। ਇਹ ਜੀਵਨ ਦੀ ਠੋਸ ਸਚਾਈ ਹੈ ਕਿ ਮਾਂ - ਬੱਚੇ ਦਾ ਪਿਆਰ ਸੰਸਾਰ ਵਿਚ ਬੇਮਿਸਾਲ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਹੀ ਮਾਤਾ ਉਸ ਬਾਰੇ ਸੁਪਨੇ ਸਜਾਂਦੀ ਅਤੇ ਉਸ ਤੇ ਆਸਾਂ ਲਾਉਂਦੀ ਹੈ। ਵੱਡੀ ਤੋਂ ਵੱਡੀ ਔਕੜ ਵੀ ਉਹ ਆਪਣੇ ਬੱਚੇ ਦੇ ਲਈ ਹੱਸ ਕੇ ਸਹਿ ਲੈਂਦੀ ਹੈ। ਰਾਮ ਦੀ ਮਾਤਾ ਕੁਸ਼ਲਿਆ ਕੈਕਈ ਦੁਆਰਾ ਉਪੇਕਸ਼ਿਤ ਹੋਣ ਤੇ ਵੀ ਸਿਰਫ ਇਸ ਆਸ ਦੀ ਤੰਦ ਨਾਲ ਜੁੜੀ ਸਮਾਂ ਕੱਟਦੀ ਹੈ ਕਿ ਰਾਮ ਦੇ ਗੱਦੀ ਉਤੇ ਬੈਠਣ ਤੋਂ ਬਾਅਦ ਉਹ ਸੁਖੀ ਰਹਿ ਸਕੇਗੀ। ਆਪਣੇ ਬੱਚਿਆਂ ਦਾ ਮੂੰਹ ਵੇਖਦੀ ਉਹ ਸਾਰੇ ਦੁਖਾਂ ਨੂੰ ਭੁਲ ਜਾਂਦੀ ਹੈ ਪਰ ਜਦੋਂ ਉਸਨੂੰ ਰਾਮ ਦੇਸ਼ਨਿਕਾਸ ਜਾਣ ਦੀ ਆਗਿਆ ਦਾ ਦੁਖਦਾਈ ਸਮਾਚਾਰ ਮਿਲਦਾ ਹੈ ਤਾਂ ਉਹ ਬੇਹੋਸ਼ ਹੋ ਜਾਂਦੀ ਹੈ। ਪੁੱਤਰ ਦਾ ਵਿਛੋੜਾ ਉਸ ਲਈ ਅਸਹਿ ਹੋ ਜਾਂਦਾ ਹੈ। ਉਹ ਮੁਰਦੇ ਦੀ ਤਰ੍ਹਾਂ ਹੋ ਜਾਂਦੀ ਹੈ।[108] ਇਸ ਬੇਹੋਸ਼ੀ ਪਿਛੇ ਉਸਦੇ ਪੁੱਤਰ ਦੇ ਧੁੰਦਲੇ ਭੱਵਿਖ ਦੀ ਝਲਕ ਸੀ ਜੋ ਉਸ ਲਈ ਅਸਹਿ ਸੀ। ਇਕ ਰਾਮ ਨੂੰ ਬਨ ਵਿਚ ਨਾ ਭੇਜਣ ਬਦਲੇ ਉਹ ਕੈਕਈ ਦੀ ਗੁਲਾਮੀ ਕਰਨ ਨੂੰ ਤਿਆਰ ਹੈ ਪਰ ਆਪਣੇ ਬੱਚਿਆਂ ਨੂੰ ਆਪਣੇ ਕੋਲ ਅੱਖਾਂ ਦੇ ਸਾਹਮਣੇ ਰਖਣਾ ਚਾਹੁੰਦੀ ਹੈ। ਉਹ ਆਪਣੇ ਦਿਲ ਹੱਥੋਂ ਮਜਬੂਰ ਹੈ। ਇਹੀ ਮਾਂ ਦੀ ਮਮਤਾ ਹੈ ਜੋ ਯੁੱਗਾਂ ਤੋਂ ਆਪਣੀ ਮਿਸਾਲ ਆਪ ਰਹੀ ਹੈ।

(ਅ) ਮਹਾਂਭਾਰਤ ਕਾਲੀਨ ਵਿਚਾਰਧਾਰਾ ਅਤੇ ਇਸਤਰੀ

ਮਹਾਭਾਰਤ ਮਹਾਂਕਾਵਿ ਵਿਚ ਉਸ ਕਾਲ ਦੀ ਨਾਰੀ ਦੇ ਦੋ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਸਨਮਾਨਿਤ ਅਤੇ ਦੂਜਾ ਅਪਮਾਨਿਤ। ਪਹਿਲੇ ਰੂਪ ਵਿਚ ਉਹ ਲੱਛਮੀ ਸਰੂਪ ਅਤੇ ਗੌਰਵਸ਼ੀਲ ਹੈ ਪਰ ਦੂਜੀ ਸਥਿਤੀ ਵਿਚ ਉਹ ਸਾਰੇ ਕੁਕਰਮਾਂ ਅਤੇ ਪਾਪਾਂ ਦਾ ਮੂਲ ਅਤੇ ਬੁਰਾਈਆਂ ਦੀ ਜੜ੍ਹ ਹੈ। ਮਹਾਂਭਾਰਤ ਦੇ ਆਦਿ ਪਰਵ, ਵਨਪਰਵ ਅਤੇ ਇਸਤਰੀ-ਪਰਵ ਵਿਚ ਔਰਤ ਜਾਤੀ ਪ੍ਰਤਿ ਆਦਰ ਅਤੇ ਸਨਮਾਨ ਪ੍ਰਗਟ ਕੀਤਾ ਗਿਆ ਹੈ। 'ਇਸਤਰੀ ਹੀ ਘਰ ਹੈ'[109] ਜਿਸ ਘਰ ਵਿਚ ਔਰਤ ਨਹੀਂ, ਉਹ ਮਕਾਨ ਹੋ ਸਕਦਾ ਹੈ ਪਰ ਘਰ ਨਹੀਂ। ਅਨੁਸ਼ਾਸਨ,-ਪਰਵ ਵਿਚ ਪ੍ਰਸ਼ੰਸਾ ਕਰਦੇ ਹੋਏ ਉਸਨੂੰ ਗ੍ਰਿਹ ਲੱਛਮੀ ਕਿਹਾ ਹੈ। "ਇਸਤਰੀਆਂ ਭੋਲੀਆਂ ਅਤੇ ਸਨਮਾਨ ਪ੍ਰਾਪਤ ਕਰਨ ਯੋਗ ਹੁੰਦੀਆਂ ਹਨ। ਉਹ ਧਰਮ, ਅਰਥ, ਕਾਮ ਅਤੇ ਮੁਕਤੀ ਦਾ ਮੂਲ ਅਤੇ ਆਦਮੀ ਦੀ ਸਭ ਤੋਂ ਵੱਡੀ ਮਿੱਤਰ ਹੈ।"[110]

ਇਸਦੇ ਉਲਟ ਮਹਾਂਭਾਰਤ ਦੇ ਪੰਚਚੂੜਾ ਅਤੇ ਨਾਰਦ-ਸੰਵਾਦ ਵਿਚ ਇਸਤਰੀ ਨੂੰ ਸਭ ਤੋਂ ਵੱਧ ਪਾਪੀ, ਮਾਇਆ, ਅੱਗ, ਸੱਪ, ਜ਼ਹਿਰ, ਝੂਠੀ, ਮੱਕਾਰ, ਚੰਚਲ, ਚਰਿਤਰਹੀਣ ਅਤੇ ਅਕ੍ਰਿਤਘਣ

ਕਿਹਾ ਗਿਆ ਹੈ। ਕੋਈ ਸੌ ਜੀਭਾਂ ਵਾਲਾ ਹੋਵੇ, ਉਹ ਸੌ ਸਾਲ ਤਕ ਜਿਊਂਦਾ ਹੋਇਆ ਸਦਾ ਨਾਰੀ ਦੇ ਦੋਸ਼ਾਂ ਦਾ ਵਰਣਨ ਹੀ ਕਰਦਾ ਰਹੇ ਤਾਂ ਵੀ ਉਸਦੇ ਸਾਰੇ ਦੋਸ਼ ਗਿਣੇ ਨਹੀਂ ਜਾ ਸਕਦੇ।"[111]

ਭੀਸ਼ਮ ਦਾ ਮੱਤ ਹੈ ਕਿ 'ਪੁਰਸ਼ ਕਿਸੇ ਪ੍ਰਕਾਰ ਵੀ ਨਾਰੀ ਦੀ ਰਖਿਆ ਨਹੀਂ ਕਰ ਸਕਦਾ ਕਿਉਂਕਿ ਉਹ ਸੰਜਮ ਰਹਿਤ ਹੈ।'[112] ਆਰੰਭ ਵਿਚ ਮਰਦ ਬਹੁਤ ਧਰਮਾਤਮਾ ਅਤੇ ਪਵਿੱਤਰ ਸੀ। ਪਰਮਾਤਮਾ ਨੂੰ ਡਰ ਪੈਦਾ ਹੋ ਗਿਆ ਕਿ ਜੇਕਰ ਆਦਮੀ ਇਸੇ ਤਰ੍ਹਾਂ ਚੰਗਾ ਰਿਹਾ ਤਾਂ ਛੇਤੀ ਹੀ ਸਵਰਗ ਭਰ ਜਾਵੇਗਾ। ਇਸ ਲਈ 'ਆਦਮੀ ਨੂੰ ਪਤਿਤ ਕਰਨ ਲਈ ਉਸਨੇ ਔਰਤ ਦੀ ਰਚਨਾ ਕੀਤੀ।'[113] ਪਰ ਸਭ ਇਸਤਰੀਆਂ ਹੀ ਬੁਰੀਆਂ ਨਹੀਂ ਹੁੰਦੀਆਂ। ਮਹਾਂਭਾਰਤ ਕਾਲ ਵਿਚ ਵੀ ਚੰਗੇ ਅਤੇ ਬੁਰੇ ਪਾਤਰ ਦ੍ਰਿਸ਼ਟੀਗੋਚਰ ਹੁੰਦੇ ਸਨ। ਸਮੁੱਚੇ ਅਧਿਐਨ ਤੋਂ ਨਾਰੀ ਪ੍ਰਤਿ ਚੰਗੀ ਭਾਵਨਾ ਦੀ ਬਹੁਲਤਾ ਹੀ ਮਿਲਦੀ ਹੈ। ਸ਼ਾਲਿਨੀ ਜੋਸ਼ੀ ਨੇ ਮਹਾਂਭਾਰਤ ਕਾਲ ਦੀ ਨਾਰੀ ਬਾਰੇ ਵਿਸਥਾਰਿਤ ਅਧਿਐਨ ਕਰਨ ਉਪਰੰਤ ਇਹ ਨਿਚੋੜ ਕਢਿਆ ਹੈ ਕਿ 'ਆਮ ਜੀਵਨ ਵਿਚ ਇਸਤਰੀ ਦਾ ਸਨਮਾਨਿਤ ਸਥਾਨ ਸੀ ਅਤੇ ਉਸਦੀ ਪ੍ਰਸ਼ੰਸਾ ਕੀਤੀ ਜਾਂਦੀ ਸੀ।'[114]

ਮਹਾਂਭਾਰਤ ਦੀਆਂ ਪ੍ਰਮੁਖ ਇਸਤਰੀਆਂ ਤਾਂ ਆਪਣੇ ਗੁਣ, ਗੌਰਵ ਅਤੇ ਸ਼ੀਲਤਾ ਕਾਰਨ ਵਿਸ਼ੇਸ਼ ਪ੍ਰਸ਼ੰਸਾ ਦੀਆਂ ਪਾਤਰ ਹਨ। ਗਾਂਧਾਰੀ ਦੇ ਨਾਂ ਤੇ ਹੀ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਦ੍ਰੋਪਦੀ ਆਪਣੇ ਸਭ ਪਤੀਆਂ ਦੇ ਸੁਖ ਦਾ ਧਿਆਨ ਰਖਦੇ ਹੋਏ ਵੀ ਯੁਧਿਸ਼ਟਰ ਦੇ ਰਾਜਭਾਗ ਦੇ ਕੰਮਾਂ ਵਿਚ ਉਸਦੀ ਸਹਾਇਤਾ ਕਰਦੀ ਸੀ। ਕ੍ਰਿਸ਼ਨ ਦੀ ਪਤਨੀ ਸਤਯਭਾਮਾ ਵੀ ਬਹੁਤ ਬੁਧੀਮਤੀ ਅਤੇ ਅਨੁਭਵੀ ਸੀ। ਭਾਵੇਂ ਔਰਤਾਂ ਨੂੰ ਪਰਦੇ ਵਿਚ ਰਹਿਣਾ ਪੈਂਦਾ ਹੋਵੇਗਾ ਫਿਰ ਵੀ ਉਹ ਸਮਕਾਲੀਨ ਸਮਾਜ ਉਤੇ ਆਪਣੀ ਅਮਿਟ ਛਾਪ ਪ੍ਰਸਤੁਤ ਕਰਦੀਆਂ ਸਨ। ਦ੍ਰੋਪਦੀ, ਦਮਯੰਤੀ ਅਤੇ ਕੁੰਤੀ ਆਪਣੇ ਕਾਲ ਦੀ ਨਾਰੀ ਭਾਵਨਾ ਅਤੇ ਨਾਰੀ ਸਥਿਤੀ ਨੂੰ ਸਪਸ਼ਟ ਕਰਦੀਆਂ ਹਨ। ਇਨ੍ਹਾਂ ਦੇ ਚਰਿਤਰਾਂ ਤੋਂ ਉਸ ਕਾਲ ਦੀ ਕੰਨਿਆਂ, ਵਿਆਹੁਤਾ ਅਤੇ ਜਨਨੀ ਦੇ ਜੋ ਚਿਤਰ ਉਘੜਦੇ ਹਨ, ਉਨ੍ਹਾਂ ਦਾ ਵਰਣਨ ਅੱਗੇ ਕੀਤਾ ਗਿਆ ਹੈ।

ਕੰਨਿਆਂ - ਰੂਪ

ਮਹਾਂਭਾਰਤ ਕਾਲ ਵਿਚ ਸੰਤਾਨ ਪ੍ਰਾਪਤੀ ਜੀਵਨ ਦੀ ਮੁੱਢਲੀ ਲੋੜ ਮੰਨੀ ਜਾਂਦੀ ਸੀ। ਬੇ-ਔਲਾਦ ਵਿਅਕਤੀ ਦੇ ਪਿਤਰਾਂ ਦੀ ਗਤੀ ਨਹੀਂ ਹੁੰਦੀ ਸੀ; ਉਨ੍ਹਾਂ ਦਾ ਪਤਨ ਹੋ ਜਾਂਦਾ ਸੀ। ਇਸ ਲਈ ਸੰਤਾਨ ਹੋਣਾ ਆਵੱਸ਼ਕ ਸੀ। ਤਾਂ, 'ਪੁੱਤਰ ਨਾ ਹੋਣ ਦੀ ਸੂਰਤ ਵਿਚ ਪੁੱਤਰੀ ਦੇ ਪੁੱਤਰ ਦੁਆਰਾ (ਦੋਹਤੇ)

ਪਿਤਰਾਂ ਦਾ ਉਧਾਰ ਸੰਭਵ ਸੀ। ਪੁੱਤਰ ਦੀ ਕਮੀ ਨੂੰ ਇਸ ਤਰ੍ਹਾਂ ਦੋਹਤੇ ਰਾਹੀਂ ਪੂਰੀ ਕਰ ਲਿਆ ਜਾਂਦਾ ਸੀ।'[115] ਨਲਾਇਕ ਅਤੇ ਗੁਣਹੀਣ ਪੁੱਤਰ ਨਾਲੋਂ ਸੁਸ਼ੀਲ ਅਤੇ ਸੁਯੋਗ ਕੰਨਿਆਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਅਜੇਹੀ ਕੰਨਿਆ - ਪ੍ਰਾਪਤੀ ਲਈ ਭਗਤੀ ਕਰਕੇ ਵਰ ਪ੍ਰਾਪਤ ਕੀਤੇ ਜਾਂਦੇ ਸਨ। ਮਹਾਤਮਾ "ਦ੍ਰੁਪਦ ਨੇ ਕੰਨਿਆਂ ਦੀ ਇੱਛਾ ਕੀਤੀ, ਗਾਂਧਾਰੀ ਦੀ ਪੁੱਤਰੀ - ਪ੍ਰਾਪਤੀ ਦੀ ਤੀਬਰ ਇੱਛਾ ਸਰਬ ਗਿਆਤ ਹੈ।"[116]

ਜਨਮ ਉਪਰੰਤ ਪੁੱਤਰੀ ਪ੍ਰਤਿ ਪਿਆਰ ਦੀ ਪ੍ਰਬਲ ਭਾਵਨਾ ਵਿਦਮਾਨ ਰਹਿੰਦੀ ਸੀ। ਵਿਸ਼ੇਸ਼ ਕਰਕੇ ਪਿਤਾ - ਪੁੱਤਰੀ ਦਾ ਸਨੇਹ ਉਲੇਖਨੀਯ ਹੈ। 'ਪਿਤਾ ਆਪਣੀ ਬੱਚੀ ਦੀ ਖੁਸ਼ੀ ਅਤੇ ਸੁਖ ਲਈ ਆਪਣਾ ਜੀਵਨ ਤਕ ਖਤਰੇ ਵਿਚ ਪਾ ਲੈਂਦਾ ਸੀ।'[117] ਸ਼ੁਕਰਚਾਰੀਆ ਦੇਵਯਾਨੀ ਦੀ ਖੁਸ਼ੀ ਲਈ ਕਚ ਨੂੰ ਤੀਜੀ ਵਾਰੀ ਜੀਵਿਤ ਕਰਦਾ ਹੋਇਆ ਆਪਣੀ ਜਾਨ ਗਵਾਉਂਦਾ ਹੈ ਭਾਵੇਂ ਕਚ ਉਸਨੂੰ ਮੁੜ ਸੁਰਜੀਤ ਕਰ ਦੇਂਦਾ ਹੈ। ਇਸੇ ਤਰ੍ਹਾਂ ਦੇਵਯਾਨੀ ਦੇ ਕ੍ਰੋਧਿਤ ਹੋ ਜਾਣ ਤੇ ਸ਼ੁਕਰਚਾਰੀਆ ਸਰਾਪ ਤਕ ਦੇਣ ਲਈ ਉੱਦਤ ਹੋ ਜਾਂਦਾ ਹੈ। ਦੇਵਯਾਨੀ ਦੇ ਖੁਸ਼ ਹੋ ਜਾਣ ਤੇ ਉਹ ਵੀ ਰਾਜੇ ਨੂੰ ਮੁਆਫ ਕਰ ਦੇਂਦਾ ਹੈ। ਪੁੱਤਰੀ ਵੀ ਪਿਤਾ ਅਤੇ ਉਸਦੀ ਕੁਲ ਮਰਯਾਦਾ ਲਈ ਆਪਾ ਵਾਰਨ ਲਈ ਤਤਪਰ ਰਹਿੰਦੀ ਸੀ।'[118] ਸੁਕੰਨਿਆਂ ਚਵਨ ਰਿਸ਼ੀ ਦੇ ਸਰਾਪ ਤੋਂ ਆਪਣੇ ਪਿਤਾ ਨੂੰ ਬਚਾਉਂਦੀ ਹੋਈ ਉਮਰ ਭਰ ਲਈ ਬੁੱਢੇ ਰਿਸ਼ੀ ਦੀ ਸੇਵਾ ਵਿਚ ਰਹਿਣ ਲਈ ਰਾਜ਼ੀ ਹੋ ਜਾਂਦੀ ਹੈ। ਰਾਜਾ ਨਿਮਿ ਦੀ ਕੰਨਿਆ ਅਗਸਤ ਮੁਨਿ ਦੇ ਨਾਲ ਭੇਜੀ ਗਈ; ਮਹਾਰਾਜ ਮਰੁਤ ਨੇ ਸੰਵਰਤ ਨੂੰ ਕੰਨਿਆਂ ਦਾਨ ਦਿੱਤੀ। ਰਾਜ ਰਿਸ਼ੀ ਮਦਿਰਾਸ਼੍ਵ ਦੀ ਸੁੰਦਰ ਕੰਨਿਆਂ ਹਿਰਣਯਹਸਤ ਕੋਲ ਰਹਿਣ ਲਈ ਰਜ਼ਾਮੰਦ ਹੋ ਗਈ ਤਾਂ ਰਾਜਰਿਸ਼ੀ ਲੋਮਪਾਦ ਦੀ ਕੰਨਿਆ ਸ਼ਾਂਤਾ ਰਿਸ਼ਯਸ਼੍ਰਿੰਗ ਦੀ ਸੇਵਾ ਵਿਚ ਰਹਿਣਾ ਕਬੂਲਦੀ ਹੈ,

ਪੁੱਤਰ ਨੂੰ ਆਤਮਾ ਕਹਿ ਕੇ ਵਡਿਆਇਆ ਜਾਂਦਾ ਸੀ ਅਤੇ ਪੁੱਤਰੀ ਨੂੰ ਸੰਕਟ ਸਮਝ ਕੇ ਛੁਟਿਆਇਆ ਜਾਂਦਾ ਸੀ। ਪਰ ਅਜੇਹੇ ਵਿਚਾਰ ਲੜਕੀਆਂ ਹੀ ਆਪਣੇ ਬਾਰੇ ਪ੍ਰਗਟਾਉਂਦੀਆਂ ਸਨ ਜੋ ਉਨ੍ਹਾਂ ਅੰਦਰ ਭਰਾਵਾਂ ਅਤੇ ਪਿਤਾ ਪ੍ਰਤਿ ਡੂੰਘਾ ਪਿਆਰ ਅਤੇ ਸਨਮਾਨ ਦੀਆਂ ਭਾਵਨਾਵਾਂ ਦਾ ਪ੍ਰਤੀਕ ਸਨ। ਆਮ ਜੀਵਨ ਵਿਚ 'ਪੁੱਤਰੀ ਪ੍ਰਤਿ ਵੀ ਉੱਚ ਭਾਵਨਾਵਾਂ ਅਤੇ ਸਨੇਹ ਦੇ ਉਲੇਖ ਥਾਂ ਪਰ ਥਾਂ ਮਹਾਂਭਾਰਤ ਵਿਚ ਉਪਲਬਧ ਹਨ। ਦ੍ਰੋਪਦੀ ਵੱਡੀ ਸਾਰੀ ਹੋ ਜਾਣ ਤੇ ਵੀ ਲਾਡ ਨਾਲ ਆਪਣੇ ਪਿਤਾ ਦੀ ਝੋਲੀ ਵਿਚ ਬੈਠਦੀ ਅਤੇ ਉਸ ਤੋਂ ਅਥਾਹ ਵਾਤਸਲ ਪ੍ਰਾਪਤ ਕਰਦੀ ਸੀ।'[119]

ਸਮਾਜਿਕ ਰਾਜਸੀ ਅਤੇ ਵਿਵਹਾਰਿਕ ਜੀਵਨ ਦੇ ਸ਼ੁਭ ਕੰਮਾਂ ਵਿਚ ਕੰਨਿਆਂ ਦੀ ਹੋਂਦ ਨੂੰ ਚੰਗਾ ਮੰਨਿਆ ਗਿਆ ਹੈ। ਕੰਨਿਆਂ ਦੇ ਦਰਸ਼ਨ ਕਰਕੇ ਆਰੰਭ ਕੀਤੇ ਕਾਰਜ ਦਾ ਸੰਪੂਰਨ ਹੋ ਜਾਣ

ਲਗਭਗ ਨਿਸ਼ਚਿਤ ਹੁੰਦਾ ਸੀ। ਇਸੇ ਲਈ ਰਾਜ ਤਿਲਕ ਸਮੇਂ ਜਾਂ ਯੁੱਧ ਲਈ ਪ੍ਰਸਥਾਨ ਸਮੇਂ ਕੰਨਿਆਂ ਸੁਆਗਤ ਲਈ ਅੱਗੇ ਖੜੀਆਂ ਕੀਤੀਆਂ ਜਾਂਦੀਆਂ ਸਨ। ਉਨ੍ਹਾਂ ਦੀਆਂ ਅਰਦਾਸਾਂ ਅਤੇ ਆਸ਼ੀਰਵਾਦ ਕਦੇ ਵਿਅਰਥ ਨਹੀਂ ਸੀ ਜਾ ਸਕਦੇ। ਇਸ ਵਿਚਾਰਧਾਰਾ ਅਧੀਨ ਹੀ ਉਨ੍ਹਾਂ ਨੂੰ ਏਨੀ ਮਹੱਤਤਾ ਦਿੱਤੀ ਜਾਂਦੀ ਸੀ।

ਵਰ ਦੀ ਚੋਣ ਸੰਬੰਧੀ ਉਨ੍ਹਾਂ ਨੂੰ ਆਪਣੀ ਪਸੰਦ ਦਰਸਾਉਣ ਦਾ ਅਧਿਕਾਰ ਸੀ। ਸੁਅੰਬਰ ਰਾਹੀਂ ਉਹ ਆਪਣੀ ਮਰਜ਼ੀ ਦਾ ਪਤੀ ਵਰ ਸਕਦੀਆਂ ਸਨ। "ਕੁਝ ਇਕ ਤਾਂ ਪਾਠ ਪੂਜਾ ਅਤੇ ਕਠਿਨ ਤਪ ਕਰਕੇ ਮਨ ਭਾਉਂਦਾ ਵਰ ਪ੍ਰਾਪਤ ਕਰ ਲੈਂਦੀਆਂ ਸਨ ਜਿਨ੍ਹਾਂ ਵਿਚ ਪਤੀ ਪ੍ਰਾਪਤੀ ਵੀ ਸ਼ਾਮਿਲ ਸੀ। ਖ਼ਤਰੀਆਂ ਲਈ ਤਾਂ ਕੰਨਿਆਂ ਦਾਨ ਦਾ ਇਹ ਸਰਵੋਤਮ ਢੰਗ ਮੰਨਿਆ ਗਿਆ ਹੈ।"[120] ਪਰ ਕੰਨਿਆ ਆਪ ਮੁਹਾਰੇ ਹੀ ਵਿਆਹ ਕਰਵਾਉਣ ਲਈ ਸੁਤੰਤਰ ਨਹੀਂ ਸੀ। ਹਰ ਹਾਲਤ ਵਿਚ ਵਿਆਹ ਦੀ ਅੰਤਿਮ ਪਰਵਾਨਗੀ ਪਿਤਾ ਵਲੋਂ ਹੀ ਦਿੱਤੀ ਜਾਂਦੀ ਸੀ। ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ 'ਪਿਤਾ-ਪੁੱਤਰੀ ਦੇ ਸੰਬੰਧ ਬੜੇ ਸੁਖਾਵੇਂ ਸਨ। ਇਸ ਲਈ ਪਿਤਾ ਆਮ ਤੌਰ ਤੇ ਆਪਣੀ ਪੁੱਤਰੀ ਦੀ ਚੋਣ ਪ੍ਰਤਿ ਰਜ਼ਾਮੰਦੀ ਪ੍ਰਗਟ ਕਰ ਦਿੰਦੇ ਸਨ। ਸ਼ਕੁੰਤਲਾ ਦੁਸ਼ਯੰਤ ਨੂੰ ਚਾਹੁੰਦੀ ਸੀ ਪਰ ਵਿਆਹ ਕਰਵਾਉਣ ਲਈ ਆਪਣੇ ਧਰਮ ਪਿਤਾ ਕਣਵ ਰਿਸ਼ੀ ਦੀ ਆਗਿਆ ਲੈਣ ਲਈ ਦੁਸ਼ਯੰਤ ਨੂੰ ਬੇਨਤੀ ਕੀਤੀ। ਇਸੇ ਤਰ੍ਹਾਂ ਗੰਧਰਵ ਦਾ ਤ੍ਰਪਤੀ ਨੂੰ ਪ੍ਰਾਪਤ ਕਰਨ ਲਈ ਉਸਦੇ ਪਿਤਾ ਕੋਲ ਜਾਣ ਦਾ ਉਦਾਹਰਨ ਹੈ। ਤਪਤੀ ਅਜੇਹੀ ਆਗਿਆ ਬਿਨਾਂ ਗੰਧਰਵ ਨਾਲ ਜਾਣ ਨੂੰ ਤਿਆਰ ਨਹੀਂ ਸੀ।

ਪਿਤਾ ਆਪਣੀ ਬੱਚੀ ਦੇ ਦਾਜ ਵਿਚ ਆਪਣੀ ਖੁਸ਼ੀ ਨਾਲ ਹੀ ਬੜਾ ਕੁਝ ਦੇ ਦੇਂਦੇ ਸਨ। ਸਰਦੇ ਪੁਜਦੇ ਪਿਤਾ ਅਤੇ ਰਾਜੇ ਮਹਾਰਾਜੇ ਆਪਣੇ ਵੱਡਪਣ ਦਾ ਪੂਰਾ ਵਖਾਵਾ ਕਰਦੇ ਸਨ। ਇਥੋਂ ਤਕ ਕਿ ਦਾਜ ਵਿਚ ਦਾਸ ਦਾਸੀਆਂ ਵੀ ਦਿੱਤੇ ਜਾਂਦੇ ਸਨ। "ਦ੍ਰੋਪਦੀ ਦੇ ਦਾਜ ਵਿਚ ਹਾਥੀ, ਘੋੜੇ, ਅਸਤਰ, ਸ਼ਸਤਰ, ਸੋਨਾ, ਗਹਿਣੇ, ਦਸ ਹਜ਼ਾਰ ਦਾਸੀਆਂ, ਇਕ ਹਜ਼ਾਰ ਦਾਸ, ਸੌ ਪਾਲਕੀਆਂ ਅਤੇ ਪੰਜ ਸੌ ਕਟਾਰ ਦਿੱਤੇ ਸਨ। ਦੇਵਯਾਨੀ ਦੇ ਦਾਜ ਵਿਚ ਸਰਮਿਸ਼ਠਾ ਦੇ ਨਾਲ ਹੋਰ ਬਹੁਤ ਸਾਰੀਆਂ ਦਾਸੀਆਂ ਅਤੇ ਦਾਜ ਦਾ ਬਹੁਤ ਸਾਰਾ ਸਮਾਨ ਸੀ।"[121] ਪਿਤਾ ਦੀ ਸੰਪਤੀ ਵਿਚ ਕੰਨਿਆਂ ਵਾਰਿਸ ਨਹੀਂ ਹੋ ਸਕਦੀ ਸੀ। ਦਾਜ ਰੂਪ ਵਿਚ ਉਸਨੂੰ ਭਾਵੇਂ ਕਾਫੀ ਹਿੱਸਾ ਦੇ ਦਿੱਤਾ ਜਾਂਦਾ ਸੀ ਪਰ ਭਾਣਾਂ-ਦੀ ਭਰਾਵਾਂ ਦੀ ਤਰ੍ਹਾਂ ਵੰਡ ਕੇ ਹਿੱਸਾ ਲੈਣ ਦੀ ਅਧਿਕਾਰੀ ਨਹੀਂ ਸੀ। ਹਾਂ, 'ਪੁੱਤਰਹੀਣ ਪਿਤਾ ਦਾ ਵਾਰਿਸ ਪੁਤਰੀ ਹੀ ਹੋ ਸਕਦੀ ਸੀ। ਉਹ ਵੀ ਆਪਣੇ ਪੁੱਤਰ ਦੁਆਰਾ ਹੀ।'[122] ਦੂਜੇ ਸ਼ਬਦਾਂ ਵਿਚ ਦੋਹਤਾ ਨਾਨੇ ਦਾ ਵਾਰਿਸ ਅਖਵਾਂਦਾ ਸੀ।

ਗਰੀਬ ਜਾਂ ਲੋੜਵੰਦ ਮਾਪੇ ਕੰਨਿਆਂ ਫੀਸ ਵੀ ਲੈਂਦੇ ਹੋਣਗੇ। ਜੇਕਰ ਇਹ ਧਨ ਪੁੱਤਰੀ ਦੇ ਵਿਆਹ ਵਿਚ ਉਸ ਲਈ ਲੋੜੀਂਦੀਆਂ ਵਸਤਾਂ, ਵਸਤਰ, ਗਹਿਣੇ ਆਦਿ ਉਤੇ ਹੀ ਖਰਚ ਕਰ ਦਿੱਤਾ ਜਾਵੇ ਤਾਂ ਇਹ ਕੰਨਿਆਂ-ਵੇਚਣਾ ਨਹੀਂ ਮੰਨਿਆ ਜਾਂਦਾ ਸੀ। ਸਗੋਂ ਉਸਦਾ ਸਤਿਕਾਰ ਅਤੇ ਮਾਣ ਹੁੰਦਾ ਸੀ। ਜੇਕਰ ਮਾਪੇ ਆਪਣੀ ਵਰਤੋਂ ਜਾਂ ਲੋੜਾਂ ਵਿਚ ਇਹ ਧਨ ਖਰਚਦੇ ਸਨ ਤਾਂ ਇਸਨੂੰ ਬੁਰਾ ਸਮਝਿਆ ਜਾਂਦਾ ਸੀ। 'ਚੰਗੀਆਂ ਭਾਵਨਾਵਾਂ ਨਾਲ ਧਨ ਲੈਣਾ ਬੁਰਾਈ ਨਹੀਂ ਸੀ।'[123]

ਉਪਰੋਕਤ ਵਿਚਾਰਾਂ ਤੋਂ ਪੁੱਤਰੀ ਪ੍ਰਤਿ ਮਾਪਿਆਂ ਦੀ ਸੁਹਿਰਦਤਾ ਦਾ ਆਭਾਸ ਹੁੰਦਾ ਹੈ। ਹਰ ਪੱਖੋਂ ਉਸਦਾ ਖਿਆਲ ਰੱਖਿਆ ਜਾਂਦਾ ਸੀ। ਉਸਦੇ ਸੁਖੀ ਵਿਆਹੁਤਾ ਜੀਵਨ ਦੀ ਕਾਮਨਾ ਕੀਤੀ ਜਾਂਦੀ ਸੀ।

ਵਿਆਹੁਤਾ ਰੂਪ

ਵਿਆਹ ਨਾ ਕੇਵਲ ਸਮਾਜਿਕ ਅਤੇ ਸਰੀਰਕ ਬੰਧਨ ਸੀ ਸਗੋਂ ਅਟੁੱਟ ਆਤਮਿਕ ਸੰਬੰਧ ਸੀ। ਕੇਵਲ ਵਿਆਹੁਤਾ ਮਰਦ ਹੀ ਆਪਣੇ ਪਿੱਤਰ ਰਿਣ ਤੋਂ ਮੁਕਤ ਹੋ ਸਕਦਾ ਸੀ। ਪਤਨੀ ਰੂਪ ਵਿਚ ਇਸਤਰੀ ਦੇ ਕੁਝ ਫਰਜ਼ ਸਨ ਤਾਂ ਕੁਝ ਵਿਸ਼ੇਸ਼ ਅਧਿਕਾਰ ਵੀ ਸਨ। ਦੋਹਾਂ ਦਾ ਆਪਸੀ ਸਹਿਯੋਗ ਹੀ ਗ੍ਰਿਹਸਥ ਦੀ ਗੱਡੀ ਨੂੰ ਸੁਚਾਰੂ ਰੂਪ ਵਿਚ ਚਲਾ ਸਕਦਾ ਹੈ। ਇਸੇ ਲਈ ਤਾਂ ਕਿਹਾ ਗਿਆ ਹੈ ਕਿ 'ਜਿਥੇ ਪਤੀ ਪਤਨੀ ਤੋਂ ਅਤੇ ਪਤਨੀ ਪਤੀ ਤੋਂ ਸੰਤੁਸ਼ਟ ਰਹਿੰਦੀ ਹੈ, ਉਥੇ ਸਦਾ ਕਲਿਆਣ ਹੁੰਦਾ ਹੈ। ਜਿਥੇ ਇਸਤਰੀਆਂ ਦੀ ਪੂਜਾ ਕੀਤੀ ਜਾਂਦੀ ਹੈ ਉਥੇ ਦੇਵਤਾ ਵਾਸ ਕਰਦੇ ਹਨ। ਪਤਨੀ ਨੂੰ ਪੁਰਸ਼ ਦਾ ਅੱਧਾ ਭਾਗ, ਸਰਬੋਤਮ ਸਾਥੀ ਅਤੇ ਗ੍ਰਿਹ-ਲੱਛਮੀ ਜੇਹੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ।'[124] ਅਜੇਹੇ ਸਦਗੁਣਾਂ ਵਾਲੀ ਪਤਨੀ ਨੂੰ ਹੀ ਇਹ ਸਨਮਾਨਿਤ ਸਥਾਨ ਪ੍ਰਾਪਤ ਸੀ। ਪਤਨੀ ਲਈ ਆਪਣੇ ਸਤ ਧਰਮ ਉਤੇ ਕਾਇਮ ਰਹਿੰਦੇ ਹੋਏ ਪਤੀ-ਸੇਵਾ ਵਿਚ ਲੀਨ ਰਹਿਣ ਦੀ ਮਰਯਾਦਾ ਦਾ ਪਾਲਨ ਕਰਨਾ ਜ਼ਰੂਰੀ ਸੀ। ਪਤੀਵਰਤਾ ਹੀ ਸਮਾਜ ਵਿਚ ਸਨਮਾਨਿਤ ਜੀਵਨ ਬਤੀਤ ਕਰ ਸਕਦੀ ਸੀ। ਮੰਗੇਤਰ ਪ੍ਰਤਿ ਪਤੀ ਵਾਲੇ ਫਰਜ਼ ਹੀ ਪੂਰੇ ਕਰਨਾ ਲੜਕੀ ਦਾ ਕਰੱਤਵ ਸੀ। ਸਾਵਿਤਰੀ ਨੇ ਸਤਿਆਵਾਨ ਦੀ ਛੋਟੀ ਉਮਰ ਹੋਣ ਦੀ ਦਲੀਲ ਨੂੰ ਕੱਟਦੇ ਹੋਏ ਪਿਤਾ ਦੁਆਰਾ ਹੋਰ ਵਰ ਤਲਾਸ਼ ਕਰਨ ਦੀ ਪੇਸ਼ਕਸ਼ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਜਿਸਨੂੰ ਇਕ ਵਾਰੀ ਮਨ ਵਿਚ ਧਾਰ ਲਿਆ ਹੈ, ਉਹੀ ਪਤੀ ਹੈ ਭਾਵੇਂ ਉਹ ਅਲਪ ਆਯੂ ਹੈ ਜਾਂ

ਦੀਰਘ ਆਯੂ, ਗੁਣਵਾਨ ਹੈ ਜਾਂ ਗੁਣਹੀਣ। ਇਹ ਆਦਰਸ਼ ਹੀ ਹਰ ਲੜਕੀ ਦੇ ਸਾਹਮਣੇ ਸੀ।

ਸਤੀਤਵ ਅਤੇ ਪਤੀ ਸੇਵਾ ਅੱਗੇ ਤਪਸਵੀ ਦਾ ਸਰਾਪ ਵੀ ਤੁੱਛ ਹੈ ਅਤੇ ਮੈਲੀ ਅੱਖ ਵਾਲੇ ਪਰ - ਪੁਰਸ਼ ਤਾਂ ਅਜੇਹੀ ਔਰਤ ਨੂੰ ਵੇਖ ਵੀ ਨਹੀਂ ਸਕਦੇ। 'ਪਤੀ ਦੀ ਹਰ ਧਰਮ ਅਨੁਕੂਲ ਜਾਂ ਪ੍ਰਤਿਕੂਲ ਆਗਿਆ ਉਤੇ ਫੁਲ ਚੜਾਉਣੇ ਨਾਰੀ - ਧਰਮ ਸੀ।'[125] ਸ਼ਾਂਡਿਲੀ, ਦ੍ਰੋਪਦੀ, ਸੁਕੰਨਿਆਂ ਅਤੇ ਇੰਦਰਸੇਨਾ ਸਦਾ ਪਤੀ ਸੇਵਾ ਵਿਚ ਲਗੀਆਂ ਰਹਿੰਦੀਆਂ ਸਨ। ਸਵਰਗਲੋਕ ਦੀ ਪ੍ਰਾਪਤੀ ਲਈ ਇਸਤਰੀ ਨੂੰ ਪੀਲੇ ਵਸਤਰ ਪਹਿਨਣ ਦੀ ਲੋੜ ਨਹੀਂ ਸੀ। ਪਤੀ ਅਤੇ ਸੱਸ - ਸਹੁਰੇ ਦੀ ਸੇਵਾ ਕਰਕੇ ; ਬੱਚਿਆਂ ਦਾ ਭਲੀਭਾਂਤ ਪਾਲਨ ਪੋਸ਼ਣ ਕਰਕੇ ਅਤੇ ਨਿੰਦਾ ਚੁਗਲੀ ਤੋਂ ਦੂਰ ਰਹਿ ਕੇ ਹੀ ਉਹ ਉੱਤਮ ਲੋਕ ਦੀ ਅਧਿਕਾਰੀ ਹੋ ਜਾਂਦੀ ਹੈ। ਥਾਂ ਪਰ ਥਾਂ ਇਕ ਆਦਰਸ਼ ਇਸਤਰੀ ਦੇ ਗੁਣਾਂ ਦੀ ਵਿਆਖਿਆ ਕਰਦੇ ਹੋਏ ਪਤੀ ਦੀ ਆਗਿਆ ਵਿਚ ਰਹਿਣ ਵਾਲੀ ਪਤਨੀ ਨੂੰ ਪ੍ਰਸ਼ੰਸਨੀਯ ਕਿਹਾ ਹੈ।

ਆਮ ਤੌਰ ਤੇ ਇਸਤਰੀ ਪ੍ਰਤਿ ਉੱਚ ਵਿਚਾਰ ਮਿਲਦੇ ਹਨ। ਉਸਨੂੰ ਪੂਜਨੀਯ, ਸੁਭਾਗਵਤੀ, ਪੁੰਨ - ਦਾਨ ਕਰਨ ਵਾਲੀ ਅਤੇ ਘਰ ਦੀ ਸ਼ੋਭਾ ਕਹਿ ਕੇ ਸਨਮਾਨਿਆ ਜਾਂਦਾ ਸੀ। ਉਸਦੀ ਰੱਖਿਆ ਅਤੇ ਪਾਲਣਾ ਦੀ ਸਾਰੀ ਜ਼ਿਮੇਵਾਰੀ ਪਤੀ ਦੀ ਹੁੰਦੀ ਸੀ। "ਪੁਰਸ਼ ਪਤਨੀ ਦਾ ਭਰਣ ਕਰਨ ਕਰਕੇ ਭਰਤਾ ਅਤੇ ਪਾਲਨ ਕਰਨ ਕਰਕੇ ਪਤੀ ਅਖਵਾਂਦਾ ਹੈ। ਜੇਕਰ ਉਹ ਇਹ ਫਰਜ਼ ਪੂਰੇ ਨਹੀਂ ਕਰਦਾ ਤਾਂ ਉਹ ਭਰਤਾ ਅਤੇ ਪਤੀ ਨਹੀਂ ਰਹਿ ਜਾਂਦਾ। ਪਤਨੀ - ਰਖਿਆ ਵਿਚ ਅਸਮਰਥ ਵਿਅਕਤੀ ਨਰਕਗਾਮੀ ਹੁੰਦਾ ਹੈ।'[126]

ਵਿਦੁਰ ਜੀ ਕਹਿੰਦੇ ਹਨ ਕਿ ਪਤੀ ਨੂੰ ਪਤਨੀ ਪ੍ਰਤਿ ਕੋਮਲ ਅਤੇ ਮਿੱਠੇ ਬਚਨ ਬੋਲਣੇ ਚਾਹੀਦੇ ਹਨ, ਉਸ ਨਾਲ ਬਹਿਸ ਨਹੀਂ ਕਰਨੀ ਚਾਹੀਦੀ। ਜੋ ਵਿਅਕਤੀ ਇਸਤਰੀ ਨੂੰ ਮਾਰਦਾ ਹੈ, ਉਹ ਯਮਲੋਕ ਵਿਚ ਕਸ਼ਟ ਭੋਗਦਾ ਹੋਇਆ ਵੀਹ ਵਾਰੀ ਭੈੜੀਆਂ ਜੂਨਾਂ ਵਿਚ ਪੈਂਦਾ ਹੈ। ਪਤਨੀ ਨੂੰ ਤਾੜਨਾ ਜਾਂ ਮਾਰਨਾ ਠੀਕ ਨਹੀਂ ਹੈ। ਬ੍ਰਾਹਮਣ, ਇਸਤਰੀ ਅਤੇ ਗਾਵਾਂ ਉਤੇ ਹੱਥ ਚੁੱਕਣ ਵਾਲੇ ਪੱਕੇ ਫਲ ਦੀ ਤਰ੍ਹਾਂ ਡਿਗ ਪੈਂਦੇ ਹਨ। ਉਹ ਧਰਮਹੀਣ ਅਤੇ ਬ੍ਰਹਮਘਾਤੀ ਹੁੰਦੇ ਹਨ। "ਇਸਤਰੀ - ਵਧ ਬ੍ਰਹਮ - ਹਤਿਆ ਅਤੇ ਗਊ - ਹਤਿਆ ਦੀ ਤਰ੍ਹਾਂ ਮਹਾਂ ਪਾਪ ਹੈ ਜਿਸਦਾ ਕੋਈ ਪ੍ਰਾਸ਼ਚਿਤ ਨਹੀਂ ਹੈ। ਅਜੇਹਾ ਪਾਪੀ ਲੋਕ - ਪਰਲੋਕ ਵਿਚ ਦੁਰਗਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਕਦੇ ਵੀ ਇਸਤਰੀਆਂ ਪ੍ਰਤਿ ਭੈੜਾ ਵਤੀਰਾ ਨਹੀਂ ਦਰਸਾਉਣਾ ਚਾਹੀਦਾ। ਇਸਤਰੀ ਨੂੰ ਭੈੜੇ ਸ਼ਬਦ ਬੋਲਣ ਵਾਲਾ ਨਰਕ ਦਾ ਭਾਗੀ ਹੁੰਦਾ ਹੈ। ਜਿਸ ਘਰ ਵਿਚ ਇਸਤਰੀਆਂ ਦੀ ਮਾਰ ਕੁਟਾਈ ਕੀਤੀ ਜਾਂਦੀ ਹੈ, ਉਹ ਘਰ ਪਾਪਾਂ ਕਾਰਨ ਦੂਸ਼ਿਤ ਹੋ ਜਾਂਦਾ ਹੈ।"[127]

ਸ਼ਕੁੰਤਲਾ ਪਤੀ ਲਈ ਪਤਨੀ ਦਾ ਮਹੱਤਵ ਦਰਸਾਂਦੀ ਹੋਈ ਕਹਿੰਦੀ ਹੈ - " ਪਤਨੀ ਪਤੀ ਦਾ ਅੱਧਾ ਭਾਗ, ਸਰਬੋਤਮ ਸਾਥੀ, ਭਵਸਾਗਰ ਪਾਰ ਕਰਨ ਦਾ ਸਾਧਨ, ਇਕਾਂਤ ਵਿਚ ਮਿੱਤਰ, ਧਰਮ ਕਰਮ ਵਿਚ ਪਿਤਾ ਅਤੇ ਦੁਖ ਸਮੇਂ ਮਾਤਾ ਹੈ। ਨਲ ਦਮਯੰਤੀ ਨੂੰ ਕਹਿੰਦਾ ਹੈ : ਦੁਖੀ ਆਦਮੀ ਲਈ ਇਸਤਰੀ ਦੇ ਸਮਾਨ ਸੁਖ ਦੀ ਕੋਈ ਦਵਾਈ ਨਹੀਂ ਹੈ।"[128] ਕੇਵਲ ਸਪਤਨੀਕ ਹੀ ਵਿਸ਼ਵਾਸ਼ ਦਾ ਪਾਤਰ ਸੀ। ਪਤਨੀ ਪਤੀ ਦੀ ਵੱਡੀ ਸਲਾਹਕਾਰ ਹੁੰਦੀ ਸੀ। ਕਈ ਵਾਰੀ ਤਾਂ ਉਹ ਪਤੀ ਉਤੇ ਹਾਵੀ ਹੋ ਜਾਂਦੀ ਸੀ। ਅਤ੍ਰੀ ਦੀ ਪਤਨੀ ਨੇ ਉਸਦਾ ਤਿਆਗ ਕਰ ਦਿੱਤਾ ਸੀ। ਵਿਦੇਹਰਾਜ ਦੇ ਸੰਨਿਆਸੀ ਹੋਣ ਤੇ ਉਸ ਦੀ ਪਤਨੀ ਨੇ ਉਸਨੂੰ ਬੁਰਾ ਭਲਾ ਕਿਹਾ ਸੀ। ਜਨਕ ਦੀ ਪਤਨੀ ਨੇ ਜਨਕ ਨੂੰ ਅਤੇ ਕੁੰਤੀ ਨੇ ਪਾਂਡੂ ਨੂੰ ਸੰਨਿਆਸੀ ਬਣਨ ਤੋਂ ਵਰਜਿਆ ਸੀ। ਇਸ ਤੋਂ ਲਗਦਾ ਹੈ ਕਿ ਪਤਨੀ ਦੀ ਸਲਾਹ ਵਿਅਰਥ ਨਹੀਂ ਜਾਂਦੀ ਸੀ।

ਦਾਜ ਨਾਲ ਕੰਨਿਆਂ ਦੇ ਸਨਮਾਨ ਵਿਚ ਵਾਧਾ ਹੁੰਦਾ ਸੀ ਪਰ ਦਾਜ ਜ਼ਰੂਰ ਦੇਣ ਦੀ ਮਜਬੂਰੀ ਨਹੀਂ ਸੀ। ਵੱਡੇ ਲੋਕ ਬਹੁਤ ਦਖਾਵਾ ਕਰਦੇ ਅਤੇ ਵਧ ਚੜ੍ਹ ਕੇ ਦੇਂਦੇ ਸਨ। ਕ੍ਰਿਸ਼ਨ ਨੇ ਭੈਣ ਨੂੰ ਬਹੁਤ ਕੁਝ ਦਿੱਤਾ ਸੀ। ਕਿਉਂਕਿ ਪਤਨੀ, ਦਾਸ ਅਤੇ ਪੁੱਤਰ ਤਿੰਨਾਂ ਨੂੰ ਨਿਰਧਨ ਕਿਹਾ ਗਿਆ ਹੈ। 'ਜਿੰਨਾਂ ਦਾ ਮਾਲਿਕ ਹੀ ਉਨ੍ਹਾਂ ਦੇ ਧਨ/ਸੰਪਤੀ ਦਾ ਵੀ ਅਧਿਕਾਰੀ ਹੁੰਦਾ ਹੈ[129]।' ਪਤੀ ਦਾ ਪਤਨੀ ਉਤੇ ਪੂਰਨ ਪ੍ਰਭੂਤਵ ਹੁੰਦਾ ਹੋਵੇਗਾ। ਪਤਨੀ ਨੂੰ ਉਧਾਰ ਦੇਣ, ਦਾਨ ਦੇਣ, ਵੇਚਣ ਜਾਂ ਜੂਏ ਵਿਚ ਦਾਅ ਤੇ ਲਾਉਣ ਦੇ ਪ੍ਰਸ਼ਨ ਵੀ ਉਠਦੇ ਹੋਣਗੇ। 'ਦਾਸੀਆਂ ਉਤੇ ਅਜੇਹੇ ਅਧਿਕਾਰ ਵਰਤੇ ਜਾਣ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ।'[130] ਦ੍ਰੋਪਦੀ ਨੂੰ ਜੂਏ ਵਿਚ ਹਾਰਨਾਂ ਇਸਦਾ ਵੱਡਾ ਪ੍ਰਮਾਣ ਹੈ। ਯੱਗ ਵਿਚ ਬ੍ਰਾਹਮਣਾਂ ਨੂੰ ਕੰਨਿਆਂ ਦਾਨ ਵਿਚ ਦੇਣ ਦੇ ਹਵਾਲੇ ਵੀ ਹਨ। ਪਰ ਪਤਨੀ ਦਾਨ ਪ੍ਰਮਾਣਿਤ ਨਹੀਂ ਕੀਤਾ ਜਾ ਸਕਿਆ।

ਵਿਆਹ ਸਮੇਂ ਲੜਕੀ ਨੂੰ ਸੁਯੰਬਰ ਰਾਹੀਂ ਮਨ - ਪਸੰਦ ਵਰ ਚੁਣਨ ਦੀ ਖੁਲ੍ਹ ਹੋਵੇਗੀ। ਫਿਰ ਵੀ ਮਾਤਾ - ਪਿਤਾ ਦੀ ਪਸੰਦ ਹੀ ਅੰਤਿਮ ਹੋਣ ਕਾਰਨ ਵਰ ਵਧੂ ਦਾ ਅਪਹਰਨ ਵੀ ਕਰ ਲੈਂਦਾ ਸੀ। ਜਿਵੇਂ ਅਰਜਨ ਸੁਭਦਰਾ ਦਾ ਅਪਹਰਨ ਕਰਕੇ ਲੈ ਗਿਆ ਸੀ। ਅੰਤਰਜਾਤੀ ਵਿਆਹ ਵੀ ਹੁੰਦੇ ਸਨ। ਕਈ ਥਾਵਾਂ ਤੇ ਬਾਲ - ਵਿਆਹ, ਅਣਜੋੜ ਵਿਆਹ, ਵਿਧਵਾ ਵਿਆਹ, 'ਬਹੁ - ਪਤਨੀ ਵਿਆਹ'[131] ਅਤੇ 'ਬਹੁ - ਪਤੀ ਵਿਆਹ'[132] ਦੇ ਉਲੇਖ ਵੀ ਹਨ। ਭਾਵੇਂ ਪੰਜ ਪਾਂਡਵਾਂ ਨਾਲ ਦ੍ਰੋਪਦੀ ਦੇ ਵਿਆਹ ਉਤੇ ਦ੍ਰੁਪਦ ਨੇ ਇਤਰਾਜ਼ ਕੀਤਾ ਸੀ ਅਤੇ ਇਕ ਥਾਂ ਉਸ ਦੀ ਤੁਲਨਾ ਵੇਸਵਾ ਨਾਲ ਵੀ ਕੀਤੀ ਗਈ ਹੈ।

ਇਸਤਰੀਆਂ ਆਮ ਤੌਰ ਤੇ ਪਰਦੇ ਵਿਚ ਰਹਿੰਦੀਆਂ ਸਨ। ਦ੍ਰੋਪਦੀ ਸੁਅੰਬਰ ਸਮੇਂ ਹੀ ਲੋਕਾਂ ਸਾਹਮਣੇ ਆਈ ਸੀ।

ਵਿਧਵਾ ਇਸਤਰੀਆਂ ਦੇ ਮੁੜ ਵਿਆਹ ਦੀਆਂ ਇੱਕਾ - ਦੁੱਕਾ ਉਦਾਹਰਨਾਂ ਤੋਂ ਛੁੱਟ ਆਮ ਅਜੇਹਾ ਰਿਵਾਜ ਨਹੀਂ ਸੀ। 'ਸਤੀ ਹੋਣ ਦੀ ਪ੍ਰਥਾ ਪ੍ਰਚਲਿਤ ਸੀ।'[133] ਪਾਂਡੂ ਪਤਨੀ ਮਾਦਰੀ ਵਾਸਦੇਵ ਦੀਆਂ ਚਾਰੇ ਪਤਨੀਆਂ - ਦੇਵਕੀ, ਭਦ੍ਰਾ, ਰੋਹਿਣੀ ਅਤੇ ਮਦਿਰਾ, ਭਗਵਾਨ ਕ੍ਰਿਸ਼ਨ ਦੀਆਂ ਰਾਣੀਆਂ ਆਦਿ ਦੇ ਸਤੀ ਹੋਣ ਦੇ ਪ੍ਰਮਾਣ ਮਿਲਦੇ ਹਨ। ਸਤੀ ਹੋਣਾ ਮਜਬੂਰੀ ਨਹੀਂ ਸੀ। ਜੋ ਸਤੀ ਨਹੀਂ ਹੋਣਾ ਚਾਹੁੰਦੀਆਂ ਸਨ ਉਹ 'ਨਿਯੋਗ ਦੁਆਰਾ ਪੁੱਤਰ ਪ੍ਰਾਪਤ ਕਰਕੇ'[134] ਉਸਦੀ ਪਾਲਨਾ ਵਿਚ ਜੀਵਨ ਅਰਪਨ ਕਰ ਦੇਂਦੀਆਂ ਸਨ। ਵਿਚਿਤਰਵੀਰ ਦੇ ਮਰ ਜਾਣ ਤੇ ਉਸਦੀ ਮਾਤਾ ਸਤਿਅਵਤੀ ਨੇ ਭੀਸ਼ਮ ਨੂੰ ਉਸਦੀਆਂ ਦੋਹਾਂ ਪਤਨੀਆਂ ਤੋਂ ਨਿਯੋਗ ਦੁਆਰਾ ਪੁੱਤਰ ਪ੍ਰਾਪਤੀ ਲਈ ਹੁਕਮ ਦਿੱਤਾ ਸੀ। ਭੀਸ਼ਮ ਜੀ ਦੇ ਇਨਕਾਰ ਕਰਨ ਤੇ ਵਿਆਸ ਜੀ ਨੂੰ ਅਜੇਹਾ ਕਰਨ ਦਾ ਆਦੇਸ਼ ਦਿੱਤਾ ਸੀ ਕਿਉਂਕਿ ਜਨਨੀ ਰੂਪ ਵਿਚ ਪਹੁੰਚ ਕੇ ਵਿਆਹੁਤਾ ਬੱਚੇ ਦੇ ਪਾਲਨ ਪੋਸਨ ਵਿਚ ਆਪਣਾ ਸਮੁੱਚਾ ਜੀਵਨ ਸਮਰਪਿਤ ਕਰ ਦੇਂਦੀ ਸੀ ਅਤੇ ਪਤੀ-ਵਿਯੋਗ ਦਾ ਦੁਖ ਸਹਿਣ ਦੇ ਸਮਰੱਥ ਹੋ ਜਾਂਦੀ ਸੀ।

ਜਨਨੀ - ਰੂਪ

ਮਹਾਂਭਾਰਤ ਕਾਲ ਵਿਚ ਮਾਤਾ ਨੂੰ ਪੂਜਣਯੋਗ ਮੰਨਿਆ ਜਾਂਦਾ ਸੀ। ਉਸਦਾ ਸਤਿਕਾਰ ਅਤੇ ਸੇਵਾ ਕਰਨੀ ਸੰਤਾਨ ਦਾ ਮੁੱਢਲਾ ਕਰਤੱਵ ਸੀ। ਮਾਤਾ ਪਿਤਾ ਦਾ ਹਿੱਤ ਚਾਹੁਣ ਵਾਲਾ, ਆਗਿਆਕਾਰ ਅਤੇ ਅਨੁਕੂਲ ਆਚਰਨ ਕਰਨ ਵਾਲਾ ਹੀ ਪੁੱਤਰ ਅਖਵਾਉਣ ਦਾ ਅਧਿਕਾਰੀ ਹੈ। 'ਜਨਨੀ ਰੂਪ ਇਸਤਰੀਪਨ ਦੀ ਸੰਪੂਰਨਤਾ ਦੀ ਸੀਮਾ ਅਤੇ ਸਾਰਥਕਤਾ ਸੀ।'[135] ਸੰਤਾਨ ਬਿਨਾਂ ਔਰਤ ਅਧੂਰੀ ਅਤੇ ਬੇਲੋੜੀ ਬਣ ਕੇ ਰਹਿ ਜਾਂਦੀ ਹੈ। ਇਸੇ ਲਈ ਮਹਾਂ ਭਾਰਤ ਵਿਚ ਵਿਧਵਾ ਜਾਂ ਬਾਂਝ ਨਾਰੀ ਲਈ ਨਿਯੋਗ ਦੁਆਰਾ ਪੁੱਤਰ ਪ੍ਰਾਪਤੀ ਦਾ ਵਿਧਾਨ ਕੀਤਾ ਗਿਆ ਹੈ। 'ਵਿਧਵਾ ਇਸਤਰੀਆਂ ਇਸ ਢੰਗ ਦੁਆਰਾ ਪ੍ਰਾਪਤ ਕੀਤੀ ਸੰਤਾਨ ਦੇ ਸਹਾਰੇ ਜੀਵਨ ਕੱਟ ਲੈਂਦੀਆਂ ਸਨ।'[136] ਮਹਾਰਾਣੀ ਮਦਯੰਤੀ ਨੂੰ ਵਸ਼ਿਸ਼ਟ ਦੁਆਰਾ, ਵਚਿਤਰਵੀਰ ਦੀ ਪਤਨੀ ਨੂੰ ਵਿਆਸ ਜੀ ਦੁਆਰਾ ਪੁੱਤਰ ਪ੍ਰਾਪਤੀ ਹੋਈ ਸੀ। ਮਹਾਂਭਾਰਤ ਵਿਚ ਹੋਰ ਵੀ ਅਣਗਿਣਤ ਉਦਾਹਰਨਾਂ ਮਿਲ ਜਾਂਦੀਆਂ ਹਨ।

ਗੌਰਵ ਵਿਚ ਮਾਤਾ ਨੂੰ ਆਚਾਰੀਆ, ਉਪਾਧਿਆਇ ਅਤੇ ਪਿਤਾ ਤੋਂ ਵੀ ਵੱਧ ਕੇ ਮੰਨਿਆ ਗਿਆ ਹੈ। ਦਸ ਆਚਾਰੀਆਂ ਤੋਂ ਵੱਧ ਇਕ ਉਪਾਧਿਆਇ, ਦਸ ਉਪਾਧਿਆਇਆਂ ਤੋਂ ਵੱਧ ਕੇ ਇਕ ਪਿਤਾ ਅਤੇ ਦਸ ਪਿਤਾ ਤੋਂ ਵੱਧ ਇਕ ਮਾਤਾ ਪ੍ਰਤੀਸ੍ਰਿਠਿਤ ਹੈ। ਮਾਤਾ ਆਪਣੇ ਗੌਰਵ ਨਾਲ ਸਮੁੱਚੀ ਪ੍ਰਿਥਵੀ ਨੂੰ ਤਿਰਸਕ੍ਰਿਤ ਕਰ ਦੇਂਦੀ ਹੈ। ਇਸ ਲਈ 'ਮਾਤਾ ਸ੍ਰੇਸ਼ਟ ਗੁਰੂ ਹੈ।'[137] ਜਿਹੜੀ ਸੰਤਾਨ ਮਾਤਾ - ਪਿਤਾ ਦੀ ਸੇਵਾ ਕਰਦੀ ਹੈ ਉਹ ਕਦੇ ਨਰਕ ਦੇ ਦਰਸ਼ਨ ਤਕ ਨਹੀਂ ਕਰਦੀ। ਮਾਤਾ - ਪਿਤਾ ਦੋਵੇਂ ਹੀ ਸੰਤਾਨ ਉਤੇ ਪੂਰੇ ਅਧਿਕਾਰ ਰਖਦੇ ਹਨ। ਜਿਵੇਂ ਪਿਤਾ ਪੁੱਤਰਾਂ ਦਾ ਸੁਆਮੀ ਹੈ ,ਉਸੇ ਤਰ੍ਹਾਂ ਹੀ ਮਾਤਾ ਦਾ ਵੀ ਉਨ੍ਹਾਂ ਉਤੇ ਪੂਰਨ ਅਧਿਕਾਰ ਹੈ। ਇਥੋਂ ਤਕ ਕਿ ਮਾਤਾ ਦੇ ਜੀਵਿਤ ਹੋਣ ਤੇ ਵਿਅਕਤੀ ਸਨਾਥ ਹੈ ਅਤੇ ਉਸ ਇਕੋ ਦੇ ਸਵਰਗਵਾਸ ਚਲੇ ਜਾਣ ਤੇ ਉਹ ਅਨਾਥ ਹੋ ਜਾਂਦਾ ਹੈ। 'ਮਾਤਾ ਹੀ ਸੰਤਾਨ ਲਈ ਵੱਡਾ ਸਹਾਰਾ, ਉੱਤਮ ਰਖਿਅਕ, ਠੰਡੀ ਛਾਂ ਅਤੇ ਸਰਵਪ੍ਰਿਯ ਵਸਤੂ ਹੈ।'[138] ਮਾਤਾ ਤੁਲ ਸੰਸਾਰ ਵਿਚ ਕੋਈ ਸੰਬੰਧ ਨਹੀਂ ਹੈ। ਇਸ ਲਈ ਮਾਤਾ ਪ੍ਰਤਿ ਕਿਸੇ ਪ੍ਰਕਾਰ ਦੇ ਵੀ ਦੁਰਵਿਵਹਾਰ, ਆਚਰਨ ਹੀਨਤਾ, ਵਿਰੋਧ, ਅਵੱਗਿਆ ਜਾਂ ਉਲੰਘਣਾ ਦੀ ਆਗਿਆ ਨਹੀਂ ਹੈ। ਪਸ਼ੂ ਤਕ ਵੀ ਮਾਤਾ ਨੂੰ ਅਵੱਧ ਮੰਨਦੇ ਹਨ। ਇਨਸਾਨ ਨੂੰ ਤਾਂ ਉਸਦੇ ਚਰਨ ਧੋ ਕੇ ਪੀਣੇ ਚਾਹੀਦੇ ਹਨ। ਮਹਾਂਭਾਰਤ ਵਿਚ ਦ੍ਰੋਪਦੀ ਨੂੰ ਪੰਜਾਂ ਪਾਂਡਵਾਂ ਦੀ ਪਤਨੀ ਬਣਨਾ ਪਿਆ ਕਿਉਂਕਿ ਪਾਂਡਵ ਮਾਤਾ ਕੁੰਤੀ ਦੇ ਮੂੰਹੋ 'ਵੰਡ ਕੇ ਖਾ ਲਓ'[139] ਸ਼ਬਦ ਸਹਿਜ ਸੁਭਾਓ ਹੀ ਨਿਕਲ ਗਏ ਸਨ। ਮਾਂ ਦੇ ਸਾਧਾਰਨ ਸ਼ਬਦਾਂ ਉਤੇ ਫੁੱਲ ਚੜਾਉਂਦੇ ਹੋਏ ਪਾਂਡਵਾਂ ਨੇ ਅਜੇਹਾ ਕੀਤਾ। ਇਸ ਤੋਂ ਮਾਤਾ ਦੀ ਆਗਿਆ ਪਾਲਨ ਦੀ ਪ੍ਰਵਿਰਤੀ ਦਾ ਗਿਆਨ ਹੁੰਦਾ ਹੈ।

ਇਕ ਮਾਂ ਦੇ ਕ੍ਰੋਧਿਤ ਹੋ ਜਾਣ ਨਾਲ ਜੀਵਨ ਦੀ ਸਾਰੀ ਸ਼ਾਂਤੀ ਭੰਗ ਹੋ ਜਾਂਦੀ ਹੈ। ਸਾਰੇ ਸਰਾਪਾਂ ਦਾ ਪ੍ਰਤਿਕਾਰ ਸੰਭਵ ਹੈ ਪਰਮਾਤਮਾ ਦੇ ਸਰਾਪ ਨਾਲ ਗ੍ਰਸਿਆਂ ਦਾ ਕੋਈ ਵੀ ਕਲਿਆਣ ਨਹੀਂ[140] ਕਰ ਸਕਦਾ। ਕੇਵਲ ਮਾਤਾ ਨੂੰ ਖੁਸ਼ ਕਰਨ ਦੀ ਲੋੜ ਹੈ। ਇਹ ਮਾਤਾ ਦੇ ਸਵੈ - ਤਿਆਗ ਅਤੇ ਕੁਰਬਾਨੀ ਦੀ ਸ਼ਕਤੀ ਕਾਰਨ ਹੀ ਹੈ। ਮਾਤਾ ਆਪ ਤਿਆਗੇ ਜਾਣ ਤੇ ਵੀ ਪੁਤਰ ਨੂੰ ਪਿਤਾ ਦੁਆਰਾ ਤਿਆਗੇ ਜਾਣਾ ਨਹੀਂ ਵੇਖ ਸਕਦੀ। ਉਹ 'ਆਪਾ ਵਾਰ ਕੇ ਵੀ ਸੰਤਾਨ ਦਾ ਹਿੱਤ ਕਰਦੀ ਹੈ।'[141] ਵੱਡੀ ਤੋਂ ਵੱਡੀ ਔਕੜ ਸਹਿ ਕੇ ਵੀ ਸੰਤਾਨ ਅਤੇ ਪਰਿਵਾਰ ਲਈ ਖੁਸ਼ੀਆਂ ਜੁਟਾਂਦੀ ਹੈ।

ੲ. ਮਹਾਂਕਾਵਿ ਕਾਲੀਨ ਇਸਤਰੀ ਪ੍ਰਤੀਕ ਰੂਪ

ਮਹਾਂਕਾਵਿ ਕਾਲੀਨ ਇਸਤਰੀ ਦਾ ਆਦਰਸ਼ ਸੀਤਾ ਅਤੇ ਦ੍ਰੋਪਦੀ ਦੇ ਚਰਿਤਰਾਂ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦਾ ਆਸਤਿਤਵ " ਪੁਰਸ਼ ਦੇ ਅਸਤਿਤਵ ਵਿਚ ਲੀਨ ਨਾਰੀਤਵ ਨਹੀਂ ਹੈ, ਸਗੋਂ ਭਾਵਨਾਵਾਂ ਵਿਚਾਰਾਂ ਅਤੇ ਤਰਕਾਂ ਵਿਚ ਵਿਅਸਤ ਸ਼ਕਤੀ ਸ਼ਾਲੀ ਇਸਤਰੀਤਵ ਹੈ। ਜਿਸ ਤੋਂ ਸਾਧਾਰਨ ਇਸਤਰੀ ਜੀਵਨ ਦੀ ਪ੍ਰੇਰਨਾ ਲੈ ਸਕਦੀ ਹੈ। ਇਹ ਪਾਤਰ ਕੇਵਲ ਹੱਡ ਮਾਸ ਦੇ ਪੁੱਤਲੇ ਹੀ ਨਹੀਂ, ਭਿੰਨ ਭਿੰਨ ਗੁਣਾਂ ਦੇ ਪ੍ਰਤੀਕਾਂ ਵਜੋਂ ਵੀ ਚਿਤਰੇ ਗਏ ਹਨ। ਇਹ ਪਾਤਰ ਬਿੰਬ ਰੂਪ ਵਿਚ ਵਿਚਰਦੇ ਹੋਏ ਸਵੈ ਦੀ ਅਭਿਵਿਅਕਤੀ ਕਰਦੇ ਹਨ। ਜਿਸਦੇ ਹਾਵ-ਭਾਵ, ਕਾਰਜ ਅਤੇ ਪ੍ਰਗਟ ਵਿਚਾਰਧਾਰਾ ਦੇ ਪਿਛੋਕੜ ਵਿਚ ਕੁਝ ਵਿਸ਼ੇਸ਼ ਗੁਣ/ਔਗੁਣ ਕ੍ਰਿਆਸ਼ੀਲ ਹਨ। ਵਿਵੇਕਸ਼ੀਲ, ਸਨਮਾਨਿਤ, ਸੁਸ਼ੀਲ, ਸਿਸ਼ਟ ਅਤੇ ਸੰਜਮੀ ਪਾਤਰਾਂ ਦਾ ਉਦੇਸ਼ ਇਨ੍ਹਾਂ ਗੁਣਾਂ ਨੂੰ ਪ੍ਰਸਤੁਤ ਕਰਨਾ ਹੈ ਜਦੋਂ ਕਿ ਇਸਦੇ ਵਿਰੋਧੀ ਗੁਣਾਂ ਨੂੰ ਅਵਿਵੇਕਸ਼ੀਲ, ਅਪਮਾਨਿਤ, ਅਸ਼ੀਲ, ਅਸਿਸ਼ਟ ਅਤੇ ਅਸੰਜਮੀ ਪਾਤਰਾਂ ਰਾਹੀਂ ਰੂਪਾਇਮਾਨ ਕੀਤਾ ਗਿਆ ਹੈ।

ਸੀਤਾ ਅਤੇ ਦ੍ਰੋਪਦੀ ਅਜੇਹੀ ਸੰਘਾਰਨੀ ਸ਼ਕਤੀ ਨੂੰ ਚਿਤ੍ਰਿਤ ਕਰਦੀਆਂ ਹਨ ਜੋ ਹੰਕਾਰ ਦਾ ਨਾਸ ਕਰਕੇ ਸੇਵਾ ਭਾਵ, ਤਿਆਗ ਅਤੇ ਨਿਮਰਤਾ ਧਾਰਦੀ ਹੈ। ਉਹ ਪਤੀ ਨੂੰ ਸਰਵੋਤਮ ਮੰਨਦੀਆਂ ਇਕ-ਨਿਸ਼ਟਾ ਦਾ ਪ੍ਰਕਾਸ਼ ਹਨ ਜੋ ਪਤੀ ਦੇ ਚਰਨਾ ਵਿਚ ਲੀਨ ਹਨ। ਅਨਸੂਈਆ ਅਤੇ ਅਹਿਲਿਆ ਈਰਖਾ ਰਹਿਤ ਪਵਿੱਤਰ ਬੁੱਧੀ ਦਾ ਚਿੰਨ੍ਹ ਹਨ ਤਾਂ ਅਰੁੰਧਤੀ ਕੁਸ਼ੱਲਿਆ ਅਤੇ ਸੁਮਿਤਰਾ ਸਤ ਧਰਮ ਦਾ ਸਰੂਪ ਹਨ। ਦਮਯੰਤੀ ਅਤੇ ਉਰਮਿਲਾ ਸ਼ੀਲ ਅਤੇ ਸੰਜਮ ਦਾ ਪ੍ਰਤੀਕ ਹਨ ਤਾਂ ਦੇਵਕੀ ਅੰਤਹਕਰਨ ਦੀ ਸ਼ੁਧੀ ਦੀ ਸ਼ਕਤੀ; ਯਸ਼ੋਧਾ ਅਤੇ ਉਰਵਸ਼ੀ ਵਾਤਸਲ ਅਤੇ ਸੇਵਾ ਦਾ ਆਦਰਸ਼ ਹਨ ਤਾਂ ਸਤਯਭਾਮਾ ਸੱਤ ਦੇ ਆਧਾਰ ਤੇ ਕਰਮ ਕਰਨ ਦੀ ਪ੍ਰੇਰਨਾ। ਦੇਵਯਾਨੀ ਦਿਵਯ ਮਾਰਗ ਤੇ ਚਲਣਵਾਲੀ ਰਜੋਗੁਣੀ ਹੈ ਤਾਂ ਸ਼ਰਮਿਸ਼ਠਾ ਉਸੇ ਦਾ ਪਰਛਾਵਾਂ ਹੈ। ਅੰਬਾ ਪ੍ਰਕਾਸ਼ ਹੈ ਤਾਂ ਅੰਬਿਕਾ ਹਨੇਰੇ - ਚਾਨਣ ਦਾ ਸੁਮੇਲ ਅਤੇ ਅੰਬਾਲਿਕਾ ਹਨੇਰਾ ਜਾਂ ਤਮੋਗੁਣ ਦਾ ਭੰਡਾਰ; ਤਾੜਕਾ ਅਗਿਆਨ, ਆਲਸ, ਸ਼ੰਕਾ, ਭਰਮ, ਵਿਕ੍ਰਿਤ - ਰਜੋਗੁਣ ਨੂੰ ਰੂਪਾਇਮਾਨ ਕਰਦੀ ਹੈ ਤਾਂ ਮੰਥਰਾ ਸਾਡੇ ਅੰਦਰਲੇ ਜਨਮ ਜਨਮਾਂਤਰਾਂ ਦੇ ਸੰਸਕਾਰਾਂ ਦਾ ਪ੍ਰਤੀਕ ਹੈ। ਸਰੂਪਨਖਾਂ ਵਿਸ਼ੇ, ਭੋਗ, ਤ੍ਰਿਸ਼ਨਾਂ ਅਤੇ ਕਾਮਵਾਸ਼ਨਾਂ ਦੀ ਮੂਰਤ ਹੈ ਤਾਂ ਮੰਦੋਦਰੀ ਹੰਕਾਰ ਦੀ ਪੁਜਾਰਨ, ਤਾਰਾ ਪੂਰਵ ਗਿਆਨ ਸ਼ਕਤੀ ਅਤੇ ਵਿਵੇਕਸ਼ੀਲਤਾ ਪ੍ਰਦੀਪਤ ਕਰਦੀ ਹੈ ਤਾਂ ਕੈਕਈ ਕਰਮਫਲ ਭੋਗ ਦਾ

ਵਿਅਕਤੀਕਰਣ ਹੈ। ਸਬਰੀ ਸੁਰਸਤੀ ਦੇਵੀ ਰੂਪ ਹੈ ਛਲ ਕਪਟ ਰਹਿਤ ਨਿਮਰਤਾ ਦੀ ਮੂਰਤ। ਇਸੇ ਤਰ੍ਹਾਂ ਨਰ ਪਾਤਰਾਂ ਦੇ ਪ੍ਰਤੀਕ ਰਾਮ ਅਤੇ ਯੁਧਿਸ਼ਟਰ ਧਰਮ ਹਨ ਤਾਂ ਦੁਰਯੋਧਨ - ਅਧਰਮ। ਧ੍ਰਿਤਰਾਸ਼ਟਰ ਅਗਿਆਨਤਾ ਦਾ ਬਿੰਬ ਹੈ ਤਾਂ ਰਾਵਣ ਅਗਿਆਨ ਮਈ ਹੰਕਾਰ ਹੈ।

ਇਸਤਰੀ ਵਾਚਕ ਰੂਪਾਂ ਨੂੰ ਨਿਰਬਲ ਅਤੇ ਮੂੜ੍ਹ ਕਿਹਾ ਗਿਆ ਹੈ ਜਦੋਂ ਕਿ ਪੁਰਸ਼ਵਾਚੀ ਰੂਪ ਪ੍ਰਤਾਪੀ ਅਤੇ ਤੇਜਸਵੀ ਮੰਨੇ ਗਏ ਹਨ। ਅਜੇਹੇ ਵਿਚਾਰਾਂ ਤੋਂ ਮਰਦ ਦੀ ਇਸਤਰੀ ਉਤੇ ਪ੍ਰਭੁਤਾ ਸਿੱਧ ਹੁੰਦੀ ਹੈ:-

"ਗਿਆਨ ਬਿਰਾਗ, ਜੋਗ ਬਿਗਯਾਨਾ ॥
ਏ ਸਬ ਪੁਰਸ਼ ਸੁਨਹੁ ਹਰਿਜਾਨਾ ॥
ਪੁਰਸ਼ ਪ੍ਰਤਾਪ ਪ੍ਰਬਲ ਸਬ ਭਾਂਤੀ ॥
ਅਬਲਾ ਅਬਲ ਸਹਜ ਜੜ ਜਾਤੀ॥"[142]

ਗਿਆਨ, ਵੈਰਾਗ, ਜੋਗ ਅਤੇ ਵਿਗਿਆਨ - ਪੁਰਸ਼ਵਾਚੀ ਹਨ ਇਨ੍ਹਾਂ ਦਾ ਪ੍ਰਤਾਪ ਤੇਜ਼ ਹੈ ਹਰ ਪੱਖੋਂ ਪ੍ਰਬਲ। ਅਬਲਾ ਇਸਤਰੀਵਾਚੀ ਹੈ ਜੋ ਬਲਰਹਿਤ ਹੈ, ਜੜ੍ਹ ਹੈ, ਮੂਰਖ ਹੈ।

ਭਗਤੀ ਜੇਹੇ ਵਿਰਲੇ ਹੀ ਇਸਤਰੀਲਿੰਗ ਸ਼ਬਦ ਹਨ ਜੇਹੜੇ ਪਵਿੱਤਰਤਾ, ਨਿਮਰਤਾ ਅਤੇ ਸਦਗੁਣਾਂ ਦੇ ਲੱਛਣ ਹਨ।

" ਮਾਯਾ ਭਗਤਿ ਸੁਨਹੁ ਤੁਮ ਦੋਊ॥
ਨਾਰਿ ਵਰਗ ਜਾਨਇ ਸਭ ਕੋਊ ॥
ਪੁਨਿ ਰਘੁਬੀਰਹਿ ਭਗਤਿ ਪਿਆਰੀ ॥
ਮਾਯਾ ਖਲ ਨਰਤਕੀ ਬਿਚਾਰੀ ॥"[143]

ਮੁਕਦੀ ਗੱਲ ਕਿ ਪਤੀ ਬਿਨਾਂ ਪਤਨੀ ਦੀ ਗਤੀ ਨਹੀਂ ਸੀ। ਪਤਨੀ ਦਾ ਵਿਅਕਤਿਤਵ ਪਤੀ ਨਾਲ ਇਕ-ਮਿਕ ਹੋ ਚੁੱਕਾ ਸੀ। ਕੁਝ ਚਤੁਰ ਗ੍ਰਹਿਣੀਆਂ - ਕੁਸ਼ਲਿਆ, ਸੁਮਿਤ੍ਰਾ, ਤਾਰਾ, ਮੰਦੋਦਰੀ ਅਤੇ ਸੀਤਾ - ਆਪਣੇ ~~ਸਗੁਣ~~ ਸਦਗੁਣਾਂ ਅਤੇ ਸ਼ਿਸ਼ਟਾਚਾਰ ਸਦਕਾ ਜਗਤ ਪ੍ਰਸਿੱਧ ਹੋ ਚੁੱਕੀਆਂ ਹਨ। ਕੁਝ ਭੈੜੀਆਂ ਰੁਚੀਆਂ ਅਤੇ ਨੀਚ ਵਿਚਾਰਾਂ ਵਾਲੀਆਂ ~~ਦਾ~~ ਘਿਰਣਾਂ ਦਾ ਕੇਂਦਰ ਵੀ ਸਨ ਪਰ ਇਹ ਦੋ ਅੰਤਿਮ ਸੀਮਾਵਾਂ ਹਨ ਜਿਨ੍ਹਾਂ ਦੇ ਵਿਚਾਲੇ ਵਿਚਰਦੀ ਔਸਤ ਇਸਤਰੀ ਸਮਾਜ ਦੁਆਰਾ ਤਾਂ ਕੀ

ਆਪਣੇ ਆਪ ਨੂੰ ਵੀ ਪਹਿਚਾਨਣ ਦੇ ਅਯੋਗ ਸੀ। ਇਸਤਰੀ ਕੁਦਰਤ ਵਲੋਂ ਭੈੜੀ ਨਹੀਂ ਬਣਾਈ ਗਈ ਚੰਗਾ ਵਾਤਾਵਰਨ, ਵਿਵਹਾਰ ਅਤੇ ਪਹਿਚਾਣ ਮਿਲਣ ਤੇ ਉਹ ਸੱਚੀ ਮਿੱਤਰ ਸੀ ਪਰ ਤਿਰਸਕ੍ਰਿਤ ਹੋਣ ਤੇ ਭਿਆਨਕ ਰੂਪ ਧਾਰ ਕੇ ਦੋਖੀ ਦਾ ਸੰਘਾਰ ਕਰਨ ਵਾਲੀ ਮਹਾਂਕਾਲੀ ਦਾ ਰੂਪ ਧਾਰ ਲੈਂਦੀ ਸੀ।

(ਅ) ਆਗਮਕਾਲੀਨ ਵਿਚਾਰਧਾਰਾ ਅਤੇ ਇਸਤਰੀ

ਭਗਵਾਨ ਬੁੱਧ ਅਤੇ ਮਹਾਂਵੀਰ ਨੇ ਪੰਜਵੀਂ ਛੇਵੀਂ ਸੱਦੀ ਈਸਵੀ ਪੂਰਵ ਵਿਚ ਆਪਣੇ ਧਰਮਾਂ ਦਾ ਪ੍ਰਚਾਰ ਕੀਤਾ। ਬੋਧੀ ਆਗਮਾਂ ਵਿਚ 500 ਈਸਵੀ ਪੂਰਵ ਤੋਂ ਈਸਵੀ ਸਦੀ ਦੇ ਆਰੰਭ ਤਕ ਅਤੇ ਜੈਨੀ ਆਗਮਾਂ ਵਿਚ 500 ਈਸਵੀ ਪੂਰਵ ਤੋਂ 500 ਈਸਵੀ ਤਕ ਦੇ ਸਮਾਜ ਦਾ ਚਿਤ੍ਰ ਮਿਲਦਾ ਹੈ। ਜੈਨ ਧਰਮ ਨੂੰ ਬੁਧ ਧਰਮ ਤੋਂ ਬਹੁਤ ਪ੍ਰਾਚੀਨ ਮੰਨਿਆ ਜਾਂਦਾ ਹੈ ਪਰ ਮਹਾਂਵੀਰ ਜੈਨ ਜੋ ਜੈਨੀਆਂ ਦੇ ਚੌਵੀਵੇਂ ਅਤੇ ਅੰਤਿਮ ਤੀਰਥੰਕਰ ਹੋਏ ਹਨ, ਨੂੰ ਮਹਾਤਮਾ ਬੁੱਧ ਦਾ ਸਮਕਾਲੀ ਮੰਨਿਆ ਜਾਂਦਾ ਹੈ। ਇਹ ਸਮਾਂ ਮਨੁੱਖੀ, ਸੰਸਕ੍ਰਿਤੀ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਦੁਨੀਆਂ ਦੇ ਮਹਾਨ ਵਿਚਾਰਵਾਨ ਏਸੇ ਯੁੱਗ ਵਿਚ ਹੋਏ ਹਨ। ਭਾਰਤ ਵਿਚ ਮਹਾਂਵੀਰ ਅਤੇ ਬੁੱਧ, ਚੀਨ ਵਿਚ ਲਾਓਤਜ਼ ਅਤੇ ਕਨਫਿਊਸ਼ਿਅਸ, ਯੂਨਾਨ ਵਿਚ ਪਰਮੈਨੀਡੀਜ਼ ਅਤੇ ਐਂਪੇਡੋਕਲੀਜ਼ ਅਤੇ ਫਾਰਸ ਵਿਚ ਜ਼ਰਦਸ਼ਤ ਆਦਿ ਹੋਏ ਹਨ। ਇਸ ਕਾਲ ਵਿਚ ਭਾਰਤ ਵਿਚ ਜੈਨੀ ਅਤੇ ਬੋਧੀ ਵਿਚਾਰਧਾਰਾ ਦਾ ਜ਼ੋਰ ਸੀ। ਇਨ੍ਹਾਂ ਦੋਹਾਂ ਮੱਤਾਂ ਦੇ ਧਾਰਮਿਕ ਗ੍ਰੰਥਾਂ ਨੂੰ ਆਗਮ ਕਿਹਾ ਜਾਂਦਾ ਹੈ। ਇਸ ਲਈ ਇਸ ਸਮਾਜ ਨੂੰ ਆਗਮ-ਕਾਲੀਨ ਸਮਾਜ ਕਿਹਾ ਜਾਂਦਾ ਹੈ।

ਬੋਧੀ ਆਗਮਾਂ ਵਿਚ ਹੇਠ ਲਿਖੇ ਗ੍ਰੰਥ ਸ਼ਾਮਿਲ ਹਨ:-

1 - ਵਿਨਯਪਿਟਕ : ਪਾਰਾਜਿਕ ; ਪਾਚਿਤਿਯ; ਮਹਾਵੱਗ; ਚੁੱਲਵਗ ਅਤੇ ਪਰਿਵਾਰ ।

2- ਸੁਤਪਿਟਕ; ਦੀਘਨਿਕਾਯ; ਮੱਝਿਮ ਨਿਕਾਯ; ਸੰਯੁਕਤ ਨਿਕਾਯ; ਅੰਗੁਤਰ ਨਿਕਾਯ ਅਤੇ ਖੁੱਦਕ ਨਿਕਾਯ।

3- ਅਨੁਪਿਟਕ: ਮਿਲਿੰਦਪੰਹੋ।

4- ਅਤੇ ਜੈਨ ਆਗਮਾਂ ਵਿਚ ਸ਼ਮਿਲ ਹਨ:-

ਗਿਆਰਾਂ ਅੰਗ; ਬਾਰਾਂ ਉਪਾਂਗ; ਦਸ ਪ੍ਰਕੀਰਣਕ; ਛੇ ਛੇਦ ਸੂਤਰ; ਚਾਰ ਮੂਲ ਸੂਤਰ ਅਤੇ ਦੋ ਚੂਲਿਕਾ ਸੂਤਰ।

ਇਹ ਦੋਵੇਂ ਧਰਮ ਜੀਵਨ ਵਿਚ ਤਿਆਗ ਦੀ ਮਹੱਤਤਾ ਨੂੰ ਮੰਨਦੇ ਹੋਏ ਤਿਆਗ ਉਤੇ ਜ਼ੋਰ ਦੇਂਦੇ ਹਨ। ਦੋਹਾਂ ਮਹਾਂਪੁਰਸ਼ਾਂ ਨੇ ਤਿਆਗੀ ਜੀਵਨ ਦੀ ਨਿਜੀ ਉਦਾਹਰਨ ਪੇਸ਼ ਕੀਤੀ ; ਸਰੀਰ ਨੂੰ ਘੋਰ ਕਸ਼ਟ ਦਿੱਤੇ ਅਤੇ ਸੱਚ ਦੀ ਭਾਲ ਵਿਚ ਜ਼ਿੰਦਗੀ ਦੇ ਬਹੁਤ ਸਾਰੇ ਵਰ੍ਹੇ ਲੰਘਾਏ। ਦੋਹਾਂ ਨੇ ਹੀ ਇਸਤਰੀ ਨੂੰ ਤਿਆਗਣ ਦਾ ਆਦੇਸ਼ ਦਿੱਤਾ। ਫਿਰ ਵੀ ਦੋਹਾਂ ਨੇ ਹੀ ਇਸਤਰੀਆਂ ਲਈ ਧਾਰਮਿਕ ਜੀਵਨ ਦੇ ਰਾਹ ਖੋਲ੍ਹੇ। ਬੁੱਧ ਨੇ ਉਨ੍ਹਾਂ ਲਈ ਵਖਰੇ ਸੰਘ ਦੀ ਸਥਾਪਨਾ ਕੀਤੀ ਅਤੇ ਜੈਨੀਆਂ ਦੀ 19ਵੀਂ ਤੀਰਥੰਕਰ ਇਕ ਇਸਤਰੀ ਮਲ੍ਹੀਨਾਥ ਹੋਣੀ ਹੈ। ਇਨ੍ਹਾਂ ਧਰਮਾਂ ਨੇ ਇਸਤਰੀਆਂ ਪ੍ਰਤਿ ਨਿਮਰਤਾ ਵਾਲਾ ਵਤੀਰਾ ਰਖਦਿਆਂ ਹੋਇਆਂ ਉਨ੍ਹਾਂ ਨੂੰ ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਉੱਨਤੀ ਦੇ ਮੌਕੇ ਦਿੱਤੇ। ਬੁਧੀ ਆਗਮਾਂ ਵਿਚ ਦਰਜ 'ਸਤ ਰਤਨਾਂ'[144] ਵਿਚੋਂ ਅਤੇ ਜੈਨੀ ਆਗਮਾਂ ਵਿਚ ਦਰਜ 'ਚੌਦਾ ਰਤਨਾਂ'[145] ਵਿਚੋਂ ਇਸਤਰੀ ਨੂੰ ਇਕ ਰਤਨ ਮੰਨਿਆ ਗਿਆ ਹੈ।

ਇਹ ਦੋਵੇਂ ਧਰਮ ਔਰਤ ਜਾਤੀ ਨੂੰ ਸਮਾਜਿਕ ਸਮਾਨਤਾ ਦੇਣ ਦੇ ਹੱਕ ਵਿਚ ਸਨ।[146] ਆਗਮਾਂ ਵਿਚ ਪਤੀਬ੍ਰਤਾ ਇਸਤਰੀ ਦੀ ਪ੍ਰਸ਼ੰਸਾ ਕੀਤੀ ਗਈ ਹੈ। ਹੁਣ ਅਸੀਂ ਦੋਹਾਂ ਵਿਚਾਰਧਾਰਾਵਾਂ ਅਨੁਸਾਰ ਇਸਤਰੀ ਬਾਰੇ ਵੱਖ ਵੱਖ ਵਿਚਾਰ ਕਰਾਂਗੇ।

ਬੁਧੀ ਵਿਚਾਰਧਾਰਾ ਅਤੇ ਇਸਤਰੀ

ਕਿਸੇ ਵੀ ਕਾਲ ਦੀ ਸਾਂਸਕ੍ਰਿਤਕ ਦਸ਼ਾ ਦੀ ਜਾਣਕਾਰੀ ਲਈ ਉਸ ਕਾਲ ਦੀਆਂ ਇਸਤਰੀਆਂ ਦੀ ਅਵਸਥਾ ਦਾ ਗਿਆਨ ਬਹੁਤ ਜ਼ਰੂਰੀ ਹੈ। ਬੁੱਧ ਧਰਮ ਗ੍ਰਿਹਸਥੀਆਂ ਦਾ ਧਰਮ ਨਹੀਂ ਸੀ। ਇਸ ਕਰਕੇ ਇਸਤਰੀ ਪ੍ਰਤਿ ਵਿਸਥਾਰ ਵਿਚ ਚਰਚਾ ਨਹੀਂ ਮਿਲਦੀ। ਭਾਵੇਂ ਮਹਾਤਮਾ ਬੁੱਧ ਨੇ 'ਕਰੁਣਾ, ਨਿਮਰਤਾ ਅਤੇ ਸੰਜਮ ਦੇ ਉਪਦੇਸ਼ ਰਾਹੀਂ ਇਸਤਰੀਆਂ ਦੀ ਡਿਗਦੀ ਹਾਲਤ ਨੂੰ ਸੰਭਾਲਿਆ[147] ਅਤੇ ਸਮਾਂ ਪੈਣ ਤੇ ਉਨ੍ਹਾਂ ਨੂੰ ਭਿਕਸ਼ੁਣੀਆਂ ਵੀ ਬਣਾਇਆ।

ਬੁੱਧ ਧਰਮ ਦਾ ਜਨਮ ਵੈਦਿਕ ਧਰਮ ਦੇ ਕਰਮਕਾਂਡਾਂ, ਬਾਹਰੀ ਆਡੰਬਰਾਂ ਅਤੇ ਸੰਕੀਰਣਤਾ ਦੀ ਪ੍ਰਤਿਕਿਰਿਆ ਦੇ ਫਲਸਰੂਪ ਹੋਇਆ।[148] ਇਸ ਵਿਚ ਜਾਤੀ, ਧਰਮ, ਨਸਲ ਜਾਂ ਲਿੰਗ ਭੇਦ ਨੂੰ ਤਿਆਗ ਕੇ ਮੋਚ ਲਈ ਸਮਾਜਿਕ ਅਤੇ ਧਾਰਮਿਕ ਸਮਾਨਤਾ ਸੀ। ਆਦਮੀ ਅਤੇ ਔਰਤ ਦੀ ਧਾਰਮਿਕ

ਅਜ਼ਾਦੀ ਅਤੇ ਸਮਾਜਿਕ ਸਮਾਨਤਾ ਦੀ ਗੱਲ ਕਰਨੀ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਸੀ। ਬੁੱਧ ਅਤੇ ਉਸਦੇ ਚੇਲੇ ਲਗਾਤਾਰ ਜ਼ਾਤਪਾਤ; ਛੂਤਛਾਤ ਅਤੇ ਇਸਤਰੀਆਂ ਨੂੰ ਦਬਾਈ ਰਖਣਾ ਆਦਿ ਬੁਰਾਈਆਂ ਦੀ ਆਲੋਚਨਾ ਕਰਦੇ ਰਹੇ।[149] ਉਨ੍ਹਾਂ ਨੇ ਸੰਗਠਿਤ ਧਾਰਮਿਕ ਜੀਵਨ ਦੇ ਦਰਵਾਜ਼ੇ ਔਰਤ ਅਤੇ ਮਰਦ ਦੋਹਾਂ ਲਈ ਬਰਾਬਰ ਖੋਲ ਦਿੱਤੇ।[150]

ਇਸਤਰੀ ਜੀਵਨ ਸੰਬੰਧੀ ਬੋਧੀ ਆਗਮਾਂ ਤੇ ਆਧਾਰਿਤ ਦੋ ਪ੍ਰਸਿੱਧ ਗ੍ਰੰਥ ਲਿਖੇ ਗਏ ਹਨ ਜੋ ਇਸਤਰੀ ਜਾਤੀ ਦੇ ਸਰਬਪੱਖੀ ਜੀਵਨ ਉਤੇ ਚਾਨਣਾ ਪਾਉਂਦੇ ਹਨ:-

1 - Women in Buddhist Literature by Vimal Charan Law

2 - Women Under Primitive Buddhism by I. B. Horner

'ਵੈਦਿਕ ਧਰਮ ਅਧੀਨ ਇਸਤਰੀ ਅੜਿਆਂ ਦੇ ਭਾਰ ਹੇਠ ਦਬੀ ਹੋਈ ਸੀ। ਸ਼ਾਸਤਰਕਾਰਾਂ ਨੇ ਤਾਂ ਉਸਨੂੰ ਵਿਅਕਤੀਗਤ ਪੂਜਾ ਅਤੇ ਅਰਾਧਨਾ ਦੇ ਅਧਿਕਾਰ ਤੋਂ ਵੀ ਵਾਂਝਿਆ ਕਰ ਦਿੱਤਾ ਸੀ। ਉਸੇ ਪੀੜਿਤ ਨਾਰੀ ਨੂੰ ਬੁੱਧ ਧਰਮ ਦੁਆਰਾ ਸਹਾਨੂਭੂਤਿ ਪ੍ਰਾਪਤ ਹੋਈ ਕਿਉਂਕਿ ਉਹ ਵਿਆਹੁਤਾ; ਕੁਆਰੀ; ਵਿਧਵਾ; ਔਤਰੀ; ਵੇਸਵਾ ਅਤੇ ਪਤਿਤ ਸਭ ਨੂੰ ਹੀ ਸਵੀਕਾਰ ਕਰ ਲੈਂਦਾ ਸੀ। ਇਸ ਧਰਮ ਦੁਆਰਾ ਧਾਰਮਿਕ ਜੀਵਨ ਦਾ ਅਧਿਕਾਰ ਸਭ ਤਰਾਂ ਦੀਆਂ ਇਸਤਰੀਆਂ ਨੂੰ ਪ੍ਰਾਪਤ ਹੋਇਆ।'[151]

ਇਸਤਰੀ ਨੇ ਵਾਸਤਵ ਵਿਚ ਦੂਣ ਸੁਖ ਦਾ ਸਾਹ ਲਿਆ। 'ਸੰਘ ਤੋਂ ਬਾਹਰ ਵੀ ਸੁਜਾਤ, ਵਿਸ਼ਾਖਾ, ਅਤੇ ਸੁਪ੍ਰਸੁਵਤੀ ਨੇ ਜ਼ਿੰਦਗੀ ਦੇ ਭਿੰਨ ਭਿੰਨ ਖੇਤਰਾਂ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ। ਅਮਰਪਾਲੀ ਜੇਹੀਆਂ ਵੇਸਵਾਵਾਂ ਲਈ ਵੀ ਧਾਰਮਿਕ ਜੀਵਨ ਦਾ ਰਾਹ ਖੁਲ੍ਹਾ ਸੀ। ਥੇਰੀ ਗਾਥਾਵਾਂ ਵਿਚ ਉਪਲਵਾਨ, ਸੁਲਭਾ, ਕਿਸਾ ਗੋਤਮੀ, ਸੋਮਾ ਆਦਿ ਇਸਤਰੀਆਂ ਦਾ ਵਰਣਨ ਹੈ ਜਿਨ੍ਹਾਂ ਨੇ ਜਿੰਦਗੀ ਦੇ ਦੁਖਾਂ ਨੂੰ ਵੇਖ ਕੇ ਉਸਦਾ ਤਿਆਗ ਕੀਤਾ ਅਤੇ ਮੁਕਤੀ ਪ੍ਰਾਪਤੀ ਲਈ ਜੋ ਸੁਨਿਹਰੀ ਮੌਕਾ ਮਿਲਿਆ, ਉਸਦਾ ਉਨ੍ਹਾਂ ਨੇ ਪੂਰਾ ਲਾਭ ਉਠਾਇਆ।'[152] ਪ੍ਰਸਿੱਧ ਬੋਧੀ ਸੰਤਨੀਆਂ ਵਿਚ 'ਗੋਪਾ' ਗੋਤਮ ਬੁੱਧ ਦੀ ਪਤਨੀ - ਨੂੰ ਸਰਵ ਉਚ ਸਥਾਨ ਪ੍ਰਾਪਤ ਹੈ ਜਿਸਨੇ ਆਪਣੇ ਇਕਲੌਤੇ ਪੁੱਤਰ ਨੂੰ ਵੀ ਭਿਕਸ਼ੂ ਬਣਾ ਦਿੱਤਾ। ਰਾਜ ਘਰਾਨੇ ਵਿਚੋਂ ਬੁੱਧ ਦੀ ਮਾਂ ਅਤੇ ਪਤਨੀ ਤੋਂ ਬਿਨਾਂ ਭੈਣ ਨੰਦਾ, ਸੇਲਾ ਅਤੇ ਜਯੰਤੀ ਵੀ ਥੇਰੀਆਂ ਬਣੀਆਂ।

'ਵਿਦਵਾਨਾਂ ਦਾ ਮੱਤ ਹੈ ਕਿ ਮਾਨਸਿਕ, ਨੈਤਿਕ, ਪਰਿਵਾਰਿਕ ਅਤੇ ਸਮਾਜਿਕ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਇਸਤਰੀਆਂ ਸੰਘ ਵਿਚ ਸ਼ਾਮਿਲ ਹੁੰਦੀਆਂ ਸਨ। ਪਰ ਬਹੁਤ ਸਾਰੀਆਂ ਚਿੰਤਨਸ਼ੀਲ ਇਸਤਰੀਆਂ ਬੌਧਿਕ ਅਤੇ ਅਧਿਆਤਮਕ ਖਿੱਚ ਕਾਰਨ ਵੀ ਸੰਘ ਵਿਚ ਸ਼ਾਮਿਲ ਹੋਈਆਂ।'[153]

ਇਹ ਕਿਹਾ ਜਾਂਦਾ ਹੈ ਕਿ ਮਹਾਤਮਾ ਬੁੱਧ ਨੇ ਆਨੰਦ ਦੇ ਬਾਰ ਬਾਰ ਕਹਿਣ ਤੇ ਹੀ ਇਸਤਰੀਆਂ ਨੂੰ ਸੰਘ ਵਿਚ ਪਰਵੇਸ਼ ਕਰਨ ਦੀ ਆਗਿਆ ਦਿੱਤੀ ਸੀ। ਪਰ ਨਾਲ ਹੀ ਉਨ੍ਹਾਂ ਦੇ ਆਚਰਨ ਉਤੇ ਅੱਠ ਗੁਰੂ ਧਰਮ ਲਾ ਦਿੱਤੇ। ਇਸਤਰੀ ਸੰਘ ਲਈ ਉਨ੍ਹਾਂ ਦੀਆਂ ਸਰੀਰਕ ਲੋੜਾਂ, ਇਸਤਰੀ ਸੁਭਾ ਅਤੇ ਆਚਰਨ ਸੰਬੰਧੀ 8 ਕਠੋਰ ਨਿਯਮ ਬਣਾਏ ਅਤੇ ਸੰਘ ਦੀ ਪ੍ਰਭੁਸੱਤਾ ਭਿਕਸ਼ੂਆਂ ਦੇ ਹੱਥ ਹੀ ਰਹੀ।'[154] ਪਰ ਵਾਸਤਵ ਵਿਚ 'ਇਹ ਰੋਕਾਂ ਸਿਖਲਾਈ ਲੈਣ ਵਾਲੀਆਂ ਭਿਕਸ਼ੁਣੀਆਂ ਉਤੇ ਹੀ ਲਾਗੂ ਸਨ। ਮਹਾਤਮਾਂ ਬੁੱਧ ਨੇ ਇਸਤਰੀਆਂ ਦੀ ਸਥਿਤੀ ਨੂੰ ਸੁਧਾਰਨ ਲਈ ਆਪਣੀਆਂ ਸਿਖਿਆਵਾਂ ਵਿਚ ਕੁਝ ਅਸੂਲ ਰਖੇ ਸਨ। ਉਨ੍ਹਾਂ ਅਨੁਸਾਰ :-

1) ਔਰਤ ਵੀ ਆਦਮੀ ਦੀ ਤਰ੍ਹਾਂ ਆਪਣੇ ਪਿਛਲੇ ਕਰਮਾਂ ਦਾ ਫਲ ਭੋਗਦੀ ਹੈ।

2) ਬਾਂਝ ਅਤੇ ਵਿਧਵਾ ਵੀ ਧਾਰਮਿਕ ਰਸਮਾਂ ਪੂਰੀਆਂ ਕਰ ਸਕਦੀ ਹੈ।

3) ਇਸਤਰੀਆਂ ਵੀ ਮੁਕਤੀ ਪ੍ਰਾਪਤ ਕਰ ਸਕਦੀਆਂ ਹਨ।

4) ਵਿਆਹੁਤ ਅਤੇ ਕੁਆਰੀਆਂ ਸਭ ਹੀ ਭਿਕਸ਼ੁਣੀਆਂ ਬਣ ਸਕਦੀਆਂ ਹਨ।

5) ਭਿਕਸ਼ੁਣੀਆਂ ਵੀ ਭਿਕਸ਼ੂਆਂ ਵਰਗੀ ਸਿਖਿਆ ਲੈ ਸਕਦੀਆਂ ਹਨ।[155]

<u>ਕੰਨਿਆ ਰੂਪ</u>

ਮਹਾਤਮਾ ਬੁੱਧ ਅਨੁਸਾਰ ਇਸਤਰੀ ਅਤੇ ਪੁਰਸ਼ ਦੋਵੇਂ ਹੀ ਪੂਰਬਲੇ ਜਨਮਾਂ ਦੇ ਫਲ ਭੋਗਦੇ ਹਨ। ਇਸ ਲਈ 'ਸਿਰਫ਼ ਪੁੱਤਰ ਦੁਆਰਾ ਸਵਰਗ ਪ੍ਰਾਪਤੀ ਸੰਭਵ ਹੈ' ਇਹ ਵਿਚਾਰ ਗਲਤ ਹੈ ਹੌਲੇ ਹੌਲੇ ਤਕ ਪੁੱਤਰੀ ਦਾ ਜਨਮ ਅਸ਼ੁਧ ਨਹੀਂ ਸੀ ਮੰਨਿਆ ਜਾਣ ਲਗਾ।[156] ਪੁੱਤਰ/ਪੁੱਤਰੀ ਦਾ ਭੇਦ ਖਤਮ ਹੀ ਸੀ। ਸੰਤਾਨ ਪ੍ਰਾਪਤੀ ਦੇ ਹਵਾਲੇ ਹਨ ਪਰ ਪੁੱਤਰ ਵਿਸ਼ੇਸ਼ ਦਾ ਜ਼ਿਕਰ ਨਹੀਂ ਹੈ।



ਉੱਤਰ ਕਾਲੀਨ ਗ੍ਰੰਥਾਂ ਵਿਚ ਕੰਨਿਆਂ ਦੇ ਜਨਮ ਉਤੇ ਮਨੁੱਖਾਂ ਨੂੰ ਖੁਸ਼ ਹੁੰਦੇ ਵਿਖਾਇਆ ਗਿਆ ਹੈ। ਉਪਰੰਤ ਆਪਣੀ ਲੜਕੀ ਦੀ ਮੌਤ ਉਤੇ ਬਹੁਤ ਦੁੱਖੀ ਹੁੰਦੀ ਹੈ।[157] ਪੁਤਰੀ ਪਿਆਰ ਦੀ ਪਾਤਰ ਸੀ ਅਤੇ ਮਾਪਿਆਂ ਨੂੰ ਸੁਖ ਦੇਣ ਵਾਲੀ ਮੰਨੀ ਜਾਂਦੀ ਸੀ। ਉਨ੍ਹਾਂ ਨੇ ਪੁੱਤਰ ਨੂੰ ਮਹੱਤਤਾ ਦੇਣ ਵਾਲੇ ਕਾਰਨਾਂ ਨੂੰ ਮਾਨਤਾ ਨਾ ਦਿੱਤੀ। ਲੜਕੀਆਂ ਵਿਚ ਸਵੈ-ਮਾਨ ਦੀ ਭਾਵਨਾ ਪੈਦਾ ਕਰਨ ਵਾਲੇ ਸਿਧਾਂਤਾਂ ਦਾ ਪ੍ਰਸਾਰ ਕੀਤਾ ਅਤੇ ਪੁੱਤਰ ਦੇ ਨਾਂ ਨਾਲ ਜੁੜੀ ਧਾਰਮਿਕ ਮਹੱਤਤਾ ਨੂੰ ਖਤਮ ਕਰ ਦਿੱਤਾ।'[158]

'ਉਸ ਕਾਲ ਵਿਚ ਇਸਤਰੀ ਸਿਖਿਆ ਲਈ ਕਿਸੇ ਵਿਦਿਆਲੇ ਦਾ ਉਲੇਖ ਨਹੀਂ ਮਿਲਦਾ। ਉਨ੍ਹਾਂ ਨੂੰ ਘਰਾਂ ਵਿਚ ਹੀ ਸਿਖਿਆ ਦਿੱਤੀ ਜਾਂਦੀ ਸੀ। ਸੰਘ ਬਣ ਜਾਣ ਉਪਰੰਤ ਮਠਾਂ ਵਿਚ ਉਨ੍ਹਾਂ ਦੀ ਸਿਖਿਆ ਦਾ ਪ੍ਰਬੰਧ ਕੀਤਾ ਜਾਣ ਲੱਗਾ।'[159] ਲੜਕੀ ਨੂੰ 'ਸ਼ਿਲਪ ਅਤੇ ਕਲਾ ਦੀ ਸਿਖਿਆ ਤੋਂ ਵਧੇਰੇ ਪਤੀ-ਕੁਲ ਅਨੁਕੂਲ ਸਦਾਚਾਰ ਦੀ ਸਿੱਖਿਆ ਦਿੱਤੀ ਜਾਂਦੀ ਸੀ ਤਾਂ ਜੋ ਉਹ ਪਤੀ ਦੁਆਰਾ ਤਿਆਗੀ ਨਾ ਜਾਵੇ।'[160] ਕੰਨਿਆਂ ਨੇ ਪਤੀ-ਗ੍ਰਿਹ ਵਿਚ ਬਾਕੀ ਜੀਵਨ ਬਤੀਤ ਕਰਨਾ ਹੁੰਦਾ ਸੀ। ਉਸਨੂੰ ਭਾਵੀ ਜੀਵਨ ਲਈ ਤਿਆਰ ਕੀਤਾ ਜਾਂਦਾ ਸੀ। ਸਦਾ ਪਤੀ ਆਗਿਆ ਵਿਚ ਰਹਿਣ ਦੀ ਸਿਖਿਆ ਦਿੱਤੀ ਜਾਂਦੀ ਸੀ। "ਬੁਧ ਕਾਲ ਵਿਚ ਕੰਨਿਆਂ ਦਾ ਵਿਆਹ ਕਰਨਾ ਜ਼ਰੂਰੀ ਨਹੀਂ ਸੀ ਅਤੇ ਨਾ ਹੀ ਕੁਆਰੇ ਰਹਿਣ ਉਤੇ ਕੋਈ ਪਾਬੰਦੀ ਜਾਂ ਦੁਰਦਸ਼ਾ ਹੁੰਦੀ ਸੀ।'[161] ਕੰਨਿਆਂ ਅਵਿਸ਼ੇਸ਼ ਦੀ ਸਵੈ-ਇੱਛਾ ਤੇ ਨਿਰਭਰ ਸੀ ਕਿ ਉਹ ਵਿਆਹੁਤਾ ਜੀਵਨ ਦੀ ਇੱਛੁਕ ਸੀ ਜਾਂ ਜੀਵਨ ਭਰ ਕੁਆਰੀ ਰਹਿ ਕੇ ਧਾਰਮਿਕ ਜੀਵਨ ਨਿਭਾਉਂਦੀ ਸੀ। 'ਵਿਆਹ ਤੋਂ ਪਹਿਲਾਂ ਪਿਤਾ ਪੁੱਤਰੀ ਦੀ ਸਲਾਹ ਲੈਂਦਾ ਸੀ ਅਤੇ ਕਦੇ ਕਦੇ ਭਾਵੀ ਪਤੀ ਵੀ ਲੜਕੀ ਤੋਂ ਹਾਮੀ ਲੈਂਦਾ ਸੀ। ਲੜਕੀ ਵਿਆਹ ਦਾ ਪ੍ਰਸਤਾਵ ਮੰਨਣ ਜਾਂ ਨਾ ਮੰਨਣ ਲਈ ਸੁਤੰਤਰ ਸੀ।'[162] ਬੁਧ ਆਗਮਾਂ ਵਿਚ ਵਿਆਹ ਸੰਬੰਧੀ ਕਿਸੇ ਰਸਮ ਰਿਵਾਜ ਜਾਂ ਉਤਸਵ ਦਾ ਜ਼ਿਕਰ ਨਹੀਂ ਹੈ। ਪੁਰੋਹਿਤ ਦੀ ਲੋੜ ਨਹੀਂ ਹੁੰਦੀ ਸੀ ਭਾਵ ਵਿਆਹ ਨੂੰ ਧਾਰਮਿਕ ਕਰਤੱਵ ਨਹੀਂ ਸੀ ਮੰਨਿਆ ਜਾਂਦਾ। 'ਬਾਲ ਵਿਆਹ ਦੀ ਹੋਂਦ ਦਾ ਵੀ ਕੁਝ ਥਾਵਾਂ ਤੇ ਉਲੇਖ ਮਿਲਦਾ ਹੈ।'[163]

ਮਾਪਿਆਂ ਦੀ ਜਾਇਦਾਦ ਤੇ ਅਧਿਕਾਰ ਨਹੀਂ ਸੀ ਕੇਵਲ ਪਾਲਣ-ਪੋਸਣ ਕਰਾਉਣ ਦਾ ਹੀ ਅਧਿਕਾਰ ਸੀ।'[164] ਉਹ ਜਾਇਦਾਦ ਵਿਚੋਂ ਹਿੱਸਾ ਲੈ ਕੇ ਵੱਖਰੀ ਨਹੀਂ ਰਹਿ ਸਕਦੀ ਸੀ। ਜਾਇਦਾਦ ਉਤੇ ਵਿਰਾਸਤ ਦਾ ਹੱਕ ਕੇਵਲ ਪੁੱਤਰਾਂ ਨੂੰ ਹੀ ਸੀ। ਭਰਾ ਆਪਣੀ ਭੈਣ ਦੇ ਪਾਲਨ ਪੋਸਣ ਲਈ ਉਚਿਤ ਪ੍ਰਬੰਧ ਕਰਨ ਲਈ ਵਚਨਬੱਧ ਸੀ। ਵਿਆਹ ਹੋ ਜਾਣ ਪਿਛੋਂ ਪੁੱਤਰੀ ਦਾ ਪਿਤਾ ਦੀ ਜਾਇਦਾਦ ਉਤੇ ਹੱਕ ਨਹੀਂ ਰਹਿ ਜਾਂਦਾ ਸੀ।

ਵਿਆਹੁਤਾ ਰੂਪ

'ਪਤਨੀ ਰੂਪ ਵਿਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਕਿਹਾ ਜਾਂਦਾ ਸੀ। ਉਹ ਘਰ ਦੀ ਸੰਚਾਲਿਕਾ ਅਤੇ ਪਤੀ ਦੀ ਸਰਬੋਤਮ ਮਿੱਤਰ ਮੰਨੀ ਜਾਂਦੀ ਸੀ।'[165] ਪਰ ਇਸਦੇ ਨਾਲ ਹੀ 'ਬੋਧੀ ਸਾਹਿਤ ਵਿਚ ਇਸਤਰੀ ਨੂੰ ਸਾਰਵਜਨਿਕ ਉਪਯੋਗ ਦੀ ਵਸਤੂ ਕਹਿੰਦੇ ਹੋਏ ਨਦੀ, ਰਸਤਾ, ਸ਼ਰਾਬਖਾਨਾ, ਧਰਮਸ਼ਾਲਾ ਅਤੇ ਪਿਆਊ ਨਾਲ ਤੁਲਨਾ ਦੇਂਦੇ ਹੋਏ ਨਿੰਦਾ ਕੀਤੀ ਗਈ ਹੈ।'[166] ਜਿਸ ਤਰ੍ਹਾਂ ਇਹ ਸਭ ਸਰਬ-ਸਾਂਝੀਆਂ ਥਾਵਾਂ ਹਨ, ਉਸੇ ਤਰ੍ਹਾਂ ਇਸਤਰੀ ਵੀ ਸਭ ਦੇ ਸੁਖ ਲਈ ਬਣੀ ਹੈ।

'ਮਹਾਤਮਾ ਬੁੱਧ - ਬੁੱਧ ਧਰਮ ਦੇ ਬਾਨੀ-ਨੇ ਆਪ ਹੀ ਵਿਆਹੁਤਾ ਜੀਵਨ ਦਾ ਤਿਆਗ ਕੀਤਾ। ਇਸਤਰੀ ਨੂੰ ਆਪਣੀ ਤਰੱਕੀ ਅਤੇ ਨਿਰਵਾਣ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਸਮਝਿਆ।'[167] ਬੁਧ ਨੇ ਭਾਵੇਂ ਇਸਤਰੀਆਂ ਨੂੰ ਪਹਿਲਾਂ ਤੋਂ ਉੱਚਾ ਸਥਾਨ ਦਿੱਤਾ ਅਤੇ 'ਸੰਘ ਵਿਚ ਵੀ ਸ਼ਾਮਿਲ ਕੀਤਾ ਪਰ ਉਹ ਪੁਰਸ਼ਾਂ ਦੇ ਬਰਾਬਰ ਨਾ ਹੋ ਸਕੀਆਂ।'[168] ਵਿਆਹ ਆਮ ਤੌਰ ਤੇ ਜੁਆਨੀ ਦੀ ਅਵਸਥਾ ਵਿਚ ਹੀ ਹੁੰਦੇ ਸਨ। ਸੁਅੰਬਰ ਦਾ ਰਿਵਾਜ ਸੀ ਜਿਸ ਵਿਚ ਕੰਨਿਆਂ ਨੂੰ ਵਰ-ਚੋਣ ਵਿਚ ਆਪਣੀ ਪਸੰਦ ਵਰਤਣ ਦਾ ਮੌਕਾ ਮਿਲ ਜਾਂਦਾ ਸੀ। ਕਿਧਰੇ ਕਿਧਰੇ ਬੇਜੋੜ ਵਿਆਹ ਦੇ ਉਲੇਖ ਵੀ ਮਿਲਦੇ ਹਨ। ਵਿਆਹ ਨੂੰ ਕਿਸੇ ਤਰ੍ਹਾਂ ਦਾ ਅਧਿਆਤਮਕ ਜਾਂ ਪਵਿੱਤਰ ਸੰਬੰਧ ਨਾ ਮੰਨ ਕੇ ਸਿਰਫ਼ ਸਮਾਜਿਕ ਬੰਧਨ ਅਤੇ ਲੋੜ ਹੀ ਮੰਨਿਆ ਜਾਂਦਾ ਸੀ। ਸਤੀ ਪ੍ਰਥਾ ਦੀ ਹੋਂਦ ਨਹੀਂ ਸੀ। ਵਿਧਵਾ ਵਿਆਹ ਦਾ ਉਲੇਖ ਵੀ ਹੈ। 'ਕੇਵਲ ਨੀਵੀਆਂ ਸ਼੍ਰੇਣੀਆਂ ਵਿਚ ਹੀ ਤਲਾਕ ਅਤੇ ਵਿਧਵਾ ਵਿਆਹ ਪ੍ਰਚਲਿਤ ਸਨ। ਪਤੀ ਤਲਾਕ ਦੇ ਸਕਦਾ ਸੀ ਪਤਨੀ ਨਹੀਂ। ਉਹ ਪਤੀ ਤੋਂ ਅਸੰਤੁਸ਼ਟ ਹੋਣ ਦੀ ਹਾਲਤ ਵਿਚ ਉਸਦੀ ਆਗਿਆ ਨਾਲ ਭਿਕਸ਼ੂਣੀ ਬਣ ਸਕਦੀ ਸੀ।'[169] ਭਿਕਸ਼ੂ ਹੋ ਚੁੱਕੇ ਪਤੀ ਦੀ ਪਤਨੀ ਨੂੰ ਵੀ ਵਿਧਵਾ ਹੀ ਮੰਨਿਆ ਜਾਂਦਾ ਸੀ। ਦਹੇਜ ਦੇ ਨਾਂ ਤੇ ਇਸਤਰੀ ਨੂੰ ਕੁਝ ਧਨ ਦਿੱਤਾ ਜਾਂਦਾ ਸੀ ਜਿਸਨੂੰ ਇਸਤਰੀ ਧਨ ਕਿਹਾ ਜਾਂਦਾ ਸੀ। ਕਿਤੇ ਕਿਤੇ ਤਲਾਕ ਦਾ ਜ਼ਿਕਰ ਹੈ। ਬਹੁ-ਪਤਨੀ ਵਿਆਹ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਿਥੇ ਸੌਕਣਾਂ ਇਕ ਦੂਜੇ ਨਾਲ ਲੜਦੀਆਂ ਸਨ। ਰਾਜਿਆਂ ਦੀਆਂ ਤਾਂ ਸੈਂਕੜੇ ਰਾਣੀਆਂ ਹੁੰਦੀਆਂ ਸਨ ਜਿਵੇਂ ਬੁੱਧ ਦੇ ਸਮਕਾਲੀ ਰਾਜੇ ਬਿੰਬਸਾਰ, ਪ੍ਰਸੇਨਜਿਤ, ਉਦਯਨ ਅਤੇ ਅਜਾਤ ਸ਼ਤਰੂ ਦੀਆਂ।

'ਪਰਦੇ ਦਾ ਰਿਵਾਜ ਕੇਵਲ ਕੁਝ ਘਰਾਣਿਆਂ ਵਿਚ ਹੀ ਪ੍ਰਚਲਿਤ ਸੀ। ਆਮ ਇਸਤਰੀਆਂ ਸਪਰਿਵਾਰ ਉਤਸਵਾਂ ਵਿਚ ਜਾਂਦੀਆਂ ਸਨ। ਉਹ ਸੁਤੰਤਰਤਾ ਨਾਲ ਵਿਚਰਦੀਆਂ ਸਨ। ਧਰਮ ਸ਼ਾਸਤਰਾਂ ਵਿਚ ਪਤੀ ਦੇ ਤਿਆਗ ਜਾਂ ਸਾਧਵੀ ਪਤਨੀ ਦੇ ਤਿਆਗ ਨੂੰ ਬੁਰਾ ਕਿਹਾ ਗਿਆ ਹੈ। ਵਿਭਚਾਰੀ ਪਤੀ ਨੂੰ ਰਾਜੇ ਵਲੋਂ ਸਜ਼ਾ ਦਿੱਤੀ ਜਾਂਦੀ ਸੀ ਪਰ ਵਿਭਚਾਰੀ ਪਤਨੀ ਨੂੰ ਕੇਵਲ ਪਤੀ ਹੀ ਸਜ਼ਾ ਦੇ ਸਕਦਾ ਸੀ। ਕਈ ਵਾਰੀ ਉਸਨੂੰ ਘਰੋਂ ਵੀ ਕੱਢ ਦਿੱਤਾ ਜਾਂਦਾ ਸੀ।'[170]

'ਸਾਂਝੇ ਪਰਿਵਾਰਾਂ ਵਿਚ ਅਸ਼ਾਂਤੀ ਸੀ ਅਤੇ ਆਮ ਤੌਰ ਤੇ ਸੱਸ ਸਹੁਰੇ ਦੀ ਮਰਜ਼ੀ ਪ੍ਰਧਾਨ ਹੁੰਦੀ ਸੀ। ਆਗਿਆਕਾਰੀ ਨੂੰਹ ਨੂੰ ਸਹੁਰੇਘਰ ਵਿਚ ਪੂਰਾ ਸਨਮਾਨ ਮਿਲਦਾ ਸੀ। ਕਈ ਵਾਰੀ ਨੂੰਹ-ਸੱਸ ਇਕ ਦੂਜੀ ਉਤੇ ਅਤਿਆਚਾਰ ਵੀ ਕਰਦੀਆਂ ਸਨ।'[171] ਬੋਧੀ ਸਾਹਿਤ ਅਤੇ ਬੋਧੀ ਗਾਥਾਵਾਂ ਵਿਚ ਅਜੇਹੀਆਂ ਪਰਿਸਥਿਤੀਆਂ ਦੇ ਉਲੇਖ ਹਨ ਜਦੋਂ ਸੱਸ ਨੂੰਹ ਤੋਂ ਸੜ ਕੇ ਆਤਮ-ਹੱਤਿਆ ਕਰ ਲੈਂਦੀ ਸੀ ਜਾਂ ਨੂੰਹ ਸੱਸ-ਸਹੁਰੇ ਦੇ ਅਤਿਆਚਾਰਾਂ ਤੋਂ ਆਤੰਕਿਤ ਹੋ ਕੇ ਘਰ ਤਿਆਗ ਦੇਂਦੀ ਸੀ। ਨੂੰਹ ਨੂੰ ਸੱਸ-ਸਹੁਰੇ ਦੇ ਕਠੋਰ ਕੰਟਰੋਲ ਹੇਠ ਰਹਿਣਾ ਪੈਂਦਾ ਸੀ। ਭਿਕਸ਼ੂ ਬਣ ਰਹੇ ਪਤੀ ਨੂੰ ਪਤਨੀ ਰੋਕ ਨਹੀਂ ਸਕਦੀ ਸੀ ਅਤੇ ਨਾ ਹੀ ਭਿਕਸ਼ੂ ਬਣ ਰਿਹਾ ਪਤੀ ਜਾਣ ਸਮੇਂ ਪਤਨੀ ਨਾਲ ਕੋਈ ਗੱਲ ਹੀ ਕਰਦਾ ਸੀ। ਸਿਰਫ ਮਾਤਾ-ਪਿਤਾ ਦੀ ਆਗਿਆ ਹੀ ਕਾਫੀ ਸੀ। ਇਸ ਤੋਂ ਸਾਂਝੇ ਪਰਿਵਾਰ ਵਿਚ ਨੂੰਹ ਦੀ ਕਰੁਣਾਮਈ ਸਥਿਤੀ ਤੇ ਚਾਨਣਾ ਪੈਂਦਾ ਹੈ।

'ਉਸ ਸਮੇਂ ਇਸਤਰੀਆਂ ਵਿਚ ਸੇਵਾ ਭਾਵ, ਅਤੇ ਸਵੈਮਾਨ ਕਾਫ਼ੀ ਸੀ; ਉਹ ਸ਼ੀਲਵੰਤੀਆਂ ਅਤੇ ਕੁਰਬਾਨੀ ਦੀਆਂ ਪੁੰਜ ਸਨ। ਇਸਤਰੀਆਂ ਆਮ ਤੌਰ ਤੇ ਪਤੀਵਰਤਾ ਹੁੰਦੀਆਂ ਸਨ ਜਾਤਕ ਕਥਾਵਾਂ ਵਿਚ ਇਸਦੀਆਂ ਅਣਗਿਣਤ ਉਦਾਹਰਣਾਂ ਹਨ।'[172] ਪਰ 'ਕੁਝ ਇਸਤਰੀਆਂ ਵਿਭਚਾਰ ਵਲ ਪ੍ਰੇਰਿਤ ਹੋ ਜਾਂਦੀਆਂ ਸਨ ਅਤੇ ਦੋ ਵਿਆਹ ਵੀ ਕਰ ਲੈਂਦੀਆਂ ਸਨ। ਇਸੇ ਲਈ ਕਈ ਥਾਵਾਂ ਤੇ ਇਨ੍ਹਾਂ ਨੂੰ ਨੀਚ ਵੀ ਮੰਨਿਆ ਗਿਆ ਹੈ।'[173] ਪਰ ਨੀਚ ਨਾਰੀਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਸੀ। ਸਧਾਰਨ ਇਸਤਰੀ ਆਪਣੇ ਫਰਜ਼ਾਂ ਪ੍ਰਤਿ ਸੁਚੇਤ ਭਾਵੇਂ ਨਹੀਂ ਸੀ ਪਰ ਉਸ ਵਿਚ ਬਗਾਵਤ ਦੀ ਕਮੀ ਨਹੀਂ ਸੀ। ਪਰ ਜਦੋਂ ਪਾਣੀ ਸਿਰੋਂ ਲੰਘ ਜਾਂਦਾ ਸੀ ਤਾਂ ਉਹ ਵਿਦਰੋਹ ਕਰ ਉਠਦੀ ਸੀ। ਆਤਮ-ਹੱਤਿਆ, ਘਰ ਦਾ ਤਿਆਗ, ਭਿਕਸ਼ੂਣੀ ਹੋ ਜਾਣਾ, ਘਰ ਵਿਚ ਮਾਰ ਕੁਟਾਈ ਆਦਿ ਉਸ ਦੀ ਅਸਧਾਰਨ ਮਾਨਸਿਕ ਅਵਸਥਾ ਨੂੰ ਪ੍ਰਤਿਬਿੰਬਿਤ ਕਰਦੇ ਸਨ। ਪਰ ਸ਼ਕਤੀ ਘਟ ਜਾਣ ਉਪਰੰਤ ਉਸ ਵਿਚ ਸਹਿਣਸ਼ੀਲਤਾ ਹੋਰ ਵੀ ਵਧ ਜਾਂਦੀ ਸੀ।

ਜਨਨੀ ਬੁਧ

ਕੁਝ ਵਿਦਵਾਨ 'ਬੁੱਧ ਭਿਕਸ਼ੂਣੀ ਸੰਘ ਸਥਾਪਤ ਕਰਨ ਦਾ ਸੇਹਰਾ ਬੁਧ ਦੀ ਮਤਰੇਈ ਮਾਂ ਗੌਤਮੀ ਦੇ ਸਿਰ ਦੇਂਦੇ ਹਨ ਜਿਸ ਨੇ ਪੰਜ ਸੌ ਇਸਤਰੀਆਂ ਸਮੇਤ ਬੋਧੀ ਸੰਘ ਵਿਚ ਪ੍ਰਵੇਸ਼ ਕੀਤਾ।[174] 'ਅਮਿਤਾ ਯੁਰਿ ਧਿਆਨ ਸੂਤਰ ਵਿਚ ਮਾਤਾ ਨੂੰ ਪਿਤਾ ਤੋਂ ਵੀ ਉੱਚਾ ਕਿਹਾ ਗਿਆ ਹੈ। ਬੁਰੇ ਪਿਤਾ-ਰਾਜੇ ਤਕ ਨੂੰ ਪੁੱਤਰ/ਧੀਆਂ ਮਾਰ ਦੇਂਦੇ ਸਨ ਪਰ ਕਦੇ ਕਿਸੇ ਨੇ ਆਪਣੀ ਮਾਂ ਦਾ ਵਧ ਨਹੀਂ ਕੀਤਾ।'[175]

ਬੋਧੀ ਆਸ਼ਮਾਂ ਵਿਚ ਮਾਂ ਦੁਆਰਾ ਪੁਤਰੀ ਦੇ ਮਨ ਵਿਚ ਧਾਰਮਿਕ ਭਾਵਨਾ ਪੈਦਾ ਕਰਨ ਦੇ ਉਦਾਹਰਨ ਮਿਲਦੇ ਹਨ। ਮਹਾਤਮਾਂ ਬੁਧ ਅਤੇ ਮਹਾਤਮਾ ਈਸਾ ਮਸੀਹ ਦੋਹਾਂ ਦੀਆਂ ਮਾਵਾਂ ਨੂੰ ਉਨ੍ਹਾਂ ਦੇ ਅਨੁਯਾਈਆਂ ਵਲੋਂ ਬਹੁਤ ਪਿੱਜ਼ੂਰ ਅਤੇ ਮਾਣ ਦਿੱਤਾ ਗਿਆ। ਆਮ ਜੀਵਨ ਵਿਚ ਵੀ ਮਾਂ ਨੂੰ ਵਿਸ਼ੇਸ਼ ਸਤਿਕਾਰ ਦਿੱਤਾ ਜਾਂਦਾ ਸੀ। ਏਥੋਂ ਤਕ ਕਿ ਭਿਕਸ਼ੂ ਬਣਨ ਸਮੇਂ ਪੁੱਤਰ ਕੇਵਲ ਮਾਤਾ ਪਿਤਾ ਤੋਂ ਆਗਿਆ ਲੈ ਕੇ ਹੀ ਭਿਕਸ਼ੂ ਬਣ ਸਕਦਾ ਸੀ। ਆਪਣੀ ਪਤਨੀ ਨਾਲ ਇਸ ਬਾਰੇ ਕੋਈ ਗੱਲ ਤਕ ਕਰਨ ਦੀ ਲੋੜ ਨਹੀਂ ਹੁੰਦੀ ਸੀ। ਮਾਪਿਆਂ ਦਾ ਸੰਤਾਨ ਉਤੇ ਪੂਰਨ ਅਧਿਕਾਰ ਸੀ। ਭਿਕਸ਼ੂ ਹੋ ਜਾਣ ਦਾ ਭਾਵ ਸੀ ਮਾਤਾ-ਪਿਤਾ ਦਾ ਪੁੱਤਰ ਉਤੋਂ ਸਭ ਅਧਿਕਾਰਾਂ ਦਾ ਅੰਤ। ਇਸ ਲਈ ਉਨ੍ਹਾਂ ਵਲੋਂ ਪ੍ਰਵਾਨਗੀ ਜ਼ਰੂਰੀ ਸੀ। ਇਸ ਤਰ੍ਹਾਂ ਮਾਂ ਦੀ ਸਥਿਤੀ ਪ੍ਰਭਾਵਸ਼ਾਲੀ ਸੀ ਅਤੇ ਪਰਿਵਾਰ ਉਤੇ ਹੁਕਮ ਚਲਦੀ ਸੀ।

(ii) ਜੈਨੀ ਵਿਚਾਰਧਾਰਾ ਅਤੇ ਇਸਤਰੀ

ਭਾਰਤ ਵਿਚ ਇਸਤਰੀਆਂ ਦੀ ਸਮਾਜਿਕ ਅਤੇ ਅਧਿਆਤਮਕ ਸਥਿਤੀ ਵਿਚ ਪਰਿਵਰਤਨ ਲਿਆਉਣ ਦਾ ਸੇਹਰਾ ਭਗਵਾਨ ਮਹਾਂਵੀਰ ਦੇ ਸਿਰ ਹੈ। ਜਿਨ੍ਹਾਂ ਦਾ ਜਨਮ 599 ਈਸਵੀ ਪੂਰਵ ਵਿਚ ਹੋਇਆ ਅਤੇ 527 ਈਸਵੀ-ਪੂਰਵ ਵਿਚ ਦੇਹਾਂਤ ਹੋਇਆ। ਉਹ ਮਹਾਤਮਾ ਬੁੱਧ (560 ਈ.ਪੂ. ਤੋਂ 480 ਈ.ਪੂ.) ਦੇ ਸਮਕਾਲੀ ਸਨ ਪਰ ਉਮਰ ਵਿਚ ਉਨ੍ਹਾਂ ਤੋਂ ਵੱਡੇ ਸਨ। ਉਨ੍ਹਾਂ ਨੂੰ ਇਸਤਰੀਆਂ ਦੇ ਜੈਨ ਧਰਮ ਵਿਚ ਸ਼ਾਮਿਲ ਹੋਣ ਉਤੇ ਕੋਈ ਇਤਰਾਜ਼ ਨਹੀਂ ਸੀ।[176]

'ਜੈਨੀ ਆਗਮਾਂ ਵਿਚ ਦਰਜ ਚੌਦਾਂ ਰਤਨਾਂ ਵਿਚੋਂ ਇਸਤਰੀ ਨੂੰ ਇਕ ਰਤਨ ਮੰਨਿਆ ਗਿਆ ਹੈ।'[177] ਇਸਤਰੀ ਨੂੰ ਦਿੱਤੀ ਜਾਂਦੀ ਪ੍ਰਤਿਸ਼ਠਾ ਦਾ ਇਹ ਇਕ ਪ੍ਰਮਾਣ ਹੈ। ~~ਪਰ~~ ਅਤੇ ~~ਨਾਲ~~ ਸਮੇਂ ਪਹਿਲਾਂ ਇਸਤਰੀ ਨੂੰ ਬਚਾਉਣ ਦਾ ਉਪਦੇਸ਼ ਦਿੱਤਾ ਗਿਆ ਹੈ ~~ਬਲ~~ ਕਿਉਂਕਿ ਉਹ ਸਵੈ-ਰੱਖਿਆ ਦੇ ਸਮਰੱਥ ਨਹੀਂ ਸੀ। ਪਰ ਨਾਲ ਹੀ ਇਹ ਵੀ ਮੰਨਿਆ ਜਾਂਦਾ ਹੈ ਕਿ 'ਇਸਤਰੀ ਮੁੱਢਲੇ ਰੂਪ ਵਿਚ ਬੁਰੀ ਹੈ। ਉਸਨੂੰ ਆਦਮੀ ਦੀ ਸਭ ਤੋਂ ਵੱਡੀ ਦੁਸ਼ਮਣ, ਦੂਣੇਹਾਰੀ, ਭਾਵਨਾਵਾਂ ਜਗਾਉਣ ਵਾਲੀ, ਮਰਦ ਦੇ ਤਨ ਦੀ ਪ੍ਰੇਮਣ ਅਤੇ ਉਸਨੂੰ ਧੋਖੇ ਨਾਲ ਵਸ ਵਿਚ ਕਰਨ ਵਾਲੀ ਕਿਹਾ ਹੈ।'[178]

ਹਰ ਇਕ ਨਾਰੀ ਵਿਚ ਦੋ ਵਿਰੋਧੀ ਭਾਵ ਪਿਆਰ ਅਤੇ ਘਿਰਣਾ - ਚਰਮਸੀਮਾ ਵਿਚ ਵਿਦਮਾਨ ਹੁੰਦੇ ਹਨ। ਜਿਹੜਾ ਭਾਵ ਉਜਾਗਰ ਹੋ ਜਾਂਦਾ ਹੈ ਉਸ ਨਾਲ ਓਤਪੋਤ ਇਸਤਰੀ ਉਸੇਦਾ ਵਿਅਕਤੀਕਰਨ (Personification) ਹੋ ਜਾਂਦੀ ਹੈ। 'ਜਦੋਂ ਉਹ ਪਿਆਰ ਕਰਦੀ ਹੈ ਤਾਂ ਮਿਸ਼ਰੀ ਦੀ ਤਰ੍ਹਾਂ ਮਿੱਠੀ ਹੋ ਜਾਂਦੀ ਹੈ ਪਰ ਜਦੋਂ ਪਿਆਰ ਦਾ ਸੋਮਾ ਸੁੱਕ ਜਾਂਦਾ ਹੈ ਤਾਂ ਅੱਕ ਤੋਂ ਵੀ ਕੌੜੀ ਹੋ ਜਾਂਦੀ ਹੈ।'[179] ਪਹਿਲੇ ਰੂਪ ਵਿਚ ਉਹ ਪਿਆਰ ਦਾ ਮੁਜੱਸਮ ਅਤੇ ਆਕਰਸ਼ਣ ਦਾ ਮੁਲੱਮਾ ਹੈ ਤਾਂ ਦੂਜੇ ਰੂਪ ਵਿਚ ਸਰਬ-ਸਮਰੱਥ ਵਿਨਾਸ਼ਕਾਰੀ ਸ਼ਕਤੀ - ਚੰਡੀ ਦਾ ਪ੍ਰਤੀਕ ਹੈ।

ਜੈਨ ਧਰਮ ਵੀ ਤਿਆਗੀਆਂ ਅਤੇ ਸੰਨਿਆਸੀਆਂ ਦਾ ਧਰਮ ਸੀ। ਇਸਤਰੀ ਇਸ ਮਾਰਗ ਦੀ ਮੁੱਖ ਬਾਧਾ ਹੈ। ਇਸ ਲਈ ਉਸਦਾ ਤਿਆਗ ਆਵੱਸ਼ਕ ਹੈ। ਇੰਦਰ ਸੁਖਾਂ ਦੀ ਵਰਤੋਂ ਰਾਹੀਂ ਉਸ ਪ੍ਰਤਿ ਘਿਰਣਾ ਪੈਦਾ ਕੀਤੀ ਜਾਂਦੀ ਸੀ ਤਾਂ ਜੋ ਤਿਆਗ ਦੀ ਭਾਵਨਾ ਤੀਬਰਤਾ ਨਾਲ ਜਾਗ੍ਰਿਤ ਹੋਵੇ। ਇਸਤਰੀ ਦੀ ਜੂਨ ਵਿਚ ਮੁਕਤੀ ਸੰਭਵ ਨਹੀਂ। ਉਸਨੂੰ ਪਹਿਲਾਂ ਸਾਧਨਾਂ ਦੁਆਰਾ ਮਨੁੱਖਾ ਜੂਨ ਨੂੰ ~~ਵੀ~~ ਪ੍ਰਾਪਤ ਕਰਨੀ ਪਵੇਗੀ। 'ਦਿਗੰਬਰ ਸ਼ਾਖਾ ਨੇ ਤਾਂ ਇਸਤਰੀ ਦੇ ਭਿਕਸ਼ੁਣੀ ਬਣਨ ਨੂੰ ਵੀ ਵਿਅਰਥ ਹੀ ਕਿਹਾ ਹੈ ਕਿਉਂਕਿ ਉਸਦੇ ਚੋਲੇ ਵਿਚ ਨਿਰਵਾਣ ਪ੍ਰਾਪਤੀ ਦਾ ਮਾਰਗ ਨਹੀਂ ਮਿਲ ਸਕਦਾ।'[180]

ਜੈਨ ਆਚਾਰਾਂਗ ਸੂਤਰ (1 ਤੋਂ 4) ਵਿਚ ਇਸਤਰੀ ਨੂੰ ਅਗਿਆਨਤਾ, ਦੁੱਖ, ਮੌਤ ਅਤੇ ਨਰਕ ਦਾ ਦਰਵਾਜ਼ਾ ਮੰਨਿਆ ਹੈ, ~~ਉਸ~~ ਮਨੁੱਖ ਲਈ ਸਿੱਧੀਆਂ ਪ੍ਰਾਪਤੀ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ; ਮਾਇਆ ਰੂਪ ਅਤੇ ਮੌਤ ਦਾ ਫੰਦਾ ਮੰਨਿਆ ਗਿਆ ਹੈ।' ~~ਇਸਤਰੀਆਂ ਦੀ~~ ਇਸਤਰੀਆਂ ਦੀ ਜ਼ੁਬਾਨ ਉਤੇ ਅੰਮ੍ਰਿਤ ਪਰ ਦਿਲ ਵਿਚ ਜ਼ਹਿਰ ਭਰਿਆ ਹੋਇਆ ਹੈ, ਉਹ

ਸੁਭਾਅ ਤੋਂ ਹੀ ਕੁਟਿਲ ਹਨ। ਉਹ ਪੁਰਸ਼ ਨੂੰ ਬਿਜਲੀ ਦੀ ਅੱਗ ਅਤੇ ਸੱਪ ਦੀ ਦਾੜ੍ਹ ਦੇ ਸਮਾਨ ਭੈਅ ਅਤੇ ਦੁੱਖ ਦੇਣ ਵਾਲੀਆਂ ਹੁੰਦੀਆਂ ਹਨ।'[181] ਉਨ੍ਹਾਂ ਵਲੋਂ ਸਦਾ ਸੁਚੇਤ ਰਹਿਣ ਦੀ ਆਵਸ਼ਕਤਾ ਹੈ। ਉਹ ਵਿਸ਼ਵਾਸ ਯੋਗ ਨਹੀਂ ਹਨ। ਇਸਤਰੀ ਮਾਇਆ, ਅਪਕਾਰੀ ਅਤੇ ਕੁਲ ਵਿਚ ਕਲੰਕ ਲਗਾਉਣ ਵਾਲੀ ਹੈ।'[182] ਉਹ ਛੇਤੀ ਹੀ ਭਾਵਨਾਵਾਂ ਵਿਚ ਵਹਿ ਤੁਰਦੀ ਹੈ। ਉਸਦੀ ਪੂਰੀ ਰਾਖੀ ਕਰਨ ਦੀ ਲੋੜ ਹੈ।

ਜੈਨੀਆਂ ਦੇ ਇਸਤਰੀਆਂ ਪ੍ਰਤਿ ਅਜੇਹੇ ਵਿਚਾਰ ਹੋਣ ਦੇ ਬਾਵਜੂਦ ਵੀ ਇਸ ਕਾਲ ਦੀਆਂ ਇਸਤਰੀਆਂ ਵਿਚ ਵਾਸਤਵ ਵਿਚ ਆਪਣਾ ਕਰਤਵ ਪਾਲਨ ਅਤੇ ਤਿਆਗ ਦੀ ਭਾਵਨਾ ਬਹੁਤ ਪ੍ਰਬਲ ਸੀ। 'ਇਸ ਲਈ ਉਨ੍ਹਾਂ ਨੂੰ ਪੁਰਸ਼ ਵਾਂਗ ਹੀ ਧਾਰਮਿਕ ਖੇਤਰ ਵਿਚ ਵਿਚਰਨ ਵਾਲੀਆਂ ਮੰਨਿਆ ਗਿਆ ਹੈ।'[183]

ਭਗਵਾਨ ਮਹਾਵੀਰ ਨੇ ਆਪ ਕਈ ਇਸਤਰੀਆਂ ਦਾ ਉਧਾਰ ਕੀਤਾ। ਤਿਰਸਕ੍ਰਿਤ ਨਾਰੀਆਂ ਉਤੇ ਉਹ ਜ਼ਿਆਦਾ ਮੇਹਰਬਾਨ ਸਨ ਕਿਉਂਕਿ ਉਨ੍ਹਾਂ ਨੂੰ ਸਹੀ ਰਸਤੇ ਉਤੇ ਪਾਉਣਾ ਮਹੱਤਵਪੂਰਨ ਪ੍ਰਾਪਤੀ ਸੀ। ਉਹ ਵਧੇਰੇ ਨਿਸ਼ਠਾਵਾਨ ਅਤੇ ਸ਼ਰਧਾਲੂ ਹੁੰਦੀਆਂ ਸਨ। ਚੰਦਨਾ ਸਤੀ ਇਕ ਤਿਰਸਕ੍ਰਿਤ ਔਰਤ ਸੀ ਜਿਸਨੂੰ ਭਗਵਾਨ ਮਹਾਵੀਰ ਨੇ ਆਰਯਕਾ ਬਣਾਇਆ।'[184] ਪਰ ਸਿਰਫ਼ ਉਹ ਇਸਤਰੀਆਂ ਹੀ ਧਾਰਮਿਕ ਜੀਵਨ ਵਿਚ ਪ੍ਰਵੇਸ਼ ਕਰਦੀਆਂ ਸਨ ਜਿਨ੍ਹਾਂ ਨੂੰ ਗਿਆਨ ਪ੍ਰਾਪਤੀ ਦੀ ਤੀਬਰ ਲਾਲਸਾ ਹੁੰਦੀ ਸੀ।'[185] ਕੰਨਿਆ ਰੂਪ ਵਿਚ ਉਹ ਪੁੱਤਰ ਵਾਂਗ ਹੀ ਲਾਡ ਪਿਆਰ ਪ੍ਰਾਪਤ ਕਰਦੀ ਸੀ

ਕੰਨਿਆ ਰੂਪ

ਪੁੱਤਰੀ ਦੀ ਸਥਿਤੀ ਕਾਫ਼ੀ ਚੰਗੀ ਸੀ। ਪੁੱਤਰ - ਪੁੱਤਰੀ ਦਾ ਭੇਦ ਲਗਭਗ ਖਤਮ ਹੋ ਚੁੱਕਾ ਸੀ। 'ਕਈ ਥਾਵਾਂ ਤੇ ਸੰਤਾਨ ਪ੍ਰਾਪਤੀ ਦੀ ਕਾਮਨਾ ਕਰਨ ਦੇ ਉਦਾਹਰਨ ਮਿਲਦੇ ਹਨ, ਪੁੱਤਰ ਵਿਸ਼ੇਸ਼ ਦੇ ਨਹੀਂ।'[186] ਪੁੱਤਰ ਦੇ ਨਾਂ ਨਾਲ ਜੁੜੀ ਧਾਰਮਿਕਤਾ ਅਤੇ ਪਿਤਰਾਂ ਦੇ ਉਧਾਰ ਵਾਲੀ ਮਹੱਤਤਾ ਅਲੋਪ ਹੋ ਰਹੀ ਸੀ। 'ਕਈ ਵਾਰੀ ਤਾਂ ਕੰਨਿਆਂ ਦਾ ਜਨਮ ਸਗੋਂ ਵਧੇਰੇ ਖੁਸ਼ੀ ਦਾ ਕਾਰਨ ਬਣ ਜਾਂਦਾ ਸੀ। ਵਿਸ਼ੇਸ਼ ਕਰਕੇ ਜਦੋਂ ਕੰਨਿਆਂ ਅਤਿਅੰਤ ਸੁੰਦਰ ਹੁੰਦੀ ਸੀ ਕਿਉਂਕਿ ਉਸਦਾ ਸੰਬੰਧ ਕਿਸੇ ਉੱਚ-ਘਰਾਣੇ/ਰਾਜ ਘਰਾਣੇ ਵਿਚ ਹੋ ਜਾਣ ਦੀ ਆਸ ਹੁੰਦੀ ਸੀ।'[187] ਉਨ੍ਹਾਂ ਦੀ ਚੰਗੀ ਕੰਨਿਆ ਫੀਸ ਪ੍ਰਾਪਤ ਹੋ ਜਾਂਦੀ ਸੀ। ਜੈਨੀ ਆਗਮਾਂ ਵਿਚ ਕੰਨਿਆਂ ਫੀਸ ਦੀ ਚਰਚਾ ਆਮ ਹੈ।'[188]

ਇਸ ਤੋਂ ਕੰਨਿਆਂ ਨੂੰ ਵੇਚਣ ਦੇ ਰਿਵਾਜ ਦੀਆਂ ਸੰਭਾਵਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਜੇਕਰ ਇਹ ਧਨ ਲੜਕੀ ਉਤੇ ਹੀ ਖਰਚ ਕਰ ਦਿੱਤਾ ਜਾਂਦਾ ਸੀ ਤਾਂ ਇਸ ਵਿਚ ਕੋਈ ਬੁਰਾਈ ਨਹੀਂ ਸੀ ਪਰ ਜਦੋਂ ਮਾਪੇ ਸੁਆਰਥ ਵਸ ਅਜੇਹਾ ਕਰਦੇ ਸਨ ਤਾਂ ਇਹ ਕੰਨਿਆਂ ਪ੍ਰਤਿ ਘੋਰ ਅਨਿਆਂ ਹੁੰਦਾ ਸੀ।

'ਜੇ ਲੜਕੀ ਉਮਰ ਭਰ ਕੁਆਰੀ ਰਹਿਣਾ ਚਾਹੁੰਦੀ ਤਾਂ ਉਹ ਸਨਮਾਨ ਨਾਲ ਆਪਣੇ ਪਿਤਾ ਦੇ ਘਰ ਰਹਿ ਸਕਦੀ ਸੀ।'[189] ਉਸ ਨੂੰ ਵਰ ਦੀ ਚੋਣ ਵਿਚ ਸਲਾਹ ਦੇਣ ਦਾ ਅਧਿਕਾਰ ਸੀ। 'ਕਦੇ ਕਦੇ ਸੁਯੰਵਰ ਰਾਹੀਂ ਵਰ - ਚੋਣ ਦੀ ਖੁਲ੍ਹ ਵੀ ਦੇ ਦਿੱਤੀ ਜਾਂਦੀ ਸੀ। ਜੈਨੀ ਆਗਮਾਂ ਤਕ ਪਿਤਾ - ਪੁੱਤਰੀ ਪਿਆਰ ਏਨਾ ਵਧ ਗਿਆ ਸੀ ਕਿ ਪਿਤਾ ਕਈ ਵਾਰੀ ਘਰ - ਜੁਆਈ ਰਖਣ ਦੀ ਸ਼ਰਤ ਲਾ ਦੇਂਦਾ ਸੀ।'[190] ਵਿਸ਼ੇਸ਼ ਕਰਕੇ ਜਦੋਂ ਪੁੱਤਰੀ ਇਕਲੌਤੀ ਸੰਤਾਨ ਹੁੰਦੀ ਸੀ। 'ਵੱਡਾ ਭਰਾ ਛੋਟੀ ਭੈਣ ਦਾ ਪਾਲਨ - ਪੋਸ਼ਣ ਪਿਤਾ ਦੀ ਤਰ੍ਹਾਂ ਕਰਦਾ ਸੀ। ਭਿਕਸ਼ੂ ਬਣਨ ਵਾਲੇ ਦੀ ਛੋਟੀ ਭੈਣ ਕੁਆਰੀ ਹੋਣ ਤੇ ਉਸਨੂੰ ਭੈਣ ਪ੍ਰਤਿ ਫਰਜ਼ ਦੀ ਯਾਦ ਕਰਵਾਂਈ ਜਾਂਦੀ ਸੀ।'[191] ਕੰਨਿਆਂ ਨੂੰ ਮਾਪਿਆਂ ਦੇ ਜਿਊਂਦੇ ਜੀਅ ਉਨ੍ਹਾਂ ਦੀ ਜਾਇਦਾਦ ਵਰਤਣ ਦਾ ਪੂਰਾ ਅਧਿਕਾਰ ਸੀ ਪਰ ਪਿਛੋਂ ਭਰਾ - ਭਰਜਾਈ ਦੇ ਅਧੀਨ ਰਹਿਣਾ ਪੈਂਦਾ ਸੀ। 'ਆਗਮਾਂ ਵਿਚ ਜੇਠੇ ਪੁੱਤਰ ਨੂੰ ਹੀ ਵਾਰਸ ਬਣਾਉਣ ਦੇ ਉਲੇਖ ਹਨ। ਲੜਕੀ ਨੂੰ ਵਾਰਸ ਬਣਾਉਣ ਦਾ ਇਕ ਵੀ ਉਦਾਹਰਨ ਨਹੀਂ ਹੈ।'[192] ਇਸ ਤੋਂ ਵਿਰਾਸਤ ਦੇ ਅਧਿਕਾਰ ਦੀ ਅਣਹੋਂਦ ਦੀ ਪੁਸ਼ਟੀ ਹੁੰਦੀ ਹੈ। ਪੁੱਤਰ ਵਿਰਾਸਤ ਲਈ ਪਿਤਾ ਨਾਲ ਲੜਾਈ ਝਗੜਾ ਅਤੇ ਮਾਰ ਕੁਟਾਈ ਕਰਦੇ ਹੋਣਗੇ। 'ਧਨ ਦੇ ਲਾਲਚ ਵਿਚ ਪਿਤਾ ਨੂੰ ਪੁੱਤਰਾਂ ਦੁਆਰਾ ਕਸ਼ਟ ਦੇਣ ਅਤੇ ਮਾਰੇ ਜਾਣ ਦੀਆਂ ਉਦਾਹਰਨਾਂ ਵੀ ਗ੍ਰੰਥਾਂ ਵਿਚ ਮਿਲਦੀਆਂ ਹਨ ਪਰ ਪੁੱਤਰੀ ਵਲੋਂ ਅਜੇਹੇ ਕੁਕਰਮ ਦਾ ਉਲੇਖ ਨਹੀਂ ਮਿਲਦਾ।'[193] ਇਸ ਤੋਂ ਪਿਤਾ ਪੁੱਤਰੀ ਦੇ ਸੁਖਾਵੇਂ ਸੰਬੰਧ ਅਤੇ ਪੁੱਤਰੀ ਦੀ ਵਿਰਾਸਤ ਵਿਚ ਬੇਦਖਲੀ ਦੇ ਸੰਕੇਤ ਮਿਲਦੇ ਹਨ।

ਜੈਨ ਕਾਲ ਵਿਚ ਵਿਆਹ ਧਾਰਮਿਕ ਬੰਧਨ ਨਾ ਹੋ ਕੇ ਵੀ ਇਕ ਸਮਾਜਿਕ ਰਸਮ ਹੀ ਮੰਨੀ ਜਾਂਦੀ ਸੀ। 'ਜੇਕਰ ਕਿਸੇ ਲੜਕੀ ਨੂੰ ਉਸਦਾ ਪਤੀ ਤਿਆਗ ਦੇਂਦਾ ਸੀ ਤਾਂ ਉਹ ਪਿਤਾ ਦੇ ਘਰ ਭਾਰ ਨਹੀਂ ਮੰਨੀ ਜਾਂਦੀ ਸੀ।'[194] ਇਸ ਨਾਲ ਪਿਤਾ ਦੀ ਮਨੋਸਥਿਤੀ ਉਤੇ ਕੋਈ ਧਾਰਮਿਕ ਜਾਂ

ਆਤਮਿਕ ਚਿੰਤਾ ਦਾ ਦੁਰ-ਪ੍ਰਭਾਵ ਨਹੀਂ ਪੈਂਦਾ ਸੀ। ਲੜਕੀ ਵੀ ਆਤਮ - ਗਿਲਾਨੀ ਜਾਂ ਹੀਣਤਾ ਭਾਵ ਦਾ ਸ਼ਿਕਾਰ ਨਹੀਂ ਹੁੰਦੀ ਸੀ। ਮੰਗਣੀ ਹੋ ਚੁੱਕੀ ਕੁੜੀ ਦਾ ਹੋਰ ਵਿਆਹ ਨਹੀਂ ਹੋ ਸਕਦਾ ਸੀ। ਇਸ ਆਸ਼ੇ ਲਈ ਉਸਨੂੰ ਵਿਧਵਾ ਮੰਨਿਆ ਜਾਂਦਾ ਸੀ। ਵਿਆਹ ਪਿਛੋਂ 'ਵਰ - ਵਧੂ ਨੂੰ ਵਰ ਦੇ ਪਿਤਾ ਵਲੋਂ ਪ੍ਰੀਤੀ - ਦਾਨ ਵੀ (ਦਹੇਜ) ਦਿੱਤਾ ਜਾਂਦਾ ਸੀ।'[195] ਜਿਸ ਉਤੇ ਦੰਪਤੀ ਦਾ ਪੂਰਾ ਅਧਿਕਾਰ ਹੁੰਦਾ ਸੀ।

'ਕੰਨਿਆਂ ਨੂੰ ਦੇਵਤਿਆਂ ਦੇ ਬੈਠਣ ਵਾਲੀ ਪਵਿੱਤਰਤਾ ਦੀ ਧਾਰਨੀ ਮੰਨਿਆ ਜਾਂਦਾ ਸੀ।'[196] ਪਰਮਾਤਮਾ ਨੇ ਉਸ ਅੰਦਰ ਸ਼ਰਧਾ ਭਰੀ ਜੋ ਆਜੀਵਨ ਉਸ ਅੰਦਰ ਵਿਦਮਾਨ ਰਹਿੰਦੀ ਹੈ।

ਉੱਚ ਕੁਲਾਂ ਵਿਚ ਇਸਤਰੀ ਸਿਖਿਆ ਦਾ ਕਾਫੀ ਰਿਵਾਜ ਸੀ। ਸਥੂਲ ਭੱਦਰ ਦੀਆਂ ਸਤ ਭੈਣਾਂ ਦੇ ਨਾਂ ਵਿਸ਼ੇਸ਼ ਵਰਣਨ ਯੋਗ ਹਨ।[197] ਹੁਣ ਤਕ ਇਸਤਰੀ ਜੀਵਨ ਕਾਫੀ ਵਿਕਸਿਤ ਹੋ ਗਿਆ ਸੀ ਉਹ ਧਾਰਮਿਕ ਜੀਵਨ ਅਪਨਾਉਣ ਲਈ ਸੁਤੰਤਰ ਸਨ ਪਰ ਕੇਵਲ ਉਹੀ ਲੜਕੀਆਂ ਧਾਰਮਿਕ ਜੀਵਨ ਵਿਚ ਪ੍ਰਵੇਸ਼ ਕਰਦੀਆਂ ਸਨ ਜਿਨ੍ਹਾਂ ਨੂੰ ਗਿਆਨ ਪ੍ਰਾਪਤੀ ਦੀ ਤੀਬਰ ਲਾਲਸਾ ਸੀ। ਜੈਨ ਭਿਕਸ਼ੂਣੀ ਸੰਘ ਬੋਧੀ ਭਿਕਸ਼ੂਣੀ ਸੰਘ ਤੋਂ ਪ੍ਰਾਚੀਨ ਹੈ। ਕੁਝ ਪ੍ਰਸਿੱਧ ਜੈਨ ਭਿਕਸ਼ੂਣੀਆਂ ਵਿਚ ਆਰੀਆ ਚੰਦਨਾ, ਜਯੰਤੀ, ਮਿਰਗਾਵਤੀ, ਰਾਜੀਮਤੀ, ਕਣਕੀ, ਸਥੂਲਭੱਦਰਾ, ਸੁਲੋਚਨਾ, ਅੰਜਨਾ, ਯਾਕਿਨੀ ਮਹੱਤਰਾ, ਗੁਣਾ - ਸਾਧਵੀ, ਗੁਣ ਸਮ੍ਰਿਧੀ ਮਹੱਤਰਾ, ਮੈਨਾਸੁੰਦਰੀ ਅਤੇ ਮਹਾਨੰਦਾ ਸ੍ਰੀ ਮਹੱਤਰਾ ਦੇ ਨਾਂ ਉਲੇਖਨੀਯ ਹਨ। 'ਜੈਨ ਕਥਾਵਾਂ ਵਿਚ ਇਸਤਰੀਆਂ ਨੂੰ ਕਈ ਕਲਾਵਾਂ ਵਿਚ ਨਿਪੁੰਨ ਅਤੇ ਧਰਮ ਪਰਚਾਰ ਕਰਦੀਆਂ ਦਰਸਾਇਆ ਗਿਆ ਹੈ। ਚੰਦਨਬਾਲਾ ਅਜੇਹੀ ਪਹਿਲੀ ਚੇਲੀ ਸੀ।[198] ਇਸ ਤਰ੍ਹਾਂ ਕੰਨਿਆ ਰੂਪ ਵਿਚ ਇਸਤਰੀ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ ਜੋ ਵਿਆਹੁਤਾ ਰੂਪ ਵਿਚ ਨਹੀਂ ਸਨ।

ਵਿਆਹੁਤਾ ਰੂਪ

'ਪਤਨੀ ਦੇ ਰੂਪ ਵਿਚ ਇਸਤਰੀ ਦੇ ਅਧਿਕਾਰਾਂ ਵਿਚ ਕਾਫੀ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ।[199]' ਪਤਨੀ ਨੂੰ ਹੀ ਚੰਗਿਆਈ ਅਤੇ ਬੁਰਿਆਈ ਦੀ ਪਹਿਚਾਣ ਹੋ ਗਈ ਸੀ ਅਤੇ ਉਸਦਾ ਜੀਵਨ ਪ੍ਰਤਿ ਵਤੀਰਾ ਸੁਹਿਰਦ ਹੁੰਦਾ ਜਾ ਰਿਹਾ ਸੀ। 'ਇਸਤਰੀਆਂ ਵਿਚ ਪਤੀਵਰਤਾ ਅਤੇ ਸਤੀਤਵ ਦੇ ਧਰਮ - ਪਾਲਨ ਉਤੇ ਬਹੁਤ ਜ਼ੋਰ ਦਿੱਤਾ ਜਾਂਦਾ ਸੀ। ਇਸ ਯੁੱਗ ਵਿਚ ਇਸਤਰੀ ਕੁਰਬਾਨੀ ਦੀ ਪੁੰਜ ਅਤੇ ਆਪਣੇ ਕਰਤੱਵ ਪ੍ਰਤਿ ਸੁਚੇਤ ਸੀ।

ਜੈਨੀ ਆਗਮਾਂ ਵਿਚ ਪਤੀ ਉਤੇ ਪਤਨੀ ਦੇ ਅਨੁਚਿਤ ਅਧਿਕਾਰ ਦੇ ਉਲੇਖ ਨਹੀਂ ਮਿਲਦੇ ਸਗੋਂ 'ਪਤਨੀ ਆਪਣੇ ਪਤੀ ਪ੍ਰਤਿ ਸ਼ਰਧਾ ਦੀ ਭਾਵਨਾ ਰਖਦੀ ਸੀ ਅਤੇ ਪਤੀ ਆਪਣੀ ਪਤਨੀ ਦੀ ਇੱਛਾ ਦਾ ਸਤਿਕਾਰ ਕਰਦਾ ਸੀ।'[200] ਪਤਨੀ ਘਰ ਦੇ ਅੰਦਰੂਨੀ ਸਾਰੇ ਕੰਮਾਂ ਲਈ ਜ਼ਿਮੇਵਾਰ ਹੁੰਦੀ ਸੀ ਅਤੇ ਪਤੀ ਘਰ ਤੋਂ ਬਾਹਰਲੀ ਸਾਰੀ ਜ਼ਿਮੇਵਾਰੀ ਸੰਭਾਲਦਾ ਸੀ।

'ਬਹੁ - ਪਤਨੀਤਵ ਦਾ ਰਿਵਾਜ ਵਧ ਰਿਹਾ ਸੀ। ਜਿਸ ਨਾਲ ਘਰਾਂ ਵਿਚ ਘੋਰ ਅਸ਼ਾਂਤੀ ਹੋ ਜਾਂਦੀ ਸੀ। ਲਾਡਲੀ ਪਤਨੀ ਸੌਕਣਾਂ ਨਾਲ ਬਹੁਤ ਭੈੜਾ ਸਲੂਕ ਕਰਦੀ ਸੀ। ਇਸੇ ਤਰ੍ਹਾਂ ਦੂਜੀਆਂ ਪਤਨੀਆਂ ਵੀ ਉਸਨੂੰ ਜਾਨੋ ਮਾਰ ਦੇਣ ਦੇ ਯਤਨ ਕਰਦੀਆਂ ਸਨ। ਇਸੇ ਲਈ ਸੌਕਣ ਦਾ ਨਾ ਹੋਣਾ ਲੜਕੀ ਦਾ ਸੁਭਾਗ ਮੰਨਿਆ ਜਾਂਦਾ ਸੀ।'[201]

ਜੈਨੀ ਆਗਮਾਂ ਵਿਚ ਕਈ ਥਾਵਾਂ ਤੇ ਇਸਤਰੀ - ਧਨ ਦੀ ਚਰਚਾ ਹੈ ਜਿਸਦੀ ਵਰਤੋਂ ਉਹ ਆਪਣੀ ਮਰਜ਼ੀ ਨਾਲ ਕਰ ਸਕਦੀ ਸੀ। ਪਰ ਪਤਨੀ ਨੂੰ ਪਰਿਵਾਰ ਦੇ ਨਾਲ ਨਾਲ ਸਮਾਜਿਕ ਸਦਾਚਾਰ ਦਾ ਵੀ ਖਿਆਲ ਰਖਣਾ ਪੈਂਦਾ ਸੀ।'[202] 'ਗ੍ਰਿਹਸਥ ਇਸਤਰੀਆਂ ਵਿਚ ਧਾਰਮਿਕ ਉਤਸ਼ਾਹ ਅਤੇ ਵਿਸ਼ਵਾਸ਼ ਦੀ ਪ੍ਰਸੰਸ਼ਾ ਵੇਖਣ ਨੂੰ ਮਿਲਦੀ ਸੀ।'[203] ਉਹ ਧਾਰਮਿਕਤਾ ਦੇ ਖੇਤਰ ਵਿਚ ਪੂਰਨ ਸੁਤੰਤਰ ਸਨ। ਭਿਕਸ਼ੁਣੀ ਵਰਗ ਸੰਗਠਿਤ ਹੋ ਗਿਆ ਸੀ। ਹਰ ਕੋਈ ਭਿਕਸ਼ੁਣੀ ਬਣਨ ਲਈ ਤਿਆਰ ਨਹੀਂ ਹੋ ਪੈਂਦੀ ਸੀ ਭਾਵੇਂ ਭਿਕਸ਼ੁਣੀ ਬਣਨ ਉਤੇ ਰੋਕ ਨਹੀਂ ਸੀ। ਕੇਵਲ ਸੰਜਮੀ ਇਸਤਰੀਆਂ ਹੀ ਇਹ ਜੀਵਨ ਢੰਗ ਅਪਨਾਉਂਦੀਆਂ ਸਨ। ਇਸਤਰੀ ਤੀਰਥੰਕਰ ਬਣ ਸਕਦੀ ਸੀ ਅਤੇ ਬਣੀ ਵੀ। 'ਭਿਕਸ਼ੂ ਬਣਨ ਵਾਲੇ ਪਤੀ ਆਪਣੀਆਂ ਪਤਨੀਆਂ ਦੇ ਜੀਵਨ ਨਿਰਬਾਹ ਦਾ ਇਕ ਸਾਲ ਦਾ ਪ੍ਰਬੰਧ ਪਹਿਲਾਂ ਹੀ ਕਰ ਦੇਂਦੇ ਸਨ।'[204] ਪਤਨੀ ਕੁਝ ਸਮੇਂ ਲਈ ਆਰਥਿਕ ਔਕੜ ਤੋਂ ਬੱਚ ਜਾਂਦੀ ਸੀ ਅਤੇ ਇਕ ਸਾਲ ਦੇ ਸਮੇਂ ਵਿਚ ਉਹ ਆਪਣੀ ਰੋਜ਼ੀ ਦੀ ਵਿਵਸਥਾ ਕਰ ਲੈਂਦੀ ਹੋਵੇਗੀ।

'ਆਗਮਾਂ ਵਿਚ ਸਤੀ ਪ੍ਰਥਾ ਦੀ ਹੋਂਦ ਦਾ ਕੋਈ ਸੰਕੇਤ ਨਹੀਂ ਮਿਲਦਾ। ਇਸ ਕਾਲ ਵਿਚ ਕੁਝ ਇਸਤਰੀਆਂ ਰਾਜ - ਭਾਗ ਦੇ ਕੰਮ ਵੀ ਕਰਦੀਆਂ ਹੋਣਗੀਆਂ ਕਿਉਂਕਿ 'ਰਾਜਾ ਕ੍ਰਿਸ਼ਨ ਦੂਜੇ ਦੇ ਸਮੇਂ ਇਕ ਪਤਨੀ ਨੂੰ ਪਤੀ ਦੇ ਮਰ ਜਾਣ ਤੇ ਨਗਰਖੰਡ ਦਾ ਅਧਿਕਾਰੀ ਬਣਾਇਆ ਗਿਆ ਸੀ।'[205] ਇਸ ਤੋਂ ਬਿਨਾਂ ਉੱਚ ਕੋਟੀ ਦੀਆਂ ਵਿਦਵਾਨ ਇਸਤਰੀਆਂ ਦੀਆਂ ਉਦਾਹਰਨਾਂ ਵੀ ਮਿਲਦੀਆਂ ਹਨ।

' ਨੂੰਹ ਦੇ ਰੂਪ ਵਿਚ ਇਸਤਰੀ ਨੂੰ ਸੱਸ - ਸਹੁਰੇ ਦੇ ਸਖਤ ਕੰਟਰੋਲ ਵਿਚ ਰਹਿਣਾ ਪੈਂਦਾ ਸੀ। ਕਦੇ ਕਦੇ ਉਸ ਤੋ ਦਾਸੀ ਦਾ ਕੰਮ ਵੀ ਲਿਆ ਜਾਂਦਾ ਸੀ। ਇਸੇ ਲਈ ਕਈ ਵਾਰੀ ਨੂੰਹਾਂ ਆਪਣੇ ਸਹੁਰੇ ਨੂੰ ਵੇਖ ਕੇ ਡਰ ਜਾਂਦੀਆਂ ਸਨ। ਪਰ ਚੰਗੀਆਂ ਅਤੇ ਆਗਿਆਕਾਰ ਨੂੰਹਾਂ ਨੂੰ ਸਹੁਰੇ ਘਰ ਵਿਚ ਪੂਰਨ ਸਨਮਾਨ ਮਿਲਦਾ ਸੀ। ਅਤੇ ਉਨ੍ਹਾਂ ਨੂੰ ਕਿਸੇ ਵੀ ਔਕੜ ਸਮੇਂ ਕੋਈ ਚਿੰਤਾ ਨਹੀਂ ਹੁੰਦੀ ਸੀ। ਅਜੇਹੀਆਂ ਇਸਤਰੀਆਂ ਦੇ ਉਲੇਖ ਹਨ ਜੋ ਪਤੀ ਦੇ ਨਾਂ ਹੋਣ ਤੇ ਵੀ ਸਨਮਾਨ ਨਾਲ ਸਹੁਰੇ ਘਰ ਰਹਿੰਦੀਆਂ ਰਹੀਆਂ।'[206] ਕ੍ਰੋਧੀ ਅਤੇ ਦੁਰਾਚਾਰੀ ਵਿਆਹੁਤਾ ਨੂੰ ਤ੍ਰਿਸਕ੍ਰਿਤ ਜੀਵਨ ਬਤੀਤ ਕਰਨਾ ਪੈਂਦਾ ਸੀ ਪਰ ਜਨਨੀ ਬਣ ਜਾਣ ਤੇ ਉਸ ਦੀ ਸਥਿਤੀ ਵਿਚ ਸੁਧਾਰ ਹੋ ਜਾਂਦਾ ਸੀ।

ਜਨਨੀ ਰੂਪ

' ਜੈਨ ਧਰਮ ਵਿਚ ਇਸਤਰੀ ਦੀ ਜਨਨੀ ਰੂਪ ਵਿਚ ਬੜੀ ਇੱਜ਼ਤ ਕੀਤੀ ਜਾਂਦੀ ਸੀ। ਅਤੇ ਮਾਪਿਆਂ ਦੀ ਸੇਵਾ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ।'[207] ਜੈਨ ਆਗਮਾਂ ਵਿਚ ਕਿਧਰੇ ਵੀ ਮਾਤਾ-ਵਧ ਜੇਹੇ ਕੁਕਰਮਾਂ ਦੀ ਚਰਚਾ ਨਹੀਂ ਮਿਲਦੀ। ਮਾਂ ਨੂੰ ਘੋਰ ਤੋਂ ਘੋਰ ਅਪਰਾਧ ਲਈ ਵੀ ਦੰਡ ਨਹੀਂ ਦਿੱਤਾ ਜਾ ਸਕਦਾ ਸੀ। ਉਸਦੀ ਤਿਆਗ ਭਰੀ ਜੀਵਨੀ ਉਸਨੂੰ ਹਰ ਕਸੂਰ ਤੋਂ ਮੁਕਤ ਕਰ ਦੇਂਦੀ ਸੀ। ਜਨਨੀ ਰੂਪ ਵਿਚ ਨਾਰੀ ਨੂੰ ਪੂਰੀ ਸੁਤੰਤਰਤਾ ਸੀ। ਉਹ ਬਿਨਾਂ ਰੋਕ ਟੋਕ ਦੇ ਕਿਧਰੇ ਵੀ ਆ ਜਾ ਸਕਦੀ ਸੀ।'[208] ਪਤੀ ਵੀ ਆਪਣੀ ਪਤਨੀ ਪ੍ਰਤਿ ਸੁਚੇਤ ਹੋ ਜਾਂਦਾ ਸੀ ਅਤੇ ਉਸ ਦੀਆਂ ਸੁਖ ਸੁਵਿਧਾਵਾਂ ਦਾ ਧਿਆਨ ਰਖਦਾ ਸੀ।

ਜੈਨ ਧਰਮ ਵਿਚ 24 ਤੀਰਥੰਕਰ ਹੋਏ ਹਨ। ਉਨ੍ਹਾਂ ਦੀਆਂ ਮਾਵਾਂ ਨੂੰ ਬਹੁਤ ਆਦਰ ਦਿੱਤਾ ਜਾਂਦਾ ਸੀ। ਮਰੁਦੇਵੀ ਪਹਿਲੇ ਤੀਰਥੰਕਰ ਰਿਸ਼ਭਨਾਥ ਦੀ ਮਾਤਾ ਸੀ ਜਿਸਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਸੀ ਅਤੇ ਮਲਿਨਾਥ ਆਪ 19ਵੀਂ ਤੀਰਥੰਕਰ ਹੋਈ ਹੈ।

ਪੱਥਰ ਦੀ ਬਣੀ ਮੂਰਤੀ ਜਿਸ ਵਿਚ 24 ਤੀਰਥੰਕਰ ਆਪਣੀਆਂ ਮਾਵਾਂ ਦੀਆਂ ਝੋਲੀਆਂ ਵਿਚ ਬੈਠੇ ਹਨ - ਹੁਣ ਵੀ ਜੈਨੀ ਮੰਦਰਾਂ - ਆਬੂ, ਗਿਰਨਾਰ, ਪਾਟਨ, ਓਸੀਆ ਆਦਿ ਵਿਚ ਪੂਜੀ ਜਾਂਦੀ ਹੈ।

' ਸਮੁੱਚੇ ਰੂਪ ਵਿਚ ਨਾਰੀ ਦੀ ਸਥਿਤੀ ਤਰਸਯੋਗ ਨਹੀਂ ਸੀ। ਉਸਨੂੰ ਸਾਰੇ ਸਮਾਜਕ ਅਧਿਕਾਰ ਪ੍ਰਾਪਤ ਸਨ।'[209] ਉਹ ਰੋਜ਼ਾਨਾ ਜੀਵਨ ਵਿਚ ਹਰ ਪ੍ਰਕਾਰ ਦੀ ਖੁਲ੍ਹ ਮਾਣਦੀ ਸੀ।

*****

ਟਿੱਪਣੀਆਂ

1- Edwin R.A. Seligman (Ed.) Encyclopaedia of Social Scienses Vol- XV. P. 439 New York- 1949

2- ਡਾ. ਭਗਵਤੀ ਸ਼ਰਨ ਉਪਾਧਿਆਇ, ਭਾਰਤੀਯ ਸਮਾਜ ਕਾ ਇਤਿਹਾਸਕ ਵਿਸ਼ਲੇਸ਼ਣ, ਪੰਨਾ 1

3- K. Antonova, G. Bogard Levina, G. Kotovasky; A History of India Part- I, Page 15-16 Progress Publishers Moscow. 1979

4- Shashi Bhooshan Dass, Gupta; Great Women of India, Page. 40

5- ਆਨੰਦ ਪ੍ਰਕਾਸ਼ ਜੈਨ (ਅਨੁਵਾਦਕ) ਨਾਰੀ, ਵਿਵਾਹ ਔਰ ਸਦਾਚਾਰ ਪੰਨਾ 24

6- ਡਾ. ਭਗਵਤੀ ਸ਼ਰਨ ਉਪਾਧਿਆਇ ਭਾਰਤੀਯ ਸਮਾਜ ਕਾ ਇਤਿਹਾਸਕ ਵਿਸ਼ਲੇਸ਼ਣ ਪੰਨਾ 297

7- ਸ਼ੰਭੂ ਨਾਥ ਪਾਂਡੇ : ਭਾਰਤੀਯ ਜੀਵਨ ਔਰ ਸੰਸਕ੍ਰਿਤੀ ਪੰਨਾ 26

8- ______ਵਹੀ ______ ______ " ______ ਪੰਨਾ 26

9- K. Antonova and Others page 26-

10- James Tod, Annals and Antiquities of Rajasthan Vol. II Page 709

11- ਆਚਾਰੀਆ ਗੋਪਾਲ ਪ੍ਰਸਾਦ ਕੌਸ਼ਿਕ ਰਿਗਵੇਦ (ਪ੍ਰਥਮ ਖੰਡ) ਭੂਮਿਕਾ ਪੰਨਾ 4-5 (ਅਨੁਵਾਦਕ) ਰੰਗਾ ਬੁਕ ਡਿਪੂ ਮਥੁਰਾ -1969

12- ਸੂਰ ਜੀ ਵਲੱਭਦਾਸ : ਵੈਦਿਕ ਸੰਪਤਿ (ਹਿੰਦੀ) ਪੰਨਾ 138

13- Y. Keshva Menon, The Mind of Adi Shankara Page- 2, Jaico Publishing House Bombay.

14- H.N. Wilson : Rigved Samhita(Intorduction)
P- 45- 46

15- K. Antonova. P -36

16- ਬਲਦੇਵ ਸਿੰਘ(ਅਨੁਵਾਦਕ): ਭਾਰਤੀ ਸੰਸਕ੍ਰਿਤੀਆਂ ਅਤੇ ਸਾਤੀਆਂ
ਪੰਨਾ 288

17- ਮਹਾਦੇਵੀ ਵਰਮਾ : ਸ੍ਰਿੰਖਲਾ ਕੀ ਕੜੀਆਂ, ਪੰਨਾ 145

18- ਅਥਰਵਵੇਦ : 6:11:1 ; 5:26:56: ਰਿਗਵੇਦ 1:31:8 : 1:105:3 ;
10:85:25; 10:85:45

19. ਸ਼ਤਪਥ ਬ੍ਰਾਹਮਣ : 5:3:1:13

20- ਰਾਮ ਚੰਦਰ ਕਪੂਰ : ਭਾਰਤੀਯ ਸੰਸਕ੍ਰਿਤੀ ਵਿਚਾਰਦਰਸ਼ਨ ਪੰਨਾ 20

21- M.C. Sarkar, Some Aspects of theEarliest Social
History of India P. 107

22- ਰਿਗਵੇਦ 10:27:12

23- ਰਿਗਵੇਦ 10:40:11-12
Kaegi, Life in Ancient India P- 25

24- ਸ਼ਤਪਥ ਬ੍ਰਾਹਮਣ 4:1:5:9 ; ਰਿਗਵੇਦ 10:39:3

25- Mayne. A Treatise on Hindu Law and Usage P. 65, f.n. (I)
ਅਤੇ ਰਿਗਵੇਦ 3:31:1

26- ਡਾ. ਸਿਧੇਸ਼ਵਰ ਸ਼ਾਸਤਰੀ: ਰਿਗਵੈਦਿਕ ਕਾਲ ਮੇਂ ਪਾਰਿਵਾਰਿਕ ਸੰਬੰਧ
ਪੰਨਾ 268 ਅਤੇ ਰਿਗਵੇਦ 10:85:13

27- ____ਓਹੀ ________ ਪੰਨਾ 258

28- ਐਤ੍ਰੇਯ ਬ੍ਰਾਹਮਣ 7:15

29- ਮੈਤ੍ਰਾਯਣ ਸੰਹਿਤਾ 1:10:11 ; ਤੈਤ੍ਰਿਯ ਬ੍ਰਾਹਮਣ 1:1:2:4

30- ਬ੍ਰਿਹਦਾਰਣਯਕ ਉਪ. 6:4:17

31- ਕਨ੍ਹੈਯਾ ਲਾਲ ਮਿਸ਼ਰ : ਮਨੂ-ਸਿਮਰਤੀ 9:88:89
ਪ੍ਰਯਾਗ ਲਾਅ ਬੁਕ ਡਿਪੂ ਮੁਰਾਦਾਬਾਦ 1927

32- ਮਨੂ-ਸਿਮਰਤੀ 9:91; 9:94

33- ਬੋਧਾਯਨ ਧਰਮ ਸੂਤਰ 4:1:14; ਵਸ਼ਿਸ਼ਟ ਧਰਮ ਸੂਤਰ 17:59

34- ਮਨੂ ਸਿਮਰਤੀ 13:45: 4:185

35- ਰਿਗਵੇਦ 3:53:4; 10:85:44-46; ਅਥਰਵੇਦ 14:42-44;
14:2: 63-64

36- ਰਿਗਵੇਦ 3:53:4; 10:85:24

37- ਮੈਤ੍ਰੇਯ ਬ੍ਰਾਹਮਣ 3:3:5:6 ; ਸ਼ਤਪਥ ਬ੍ਰਾਹਮਣ 14:4:2: 4-5
5:2:1:10

38- **A.S. Altekar, Position of Women in Hindu Civilization P- 17. The Culture Publication House, Benars- 1938**

39- ਰਾਮਸਰੂਪ ਵਸ਼ਿਸ਼ਠ : ਵੈਦਾਰਥ ਵਿਗਿਆਨ ਪੰਨਾ 29 ਅਤੇ
ਰਿਗਵੇਦ 1:28:3

40- ਅਥਰਵੇਦ : 14:2:17-18; 27,71-72; ਰਿਗਵੇਦ 2:3:6;
2:38:4; 10:85:26-27

41- **Vedic Index : I P. 474;**
ਰਿਗਵੇਦ 10:85:33

42- ਰਿਗਵੇਦ 1:113:6-7; 5:79:1-10; 5:80:1-6;
7:80:1-3; 7:82:1-6; 9:5:8: 10:70:8

43- ਰਿਗਵੇਦ 1:116:15; 5:30:9; 10:102: 2-11

44- ਏ.ਐਲ.ਬਾਸ਼ਮ : ਅਦਭੁਤ ਭਾਰਤ ਪੰਨਾ 175;
ਰਿਗਵੇਦ 10:33:2; 10:105:8; 10:105:1-6; 10:159:1-2

4.

45- ਰਿਗਵੇਦ 10/85/86

46- Vedic Index I. P. 484

47- ਅਥਰਵੇਦ 9/5/27-28 ; 18/3/1/2; ਰਿਗਵੇਦ 10/18/8

48- ਰਾਮਸ਼ਰਣ ਵਸ਼ਿਸ਼ਠ : ਪੰਨਾ 28

49- ਸ੍ਰੀ ਰਵੀਂਦਰ ਵੇਦਾਲੰਕਾਰ: ਭਾਰਤ ਕਾ ਸਾਂਸਕ੍ਰਿਤਿਕ ਇਤਿਹਾਸ ਪੰਨਾ 51

50- ਰਿਗਵੇਦ 4/58/8-9 ; 5/61/6-9 ; 10/109/3-7

51- ਰਿਗਵੇਦ ~~4/58/8-9~~ - 415/5-3/33/17; 10/34/2-4; 10/95/15

52- ਪ੍ਰੋ: ਸਤਬੀਰ ਸਿੰਘ(ਅਨੁਵਾਦਕ) ਭਾਰਤ ਦਾ ਬ੍ਰਿਹਤ ਇਤਿਹਾਸ ਭਾਗ -1
(ਪ੍ਰਾਚੀਨ) ਪੰਨਾ 40

53- ਸਤਪਥ ਬ੍ਰਾਹਮਣ 1/3/1/9; 12,13; 1/9/2/12; 10/5/2/9;
ਮੈਤ੍ਰਾਯਣੀ ਸੰਹਿਤਾ 4/76; ਮੈਤ੍ਰਾਯਣੀ ਸੰਹਿਤਾ 3/63

54- ਡਾ. ਬੇਨੀ ਪ੍ਰਸਾਦ : ਹਿੰਦੁਸਤਾਨ ਕੀ ਪੁਰਾਣੀ ਸਭਿਅਤਾ ਪੰਨਾ 102

55- ਮਨੂ ਸਿਮਰਤੀ 3/60; 5/130

56- ਮਨੂ ਸਿਮਰਤੀ 87; 5/15; 5/54-55 : [illegible] ਸਿਮ੍ਰਤੀ ਖੰਡ 47/56

57- ਮਨੂ ਸਿਮਰਤੀ 5/108; 5/157-62; 5/166; 8/133-34 ;317;
8/352-64; 9/64-66; 9/82; 9/101; ਵਸ਼ਿਸ਼ਠ 21/1-4;
019/44; 28/2-3 ਯਾਗਵਲਕ 1/78-81; 2/290 ;
ਦੇਵਲ 50-51 ਨਾਰਦ 16/8

58- ਮਨੂ ਸਿਮਰਤੀ 8/416; ਵਿਸ਼ਨੂੰ 37/25; 43/26; 44/5

59- ਰਿਗਵੇਦ 5:42:2 ; 5:43:2; 1:32:9

60- ਸਿਪਰੂਰ ਚਾਤੁਰਣਾ ਸਾਤਾ ਗੌਰਵੈਣਾਂ ਦੀ ਕਥਾਤੇ

5.

61- ਰਿਗਵੇਦ 1:32:9; 1:72:9 ; 1:106:3 ; 3:4:11; 3:29:3;
4:42:4; 4:52:2; 7:41:2 ; 10:65:12

62- ਰਿਗਵੇਦ 1:105:5; 3:16:5 ; 8:98:11; 10:95:10

63- ਮਨੂ ਸਿਮਰਤੀ 2:29:

64- ਮਾਘ : [illegible] ਪੰਨਾ 479

65- ਮਨੂ ਸਿਮਰਤੀ 8:349

66- ____ [illegible] ____ 2:32:-34

67- ਪ੍ਰੇਮ ਨਾਥ ਪਾਂਡੇ : [illegible] ਪੰਨਾ 52

68- Dr.(Miss) Shakambari Jayal M.A. Ph.D.
The status of women in Epics (Ist. Ed.) P-11
Moti Lal Banarsi Dass, Jawahar Nagar Delhi- 7

69- ਵਾਲਮੀਕੀ ਰਾਮਾਇਣ 1:4:7 - ਗੀਤਾ ਪ੍ਰੈਸ ਗੋਰਖਪੁਰ

70- J.L. Davies : A short History of Women P. 68 (fn).

71- ਵਾ: ਰਾ. 2:118:28-30; 5:28:2; 7:9:8-11; 7:12:11-12

72- ਵਾ. ਰਾ. 2:43:15; 6:128:37-38,62

73- ਵਾ. ਰਾ.1:50:15; 1:66:15; 1:77:13-14; 2:118:34;
7:25:28

74- ਵਾ.ਰਾ. 1:32:22; 1:33:10; 7:17:10; 7:80:9-12

75- ਵਾ. ਰਾ. 9:74:4-7

76- ਵਾ. ਰਾ. 2:63:51-52 ਅਤੇ
PANDARI NATH H. WALAWALEKER ; HINDU SOCIAL INSTITUTIONS.

ਠ.

77- ਵਾ. ਰਾ. 1:33:7-9; 2:26:4; 2:27:10; 2:37:13-14,
3:10:2; 3:55:26-27; 5/24:9-10; 5:30:17-19

78- ਵਾ. ਰਾ. 2:9:14-19; 2:29:17-19; 2:30:6; 3:9:13-23

79- ਵਾ. ਰਾ. 2:2[illegible]:15; 4:16:12

80- ਵਾ. ਰਾ. 7:49:15-16

81- ਵਾ. ਰਾ. 2:21:60; 2:24:5-8; 21,25-28; 2:27:59;
2:39:32; 2:117; 2:118:2; 6:122:35; ਅਤੇ
7:48;17-18

82- ਵਾ. ਰਾ. 2:27:5-6; 2:29:7; 2:39:29-30; 2:61:24;
2:118:9; 5:16:26

83-84 ਹਨੂਮਾਨ ਪ੍ਰਸਾਦ ਪੋਦਾਰ :
ਰਾਮ ਚਰਿਤ ਮਾਨਸ 1:101:2-3
ਗੀਤਾ ਪ੍ਰੈਸ ਗੋਰਖਪੁਰ - 1959

85- ਵਾ. ਰਾ. 2:12:66-70 ਅਤੇ ਰਾਮ ਚਰਿਤ ਮਾਨਸ 1:188

86- ਵਾ. ਰਾ. 2:75:37 ; 2:78:21

87- ਵਾ. ਰਾ. 6:117:26-27

88- ਵਾ. ਰਾ. 2:19:7

89- ਵਾ. ਰਾ. 2:20:39-43; 2:24:18

90- ਵਾ. ਰਾ. 3:45:6; 4:5:23

91- ਵਾ. ਰਾ. 4:18:22

92- ਵਾ. ਰਾ 6:32:9

93- ਰਾਮ ਚਰਿਤ ਮਾਨਸ 2:169:1

94- ਵਾ. ਰਾ. 2:24:12-13; 2:35:5-8

95- ਵਾ. ਰਾ. 2:26:30-32

96- ਰਾ.ਮਾ. 2:63:4; 2:64:2

97- ਵਾ. ਰਾ. 6:118:17-21; 4:43:18; 7:47:12-14

98- ਰਾ.ਮਾ. 2:12:24-27; 45,53-55, 101

99- ਰਾ. ਮਾਨਸ 2:9:1-3

100- ਰਾ.ਮਾ. 1:57

101- ਰਾ.ਮਾ. 1:119:2

102- ਰਾ.ਮਾ. 2:14

103- ਰਾ.ਮਾ. 3:36:5; 4:14:4 ; 6:60:6

104- ਰਾ.ਮਾ. 1:76:2; 2:176:2

105- ਵਾ.ਰਾ. 2:21:52

106- ਰਾ.ਮਾ. 2:55:1 ਅਤੇ ਵਾ.ਰਾ. 2:21:24-25

107- ਵਾ. ਰਾ. 2:31:11; ਰਾ.ਮਾ. 2:60:3-4; 2:70; 2:73:3

108- ਵਾ.ਰਾ. 2:21:12

109- ਵਾ. ਰਾ. 2:20:35-37

~~[illegible]~~

110- ਰਾਮ ਨਰਾਇਣ ਦੱਤ ਸ਼ਾਸਤਰੀ: ਮਹਾਂਭਾਰਤ 12/144/6; ਨ ਗ੍ਰਹੰ ਗ੍ਰਹਮਿਤਯਾਹੁ ਗ੍ਰਿਹਣੀ ਗ੍ਰਹਮੁਚਯਤੇ। (ਗੀਤਾ ਪ੍ਰੈਸ ਗੋਰਖਪੁਰ)

111- ____ਓਹੀ____________ 13/46/10-15; 1/47/41-43,44 ਅਤੇ ਅਰਧਭਾਰਯਾ ਮਨੁਸ਼ਯਸਯ ਭਾਰਯਾ ਸ਼੍ਰੇਸ਼ਠਤਮ ਸਖਾ ਅਤੇ ਸਵਰਗਮੂਲੰ ਤ੍ਰਿਵਰਗਸਯ ਭਾਰਯਾ ਮੂਲੰ ਤਰਿਸ਼ਯਤ

8.

112- ਮਹਾਭਾਰਤ 13/38/12,16; 13/40/4-5

113- ____ਓਹੀ____13/39/5-6,13:14; 13/43/19

114- ____ਓਹੀ____ 13/40/7-8

115- DR SHALINI JOSHI ; WOMEN IN MAHABHARAT

116- ਮਹਾਭਾਰਤ 1/119/17-18

117- ___ਓਹੀ____1/166(ਅਤਿਰਿਕਤ ਸ਼ਲੋਕ) ;1/115/12-15

118- ___ਓਹੀ____1/76/60-62; 1/80/9-10; 1/198/13-15;
2/51/18-9; 5/86/8

119- ____ਓਹੀ______ 1/80/22-24; 1/158/11-12; 1/161/4;
1/214/24 ; 3/122/24

120- __ਓਹੀ_____ 2/32/65; 13/11/13-14; ਅਤੇ ਇਨ੍ਹਾਂ ਇਕਸਾਰ ਕਥਨਾਂ
ਨਕਅਨਾਮ ਪ੍ਰਿਸੂਰਨ।

121- ___ਓਹੀ______9/48/3; 1/73/5-6; 1/81/26; 1/166
ਅਤਿਰਿਕਤ ਸ਼ਲੋਕ

122- ___ਓਹੀ________ 1/81/37-38; 1/82/19; 1/83/22-23;
1/197/16-17; 1/206/10-12

123- ____ਓਹੀ_______ 13/45/11;

124- ____ਓਹੀ_______ 13/46/1-4

125- ਮਹਾਭਾਰਤ 13/46/5-6; 15; 13/122/17; 1/74/41-43

126- ____ਓਹੀ_____ 1/73/27; 1/74/9-10; 1/121/4-8; 13/123/8-19
20; 13/146/35-55; 1/157/3-7; 24;

127- ਮਹਾਭਾਰਤ: 12/266/36-38; 14/90/48-49

127- ਇਸਤ੍ਰੀਆਂ ਬਾਬ: ਪਰਿਵਰਤਨ ਦੇ ਨਿਯਮ ਅਤੇ 13/127/7;

128- ___ਓਹੀ____ 12/108/31-32; 13/111/117-18;
17/3/16; 1/155/24; 1/154-2 ;
5/38/10; 1/74/51 ਅਤੇ ਸ਼ਾਖਿਦੇ ਪ੍ਰੋ. ਰਾਮਾਨੰਦ
ਸ਼ੂਨਿਆਵਾਦੀਆਂ ਨਾਲ

129- ______ਓਹੀ_____ 3/58/28; 1/74/41-43

130- ਮਹਾਂਭਾਰਤ 1/82/22-25

131- ___ਓਹੀ_____1/98/13-15 ; 2/51/8-9; 2/52/10/12;
5/86/8; 12/29/65; 133; 12/234/34;
13/53/40-41; 13/137/11/16, 25-26;

132- ___ਓਹੀ_______ 1/220/16/17; 22-24; 13/4731 ,47 ,61

133- ____ਓਹੀ_______ 1/84/27-28; 2/68/35 -36

134- _____ਓਹੀ_________ 1/124/28-31; 4/23/8; 5/148/10;
ਮੋਕਸ਼ਪਰਵ /16/7-18

135- _____ਓਹੀ_______ 1/104/8-10; 38-39; 1/105/2;
1/119/37

136- ਨਾਸਤਿ ਮਾਤ੍ਰਸਮਾ ਛਾਯਾ ਨਾਸਤਿ ਮਾਤ੍ਰਸਮਾ ਗਤਿ।
ਨਾਸਤਿ ਮਾਤ੍ਰਸਮੰ ਤ੍ਰਾਣੰ ਨਾਸਤਿ ਮਾਤ੍ਰਸਮਾ ਪ੍ਰਿਯਾ ਅਤੇ
ਮਹਾਂਭਾਰਤ 12/167/31; 1/85/25

137- ਮਹਾਂਭਾਰਤ 1/104/2-4; 19,35-38; 1/186/43-45;
1/181/26; 12/343/18; 13/44/51

138- ____ਓਹੀ______13/105/14-16

139- _____ਓਹੀ______1/104/30-32,12/266/26-27, 31; 42-43
13/75/40-41

10.

140- ____ਓਹੀ________ 1/190/2; 1/195/17

141- ____ਓਹੀ________ 1/37/3-4

142- ____ਓਹੀ________ 1/74/71-72; 98

143- ਰਾ. ਮਾ. 7:114:8

144- ਰਾ. ਮਾ. 7:115:2

ਆਧੁਨਿਕਕਾਲੀਨ ਨਾਰੀ

145- ਦੀਘ ਨਿਕਾਯ 1:77

146- ਜੰਬੂ ਦ੍ਵੀਪ ਪ੍ਰਗਯਪਤਿ 3: 67

147- ਪੂਰਵ ਔਰ ਪਸ਼ਚਿਮ ਕੀ ਸੰਤ ਮਹਿਲਾਏਂ ਪੰਨਾ 174

148- ਬੈਜਨਾਥ ਸਿੰਘ ਵਿਨੋਦ: ਭਾਰਤੀਯ ਜੀਵਨ ਕੀ ਸਮਾਜਵਾਦੀ ਸਮੀਖਿਆ ਪੰਨਾ 46

149- ਵਾਚਸਪਤਿ ਗੈਰੋਲਾ : ਸੰਸਕ੍ਰਿਤ ਸਾਹਿਤਯ ਕਾ ਇਤਿਹਾਸ, ਪੰਨਾ 302

150- [illegible]

151 [illegible] years of Buddhism [illegible]

152- ਡਾ. ਵਲੱਭਰਾਮ ਤਿਵਾੜੀ : ਹਿੰਦੀ ਕਾਵਯ ਮੇਂ ਨਾਰੀ ਪੰਨਾ 81

153 [illegible] 4

154- ਬੈਜਨਾਥ ਸਿੰਘ ਵਿਨੋਦ ਪੰਨਾ 36

155- ਹੁਲੇਵੰਗ ਪੰਨਾ 375,382-91 ਅਤੇ ਡਾ. ਮੋਹਨਚੰਦ੍ਰ ਸਿੰਹ: ਵੇਦ ਔਰ ਗੀਤ ਆਗਮੋਂ ਮੇਂ ਨਾਰੀ ਕਾ ਜੀਵਨ ਪੰਨਾ 179

11.

156- [illegible] (Ed.)
Great [illegible] of India [illegible]
[illegible]

157- [illegible]
[illegible]

158- ਨਾਮਾ 1:2:40; ਵਿਚਾਰਾ ਸੁਧ. 1:7:137; ਵਿਚ. 3:116;
ਬੇਦੀ 3:5:52 (ਤ੍ਰੈਪਦਾ)

159- ਡਾ. ਮੋਹਨ ਚੰਦ ਸਿੰਘ - ਪੰਨਾ 15

160- ਬੈਜਨਾਥ ਸਿੰਘ ਵਿਨੋਦ - ਪੰਨਾ 37

161- ਬੇਦੀ 15:1:409

162- [illegible] 5

163- ਬੇਦੀ 16:1:464; 16:1:467 ; 16:1:484

164- ਪਾਰਿਜਾਤ ਪੰਨਾ 441 (ਤ੍ਰੈਪਦ)

165- ਡਾ. ਮੋਹਨ ਚੰਦ ਸਿੰਘ ਪੰਨਾ 227

166- ________ ਓਹੀ ____________ ਪੰਨਾ 186

*****

167- [illegible] ਸਾਹਬ ਸੰਪਾਦਨਾ 65

168- [illegible] India [illegible]

169- [illegible]
[illegible]

170- ਬੇਦੀ 1:11:11;; ਨਾਮਾ. 1:14:105; [illegible] ਸੀ.39; ਅਤੇ
ਡਾ. [illegible] ਸਿੰਘ: [illegible] ਪੰਨਾ 54

12.

171- ਜਾਤਕ 4 ਪੰਨਾ 45-49

172- ਧੱਮਪਦ 115,324; ਥੇਰੀ 45, ਜਾਤਕ 432

173- ਜਾਤਕ 267, ਵਾਨਰੇਂਦ ਜਾਤਕ 546

174- ਮੰਗਿਲ ਜਾਤਕ 13, ਸੰਕਿਚਰ ਜਾਤਕ 65,198, ਤ੍ਰੈਕਿਲ ਜਾਤਕ 67

175- ਪ੍ਰੂਵ ਸੈਨ ਪਸ਼ੂਵਿਸ਼ ਕੀ ਸੇਤ ਮਹਿਲਾਏਂ ਪੰਨਾ 181

176- [illegible] : [illegible] Asia Publishing House New York 1964

177- ਪ੍ਰੂਵ ਸੈਨ ਪਸ਼ੂਵਿਸ਼ ਕੀ ਸੇਤ ਮਹਿਲਾਏਂ ਪੀ. 185

178- ਦੀਘ ਨਿਕਾਯ 1:77; ਸੰਯੁ 3:67

179- [illegible] p.110

180- [illegible] Ancient India [illegible]

181- ਨਾਮਧਾਰੀ ਸਿੱਖ ਇਤਿਹਾਸ, ਸਿੱਖ ਗੁਰੂ ਕੇ ਰਾਜ ਅਧਿਆਇ ਪੰਨਾ 141

182- ਸ੍ਰੀ ਪ੍ਰਭੂ ਵੈਦ ਮਹਾਭਾਰਤ : ਸ਼ਾਂਤੀਪਰਵ 12:2-35

183- ਮਹਾਭਾਰਤ ਅਧਿਐਨ : ਮੁਨਸ਼ੀਰਾਮ ਮਨੋਹਰਲਾਲ ਪੰਨਾ 116

184- ਸੰਤ ਵਸੁਦੇਵ ਪੰਨਾ 7-8 ; ਨਾਯਾ 1:8

185- ਪੰ. ਪਰਮੇਸ਼ਠੀਦਾਸ ਜੈਨ : ਜੈਨ ਧਰਮ ਕੀ ਉਦਾਰਤਾ

186- ਰੋਸ਼ਨ ਚੰਦ੍ਰ ਜੈਨ ਪੰਨਾ 32

187- ਨਾਯਾ. 1:2:40; ਵਿਵਾਗ. 1:7:137; ਨਿਰਯਾ. 3:116

188- ਨਾਯਾ. 1:14:101; ਵਿਵਾਗ. 1:9:176; ਅੰਤ. 3:8:48-49

189- ਨਾਯਾ. 1:8:14; 16,73,75,77; 1:14:101; ਵਿਵਾਗ 1:9:177

190- ਨਾਯਾ. 2:1:151; 1:16:118

13.

191- ਨਾਪ੍ਰਾ. 1:1:24; 1:5:58; 1:8:69:; 1:16:115,121

192- ਸ੍ਰੁਮ. 3:2:3

193. ਨਾਪ੍ਰਾ. 1:8:69; ਉਪਾਸੂਕ . 1:65

194- ਨਰ. 1:1:35:; ਸਰਾਫ਼ੈਸ. 4:1:-2

195- ਨੇਸਰ ਵੈਦੂ ਸਿੰਨ - ਪੰਨਾ 28

196- ਸ਼ਾਪ੍ਰਾ. 1:1:24; ਸ਼੍ਵੇਤਾ. 3:6:22

197- ਛੀਖ. 1:12:; ਨੁਸਿੰਘ ਤਿਵਾਰੀ 1:97

198- [illegible] of India p. 384

199- ਡਾ. ਜਗਜੀਤ ਸਿੰਘ ਸਿੰਘ: ਦੇ ਪ੍ਰਭਾਵ ਸਾਲ ਪ੍ਰਾਣੀ ਕਹਾਣੀਆਂ ਪੰਨਾ 101

200- ਨਾਪ੍ਰਾ. 1:1:14; 1:2:46 ; ਵਿਸ਼ਾ. 1:1:26

201- ਨਾਪ੍ਰਾ. 1:2:42

202- ਵਿਸ਼ਾਲ. 1:9:165,171; ਕ੍ਰਾ. ਟਿ. 423 ਉਤਸਵ ਪਿਟਾ 79

203.- ਧੀਯਾ. 8:230; ਨਾਪ੍ਰਾ. 1:16:113

204- ਨਾਪ੍ਰਾ. 115:58

205- ____ਉਹੀ______

206 [illegible]

207- ਸ੍ਰੁਮ. 1:4:1:15 ਨਾਪ੍ਰਾ. 1:1:24

208- ਸ੍ਰੁਮ . 1:3:2:4

209- ਨਾਪ੍ਰਾ. 1::5:59 ਅਤੇ ਬ੍ਰਹਾਨ. 2:9

210- ਨਾਪ੍ਰਾ. 1:5:58

ਅਧਿਆਇ ਤੀਜਾ

ਸਾਮੀ ਵਿਚਾਰਧਾਰਾ ਅਤੇ ਇਸਤਰੀ

ਹਜ਼ਰਤ ਨੂਹ ਦੇ ਪੁੱਤਰ ਸਾਮ ਦੀ ਔਲਾਦ/ਨਸਲ ਨੂੰ ਸਾਮੀ ਕਿਹਾ ਜਾਂਦਾ ਹੈ। ਜਿਨ੍ਹਾਂ ਵਿਚੋਂ ਹਜ਼ਰਤ ਮੂਸਾ ਅਤੇ ਈਸਾ ਮਸੀਹ ਹੋਏ। 'ਓਲਡ ਟੈਸਟਾਮੈਂਟ' ਅਤੇ 'ਨਿਊ ਟੈਸਟਾਮੈਂਟ' ਮੂਸਾਈ ਅਤੇ ਈਸਾਈ ਧਾਰਮਿਕ ਗ੍ਰੰਥ ਹਨ। ਅਰਬੀ ਵੀ ਸਾਮੀ ਨਸਲ ਦੀ ਭਾਸ਼ਾ ਹੈ। 'ਕੁਰਾਨ ਸ਼ਰੀਫ' ਅਰਬੀ ਰਚਨਾ ਹੈ ਜਿਸ ਦੀਆਂ ਆਇਤਾਂ ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਵਲੋਂ ਨਾਜ਼ੁਲ ਹੋਈਆਂ ਸਨ। ਇਹ ਇਸਲਾਮੀ ਪਵਿੱਤਰ ਗ੍ਰੰਥ ਹੈ। ਕੋਈ ਵੀ ਵਿਅਕਤੀ ਜੋ ਹਜ਼ਰਤ ਈਸਾ ਜਾਂ ਮੁਹੰਮਦ ਸਾਹਿਬ ਤੇ ਈਮਾਨ ਲਿਆਉਂਦਾ ਹੈ ਭਾਵ ਵਿਸ਼ਵਾਸ਼ ਕਰਦਾ ਹੈ, ਉਹ ਈਸਾਈ ਜਾਂ ਇਸਲਾਮ ਧਰਮ ਗ੍ਰਹਿਣ ਕਰ ਸਕਦਾ ਹੈ। ਹਜ਼ਰਤ ਮੂਸਾ ਦੀ ਔਲਾਦ ਯਹੂਦੀ ਹਨ ਪਰ ਕੋਈ ਗੈਰ ਯਹੂਦੀ ਨਸਲ ਵਾਲਾ ਯਹੂਦੀ ਧਰਮ ਨਹੀਂ ਅਪਣਾ ਸਕਦਾ।

ਤਿੰਨੇ ਧਰਮਾਂ ਦੀਆਂ ਵਿਚਾਰਧਾਰਾਵਾਂ ਆਪਸ ਵਿਚ ਕਾਫ਼ੀ ਮੇਲ ਖਾਂਦੀਆਂ ਹਨ। ਸ੍ਰਿਸ਼ਟੀ ਦੀ ਰਚਨਾ ਅਤੇ ਮਨੁੱਖ ਦੀ ਉਤਪਤੀ ਬਾਰੇ ਵੀ ਮੌਲਿਕ ਧਾਰਨਾ ਇਕੋ ਹੀ ਹੈ। ਤਿੰਨਾਂ ਧਰਮਾਂ ਦੇ ਅਨੁਯਾਈ ਇਕੋ ਜੇਹੀਆਂ ਮਰਯਾਦਾਵਾਂ ਦਾ ਪਾਲਨ ਕਰਕੇ ਆਦਰਸ਼ ਜੀਵਨ ਬਤੀਤ ਕਰ ਸਕਦੇ ਹਨ। ਸਾਡੀ ਵਿਚਾਰਧਾਰਾ ਦਾ ਵਿਸ਼ਾ ਕੇਵਲ ਇਸਤਰੀ ਤਕ ਹੀ ਸੀਮਿਤ ਹੈ। ਇਸ ਸੰਬੰਧੀ ਵਿਚਾਰ ਕਰਦੇ ਹੋਏ ਇਨ੍ਹਾਂ ਧਰਮਾਂ ਦੇ ਧਾਰਮਿਕ ਗ੍ਰੰਥਾਂ - ਓਲਡ ਟੈਸਟਾਮੈਂਟ, ਨਿਊ ਟੈਸਟਾਮੈਂਟ ਅਤੇ ਕੁਰਾਨ ਸ਼ਰੀਫ ਨੂੰ ਹਵਾਲੇ ਰੂਪ ਵਿਚ ਵਰਤ ਕੇ ਵਿਆਖਿਆ ਕੀਤੀ ਜਾਵੇਗੀ। ਨੰਬਰ ਦੇਂਦੇ ਸਮੇਂ ਪੁਸਤਕ ਦਾ ਨੰਬਰ, ਅਧਿਆਏ, ਸ਼ਲੋਕ ਜਾਂ ਆਇਤ ਨੰਬਰ ਕ੍ਰਮਵਾਰ ਲਿਖੇ ਗਏ ਹਨ।

ਪ੍ਰਾਚੀਨ ਸ਼ੁਕਤੀ (ਓਲਡ ਟੈਸਟਾਮੈਂਟ) ਦੀ ਮੂਲ ਭਾਸ਼ਾ ਇਬਰਾਨੀ ਹੈ। ਯਹੂਦੀ, ਈਸਾਈ ਅਤੇ ਇਸਲਾਮ ਤਿੰਨਾਂ ਧਰਮਾਂ ਦੀ ਪਰੰਪਰਾ ਇਕ ਹੀ ਹੈ। ਤਿੰਨਾਂ ਧਰਮਾਂ ਨੂੰ ਭਲੀ - ਭਾਂਤੀ

ਸਮਝਣ ਲਈ ਮੂਸਾ ਦੀਆਂ ਇਹ ਪੰਜੇ ਪੁਸਤਕਾਂ ਹੀ ਅਧਾਰ ਹਨ। ਬਾਈਬਲ ਦੀਆਂ ਇਹ ਪਹਿਲੀਆਂ ਪੰਜ ਪੁਸਤਕਾਂ ਮੂਸਾ ਦੀ ਆਤਮਕਥਾ ਆਖੀਆਂ ਜਾ ਸਕਦੀਆਂ ਹਨ। ਬਾਈਬਲ ਮੂਸਾ ਤੋਂ ਲਗਭਗ ਚਾਰ ਸੌ ਸਾਲ ਤੋਂ ਛੇ ਸੌ ਸਾਲ ਪਿਛੋਂ ਲਿਖੀ ਗਈ ਮੰਨੀ ਜਾਂਦੀ ਹੈ। ਪ੍ਰਾਚੀਨ ਸੂਕਤੀ ਚਮੜੇ ਉਤੇ ਲਿਖੀ ਗਈ ਸੀ। ਪੁਸਤਕ ਰੂਪ ਨਹੀਂ। ਇਸੇ ਲਈ ਯਹੂਦੀ ਲੋਕ ਅੱਜ ਵੀ ਉਹਨਾਂ ਨੂੰ ਚਮੜੇ ਉਪਰ ਲਿਖਣਾ ਵਧੇਰੇ x ਪਵਿੱਤਰ ਮੰਨਦੇ ਹਨ।

'ਆਰੀਆ ਨੇ ਜੇਕਰ ਬੁੱਧ, ਜਰਦਸ਼ਤ, ਸਾਫੋਕਲੀਜ਼, ਸੁਕਰਾਤ, ਪਲੈਟੋ ਅਤੇ ਅਰਸਤੂ ਆਦਿ ਤੱਤਵ-ਗਿਆਨੀ ਪੈਦਾ ਕੀਤੇ ਹਨ ਤਾਂ ਸਾਮੀਆਂ ਨੇ ਮੂਸਾ, ਯੋਸ਼ੂਆ, ਇਸਿਆਹ, ਯਰਮੀਯਾ, ਹਿਜ਼ਕੀਲ, ਈਸਾ ਮਸੀਹ ਅਤੇ ਮੁਹੰਮਦ ਪੈਦਾ ਕੀਤੇ ਹਨ। ਯਹੂਦੀ, ਈਸਾਈ, ਬੁੱਧ ਅਤੇ ਇਸਲਾਮ ਧਰਮ ਵਿਸ਼ਵ-ਧਰਮ ਹਨ ਅਤੇ ਇਕ ਈਸ਼ਵਰਵਾਦੀ ਹਨ: ਨਿਰਾਕਾਰ ਪੂਜਾ ਦੇ ਸਮਰਥਕ।[1] ਹੁਣ ਅਸੀਂ ਕ੍ਰਮਵਾਰ ਇਬਰਾਨੀ, ਈਸਾਈ ਅਤੇ ਇਸਲਾਮੀ ਵਿਚਾਰਧਾਰਾ ਅਨੁਸਾਰ ਇਸਤਰੀ ਦਾ ਵਰਣਨ ਕਰਾਂਗੇ।

(ੳ) ਇਬਰਾਨੀ ਵਿਚਾਰਧਾਰਾ ਅਤੇ ਇਸਤਰੀ

'ਇਬ੍ਰਾ'- ਮੱਧ-ਏਸ਼ੀਆ ਦਾ ਉਹ ਇਲਾਕਾ ਹੈ ਜੋ ਦਰਿਆ ਫਰਾਤ ਦੇ ਪਛੱਮੀ ਕੰਢੇ ਅਤੇ ਅਰਬ-ਰੇਤ ਥਲ ਦੇ ਵਿਚਕਾਰ ਫੈਲਿਆ ਹੋਇਆ ਹੈ। ਇਥੇ ਹੀ 'ਇਬ੍ਰਾ' ਨਾਉਂ ਦਾ ਕਬੀਲਾ ਹੋਂਦ ਵਿਚ ਆਇਆ ਜਿਸ ਨੇ ਹਜ਼ਰਤ ਨੂਹ ਜੇਹੇ ਪੈਗੰਬਰਾਂ ਨੂੰ ਜਨਮ ਦਿੱਤਾ। ਇਥੋਂ ਦੇ ਵਾਸੀਆਂ ਦੀ ਭਾਸ਼ਾ ਇਬਰਾਨੀ ਅਰਥਾਤ ਹੈਬ੍ਰਿਊ ਅਖਵਾਉਂਦੀ ਹੈ, ਇਸੇ ਆਧਾਰ ਉਤੇ ਇਨ੍ਹਾਂ ਦੀ ਵਿਚਾਰਧਾਰਾ ਨੂੰ ਇਬਰਾਨੀ ਕਿਹਾ ਜਾਂਦਾ ਹੈ।

ਸ੍ਰਿਸ਼ਟੀ ਦੀ ਉਤਪਤੀ ਬਾਰੇ ਯਹੂਦੀਆਂ ਦੇ ਵਿਚਾਰ ਪੜ੍ਹ ਕੇ ਹੀ ਇਸਤਰੀ ਪ੍ਰਤਿ ਉਹਨਾਂ ਦਾ ਦ੍ਰਿਸ਼ਟੀਕੋਣ ਕਾਫੀ ਹੱਦ ਤਕ ਸਪਸ਼ਟ ਹੋ ਜਾਂਦਾ ਹੈ। ਉਹਨਾਂ ਅਨੁਸਾਰ ਪ੍ਰਭੂ ਨੇ ਛੇ ਦਿਨਾਂ ਵਿਚ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਸਤਵੇਂ ਦਿਨ ਪੂਰਾ ਅਰਾਮ ਕੀਤਾ। ਆਦਮ ਨੇ ਪ੍ਰਭੂ ਪਾਸ ਆ ਕੇ ਫਰਿਆਦ ਕੀਤੀ ਕਿ ਇਕੱਲ ਤੋਂ ਬਚਾਉਣ ਲਈ ਉਸਦੇ ਇਕ ਸਾਥੀ ਦੀ ਰਚਨਾ ਕਰ ਦਿੱਤੀ ਜਾਵੇ। ਜੈਨੇਸਿਜ਼ (ਮੂਸਾ ਦੀ ਪ੍ਰਥਮ ਪੁਸਤਕ) ਵਿਚ ਪੁਰਸ਼ ਅਤੇ ਇਸਤਰੀ ਦੀ ਉਤਪਤੀ ਬਾਰੇ ਲਿਖਿਆ ਗਿਆ ਹੈ:-

'ਫਿਰ ਰੱਬ ਨੇ ਮਨੁੱਖ/ਇਸਤਰੀ ਨੂੰ ਆਪਣੇ ਰੂਪ ਵਿਚ ਉਤਪੰਨ ਕੀਤਾ ਅਤੇ ਉਹਨਾਂ ਨੂੰ ਅਸੀਸ ਦਿੱਤੀ ਕਿ ਵਧੋ, ਫੁਲੋ, ਫਲੋ, ਸੰਤਾਨ ਪੈਦਾ ਕਰੋ, ਧਰਤੀ ਨੂੰ ਆਬਾਦ ਕਰੋ ਅਤੇ ਧਰਤੀ ਨੂੰ ਅਧੀਨ ਕਰੋ।'[2]

ਪ੍ਰਭੂ ਨੇ ਆਦਮ ਦੇ ਇਕੱਲੇਪਨ ਉਤੇ ਤਰਸ ਖਾਧਾ। ਉਸ ਨੇ ਸੋਚਿਆ ਕਿ "ਪੁਰਸ਼ ਦਾ ਇਕੱਲਾ ਰਹਿਣਾ ਦਯਨੀਯ ਹੈ। ਮੈਂ ਉਸ ਲਈ ਸਹਾਇਕ ਬਣਾ ਕੇ ਉਸਦੀ ਮੱਦਦ ਕਰਾਂਗਾ।"[3] ਇਹ ਨਿਸਚਾ ਕਰਕੇ ਰੱਬ ਨੇ ਆਦਮੀ ਨੂੰ ਡੂੰਘੀ ਨੀਂਦ ਸੁਆ ਦਿੱਤਾ। 'ਉਸਦੀ ਛਾਤੀ ਵਿਚੋਂ ਇਕ ਪਸਲੀ ਕੱਢ ਕੇ ਔਰਤ ਬਣਾਈ।'[4] ਜਿਸ ਨੂੰ ਹੱਵਾ ਕਿਹਾ ਜਾਣ ਲਗਾ। ਦੋਵੇਂ ਇਕੋ ਹੀ ਮਾਸ ਦੇ ਬਣੇ ਹੋਣ ਕਾਰਨ ਸਮਾਨ ਹੋਏ। ਮਰਦ ਮਾਪੇ ਛੱਡ ਕੇ ਵੀ ਔਰਤ ਪਾਸ ਰਹਿਣਾ ਲੋਚਦਾ ਹੈ ਅਤੇ ਰਹਿੰਦਾ ਵੀ ਹੈ। ਪ੍ਰਭੂ ਨੇ ਦੋਹਾਂ ਨੂੰ ਅਦਨ ਦੇ ਬਾਗ ਵਿਚ ਭੇਜ ਦਿੱਤਾ ਪਰ ਇਕ ਵਿਸ਼ੇਸ਼ ਦਰਖਤ ਦੇ ਫਲ ਖਾਣ ਤੋਂ ਰੋਕ ਦਿੱਤਾ। 'ਔਰਤ ਨੇ ਵਰਜਿਤ ਫਲ ਖਾਧਾ ਅਤੇ ਆਦਮੀ ਨੂੰ ਫਲ ਖਾਣ ਲਈ ਮਜਬੂਰ ਕੀਤਾ। ਦੋਹਾਂ ਦੇ ਗਿਆਨ ਨੇਤਰ ਖੁਲ੍ਹ ਗਏ।'[5] ਉਨ੍ਹਾਂ ਨੂੰ ਆਪਣੇ ਨੰਗੇਜ ਦਾ ਗਿਆਨ ਹੋ ਗਿਆ। ਉਨ੍ਹਾਂ ਨੇ ਅੰਜੀਰ ਦੇ ਪਤੇ ਸੀ ਕੇ ਚੋਗੇ ਬਣਾ ਲਏ। ਬਾਗ ਵਿਚ ਰੱਬ ਦੇ ਆਉਣ ਤੇ ਦੋਵੇਂ ਸ਼ਰਮ ਦੇ ਮਾਰੇ ਲੁਕ ਗਏ। ਰੱਬ ਨੂੰ ਉਨ੍ਹਾਂ ਦੀ ਅਵੱਗਿਆ ਉਤੇ ਬਹੁਤ ਕ੍ਰੋਧ ਆਇਆ। ਮਰਦ ਦੁਆਰਾ ਔਰਤ ਨੂੰ ਦੋਸ਼ੀ ਠਹਿਰਾਏ ਜਾਣ ਤੇ ਰੱਬ ਨੇ ਇਸਤਰੀ ਨੂੰ ਕਿਹਾ "ਮੈਂ ਤੇਰੇ ਦੁਖਾਂ ਅਤੇ ਕੁੱਖ ਨੂੰ ਬੇਔੜ ਵਧਾਵਾਂਗਾ। ਤੂੰ ਦੁਖ ਵਿਚ ਬੱਚੇ ਪੈਦਾ ਕਰੇਂਗੀ ਅਤੇ ਤੇਰਾ ਮਰਦ ਸਦਾ ਤੇਰੇ ਤੇ ਹਕੂਮਤ ਕਰੇਗਾ।'[6] ਉਸ ਦਿਨ ਤੋਂ ਹੀ ਉਹ ਸਰਾਪੀ ਗਈ।

ਇਸ ਕਹਾਣੀ ਤੋਂ ਇਹ ਸਿੱਧ ਹੁੰਦਾ ਹੈ ਕਿ ਔਰਤ ਨੇ ਪਹਿਲਾਂ ਆਪ ਅਵੱਗਿਆ ਕੀਤੀ; ਫਿਰ ਮਰਦ ਨੂੰ ਉਕਸਾ ਕੇ ਗਲਤ ਕੰਮ ਕਰਵਾਇਆ ਅਤੇ ਇਸ ਤਰ੍ਹਾਂ ਉਸ ਨੂੰ ਸਵਰਗ ਵਿਚੋਂ ਕਢਵਾ ਦਿੱਤਾ। ਔਰਤ ਨੇ ਮੁੱਢ ਤੋਂ ਹੀ ਨਿੰਦਣਯੋਗ ਅਮਲ ਕੀਤੇ। ਉਸ ਦੇ ਭਾਗਾਂ ਵਿਚ ਪਰਾਧੀਨਤਾ ਲਿਖੀ ਗਈ ਅਤੇ ਮਰਦ ਉਸਤੇ ਭਾਰੂ ਹੋਣ ਲਈ ਸੁਤੰਤਰ ਹੋ ਗਿਆ। ਇਸੇ ਲਈ ਲੜਕਿਆਂ ਨੂੰ ਰੱਬ ਦੇ ਪੁਤਰ ਕਿਹਾ ਗਿਆ ਹੈ ਜਦੋਂ ਕਿ ਲੜਕੀਆਂ ਨੂੰ ਮਨੁੱਖ ਦੀਆਂ ਪੁਤੱਰੀਆਂ ਕਿਹਾ ਹੈ। 'ਰੱਬ ਦੇ ਪੁੱਤਰਾਂ ਨੇ ਮਨੁੱਖ ਦੀਆਂ ਲੜਕੀਆਂ ਵਿਚੋਂ ਸੁੰਦਰ ਸੁੰਦਰ ਚੁਣ ਕੇ ਆਪਣੀਆਂ ਇਸਤਰੀਆਂ ਬਣਾ ਲਿਆ।'[7] ਮੂਸਾਈ ਮਤ ਵਿਚ ਹਰ ਇਕ ਨੂੰ ਇਕ ਨੇਕ, ਸੁਸ਼ੀਲ ਅਤੇ ਪਵਿੱਤਰ ਆਚਰਨ ਵਾਲੀ ਪਤਨੀ ਵਿਆਹੁਣ ਦਾ ਉਪਦੇਸ਼ ਹੈ। ਔਰਤ ਲਈ ਉੱਚ ਆਚਰਨ ਵਾਲੀ ਹੋਣਾ ਅਤਿ ਆਵਸ਼ਕ ਹੈ। ਇਬਰਾਨੀ ਸਮਾਜ ਵਿਚ ਚੰਗੀਆਂ ਇਸਤਰੀਆਂ ਨੂੰ ਕਾਫੀ ਖੁਲ੍ਹਾਂ ਉਪਲਬਧ ਸਨ। ਉਹ ਅੰਦੋਲਨਾਂ ਅਤੇ ਜਹਾਦਾਂ ਵਿਚ ਹਿੱਸਾ ਲੈਣ ਲਈ ਸੁਤੰਤਰ ਸਨ। ਇਥੋਂ ਤਕ ਕਿ ਉਹ ਨਬੀ ਦਾ ਰੁਤਬਾ ਵੀ ਹਾਸਲ ਕਰ ਸਕਦੀਆਂ ਸਨ। ਜਿਵੇਂ ਮਰੀਅਮ - ਮੂਸਾ ਦੀ ਭੈਣ - ਉਨ੍ਹਾਂ ਦੀ ਪਹਿਲੀ ਨਬੀ ਸੀ। 'ਮਰੀਅਮ ਦੀ ਮੌਤ ਤੇ ਮੂਸਾ ਨੂੰ ਯਾਦ ਆਇਆ - ਬਾਲ ਅਵਸਥਾ ਦੀ ਸਾਖੀ; ਅੰਦੋਲਨ ਦੀ ਸਾਖੀ; ਵਿਦਰੋਹ ਦੀ

ਅਗਨੀ ਭਰਨ ਵਾਲੀ ਜੰਗ ਦੀ ਸਾਖੀ ......। ਮਿੱਟੀ ਵਿਚ ਗਈ ਪਰ ਜਿਊਂਦੀ ਰਹੇਗੀ - ਜਦੋਂ ਤਕ ਦੁਨੀਆਂ ਵਿਚ ਮੂਸਾ ਦੀ ਕਹਾਣੀ ਰਹੇਗੀ।'[8]

ਕੰਨਿਆਂ ਰੂਪ

ਇਬਰਾਨੀ ਸਮਾਜ ਵਿਚ ਸਮਾਜਿਕ ਲੋੜਾਂ ਨੂੰ ਮੁੱਖ ਰਖਦੇ ਹੋਏ ਲੜਾਕੇ ਨੌਜਵਾਨਾਂ ਦੀ ਬਹੁਤ ਲੋੜ ਸੀ। ਇਸ ਲਈ ਪੁੱਤਰ ਪ੍ਰਾਪਤੀ ਦੀ ਲਾਲਸਾ ਅਧਿਕ ਹੋਣੀ ਸੁਭਾਵਿਕ ਹੀ ਸੀ। ਜ਼ਿਆਦਾ ਪੁੱਤਰਾਂ ਵਾਲਾ ਪਿਤਾ ਸ਼ਕਤੀਸ਼ਾਲੀ ਮੰਨਿਆ ਜਾਂਦਾ ਸੀ। ਵਿਧਵਾ ਅਤੇ ਦਾਸੀਆਂ ਦਾ ਨਿਯੋਗ ਦੁਆਰਾ ਪੁੱਤਰ ਪ੍ਰਾਪਤ ਕਰਨਾ ਵਿਸ਼ੇਸ਼ ਘਟਨਾ ਨਹੀਂ ਸੀ। ਪੁਤਰੀ ਦੇ ਜਨਮ ਤੇ ਮਾਪੇ ਦੁਖੀ ਨਹੀਂ ਹੁੰਦੇ ਸਨ। ਉਸਦਾ ਪਾਲਨ - ਪੋਸ਼ਣ ਉਚਿਤ ਢੰਗ ਨਾਲ ਕੀਤਾ ਜਾਂਦਾ ਸੀ ਅਤੇ ਯਥਾ - ਯੋਗ ਸੁਤੰਤਰਤਾ ਵੀ ਪ੍ਰਦਾਨ ਕੀਤੀ ਜਾਂਦੀ ਸੀ।

ਪੁੱਤਰ/ਪੁੱਤਰੀ ਦੀ ਬਲੀ ਦੇਣਾ ਅਤਿ ਘਿਰਣਤ ਅਪਰਾਧ ਮੰਨਿਆ ਜਾਂਦਾ ਸੀ। ~~ਜਨਮ~~ ਜਨਮ ਹੋ ਜਾਣ ਪਿਛੋਂ ਸੰਤਾਨ ਦੀ ਸੁੱਰਖਿਆ ਅਤੇ ਉਚਿਤ ਪਾਲਨਾ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੁੰਦੀ ਸੀ। ਵਿਆਹ ਖ਼ ਆਮ ਤੌਰ ਤੇ ਜਵਾਨੀ ਦੀ ਅਵੱਸਥਾ ਵਿਚ ਹੁੰਦੇ ਸਨ। ਭਾਵੇਂ ਵਰ - ਵਧੂ ਦੀ ਉਮਰ ਵਿਚ ਕਈ ਵਾਰ ਬਹੁਤ ਅੰਤਰ ਹੁੰਦਾ ਸੀ ਪਰ ਵਧੂ ਦੀ ਉਮਰ ਏਨੀ ਕੁ ਜ਼ਰੂਰ ਹੁੰਦੀ ਸੀ ਕਿ ਉਹ ਆਪਣੇ ਭਲੇ ਬੁਰੇ ਬਾਰੇ ਸੋਚ ਸਕੇ। ਵਿਆਹ ਲਈ ਰਜ਼ਾਮੰਦੀ ਦੇ ਸਕੇ। ਵਿਆਹ ਸ਼ਾਦੀ ਦੇ ਕੰਮਾਂ ਵਿਚ ਮਾਪਿਆਂ ਦਾ ਹੀ ਵਧੇਰੇ ਹੱਥ ਹੁੰਦਾ ਸੀ ਫਿਰ ਵੀ ਲੜਕੀ ਕ ਕਿਸੇ ਵੀ ਰਿਸ਼ਤੇ ਨੂੰ ਮੰਨਣ ਜਾਂ ਇਨਕਾਰ ਕਰਨ ਲਈ ਸੁਤੰਤਰ ਸੀ। ਵਰ ਵਾਲੇ ਵਧੂ ਦੇ ਮਾਪਿਆਂ ਨਾਲ ਗੱਲ ਕਰਦੇ ਸੀ ਜੋ ਆਪਣੀ ਪੁੱਤਰੀ ਦੇ ਵਿਚਾਰ ਜਾਣਨ ਉਪਰੰਤ ਹੀ ਰਿਸ਼ਤਾ ਪੱਕਾ ਕਰਦੇ ਸਨ।

ਵਿਆਹ ਸਮੇਂ ਲੜਕੀ ਨੂੰ ਧਨ ਜਾਂ ਜਾਇਦਾਦ ਦਿੱਤੀ ਜਾਂਦੀ ਸੀ ਜਿਵੇਂ ਕਿ ਲੜਕੀ ਆਪਣੇ ਆਪ ਵਿਚ ਹੀ ਕਾਫੀ ਆਕਰਸ਼ਣ ਨਹੀਂ ਸੀ। ਮੂਸਾ ਦੀ ਤੀਜੀ ਪੁਸਤਕ ਲੈਵਿਟਿਕਸ (Leviticus) ਵਿਚ ਵਰਣਿਤ ਹੈ ਕਿ ਮੂਸਾ ਦੇ ਪੈਰੋਕਾਰ "ਕੋਈ ਅਜੇਹੀ ਲੜਕੀ/ਔਰਤ ਨਾਲ ਵਿਆਹ ਨਹੀਂ ਕਰਵਾਉਣਗੇ ਜੋ ਵਿਭਚਾਰਨ, ਬੇਦੀਨ ਅਤੇ ਨਾਸਤਿਕ ਹੋਵੇ ਜਾਂ ਜਿਸਨੂੰ ਪਤੀ ਦੁਆਰਾ ਤਿਆਗ ਦਿੱਤਾ ਗਿਆ ਹੋਵੇ।"[9] ਧਾਰਮਿਕ ਰਹਿਬਰਾਂ ਪ੍ਰਤਿ ਵਿਸ਼ੇਸ਼ ਸਖਤੀ ਨਾਲ ਅਮਲ ਕੀਤਾ ਜਾਂਦਾ ਸੀ। ਇਕ ਪਾਦਰੀ ਦੀ ਜ਼ਿੰਦਗੀ ਲੋਕਾਂ ਲਈ ਆਦਰਸ਼ ਪੇਸ਼ ਕਰਦੀ ਸੀ। ਤਾਂ ਫਿਰ ਉਸਦੀ ਕੰਨਿਆਂ ਦੇ ਆਚਰਨ ਨੂੰ ਸ਼ੁਧ ਰਖਣ ਲਈ ਕਠੋਰ ਨਿਯਮ ਨਿਰਧਾਰਿਤ ਕਰਨੇ ਸੁਭਾਵਿਕ ਸੀ। ਪਾਦਰੀ ਦੀ

ਲੜਕੀ ਵਿਭਚਾਰਨ ਬਣਕੇ ਬੇਦੀਨ ਅਤੇ ਨਾਸਤਿਕ ਹੋ ਜਾਂਦੀ ਹੈ ਅਤੇ ਆਪਣੇ ਪਿਤਾ ਨੂੰ ਵੀ ਬੇਦੀਨੀ ਦੀ ਅੱਗ ਵਿਚ ਸਾੜਦੀ ਹੈ, ਇਸ ਲਈ ਉਸਨੂੰ ਅੱਗ ਵਿਚ ਸਾੜਿਆ ਜਾਵੇ।'[10]

" ਪਾਦਰੀ ਲਈ ਕੇਵਲ ਇਕ ਵਿਆਹ ਦਾ ਵਿਧਾਨ ਹੈ ਅਤੇ ਉਹ ਵੀ ਕੇਵਲ ਕੁਆਰੀ ਲੜਕੀ ਨਾਲ। ਉਹ ਕਿਸੇ ਸੂਰਤ ਵਿਚ ਵੀ ਵਿਧਵਾ, ਤਲਾਕ-ਸੁਦਾ ਜਾਂ ਛੁੱਟੜ ਨਾਲ ਵਿਆਹ ਨਹੀਂ ਕਰਵਾ ਸਕਦਾ।"[11] ਲੜਕੀਆਂ ਦੇ ਆਚਰਨ ਨੂੰ ਸ਼ੁੱਧ ਰਖਣ ਲਈ ਕਠੋਰ ਨਿਯਮ ਬਣਾਏ ਗਏ ਸਨ। ਸਜ਼ਾਵਾਂ ਭਿਆਨਕ ਹੁੰਦੀਆਂ ਸਨ ਤਾਂ ਜੋ ਕੌਮ ਵਿਚ ਸੰਜਮ ਅਤੇ ਪਵਿਤਰਤਾ ਬਣੀ ਰਹੇ। ਵਿਆਹ ਸਮੇਂ ਲੜਕੀ ਦਾ ਕੁਆਰੀ ਹੋਣਾ ਜ਼ਰੂਰੀ ਸੀ। " ਜੇਕਰ ਕਿਸੇ ਮਰਦ ਨੂੰ ਆਪਣੀ ਨਵ-ਵਧੂ ਦੇ ਕੁਆਰੀ ਨਾ ਹੋਣ ਦਾ ਸਬੂਤ ਮਿਲ ਜਾਂਦਾ ਸੀ ਜਾਂ ਉਹ ਅਜੇਹੀ ਤੁਹਮਤ ਲਾਉਂਦਾ ਸੀ ਤਾਂ ਲੜਕੀ ਦੇ ਮਾਪਿਆਂ ਨੂੰ ਉਸ ਦੇ ਕੁਆਰੇਪਣ ਦੇ ਚਿੰਨ੍ਹ ਅਤੇ ਸਬੂਤ ਸ਼ਹਿਰ ਦੇ ਚੌਧਰੀਆਂ ਪਾਸ ਪੇਸ਼ ਕਰਨ ਦਾ ਸਮਾਂ ਦਿੱਤਾ ਜਾਂਦਾ ਸੀ। ਜੇਕਰ ਮਾਪੇ ਸੱਚੇ ਸਿੱਧ ਹੋ ਜਾਂਦੇ ਸਨ ਤਾਂ ਵਰ ਨੂੰ ਸਜ਼ਾ ਦਿੱਤੀ ਜਾਂਦੀ ਸੀ ਜਾਂ ਸੌ ਰੁਪਏ ਜੁਰਮਾਨਾ ਕੀਤਾ ਜਾਂਦਾ ਸੀ ਜੋ ਲੜਕੀ ਦੇ ਪਿਤਾ ਨੂੰ ਮਿਲਦਾ ਸੀ। ਪਰ ਜੇਕਰ ਮਾਪੇ ਝੂਠੇ ਸਾਬਤ ਹੋ ਜਾਂਦੇ ਸਨ ਤਾਂ ਉਨ੍ਹਾਂ ਘਿ ਘਰ ਅੱਗੇ ਉਨ੍ਹਾਂ ਦੀ ਵਿਭਚਾਰਨ ਲੜਕੀ ਨੂੰ ਸੰਗਸਾਰ (ਪਥਰਾਂ ਨਾਲ ਮਾਰਨਾ) ਕਰ ਦੇਂਦੇ ਸਨ ਕਿਉਂਕਿ ਉਸਨੇ ਇਜ਼ਰਾਈਲ ਲਈ ਬਦਨਾਮੀ ਲਿਆਂਦੀ ਸੀ।"[12] 'ਜੇਕਰ ਕੋਈ ਵਿਅਕਤੀ ਕੁਆਰੀ/ਮੰਗੀ ਹੋਈ ਲੜਕੀ ਨਾਲ ਦੁਰਾਚਾਰ ਕਰਦਾ ਹੈ ਤਾਂ ਉਹ ਲੜਕੀ ਦੇ ਪਿਤਾ ਨੂੰ ਪੰਜਾਹ ਰੁਪਏ ਜੁਰਮਾਨਾ ਦੇਵੇ ਅਤੇ ਕੰਨਿਆਂ ਨਾਲ ਵਿਆਹ ਕਰੇ।'[13] 'ਜਿਸ ਯਹੂਦੀ ਦੀ ਮੰਗਣੀ ਹੋਈ ਹੋਵੇ ਉਸਨੂੰ ਜੰਗ ਵਿਚ ਨਹੀਂ ਭੇਜਿਆ ਜਾਂਦਾ ਸੀ ਤਾਂ ਜੋ ਉਹ ਉਥੇ ਮਾਰਿਆ ਨਾ ਜਾਵੇ ਅਤੇ ਉਸਦੀ ਮੰਗੇਤਰ ਨਾਲ ਕੋਈ ਹੋਰ ਵਿਆਹ ਨਾ ਕਰਵਾ ਲਵੇ।'[14]

ਇਸ ਪ੍ਰਕਾਰ ਦੇ ਸਮਾਜ ਦੇ ਕਾਨੂੰਨ ਕੰਨਿਆਂ ਦੀ ਸੁੱਰਖਿਆ ਲਈ ਸਨ। ਉਸਨੂੰ ਹਾਨੀ ਪਹੁੰਚਾਉਣ ਵਾਲੇ ਨੂੰ ਸਜ਼ਾ ਦਿੱਤੀ ਜਾਂਦੀ ਸੀ ਪਰ ਜੇਕਰ ਕੰਨਿਆਂ ਆਪ ਭੈੜੇ ਪਾਸੇ ਟੁਰਦੀ ਸੀ ਤਾਂ ਉਸ ਤੋਂ ਵੀ ਭਿਅੰਕਰ ਸਜ਼ਾ ਦਿੱਤੀ ਜਾਂਦੀ ਸੀ। ਸਜ਼ਾਵਾਂ ਦੇ ਡਰ ਕਾਰਣ ਹੀ ਨੈਤਿਕਤਾ ਦਾ ਪੱਧਰ ਉਚਾ ਸੀ। ਵਿਆਹੁਤਾ ਉਤੇ ਵੀ ਪਵਿਤਰਤਾ ਦੇ ਨਿਯਮ ਪੂਰੀ ਕਠੋਰਤਾ ਨਾਲ ਲਾਗੂ ਹੁੰਦੇ ਸਨ।

ਵਿਆਹੁਤਾ ਰੂਪ

ਭਾਵੇਂ ਵਿਆਹ ਜਵਾਨੀ ਵਿਚ ਹੀ ਕੀਤੇ ਜਾਂਦੇ ਸਨ ਪਰ ਆਮ ਤੌਰ ਤੇ ਆਦਮੀ ਵੱਡੀ ਉਮਰ ਦੇ ਹੁੰਦੇ ਸਨ ਅਤੇ ਲੜਕੀਆਂ ਛੋਟੀ ਉਮਰ ਦੀਆਂ। ਪਤੀ ਨੂੰ ਪਤਨੀ ਉਪਰ ਪੂਰਨ ਪ੍ਰਭੁਸਤਾ ਪ੍ਰਾਪਤ ਸੀ। ਇਸ ਤੋਂ ਪਹਿਲਾਂ ਨੈਤਿਕਤਾ ਦਾ ਪੱਧਰ ਬਹੁਤ ਨੀਵਾਂ ਸੀ। ਸਮਾਜ ਵਿਚ ਸੁਧਾਰ

ਲਿਆਉਣ ਲਈ ਕਠੋਰ ਨਿਯਮ ਬਣਾਏ ਜਾ ਰਹੇ ਸਨ। ਇਸਤਰੀ ਤੋਂ ਪਤੀਵਰਤਾ ਅਤੇ ਸ਼ੀਲਵੰਤੀ ਰਹਿਣ ਦੀ ਮੰਗ ਕੀਤੀ ਜਾਂਦੀ ਸੀ। ਇਸਤਰ੍ਹਾਂ ਹੀ ਪੁਰਸ਼ ਨੂੰ ਵਿਭਚਾਰੀ ਹੋਣ ਤੋਂ ਰੋਕਿਆ ਗਿਆ ਸੀ। ਰਾਜੇ ਤਕ ਨੂੰ ਇਕ ਤੋਂ ਵੱਧ ਪਤਨੀਆਂ ਰਖਣ ਦੀ ਮਨਾਹੀ ਸੀ ਪਰ ਫਿਰ ਵੀ ਬਹੁ-ਪਤਨੀ ਵਿਆਹ ਦੇ ਅਣਗਿਣਤ ਉਦਾਹਰਨ ਮਿਲਦੇ ਹਨ। ਅਬਰਾਹੀਮ ਦੀਆਂ ਦੋ ਪਤਨੀਆਂ ਸਨ। ਦੋਹਾਂ ਦੇ ਬੱਚੇ ਹੋਏ - ਇਸਰਾਈਲ ਅਤੇ ਇਸਮਾਈਲ। ਜਿਨ੍ਹਾਂ ਨੇ ਅੱਗੋਂ ਕ੍ਰਮਵਾਰ ਹਜ਼ਰਤ ਮੂਸਾ ਤੇ ਹਜ਼ਰਤ ਮੁਹੰਮਦ ਨੂੰ ਜਨਮ ਦਿੱਤਾ।

'ਜੇਕਰ ਪਛੱਮੀ ਯਹੂਦੀ ਇਕ ਪਤਨੀ- ਵਿਆਹ ਨੂੰ ਮੰਨਦੇ ਸਨ ਤਾਂ ਉਹ ਮੂਸਾ ਦੇ ਕਾਨੂੰਨ ਕਾਰਨ ਨਹੀਂ ਸਗੋਂ ਰਾਬੱਨੀਕਲ (*Rabbanical*) ਆਗਿਆ ਕਾਰਨ। ਤਲਾਕ ਦੇ ਮਾਮਲੇ ਵਿਚ ਵੀ ਯਹੂਦੀ ਕੌਮ ਦੋ ਭਾਗਾਂ ਵਿਚ ਵੰਡੀ ਹੋਈ ਸੀ। ਇਕ ਜੋ ਤਲਾਕ ਕਿਸੇ ਗੰਭੀਰ ਸਥਿਤੀ ਵਿਚ ਹੀ ਦੇਣ ਦੇ ਹਾਮੀ ਸਨ ਅਤੇ ਦੂਜੇ ਉਹ ਪਹਿਲੀ ਤੋਂ ਸੁੰਦਰ ਇਸਤਰੀ ਮਿਲ ਜਾਣ ਤੇ ਹੀ ਪਹਿਲੀ ਨੂੰ ਤਲਾਕ ਦੇਣ ਦੇ ਹੱਕ ਵਿਚ ਸਨ।'[15]

ਲੜਾਈਆਂ ਵਿਚ ਪੁਰਸ਼ਾਂ ਨੂੰ ਮਾਰਨ ਪਰ ਇਸਤਰੀਆਂ, ਬੱਚਿਆਂ ਅਤੇ ਪਸ਼ੂਆਂ ਨੂੰ ਨਾ ਮਾਰਨ ਦੀ ਹਦਾਇਤ ਹੈ। ਇਸਦੇ ਲਈ ਕੁਝ ਨਿਯਮ ਵੀ ਹਜ਼ਰਤ ਮੂਸਾ ਨੇ ਬਣਾਏ ਜਿਵੇਂ ' ਯੁੱਧ ਪਿਛੋਂ ਇਸਤਰੀਆਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਜਾਣ ਦਿਓ, ਉਨ੍ਹਾਂ ਨੂੰ ਨਾ ਵੇਚੋ ਅਤੇ ਨਾ ਹੀ ਸੌਦਾ ਕਰੋ। ਉਨ੍ਹਾਂ ਵਿਚੋਂ ਜਿਸ ਸੁੰਦਰ ਇਸਤਰੀ ਨਾਲ ਵਿਆਹ ਕਰਾਉਣਾ ਹੋਵੇ ਉਸਨੂੰ ਘਰ ਲੈ ਜਾ ਕੇ ਮੁੰਡਨ ਕਰਵਾ ਕੇ ਉਸਦੇ ਦਾਸੀਪੁਣੇ ਦੇ ਵਸਤਰ ਉਤਰਵਾ ਦਿਓ। ਉਸਨੂੰ ਮਾਪਿਆਂ ਲਈ ਇਕ ਮਹੀਨੇ ਦਾ ਸੋਗ ਮਨਾਉਣ ਦਿਓ ਫਿਰ ਉਸ ਨਾਲ ਵਿਧੀਵਤ ਵਿਆਹ ਕਰਵਾ ਕੇ ਆਪਣੀ ਪਤਨੀ ਬਣਾਓ। ਉਸਨੂੰ ਅਗੇ ਵੇਚਣਾ ਪਾਪ ਹੈ।'[16] ਚੰਗੇ ਨਿਯਮ ਬਣਾਉਣ ਵਾਲੇ ਮੂਸਾ ਵੀ ਇਸਤਰੀ ਦੀ ਸਮਾਜਿਕ ਸਥਿਤੀ ਨੂੰ ਬਹੁਤਾ ਸੁਧਾਰ ਨਾ ਸਕੇ। ਇਸਤਰੀ ਨੂੰ ਐਨਾ ਅਪਵਿੱਤਰ ਮੰਨਿਆ ਜਾਂਦਾ ਸੀ ਕਿ ਉਸਨੂੰ ਕਈ ਪਵਿਤਰ ਸਥਾਨਾਂ ਤੇ ਜਾਣ ਦੀ ਵੀ ਮਨਾਹੀ ਸੀ।

'ਯਹੂਦੀ ਧਰਮ ਵਿਚ ਇਸਤਰੀ ਵੋਟ ਦੇਣ ਦੀ ਅਧਿਕਾਰੀ ਨਹੀਂ ਸੀ। ਉਹ ਔਕੜ ਸਮੇਂ ਵੀ ਆਪਣੇ ਪਤੀ ਦੀ ਸਹਾਇਤਾ ਅਤੇ ਰਖਿਆ ਨਹੀਂ ਕਰ ਸਕਦੀ ਸੀ ਭਾਵੇਂ ਉਸਦੇ ਪਤੀ ਉਤੇ ਦੁਸ਼ਮਣਾਂ ਨੇ ਹਮਲਾ ਕਰ ਦਿੱਤਾ ਹੋਵੇ। ਜੇਕਰ ਕੋਈ ਇਸਤਰੀ ਗਲਤੀ ਨਾਲ ਜਾਂ ਜੋਸ਼ ਵਿਚ ਆ ਕੇ ਅਜੇਹਾ ਕਰ ਬੈਠਦੀ ਸੀ ਤਾਂ ਉਸਦੇ ਹੱਥ ਕਟ ਦਿੱਤੇ ਜਾਂਦੇ ਸਨ।'[17] ਇਹ ਸ਼ਾਇਦ ਇਸ ਲਈ ਕੀਤਾ ਜਾਂਦਾ ਸੀ ਕਿ ਪਤਨੀ ਕਿਸੇ ਤਰ੍ਹਾਂ ਵੀ ਪਤੀ ਉਤੇ ਹਾਵੀ ਨਾ ਹੋ ਸਕੇ ਜਾਂ ਫਿਰ ਪਤੀ- ਹੀਣ ਭਾਵਨਾ ਦਾ ਸ਼ਿਕਾਰ ਨਾ ਹੋ ਜਾਵੇ।

ਮੂਸਾ ਦੀ ਪੁਸਤਕ ਨੰਬਰਜ਼ ਵਿਚ ਗੁਨਾਹਗਾਰ, ਵਿਭਚਾਰਨਾਂ ਅਤੇ ਭੈੜੀਆਂ ਔਰਤਾਂ ਦੇ ਆਚਰਨ ਸੰਬੰਧੀ ਨਿਯਮ ਦਰਜ ਹਨ। ਵਿਆਹੁਤਾ ਦੁਆਰਾ ਪਰ-ਪੁਰਸ਼ ਨਾਲ ਵਿਭਚਾਰ ਕੀਤੇ ਜਾਣ ਤੇ ਉਸਨੂੰ ਮੰਦਰ ਵਿਚ ਪਾਦਰੀ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਪਾਦਰੀ ਉਸਦੇ ਹੱਥ ਵਿਚ ਈਰਖਾ-ਭੇਟ ' (Offering of Jealousy) ਅਤੇ ਆਪਣੇ ਹੱਥ ਵਿਚ ਕੌੜਾ ਪਾਣੀ (Bitter water) ਲੈ ਕੇ " ਔਰਤ ਨੂੰ ਨਿਰਦੋਸ਼ ਹੋਣ ਦੀ ਸਹੁੰ ਚੁਕਵਾਉਂਦਾ ਹੈ।"[18] ਪਾਣੀ ਪੀਣ ਲਈ ਦੇਂਦਾ ਹੈ। ਜੇਕਰ ਔਰਤ ਦੋਸ਼ੀ ਹੋਵੇਗੀ ਤਾਂ ਇਸ ਪਾਣੀ ਦੇ ਸਰਾਪ ਨਾਲ ਉਸ ਦੀਆਂ ਆਂਦਰਾਂ ਸੁੱਜ ਜਾਣਗੀਆਂ ਅਤੇ ਉਹ ਬਾਂਝ ਹੋ ਜਾਵੇਗੀ। ਵਰਨਾ ਉਹ ਔਲਾਦ ਪ੍ਰਾਪਤ ਕਰ ਸਕੇਗੀ। 'ਔਰਤ ਦੁਆਰਾ ਚੁੱਕੀ ਸਹੁੰ ਦੀ ਪ੍ਰਵਾਨਗੀ ਉਸਦੇ ਪਿਤਾ/ਪਤੀ (ਜਿਸ ਦੇ ਘਰ ਵਿਚ ਸਹੁੰ ਚੁੱਕੀ ਗਈ ਹੋਵੇ) ਦੀ ਮਰਜ਼ੀ ਉਪਰ ਨਿਰਭਰ ਕਰਦਾ ਸੀ। ਜੇਕਰ ਉਹ ਪ੍ਰਵਾਨ ਕਰ ਲੈਂਦੇ ਸਨ ਤਾਂ ਹੀ ਉਸਦੀ ਕਸਮ ਜਾਇਜ਼ ਸਮਝੀ ਜਾਂਦੀ ਸੀ, ਨਹੀਂ ਤਾਂ ਨਹੀਂ।'[19]

ਆਦਮੀ ਲਈ ਵੀ ਪਰ-ਇਸਤਰੀ ਸੰਦਰਭ ਵਿਚ ਸੁਚੇਤ ਰਹਿਣ ਦੀ ਹਦਾਇਤ ਹੈ। ਪਰ-ਨਾਰੀ ਸੰਗਮੀ ਨੂੰ ਮੁਆਫ ਨਹੀ ਕੀਤਾ ਜਾ ਸਕਦਾ। ਜੇਕਰ ਕੋਈ 'ਮਰਦ ਵਿਆਹੁਤਾ ਔਰਤ ਨਾਲ ਵਿਭਚਾਰ ਕਰਦਾ ਪਕੜਿਆ ਜਾਵੇ ਤਾਂ ਦੋਹਾਂ ਨੂੰ ਸੰਗਸਾਰ ਕਰ ਦਿੱਤਾ ਜਾਵੇ। ਪਰ ਜੇਕਰ ਮਰਦ/ਔਰਤ ਮੰਗੀ ਹੋਈ ਲੜਕੀ ਨੂੰ ਵਿਭਚਾਰ ਲਈ ਮਜਬੂਰ ਕਰੇ ਤਾਂ ਕੇਵਲ ਮਰਦ ਹੀ ਸੰਗਸਾਰੀ ਦਾ ਅਧਿਕਾਰੀ ਹੈ।'[20] ਇਸਤਰ੍ਹਾਂ ਇਹ ਆਸ ਕੀਤੀ ਜਾਂਦੀ ਸੀ ਕਿ ਘਟੋ ਘਟ ਕਠੋਰ ਸਜ਼ਾਵਾਂ ਦੇ ਡਰ ਤੋ ਹੀ ਵਿਅਕਤੀਆਂ ਦੇ ਆਚਰਨ ਉਚੇ ਰਹਿਣਗੇ। ਵਿਭਚਾਰਨਾਂ ~~ਲੋ~~ ਨਹੀ ਹੋਣਗੀਆਂ ਅਤੇ ਆਦਮੀ ਵੀ ਸੰਜਮੀ ਹੋਣਗੇ।

ਵਿਭਚਾਰਨ ਨੂੰ ਪਤੀ ਬਿਨਾਂ ਕੁਝ ਕਹੇ ਸੁਣੇ ' ਤਲਾਕਨਾਮਾ ਹੱਥ ਫੜਾ ਦੇਵੇ ਅਤੇ ਘਰੋ ਕੱਢ ਦੇਵੇ, ਭਾਵ ਤਲਾਕ ਦੇਣ ਲਈ ਚਰਿਤਰਹੀਣਤਾ ਦਾ ਦੋਸ਼ ਠੋਸ ਕਾਰਨ ਹੈ। ਇਸ ਪ੍ਰਕਾਰ ਤਲਾਕਸ਼ੁਦਾ ਔਰਤ ਹੋਰ ਮਰਦ ਨਾਲ ਨਿਕਾਹ ਕਰਵਾਉਣ ਲਈ ਸੁਤੰਤਰ ਹੁੰਦੀ ਹੈ,[21] ਪਰ ਦੂਜੇ ਪਤੀ ਦੁਆਰਾ ਤਿਆਗੇ ਜਾਣ ਤੋ ਪਹਿਲਾਂ ਪਤੀ ਉਸ ਨਾਲ ਮੁੜ ਨਿਕਾਹ ਨਹੀਂ ਕਰਵਾਏਗਾ।

ਦੂਜੇ ਪਾਸੇ ਨਵ-ਵਿਆਹੁਤਾ ਲਈ ਕੁਝ ਛੋਟਾਂ ਵੀ ਹਨ। ' ਉਸਦਾ ਪਤੀ ਇਕ ਸਾਲ ਲਈ ਘਰੋ ਦੂਰ ਜੰਗ ਆਦਿ ਵਿਚ ਨਹੀ ਭੇਜਿਆ ਜਾਂਦਾ ਸਗੋ ਘਰ ਹੀ ਰਹਿਣ ਦਿੱਤਾ ਜਾਂਦਾ ਹੈ। ਵਿਧਵਾ ਲਈ ਵੀ ਕੁਝ ਨਿਯਮ ਹਨ। ਉਸ ਉਤੇ ਉਸਦੇ ਦੇਵਰ ਜਾਂ ਜੇਠ ਦਾ ਪੂਰਾ ਅਧਿਕਾਰ ਹੁੰਦਾ ਹੈ।'[22] ਅਤੇ ਦੋਹਾਂ ਦੇ ਸੰਜੋਗ ਦੇ ਫਲਸਰੂਪ ਜਨਮੀ ਪਹਿਲੀ ਔਲਾਦ ਹੀ ਜਾਇਦਾਦ ਦੀ ਵਾਰਿਸ ਹੁੰਦੀ ਹੈ।'[23] ਇਸ ਤੋ ਵਿਧਵਾ ਪ੍ਰਤਿ ਵਧੇਰੇ ਸੁਹਿਰਦਤਾ ਦਾ ਬੋਧ ਹੁੰਦਾ ਹੈ।

'ਵਿਆਹੁਤਾ ਆਪਣੇ ਪਤੀ ਦੇ ਕਪੜੇ ਧਾਰਨ ਨਹੀ ਕਰ ਸਕਦੀ ਅਤੇ ਨਾ ਹੀ ਪਤੀ ਪਤਨੀ ਦੇ ਕੱਪੜੇ ਪਹਿਨ ਸਕਦਾ ਹੈ। ਜੋ ਅਜੇਹਾ ਕਰਦਾ ਹੈ ਉਹ ਰੱਬ ਵਲੋਂ ਤਿਰਸਕ੍ਰਿਤ ਕੀਤਾ ਜਾਂਦਾ ਹੈ।'[24] ਇਸ ਤੋਂ ਇਸਤਰੀ ਨਾਲ ਜੁੜੀ ਅਪਵਿਤਰਤਾ ਦਾ ਬੋਧ ਹੁੰਦਾ ਹੈ।

ਜਨਨੀ ਰੂਪ

ਹਜ਼ਰਤ ਮੂਸਾ ਦੇ ਧਰਮ ਵਿਚ ਮਾਤਾ-ਪਿਤਾ ਦੀ ਇੱਜ਼ਤ ਕਰਨ ਉਤੇ ਜ਼ੋਰ ਦਿੱਤਾ ਜਾਂਦਾ ਸੀ। ਮਾਤਾ-ਪਿਤਾ ਉਤੇ ਹੱਥ ਚੁਕਣ ਵਾਲੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਇਥੋਂ ਤਕ ਕਿ ਮਾਤਾ-ਪਿਤਾ ਨੂੰ ਸਰਾਪ ਦੇਣ ਵਾਲੇ/ਕੌੜੇ ਸ਼ਬਦ ਕਹਿਣ ਵਾਲੇ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ।

'ਕੋਈ ਆਦਮੀ ਆਪਣੇ ਪਿਤਾ ਦੀ ਪਤਨੀ ਨਾਲ ਵਿਆਹ ਨਹੀ ਕਰਵਾ ਸਕਦਾ ਸੀ।'[25] ਸੰਤਾਨ ਦੁਆਰਾ ਮਾਤਾ-ਪਿਤਾ ਦੀ ਆਗਿਆ ਦਾ ਪਾਲਨ ਕਰਨਾ ਅਤਿ-ਅਵੱਸ਼ਕ ਸੀ। ਆਗਿਆਕਾਰੀ ਸੰਤਾਨ ਹੀ ਹਰ ਪ੍ਰਕਾਰ ਦੇ ਸੁਖ ਅਤੇ ਖੁਸ਼ੀਆਂ ਦੀ ਅਧਿਕਾਰੀ ਸੀ।

(ਅ) ਈਸਾਈ ਵਿਚਾਰਧਾਰਾ ਅਤੇ ਇਸਤਰੀ

ਯਹੂਦੀ ਜਾਤੀ ਨੂੰ ਇਕੱਠਾ ਕੀਤਾ ਹਜ਼ਰਤ ਮੂਸਾ ਨੇ। ਇਬਰਾਹੀਮ ਦੀ ਉਸੇ ਵੰਸ਼ ਪਰੰਪਰਾ ਵਿਚੋ 42ਵੀ ਪੀੜ੍ਹੀ ਸੀ– ਹਜ਼ਰਤ ਈਸਾ ਮਸੀਹ, ਜਿਨ੍ਹਾਂ ਨੇ ਮਰੀਅਮ ਦੀ ਕੁੱਖੋਂ ਜਨਮ ਲਿਆ। ਈਸਾਈ ਲੋਕ ਪ੍ਰਭੂ ਈਸਾ ਨੂੰ ਇਕ ਪਵਿਤਰ ਆਤਮਾ ਮੰਨਦੇ ਸਨ ਜੋ ਬਿਨਾਂ ਪੁਰਸ਼ ਦੇ ਸੰਪਰਕ ਤੋ ਦੁਨੀਆਂ ਵਿਚ ਆਈ ਅਤੇ ਉਸ ਪਵਿਤਰ ਮਾਂ 'ਮਰੀਅਮ ਨੂੰ ਵੀ ਮਹਾਨ ਮੰਨਦੇ ਹਨ; ਉਸਦੀ ਉਸਤਤੀ ਕਰਦੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਈਸਾਈ ਮੱਤ ਇਕ ਧਰਮ, ਨੈਤਿਕ ਸ਼ਕਤੀ ਅਤੇ ਸਮਾਜੀ ਸੰਸਥਾ ਦੇ ਰੂਪ ਵਿਚ ਇਸਤਰੀ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ।

ਇਸ ਵਿਚ ਸ਼ੱਕ ਨਹੀ ਕਿ ਪ੍ਰਭੂ ਈਸਾ ਨੇ ਆਪ ਘਰ ਤਿਆਗਿਆ ਕਿਉਂਕਿ ਉਹ ਰੱਬ ਦੇ ਮੁਕਾਬਲੇ ਵਿਚ ਘਰ ਨੂੰ ਦੂਜਾ ਸਥਾਨ ਦੇਂਦੇ ਸਨ। ਆਪਣੇ ਚੇਲਿਆਂ ਤੋ ਵੀ ਉਹ ਘਰ ਦਾ ਤਿਆਗ ਚਾਹੁੰਦੇ ਸਨ। ਇਥੋ ਤਕ ਕਿ ਇਕ ਥਾਂ ਤੇ ਉਨ੍ਹਾਂ ਨੇ ਕਿਹਾ - 'ਮੈਂ ਆਦਮੀ ਨੂੰ ਉਸਦੇ ਪਿਤਾ; ਲੜਕੀ ਨੂੰ ਉਸਦੀ ਮਾਤਾ ਅਤੇ ਨੂੰਹ ਨੂੰ ਉਸਦੀ ਸੱਸ ਦੇ ਵਿਰੁੱਧ ਕਰਨ ਲਈ ਆਇਆ ਹਾਂ।'[26]

ਪਰ ਪ੍ਰਭੂ ਈਸਾ ਉਨ੍ਹਾਂ ਲੋਕਾਂ ਨਾਲ ਸੰਬੰਧਤ ਸਨ ਜੋ ਪਰਿਵਾਰ ਦੀ ਬਹੁਤ ਇੱਜ਼ਤ ਕਰਦੇ ਸਨ

ਕਿਉਂਕਿ : (1) ਉਹ ਪਰਿਵਾਰਿਕ ਜੀਵਨ ਨੂੰ ਰੱਬੀ ਦੇਣ ਮੰਨਦੇ ਸਨ। (2) ਵਿਆਹ ਹੀ ਅਜੇਹਾ ਬੰਧਨ ਸੀ ਜਿਸਨੇ ਯਹੂਦੀਆਂ ਨੂੰ ਨੈਤਿਕ ਪਤਨ ਤੋਂ ਬਚਾਈ ਰਖਿਆ। (3) ਬਹੁਤੀਆਂ ਯਹੂਦੀ ਮਾਵਾਂ ਅੰਦਰ ਇਹ ਛੁਪੀ ਖਾਹਿਸ਼ ਸੀ ਕਿ ਉਸਦਾ ਲੜਕਾ ਹੀ ਮਸੀਹ ਹੋਵੇਗਾ ਕਿਉਂਕਿ ਯਹੂਦੀਆਂ ਨੂੰ ਵਰ ਮਿਲਿਆ ਸੀ ਕਿ ਉਨ੍ਹਾਂ ਦੀ ਪਰੰਪਰਾ ਵਿਚ ਹੀ ਮਸੀਹ ਪੈਦਾ ਹੋਵੇਗਾ। ਇਸੇ ਕਰਕੇ ਉਨ੍ਹਾਂ ਦਾ ਪਰਿਵਾਰਿਕ ਜੀਵਨ ਪਵਿਤਰ ਰਿਹਾ। ਹਜ਼ਰਤ ਈਸਾ ਨੇ ਇਸ ਤੋਂ ਵੀ ਡੂੰਘੀ ਪਵਿਤਰਤਾ ਪਰਿਵਾਰਿਕ ਜੀਵਨ ਨੂੰ ਬਖਸ਼ੀ। ਉਹ ਆਪ ਜੀਵਨ ਦਾ ਬਹੁਤਾ ਸਮੇਂ ਪਰਿਵਾਰ ਵਿਚ ਰਹੇ। ਉਹ ਪਰਿਵਾਰ ਨੂੰ ਰੱਬ ਦੀ ਛੋਟੀ ਰਾਜਧਾਨੀ ਮੰਨਦੇ ਸਨ। ਉਨ੍ਹਾਂ ਨੇ ਔਰਤਾਂ ਅਤੇ ਬੱਚਿਆਂ ਲਈ ਬਹੁਤ ਕੁਝ ਕੀਤਾ। ਔਰਤਾਂ ਨੂੰ ਬੰਧਨਾਂ ਤੋਂ ਮੁਕਤ (ਅਮਾਨਸੀਪੇਟ) ਕਰਕੇ ਮਾਨ ਅਤੇ ਸਤਿਕਾਰ ਦਿੱਤਾ।'[27] ਸੈਂਟ ਪਾਲ ਨੇ ਈਸਾ ਬਾਰੇ ਕਿਹਾ ਹੈ - ਈਸਾ ਵਿਚ ਕਿਧਰੇ ਵੀ ਨਾ ਪੁਰਸ਼ ਹੈ ਅਤੇ ਨਾ ਇਸਤਰੀ।

ਈਸਾਈ ਮੱਤ ਵਿਚ ਇਸਤਰੀ ਬਾਰੇ ਹੀਣ ਵਿਚਾਰਾਂ ਦੀ ਕਮੀ ਨਹੀਂ ਹੈ। 'ਮਹਾਨ ਈਸਾਈ ਸੰਤ ਬਰਨਾਰਡ; ਐਂਥਨੀ; ਬੋਨਾ ਵੈਂਚਰ; ਜਰੋਮੀ; ਗ੍ਰਿਗੋਰੀ ਮਹਾਨ; ਅਤੇ ਸੈਂਟ ਸਾਈਪਰੀਅਨ ਨੇ ਇਸਤਰੀ ਨੂੰ ਬੜੇ ਭੈੜੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਹੈ, ਜਿਵੇਂ ਸ਼ੈਤਾਨ ਦਾ ਅੰਗ, ਸ਼ੈਤਾਨ ਦੀਆਂ ! ਬਾਹਵਾਂ, ਡੰਗ ਮਾਰਨ ਨੂੰ ਤਿਆਰ ਬਿੱਛੂ, ਸ਼ੈਤਾਨ ਦਾ ਦਰਵਾਜ਼ਾ ਅਤੇ ਸ਼ੈਤਾਨ ਦਾ ਹਥਿਆਰ ਆਦਿ। ਮਹਾਨ ਸੈਂਟ ਕ੍ਰਿਸੋਸਟਮ ਨੇ ਇਸਤਰੀ ਨੂੰ ਇਕ ਜ਼ਰੂਰੀ ਬੁਰਾਈ, ਇਕ ਕੁਦਰਤੀ ਲਾਲਚ, ਇਕ ਇੱਛਤ ਮੁਸੀਬਤ, ਇਕ ਮਾਰੂ ਆਕਰਮਣ, ਘਰੇਲੂ ਤਬਾਹੀ ਅਤੇ ਇਕ ਰੰਗੀ ਹੋਈ ਬੁਰਾਈ ਕਿਹਾ ਹੈ।'[28] ਸਾਰੇ ਸਾਮੀ ਧਰਮਾਂ ਅਨੁਸਾਰ ਮਨੁੱਖ ਦਾ ਪਤਨ ਇਕ ਨਾਰੀ 'ਈਵਾ' ਕਾਰਨ ਹੋਇਆ। 'ਵਿਕਾਰ [Vicar] ਆਫ ਕੈਨਲਾਕ ਨੇ ਤਾਂ ਹੇਠ ਲਿਖੇ ਅਨੁਸਾਰ ਔਰਤ ਨੂੰ ਹਰ ਪੱਖੋਂ ਮਰਦ ਤੋਂ ਘਟੀਆ ਚਿਤਰਿਆ ਹੈ:-

1 - ਆਦਮ ਨੂੰ ਹੱਵਾ ਤੋਂ ਪਹਿਲਾਂ ਬਣਾਇਆ ਗਿਆ।

2 - ਆਦਮ ਵਿਚੋਂ ਹੀ ਹੱਵਾ ਨੂੰ ਬਣਾਇਆ ਗਿਆ।

3 - ਆਦਮ ਦੇ ਲਈ ਹੀ ਹੱਵਾ ਨੂੰ ਬਣਾਇਆ ਗਿਆ।

4 - ਆਦਮ ਪ੍ਰਭੂ ਦੀ ਸ਼ਾਨ ਦਾ ਪਰਛਾਵਾਂ ਹੈ ਜਦੋਂ ਕਿ ਇਸਤਰੀ ਆਦਮ ਦੀ ਸ਼ਾਨ ਦਾ ਪਰਛਾਵਾਂ ਹੈ।

5 - 'ਗਿਰਾਵਟ ਸਮੇਂ ਪਹਿਲਾਂ ਹੱਵਾ ਨੇ ਵਰਜਿਤ ਫ਼ਲ ਖਾਧਾ ਅਤੇ ਪਾਪ ਦੀ ਭਾਗੀ ਬਣੀ।'[29]

6 - ਜਿਵੇਂ ਚਰਚ ਜਾਂਦੇ ਈਸਾ ਦੇ ਅਧੀਨ ਹੈ, ਉਸੇ ਤਰ੍ਹਾਂ ਪਤਨੀਆਂ ਪਤੀ ਦੇ ਅਧੀਨ ਹਨ।

7 - ਆਦਮੀ ਦਾ ਮੁੱਖੀ ਈਸਾ ਹੈ ਪਰ ਔਰਤ ਦਾ ਮੁੱਖੀ ਆਦਮੀ ਹੈ।

'ਯਹੂਦੀ ਧਰਮ ਵਿਚ ਇਸਤਰੀ ਦੀ ਸਥਿਤੀ ਵਾਸਤਵ ਵਿਚ ਨੀਵੀਂ ਸੀ ਪਰ ਈਸਾਈ ਧਰਮ ਨੇ ਇਸਨੂੰ ਹੋਰ ਘਟੀਆ ਕਰ ਦਿੱਤਾ। ਇਸਦੇ ਸਿਰ ਤੇ ਕਿਸੇ ਆਦਮੀ ਦੀ ਨਹੀਂ ਸਗੋਂ ਰੱਬ ਦੇ ਪੁੱਤਰ ਦੀ ਨਿਰਦਈ ਹੱਤਿਆ ਥੱਪ ਦਿੱਤੀ ਗਈ । ਉਨ੍ਹਾਂ ਦੇ ਅਨੁਸਾਰ ਯਹੂਦੀਆਂ ਨੇ ਜੋ ਵੀ ਕੀਤਾ ਹੱਵਾ ਦੇ ਪਾਪ ਧੋਣ ਲਈ ਕੀਤਾ। ਈਸਾਈ ਮੱਤ ਅਨੁਸਾਰ ਔਰਤ ਉਤੇ ਹੇਠ ਲਿਖੇ ਦੋਸ਼ ਥਾਪੇ ਗਏ :-

1 - ਹੱਵਾ ਨੇ ਪਹਿਲਾਂ ਰੱਬ ਦੀ ਆਗਿਆ ਦਾ ਉਲੰਘਣ ਕੀਤਾ;

2 - ਆਦਮ ਨੂੰ ਅਵਗਿਆ ਕਰਨ ਲਈ ਉਕਸਾਇਆ ;

3 - ਹੱਵਾ ਹੀ ਆਦਮ ਦੇ ਪਤਨ ਦਾ ਕਾਰਨ ਬਣੀ;

4 - ਹੱਵਾ ਦਾ ਪਾਪ ਹਰ ਬੱਚੇ ਵਿਚ ਜਨਮ ਤੋਂ ਹੀ ਹੁੰਦਾ ਹੈ;

5 - ਹੱਵਾ ਦੇ ਪਾਪਾਂ ਕਾਰਨ ਸਾਰੀ ਮਨੁੱਖਤਾ ਸਰਾਪੀ ਗਈ;

6 - ਇਸਤਰੀ ਆਪਣੇ ਬਿਪਤਿਸਮਾ ਰਹਿਤ ਬੱਚਿਆਂ ਨੂੰ ਦੋਜ਼ਖ ਦੀ ਅੱਗ ਵਿਚ ਸੜਦੇ ਵੇਖਣ ਲਈ ਜ਼ਿਮੇਵਾਰ ਹੈ;

7 - ਇਸਤਰੀ ਈਸਾ ਮਸੀਹ ਦੇ ਸੂਲੀ ਉਤੇ ਚੜ੍ਹਨ ਲਈ ਜ਼ਿਮੇਵਾਰ ਹੈ;

8 - ਈਸਾ ਰੱਬ ਸੀ, ਸੋ ਉਹ ਰੱਬ ਦੀ ਮੌਤ ਦੀ ਜ਼ਿਮੇਵਾਰ ਹੈ।[30]

ਇਸ ਤਰ੍ਹਾਂ ਈਸਾਈ ਲੋਕ ਮਨੁਖ ਦੀ ਹੋਂਦ ਦੀ ਯਹੂਦੀ ਕਹਾਣੀ ਨੂੰ ਨਾ ਕੇਵਲ ਮੰਨਦੇ ਹਨ ਸਗੋਂ ਸਾਰਾ ਦੋਸ਼ ਹੱਵਾ ਨੂੰ ਦੇਂਦੇ ਹਨ। ਆਦਮ ਨੇ ਤਾਂ ਉਸਦੀ ਅੱਧੀ ਸਜ਼ਾ ਵੰਡਾਣ ਲਈ ਹੀ ਵਰਜਿਤ ਫਲ ਖਾਧਾ। ਰੱਬ ਨੇ ਸਰਾਪ ਦਿੱਤਾ ਕਿ ਹਰ ਆਦਮੀ ਜੋ ਔਰਤ ਤੋਂ ਪੈਦਾ ਹੁੰਦਾ ਹੈ ਉਹ ਪਾਪੀ ਹੈ। ਸਾਰੀ ਮਨੁੱਖਤਾ ਨੂੰ ਇਸ ਸਰਾਪ ਤੋਂ ਬਚਾਉਣ ਲਈ ਈਸਾ ਨੇ ਜਨਮ ਲਿਆ ਅਤੇ ਕੁਰਬਾਨੀ ਦਿੱਤੀ। ਇਸ ਕੁਰਬਾਨੀ ਲਈ ਵੀ ਔਰਤ ਹੀ ਦੋਸ਼ੀ ਹੈ। ਉਸਨੂੰ ਅਪਵਿਤਰ ਸਮਝਿਆ ਜਾਂਦਾ ਹੈ। ਈਸਾ ਮਸੀਹ ਦੇ ਖ਼ੂਨ ਵਹਾਉਣ ਤੇ ਵੀ ਹਾਲੇ ਮਨੁੱਖਤਾ ਪਵਿਤਰ ਨਹੀਂ ਹੋਈ। ਔਰਤ ਦਾ ਪਾਪ ਉਸਦੀ ਸੰਤਾਨ ਵਿਚ ਲਗਾਤਾਰ ਪ੍ਰਵੇਸ਼ ਕਰੀ ਜਾ ਰਿਹਾ ਹੈ। ਇਸ ਲਈ ਈਸਾਈ ਸੰਤ ਉਸਦੇ ਸੰਪਰਕ ਵਿਚ ਆਉਣ ਤੋਂ ਰੋਕਦੇ ਹਨ। ਪਰ ਹਜ਼ਰਤ ਈਸਾ ਦੇ ਜੀਵਨ ਤੋਂ ਕੋਈ ਅਜੇਹਾ ਪ੍ਰਮਾਣ ਨਹੀਂ ਮਿਲਦਾ ਜਿਸ ਤੋਂ ਇਸਤਰੀ ਜਾਤੀ ਪ੍ਰਤਿ ਉਨ੍ਹਾਂ ਦੀ ਘਿਰਨਾ ਨੂੰ ਪ੍ਰਮਾਣਿਤ ਕੀਤਾ ਜਾ ਸਕੇ। ਉਹ ਤਾਂ ਇਕ ਪੈਗੰਬਰ ਅਤੇ ਸੁਧਾਰਕ ਸਨ ਜੋ ਹਰ ਪ੍ਰਕਾਰ ਦੇ ਮਰਦਾਂ ਅਤੇ ਔਰਤਾਂ ਦੇ ਸੰਪਰਕ ਵਿਚ ਰਹੇ। ਗਾਸਪਲ ਆਫ ਮੈਥਿਊ ਵਿਚ ਅੰਕਿਤ ਹੈ ਕਿ ਉਹ ਪਹਿਲੀ ਵਿਅਕਤੀ ਇਕ ਔਰਤ ਹੀ ਸੀ ਜਿਸ ਨੇ ਈਸਾ ਦਾ ਚੋਲਾ ਛੂਹ ਕੇ ਆਪਣੇ ਖ਼ੂਨ ਦੇ ਰੋਗ ਤੋਂ ਨਿਜਾਤ

ਹਾਸਲ ਕੀਤੀ ਸੀ ਅਤੇ ਪ੍ਰਥਮ ਵਿਅਕਤੀ ਇਕ ਮਹਿਲਾ ਸੀ ਜਿਸ ਨੂੰ ਈਸਾ ਨੇ ਮਿਰਤਕ ਅਵਸਥਾ ਤੋਂ ਮੁੜ ਸੁਰਜੀਤ ਕਰ ਦਿੱਤਾ ਸੀ। ਹਾਲਾਂਕਿ ਉਨ੍ਹਾਂ ਦੇ ਚੇਲਿਆਂ ਨੇ ਉਨ੍ਹਾਂ ਦੇ ਵਿਵਹਾਰ ਨੂੰ ਗਲਤ ਰੰਗਣ ਦਿੱਤੀ।

ਹਜ਼ਰਤ ਈਸਾ ਨੇ ਆਪਣੇ ਕੋਈ ਵਿਸਥਾਰਿਤ ਸਮਾਜਿਕ ਕਾਨੂੰਨ ਨਹੀ ਬਣਾਏ ਸਨ ਜਿਵੇਂ ਕਿ ਹਜ਼ਰਤ ਮੂਸਾ ਜਾਂ ਹਜ਼ਰਤ ਮੁਹੰਮਦ ਨੇ ਬਣਾਏ ਸਨ। 'ਇਸ ਲਈ ਉਸਦੇ ਚੇਲੇ ਰੋਮਨਾਂ ਅਤੇ ਯਹੂਦੀਆਂ ਦੇ ਬਣਾਏ ਕਾਨੂੰਨਾਂ ਉਤੇ ਹੀ ਨਿਰਭਰ ਕਰਦੇ ਸਨ ਜਿਨ੍ਹਾਂ ਅਨੁਸਾਰ ਔਰਤ ਨੂੰ ਮਰਦ ਦੀ ਅਧੀਨਗੀ ਦੀ ਸਥਿਤੀ ਪ੍ਰਦਾਨ ਕੀਤੀ ਗਈ ਸੀ।'[31]

ਹਜ਼ਰਤ ਈਸਾ ਗਰੀਬ ਇਸਤਰੀ- ਪੁਰਸ਼ਾਂ ਨੂੰ ਬਹੁਤ ਅਜ਼ੀਜ਼ ਸਮਝਦੇ ਸਨ। ਲਿੰਗ ਭੇਦ ਕਾਰਨ ਕੋਈ ਵੱਡਾ ਛੋਟਾ ਨਹੀ। 'ਮਰਦ - ਔਰਤ ਸਭ ਇਕੋ ਗੋਸ਼ਤ ਪੋਸਤ ਦੇ ਬਣੇ ਹਨ ਅਤੇ ਵਿਆਹ ਦਾ ਸੰਜੋਗ ਪੂਰਵ ਨਿਰਧਾਰਿਤ ਹੈ।'[32] ਇਸ ਨਾਤੇ ਇਹ ਬੰਧਨ ਅਧਿਆਤਮਕ ਹੈ। ਫਿਰ ਵੀ ਜਿਥੋਂ ਤਕ ਸੰਭਵ ਹੋਵੇ ਪ੍ਰਭੂ ਵਲ ਆਪਣੇ ਸਾਰੇ ਫਰਜ਼ ਪੂਰੇ ਕਰਨ ਵਿਚ ਜੀਵਨ ਭੇਟਾ ਕਰ ਦਿਓ। ਈਸਾ ਕੋਲੋਂ ਪੁਛਿਆ ਗਿਆ ਕਿ ਜੇਕਰ ਇਕ "ਔਰਤ ਦਾ ਪਤੀ ਬੇਔਲਾਦ ਹੀ ਮਰ ਜਾਵੇ ਅਤੇ ਉਸ ਦੇ ਭਰਾ ਵਾਰੀ ਵਾਰੀ ਉਸੇ ਔਰਤ ਨਾਲ ਵਿਆਹ ਕਰਵਾਕੇ ਬੇਔਲਾਦ ਹੀ ਮਰਦੇ ਜਾਣ ਤਾਂ ਪਰਲੋ ਵਾਲੇ ਦਿਨ ਉਹ ਔਰਤ ਕਿਸ ਦੀ ਬੀਵੀ ਸਮਝੀ ਜਾਵੇਗੀ ਤਾਂ ਈਸਾ ਨੇ ਉਤਰ ਦਿੱਤਾ ਕਿ ਪਰਲੋ ਵਾਲੇ ਦਿਨ ਤਾਂ ਕਿਸੇ ਦਾ ਵਿਆਹ ਨਹੀ ਹੁੰਦਾ ਤੇ ਨਾ ਹੀ ਕੋਈ ਵਿਆਹ ਵਿਚ ਦਿੱਤੀ ਜਾਂਦੀ ਹੈ। ਉਸ ਦਿਨ ਤਾਂ ਸਾਰੇ ਹੀ (ਸਮੇਤ ਇਸਤਰੀਆਂ ਦੇ) ਉਨ੍ਹਾਂ ਫਰਿਸ਼ਤਿਆਂ ਵਾਂਗ ਹੋ ਜਾਣਗੇ ਜੋ ਰੱਬ ਦੀ ਜੰਨਤ ਵਿਚ ਹਨ।'[33] ਇਸ ਤੋਂ ਇਸਤਰੀ ਮਰਦ ਦੀ ਸਮਾਨਤਾ ਦਾ ਗਿਆਨ ਹੁੰਦਾ ਹੈ। ਹਸ਼ਰ ਵਾਲੇ ਦਿਨ ਸਭ ਦੇ ਕਰਮਾਂ ਉਤੇ ਨਿਬੇੜਾ ਹੋਣਾ ਹੈ ਨਾ ਕਿ ਲਿੰਗ ਦੇ ਆਧਾਰ ਉਤੇ। ਸਭ ਹੀ ਨਿਜ਼ਾਤ ਹਾਸਲ ਕਰਨ ਦੇ ਯੋਗ ਹਨ। ਇਸੇ ਲਈ ਪੁੱਤਰ/ਪੁੱਤਰੀ ਬਾਰੇ ਵਿਚਾਰ ਲਗਭਗ ਸਮਾਨ ਹੀ ਹਨ।

ਕੰਨਿਆ ਰੂਪ

ਈਸਾਈ ਮੱਤ ਵਿਚ ਕੁਆਰੀ ਕੰਨਿਆ ਦੀ ਵਿਸ਼ੇਸ਼ ਮਹੱਤਤਾ ਅਤੇ ਪਵਿਤਰਤਾ ਮੰਨੀ ਜਾਂਦੀ ਹੈ। ਕਿਉਂਕਿ ਇਸ ਮੱਤ ਦੇ ਜਨਮਦਾਤਾ ਹਜ਼ਰਤ ਈਸਾ ਮਸੀਹ ਦਾ ਜਨਮ ਪਾਕ ਪਵਿਤਰ ਆਤਮਾ ਕੁਆਰੀ ਮਰੀਅਮ ਦੀ ਕੁੱਖੋ ਹੋਇਆ ਸੀ। ਇਸ ਤੱਥ ਨਾਲ ਲਗਭਗ ਸਾਰੇ ਵਿਦਵਾਨ ਸਹਿਮਤ ਹਨ। ਸ੍ਰੀ ਵੀ.ਸੀ.ਸੈਮੂਅਲ ਵੀ ਲਿਖਦੇ ਹਨ - 'ਇਹ ਨਿਸ਼ਚਿਤ ਅਤੇ ਪ੍ਰਮਾਣਿਤ ਹੈ ਕਿ ਜੀਸਸ ਕ੍ਰਾਈਸਟ

ਉਸ ਮਾਂ ਦੀ ਕੁੱਖ ਤੋਂ ਪੈਦਾ ਹੋਇਆ ਜੋ ਕੁਆਰੀ ਸੀ।' ਨਵੀਂ ਸੁਕਤੀ (ਨਿਊ ਟੈਸਟਾਮੈਂਟ) ਅਤੇ ਹੋਰ ਈਸਾਈ ਧਾਰਮਿਕ ਪੁਸਤਕਾਂ ਇਸ ਵਿਚਾਰਧਾਰਾ ਦੀ ਪੁਸ਼ਟੀ ਕਰਦੀਆਂ ਹਨ। ਈਸਾਈ ਮੱਤ ਦੇ ਵਿਸ਼ੇਸ਼ੱਗਾਂ ਅਨੁਸਾਰ ਜੀਸਸ ਦਾ ਕੁਆਰੀ ਮਾਂ ਦੀ ਕੁੱਖੋਂ ਜਨਮ ਲੈਣਾ ਦੋਹਰੀ ਮਹੱਤਤਾ ਦਾ ਲਖਾਇਕ ਹੈ ਇਕ ਤਾਂ ਇਹ ਕਿ ਮਨੁੱਖੀ ਮਾਤਾ ਦੀ ਕੁੱਖੋਂ ਜਨਮ ਦਾ ਕਾਰਨ ਪਰਾ - ਪ੍ਰਾਕ੍ਰਿਤਕ ਸੀ। ਬਿਨਾਂ ਕਿਸੇ ਨਰ ਸੰਪਰਕ ਦੇ ਗਰਭ ਵਿਚ ਆਉਣ ਦੇ ਨਾਤੇ ਉਹ ਰੱਬ ਦਾ ਪੁੱਤਰ ਸੀ। ਉਹ ਪ੍ਰਭੂ ਦੀ ਆਗਿਆ ਨਾਲ ਦੁਨੀਆਂ ਨੂੰ ਸੁਧਾਰਨ ਲਈ ਇਸ ਸੰਸਾਰ ਵਿਚ ਵਿਚਰੇ। ਗਾਸਪਲ ਆਫ ਮੈਥਿਊ ਵਿਚ ਦਰਜ ਹੈ ਕਿ ਯੂਸਫ ਨੂੰ ਫਰਿਸ਼ਤੇ ਨੇ 'ਮਰੀਅਮ ਦੀ ਪਵਿਤਰਤਾ ਦਾ ਵਿਸ਼ਵਾਸ਼ ਦੁਆਇਆ ਅਤੇ ਉਸਦੀ ਕੁੱਖੋਂ ਪ੍ਰਭੂ ਦੇ ਪੁੱਤਰ ਈਸਾ ਦਾ ਜਨਮ ਹੋਣ ਦੀ ਭੱਵਿਖਬਾਣੀ ਕੀਤੀ। ਯੂਸਫ ਨੇ ਮਰੀਅਮ ਨੂੰ ਵਿਆਹੁਤਾ ਪਤਨੀ ਬਣਾ ਲਿਆ। ਮਗਰੋਂ ਯਸੂ ਦਾ ਜਨਮ ਹੋਣ ਤੇ ਉਸਨੂੰ ਫਰਿਸ਼ਤੇ ਦੀ ਬਾਣੀ ਦਾ ਵਿਸ਼ਵਾਸ਼ ਹੋਇਆ।'[34]

ਇਸ ਤਰ੍ਹਾਂ ਈਸਾਈ ਮੱਤ ਦਾ ਆਦਿ ਮੂਲ ਅਤੇ ਆਧਾਰ ਸ੍ਰਿਲਾ ਹੀ ਕੁਆਰੀ ਕੰਨਿਆ ਹੈ। ਜਿਸਨੂੰ ਅਤਿ ਪਾਵਨ - ਪਵਿੱਤਰ ਤੇ ਸਰਵ - ਸ੍ਰੇਸ਼ਟ ਮੰਨਿਆ ਜਾਂਦਾ ਹੈ।

'ਇਥੋਂ ਤਕ ਕਿ ਰੱਬ ਦੀ ਬਾਦਸ਼ਾਹਤ ਦੀ ਤੁਲਨਾ ਦਸ ਨਵ - ਵਿਆਹੁਤਾ ਇਸਤਰੀਆਂ ਨਾਲ ਕੀਤੀ ਗਈ ਹੈ ਜੋ ਵਰ ਨੂੰ ਮਿਲਣ ਜਾਂਦੀਆਂ ਹਨ ਪਰ ਕੇਵਲ ਪੰਜ ਸਿਆਣੀਆਂ ਹੀ ਉਸਨੂੰ ਪ੍ਰਾਪਤ ਕਰ ਸਕਦੀਆਂ ਹਨ।'[35] ਔਗੁਣਵੰਤੀਆਂ ਅਤੇ ਮੂਰਖ ਇਸਤਰੀਆਂ ਪਤੀ- ਮਿਲਾਪ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਵਿਆਹੁਤਾ ਪ੍ਰਤਿ ਵੀ ਇਸ ਧਰਮ ਵਿਚ ਉਚ ਵਿਚਾਰ ਨਹੀ ਹਨ।

ਵਿਆਹੁਤਾ

ਰੱਬ ਦੁਆਰਾ ਪਤਨੀ ਨੂੰ ਇਹ ਸਰਾਪ ਦਿੱਤਾ ਗਿਆ ਕਿ 'ਤੇਰੀ ਇੱਛਾ ਤੇਰੇ ਪਤੀ ਦੇ ਅਧੀਨ ਰਹੇਗੀ, ਉਹ ਤੇਰੇ ਤੇ ਰਾਜ ਕਰੇਗਾ।'[36]

ਈਸਾਈ ਮੱਤ ਵਿਚ ਵਿਆਹ ਹੋਣਾ ਗਿਰਾਵਟ ਹੈ ਅਪਵਿਤਰਤਾ ਹੈ। ਸੇਂਟ ਪਾਲ ਤਾਂ ਵਿਆਹ ਨੂੰ ਸਰੀਰਕ ਕਮਜ਼ੋਰੀ ਲਈ ਇਕ ਰਿਆਇਤ ਕਹਿੰਦੇ ਹਨ। ਚਰਚ ਨੇ ਹਮੇਸ਼ਾਂ ਵਿਆਹ ਦਾ ਵਿਰੋਧ ਕੀਤਾ ਅਤੇ ਦੁਬਾਰਾ ਵਿਆਹ ਤਾਂ ਕੇਵਲ ਚਰਿਤਰਹੀਣ ਲਈ ਹੀ ਸੰਭਵ ਸੀ। ਈਸਾਈ ਕਾਨੂੰਨ ਅਧੀਨ ਅੱਜ ਤਕ ਵਿਆਹ ਸਮੇਂ ਪਤਨੀ ਨੂੰ ਹੀ ਪਤੀ ਦੀ ਆਗਿਆਕਾਰੀ ਰਹਿਣ ਦੀ ਸਹੁੰ ਚੁਕਣੀ ਪੈਂਦੀ ਹੈ। ਈਸਾਈ ਸੇਂਟ ਔਰਤਾਂ ਤੋਂ ਦੂਰ ਰਹਿੰਦੇ ਸਨ; ਵਿਆਹ ਤੋਂ ਹੋੜਦੇ ਸਨ। 'ਸਾਧੂ ਹੋ ਜਾਣਾ ਫੈਸ਼ਨ ਬਣਦਾ ਜਾ ਰਿਹਾ ਸੀ। ਈਸਾ ਦੇ ਚੇਲੇ ਵਿਆਹ ਕਰਵਾਉਣ ਨੂੰ ਸਰਾਪੇ

ਜਾਣਾ ਕਹਿੰਦੇ ਸਨ।'[37]

ਸੇਂਟ ਪਾਲ ਅਨੁਸਾਰ - 'ਬਿਸ਼ਪ ਨੂੰ ਕੇਵਲ ਇਕ ਪਤਨੀ ਦਾ ਪਤੀ ਹੋਣਾ ਚਾਹੀਦਾ ਹੈ[38] ਜਦੋਂ ਯਹੂਦੀ ਕਾਨੂੰਨ ਪ੍ਰਚਲਿਤ ਸੀ ਤਾਂ ਇਕ ਪਤੀ ਨੂੰ ਕਈ ਪਤਨੀਆਂ ਰਖਣੀਆਂ ਪੈਂਦੀਆਂ ਸਨ। ਇਹ ਉਸਦਾ ਫਰਜ਼ ਸੀ। ਪਰ ਬਹੁਤ ਸਾਰੇ ਈਸਾਈਆਂ ਬਰਨਾਰਡੋ, ਓਕੀਨਸ, ਸ਼ੈਲਡਾਨ, ਮਿਲਟਨ ਆਦਿ ਨੇ ਬਹੁ-ਪਤਨੀ ਵਿਆਹ ਦੇ ਹੱਕ ਵਿਚ ਲਿਖਿਆ ਹੈ। 'ਗਾਸਪਲ ਵਿਚ ਵੀ ਇਸ ਦੇ ਵਿਰੁੱਧ ਵਿਚ ਕੁਝ ਨ ਹੀ ਕਿਹਾ ਗਿਆ। ਐਲਡਰਜ਼ ਅਤੇ ਡੈਕਨਜ਼ ਨੇ ਇਕ ਪਤਨੀ ਦਾ ਪਤੀ ਹੋਣਾ ਚਾਹੀਦਾ ਹੈ।'[39] 'ਸੇਂਟ ਮਾਰਕ ਗਾਸਪਲ ਵਿਚ ਭਰਾ ਦੀ ਪਤਨੀ ਨੂੰ ਆਪਣੀ ਵਹੁਟੀ ਬਣਾਉਣ ਨੂੰ ਨਜਾਇਜ਼ ਕਿਹਾ ਗਿਆ ਹੈ।'[40]

ਮੂਸਾ ਦੇ ਕਾਨੂੰਨ ਅਧੀਨ ਵਿਭਚਾਰ ਇਕ ਪਾਪ ਹੈ। ਈਸਾ ਨੇ ਵੀ ਉਸਨੂੰ ਪਾਪ ਹੀ ਕਿਹਾ। ਈਸਾ ਨੇ ਤਾਂ ਇਥੋਂ ਤਕ ਕਿਹਾ ਕਿ 'ਜੋ ਵਿਅਕਤੀ ਪਰਾਈ ਇਸਤਰੀ ਨੂੰ ਬੁਰੀ ਨਜ਼ਰ ਨਾਲ ਦੇਖ ਲੈਂਦਾ ਹੈ ਉਹ ਉਸ ਨਾਲ ਮਨ ਦੁਆਰਾ ਵਿਭਚਾਰ ਕਰ ਚੁੱਕਾ ਹੈ। ਜੋ ਅੰਗ ਅਜੇਹਾ ਕਰੇ ਉਸ ਨੂੰ ਸਰੀਰ ਤੋਂ ਕੱਟ ਦਿਓ। ਇਕ ਭੈੜੇ ਅੰਗ ਕਾਰਨ ਸਾਰੇ ਸਰੀਰ ਦੇ ਨਰਕ ਭੋਗਣ ਨਾਲੋਂ ਉਸ ਅੰਗ ਦਾ ਨਾ ਹੋਣਾ ਹੀ ਚੰਗਾ ਹੈ। ਜੋ ਵਿਅਕਤੀ ਵਿਭਚਾਰ ਤੋਂ ਬਿਨਾਂ ਕਿਸੇ ਹੋਰ ਕਾਰਨ ਆਪਣੀ ਪਤਨੀ ਨੂੰ ਤਿਆਗਦਾ ਹੈ ਉਹ ਉਸ ਤੋਂ ਵਿਭਚਾਰ ਕਰਾਉਂਦਾ ਹੈ ਅਤੇ ਜੋ ਵਿਅਕਤੀ ਅਜੇਹੀ ਤਿਆਗੀ ਇਸਤਰੀ ਨਾਲ ਵਿਆਹ ਕਰਵਾਉਂਦਾ ਹੈ ਉਹ ਉਸ ਨਾਲ ਵਿਭਚਾਰ ਕਰਦਾ ਹੈ।'[41]

ਵਿਆਹੁਤਾ ਤੋਂ ਵਫਾਦਾਰੀ ਅਤੇ ਪਤੀਵਰਤ ਧਰਮ ਦੀ ਪਾਲਨਾ ਦੀ ਆਸ਼ਾ ਕੀਤੀ ਜਾਂਦੀ ਹੈ। ਵਿਆਹੁਤਾ ਦੇ ਅਸਲ ਸ਼ਿੰਗਾਰ ਬਾਰੇ ਇਸ ਪ੍ਰਕਾਰ ਲਿਖਿਆ ਹੋਇਆ ਹੈ, 'ਤੁਹਾਡਾ ਸ਼ਿੰਗਾਰ ਬਾਹਰ ਮੁੱਖੀ ਵਿਖਾਵਾ ਜਾਂ ਸਿਜਾਵਟ ਨਹੀ ਸਗੋਂ ਤੁਹਾਡੇ ਅੰਦਰ ਤੁਹਾਡੇ ਪਤੀ ਦਾ ਦਿਲ ਹੋਵੇ ਜੋ ਭ੍ਰਿਸ਼ਟਾਚਾਰੀ ਨਾ ਹੋ ਕੇ ਸੱਚੇ ਸੁੱਚੇ ਸਦਾਚਾਰ ਦਾ ਰੂਪ ਹੋਵੇ, ਨੇਕ ਅਤੇ ਸ਼ਾਂਤ ਰੂਹ ਵਿਚ ਇਸ ਦਾ ਵਾਸ਼ਾ ਹੋਵੇ, ਜਿਸਦੀ ਕੀਮਤ ਰੱਬ ਦੀਆਂ ਨਜ਼ਰਾਂ ਵਿਚ ਬਹੁਤ ਜ਼ਿਆਦਾ ਹੈ।'[42] ਪ੍ਰਾਚੀਨ ਸਮੇਂ ਵਿਚ ਰੱਬ ਵਿਚ ਵਿਸ਼ਵਾਸ ਰਖਣ ਵਾਲੀਆਂ ਵਿਆਹੁਤਾ ਔਰਤਾਂ ਆਪਣੇ ਆਪ ਨੂੰ ਪਤੀ-ਅਧੀਨਗੀ ਦੇ ਆਭੂਸ਼ਣਾਂ ਨਾਲ ਸ਼ਿੰਗਾਰਦੀਆਂ, ਸੁਆਰਦੀਆਂ ਸਨ। 'ਸਾਰਾਹ ਆਪਣੇ ਪਤੀ ਇਬਰਾਹੀਮ ਨੂੰ ਮੇਰੇ ਸੁਆਮੀ ਅਤੇ ਮੇਰੇ ਮਾਲਿਕ ਕਹਿਕੇ ਪੁਕਾਰਦੀ ਸੀ। ਤੁਸੀਂ ਸਭ ~~ਵੀ~~ ਵੀ ਤਾਂ ਉਸ ਦੀਆਂ ਬੇਟੀਆਂ ਹੋ।'[43]

ਈਸਾਈ ਮੱਤ ਅਨੁਸਾਰ ਇਕ ਨੇਕ, ਪਤੀਵਰਤਾ ਅਤੇ ਸੁਸ਼ੀਲ ਪਤਨੀ ਅਤਿ 'ਕੀਮਤੀ ਖਜ਼ਾਨਾ'[44] ਹੁੰਦੀ ਹੈ ਜਿਸਦਾ ਮੁੱਲ ਹੀਰੇ ਲਾਲਾਂ ਵਿਚ ਵੀ ਨਿਰਧਾਰਿਤ ਨਹੀ ਕੀਤਾ ਜਾ ਸਕਦਾ।

ਉਹ ਸਦਾ ਆਪਣੇ ਪਤੀ ਦੀ ਭਲਾਈ ਲਈ ਕਾਰਜਸ਼ੀਲ ਰਹਿੰਦੀ ਹੈ। ਕਦੇ ਉਸਦਾ ਬੁਰਾ ਨਹੀਂ ਚਿਤਵਦੀ। 'ਮਰਦ ਨੂੰ ਆਪਣੀਆਂ ਸਭ ਖੁਸ਼ੀਆਂ ਆਪਣੀ ਪਤਨੀ ਤੋਂ ਹੀ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਧਨ ਮਾਲ ਤਾਂ ਪਿਤਾ ਤੋਂ ਵਿਰਸੇ ਵਿਚ ਲਏ ਜਾਂਦੇ ਹਨ ਪਰ ਚੰਗੀ ਪਤਨੀ ਪ੍ਰਭੂ ਦੀ ਅਮੁੱਲ ਦਾਤ ਹੈ।'[45] ਚੰਗੀ ਪਤਨੀ ਹੀ ਉੱਤਮ ਸੰਤਾਨ ਦੀ ਜਨਨੀ ਬਣ ਸਕਦੀ ਹੈ।

ਜਨਨੀ ਰੂਪ

ਮਰੀਅਮ ਨੂੰ ਪਵਿੱਤਰ ਜਨਨੀ ਮੰਨਿਆ ਗਿਆ ਹੈ ਜਿਸਦੀ ਮਹਾਨਤਾ ਸਾਰੇ ਈਸਾਈ ਧਰਮ ਵਿਚ ਹੈ। ਪਰ ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਈਸਾ ਨੇ ਆਪ ਕੋਈ ਸਮਾਜਿਕ ਕਾਨੂੰਨ ਨਹੀਂ ਬਣਾਏ ਸਨ ਇਸ ਲਈ ਸੰਸਾਰਿਕ ਸੰਬੰਧਾਂ ਅਤੇ ਕਾਰਜ ਵਿਹਾਰ ਬਾਰੇ ਉਨ੍ਹਾਂ ਦੇ ਵਿਚਾਰਾਂ ਦਾ ਸਾਨੂੰ ਬਹੁਤ ਘੱਟ ਪਤਾ ਲਗਦਾ ਹੈ। ਫਿਰ ਵੀ ਜਨਨੀ ਦੀ ਪਰਿਵਾਰ ਵਿਚ ਮਹੱਤਵਪੂਰਨ ਸਥਿਤੀ ਤੋਂ ਮੁਨਕਰ ਹੋਣਾ ਅਸੰਭਵ ਹੈ। ਉਹ ਆਪਾ ਤਿਆਗ ਕੇ ਤੇ ਹਰ ਪ੍ਰਕਾਰ ਦੇ ਕਸ਼ਟ ਸਹਿ ਕੇ ਔਲਾਦ ਨੂੰ ਪਾਲਦੀ ਹੈ ਤਾਂ ਸੰਤਾਨ ਦਾ ਵੀ ਇਹ ਕਰਤਵ ਹੈ ਕਿ ਉਸ ਪ੍ਰਤਿ 'ਵਫਾਦਾਰ ਅਤੇ ਆਗਿਆਕਾਰ ਰਹੇ। ਮਾਤਾ ਪਿਤਾ ਦੀਆਂ ਸਿਖਿਆਵਾਂ ਉਤੇ ਅਮਲ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।'[46] ਮਾਤਾ ਦੁਆਰਾ ਦੁਤਕਾਰਿਆ ਅਤੇ ਸਰਾਪਿਆ ਵਿਅਕਤੀ ਕਦੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

ਸਮੁੱਚੇ ਰੂਪ ਵਿਚ ਜਨਨੀ ਰੂਪ ਵਿਚ ਮਾਂ ਨੂੰ ਸੰਤਾਨ ਉਤੇ ਬਹੁਤ ਸਾਰੇ ਅਧਿਕਾਰ ਪ੍ਰਾਪਤ ਸਨ ਜਿਵੇਂ ਕਿ ਇਸਲਾਮ ਧਰਮ ਵਿਚ ਵੀ ਹੈ।

(ੲ) ਇਸਲਾਮੀ ਵਿਚਾਰਧਾਰਾ ਅਤੇ ਇਸਤਰੀ

ਇਸਲਾਮ ਦਾ ਸ਼ਾਬਦਿਕ ਅਰੱਥ ਹੈ ਉਸ ਵਿਅਕਤੀ ਅਗੇ ਝੁਕਣਾ ਜਿਸ ਨਾਲ ਸੁਲਹ ਕੀਤੀ ਜਾਵੇ। ਤਕਨੀਕੀ ਸ਼ਬਦਾਵਲੀ ਵਿਚ 'ਰੱਬ ਦੇ ਹੁਕਮ ਅੱਗੇ ਸਿਰ ਝੁਕਾਉਣਾ ਹੈ। ਕੇਵਲ ਇਕ ਅੱਲਾ ਨੂੰ ਹੀ ਸਰਬੋਤਮ ਸ਼ਕਤੀ ਮੰਨਿਆ ਜਾਂਦਾ ਹੈ ਜਿਸਦੇ ਪੈਗੰਬਰ ਹਜ਼ਰਤ ਮੁਹੰਮਦ ਹੋਏ ਹਨ। ਇਸਲਾਮ ਮੁਹੰਮਦ ਸਾਹਿਬ ਦੁਆਰਾ ਚਲਾਇਆ ਹੋਇਆ ਇਕ ਸਾਮੀ ਮੱਤ ਹੈ। ਔਰਤ/ਮਰਦ ਦੀ ਉਤਪਤੀ ਸੰਬੰਧੀ ਸਾਰੇ ਸਾਮੀ ਧਰਮਾਂ ਦੇ ਵਿਚਾਰ ਲਗਭਗ ਇਕੋ ਜੇਹੇ ਹਨ। 'ਓਲਡ ਟੈਸਟਾਮੈਂਟ (ਪੁਰਾਣੀ ਸ਼ੁਕਤੀ) ਵਿਚ ਇਹ ਵਿਚਾਰ ਅੰਕਿਤ ਕੀਤੇ ਗਏ ਅਤੇ ਬਾਦ ਵਿਚ ਨਿਊ ਟੈਸਟਾਮੈਂਟ (ਨਵੀਂ ਸ਼ੁਕਤੀ) ਅਤੇ ਕੁਰਾਨ ਸ਼ਰੀਫ ਵਿਚ ਇਹ ਦੁਹਰਾਏ ਗਏ। ਇਸਤਰੀ/ਪੁਰਸ਼ ਦੋਵੇਂ ਇਕ ਆਤਮਾ ਤੋਂ ਬਣਾਏ

ਗਏ ਹਨ ਅਤੇ ਇਕੋ ਗੋਸ਼ਤ ਦੇ ਹਿੱਸੇ ਹਨ। ਇਸ ਵਿਚਾਰ ਨੂੰ ਕੁਰਾਨ ਸ਼ਰੀਫ਼ ਵਿਚ ਇਸ ਪ੍ਰਕਾਰ ਪ੍ਰਗਟ ਕੀਤਾ ਹੈ :-

'ਐ ਲੋਕੋ ! ਉਸ ਰੱਬ ਤੋਂ ਡਰੋ ਜਿਸ ਨੇ ਇਕੋ ਰੂਹ ਤੋਂ ਆਦਮ ਨੂੰ ਉਤਪੰਨ ਕੀਤਾ। ਉਸੇ ਤੋਂ ਉਸਦੀ ਸਾਥਣ ਪੈਦਾ ਕੀਤੀ ਅਤੇ ਫਿਰ ਦੋਹਾਂ ਦੀ ਜੋੜੀ ਤੋਂ ਅਨੇਕਾਂ ਮਰਦ - ਇਸਤਰੀਆਂ ਪੈਦਾ ਕੀਤੇ। ਉਸ ਅੱਲ੍ਹਾ ਤੋਂ ਡਰੋ।'[47] ਯਹੂਦੀ ਅਤੇ ਈਸਾਈ ਮੱਤ ਵਿਚ ਇਸਤਰੀ (ਹੱਵਾ) ਨੂੰ ਵਰਜਿਤ ਫ਼ਲ ਖਾਣ ਲਈ ਪਾਪ ਦਾ ਭਾਗੀ ਦਰਸਾਇਆ ਗਿਆ ਹੈ। ਇਸਲਾਮ ਵਿਚ ਅਜੇਹੀ ਵਿਚਾਰਧਾਰਾ ਨਹੀ ਹੈ। ਇਥੇ ਤਾਂ ਤ੍ਰੀਮਤ - ਖਾਵੰਦ ਨੂੰ ਬਰਾਬਰ ਦਾ ਕਸੂਰਵਾਰ ਅਤੇ ਦੋਸ਼ੀ ਮੰਨਿਆ ਗਿਆ ਹੈ। ਅੱਲ੍ਹਾ ਤਾਲਾ ਨੂੰ ਦੋਹਾਂ ਦੀ ਸਾਂਝੀ ਗ਼ਲਤੀ ਨੂੰ ਖਿਮਾ ਕਰ ਦੇਣ ਦੀ ਦੁਆ ਕੀਤੀ ਗਈ ਹੈ ।

" ਹੇ ਪ੍ਰਭੂ ! ਅਸੀ (ਕੇਵਲ ਔਰਤ ਨਹੀ) ਗਲਤੀ ਕਰ ਬੈਠੇ ਹਾਂ ਜੇਕਰ ਤੁਸੀ ਸਾਨੂੰ ਮਾਫ਼ ਨਹੀ ਕਰੋਗੇ ਤਾਂ ਅਸੀ ਨੁਕਸਾਨ ਵਿਚ ਰਹਾਂਗੇ।"[48] ਔਰਤ ਅਤੇ ਮਰਦ ਦੋਵੇਂ ਹੀ ਕਸੂਰਵਾਰ ਹਨ ਅਤੇ ਅੱਲ੍ਹਾ ਦੀ ਮੁਆਫ਼ੀ ਦੋਹਾਂ ਲਈ ਚਾਹੀਦੀ ਹੈ। ਨਾਰੀ ਨੂੰ ਨੀਚ ਅਤੇ ਪਾਪੀ ਬਣਾਉਣ ਵਾਲਾ ਮੁੱਢਲਾ ਦੋਸ਼ ਹੀ ਬੜੇ ਸੁੱਚਜੇ ਢੰਗ ਨਾਲ ਕੱਟ ਦਿੱਤਾ ਗਿਆ ਹੈ। ਲਿੰਗ ਭੇਦ ਤਿਆਗ ਕੇ ਦੋਹਾਂ ਵਿਚ ਸਮਾਨਤਾ ਕਾਇਮ ਕੀਤੀ ਗਈ ਹੈ। ਸਜ਼ਾ ਅਤੇ ਇਨਾਮ ਲਈ ਦੋਵੇਂ ਹੀ ਸਮਾਨ ਅਧਿਕਾਰੀ ਹਨ। ਜੇਕਰ ਔਰਤ ਅਪਵਿਤਰ ਹੈ ਤਾਂ ਮਰਦ ਵੀ ਅਸ਼ੁਧ ਹੈ। ਜੇਕਰ ਤ੍ਰੀਮਤ ਮੂਰਤੀ ਨੂੰ ਹੱਥ ਲਾਉਣ ਦੇ ਅਯੋਗ ਹੈ ਤਾਂ ਖਾਵੰਦ ਵੀ ਯੋਗ ਨਹੀ ਹੈ। ਜੇਕਰ ਬੀਵੀ ਕਾਮ - ਪੂਰਤੀ ਦਾ ਸਾਧਨ ਹੈ ਤਾਂ ਮੀਆਂ ਵੀ। ਦੋਵੇਂ ਇਕੋ ਸਾਂਝੀ ਅਮਰ ਆਤਮਾ ਦੀ ਅੰਸ਼ ਹਨ। " ਪਰ ਮਰਦ ਨੇ ਔਰਤ ਨੂੰ ਸਦਾ ਨੀਵਾਂ ਰਖਣ ਦਾ ਯਤਨ ਕੀਤਾ ਹੈ। ਉਸਨੂੰ ਗੰਦੀ ਮੌਤ ਮਾਰਿਆ ਹੈ। ਇਸਲਾਮ ਤੋਂ ਪਹਿਲਾਂ ਦੇ ਸਮੇਂ ਵਿਚ ਅਜੇਹੀ ਸਮਾਨਤਾ ਦ੍ਰਿਸ਼ਟੀਗੋਚਰ ਨਹੀ ਹੁੰਦੀ। ਔਰਤ ਨੂੰ ਮਰਦ ਤੋਂ ਬਹੁਤ ਹੀਣੀ ਅਤੇ ਮਰਦ ਦੀ ਪੂਰਨ ਅਧੀਨਗੀ ਵਿਚ ਵਿਚਰਨ ਵਾਲਾ ਜੀਵ ਤਸੱਵਰ ਕੀਤਾ ਜਾਂਦਾ ਸੀ। ਇਥੋਂ ਤਕ ਕਿ 'ਉਨ੍ਹਾਂ ਦੀ ਜਨ ਸੰਖਿਆ ਨੂੰ ਸੀਮਿਤ ਕਰਨ ਲਈ ਕੰਨਿਆ ਦਾ ਵਧ ਕਰ ਦਿੱਤਾ ਜਾਂਦਾ ਸੀ। ਔਰਤ ਨੂੰ ਪਿਤਾ, ਪਤੀ ਜਾਂ ਵੱਡੇ ਭਰਾ ਦੀ ਜਾਇਦਾਦ ਮਾਤਰ ਮੰਨਿਆ ਜਾਂਦਾ ਸੀ ਜਿਸਨੂੰ ਰਖਣਾ ਜਾਂ ਤਿਆਗਣਾ ਮਾਲਕ ਦੇ ਵੱਸ ਸੀ।'[49]

ਇਸਲਾਮ ਨੇ ਔਰਤ ਦੀ ਸਥਿਤੀ ਸੁਧਾਰਨ ਦੇ ਯਤਨ ਕੀਤੇ ਅਤੇ ਕਾਫ਼ੀ ਹੱਦ ਤਕ ਕੰਨਿਆ ਵਿਆਹੁਤਾ ਅਤੇ ਮਾਤਾ ਦੇ ਰੂਪ ਵਿਚ ਉਸਨੂੰ ਅਧਿਕਾਰ ਦਿੱਤੇ ਅਤੇ ਰਿਆਇਤਾਂ ਵੀ। ਮਰਦ ਦੇ ਨਾਲ ਉਸਦਾ ਦਰਜਾ ਪੂਰਨ ਸਮਾਨਤਾ ਵਾਲਾ ਨਾ ਸਹੀ ਘੱਟੋ ਘੱਟ ਕੁਝ ਖੇਤਰਾਂ ਵਿਚ ਤਾਂ ਉਸਨੂੰ ਕਾਫ਼ੀ

ਖੁਲ੍ਹਾ ਦਿੱਤੀਆਂ। 'ਜੋ ਵੀ ਇਸਤਰੀ- ਮਰਦ ਨੇਕ ਅਮਲ ਕਰੇਗਾ, ਉਸਨੂੰ ਅੱਲ੍ਹਾ ਦੀ ਦਰਗਾਹ ਵਿਚ ਸੁਖ ਮਿਲੇਗਾ। ਉਹ ਸਿੱਧਾ ਸਵਰਗ ਜਾਵੇਗਾ।'[50] ਘਰੇਲੂ ਜੀਵਨ ਅਤੇ ਕੰਮਾਂ ਵਿਚ ਗ੍ਰਹਿਣੀ ਦਾ ਮਸ਼ਵਰਾ ਮੰਨਣ ਦੀ ਲੋੜ ਹੈ ਅਤੇ ਧਨ ਕਮਾਉਣ/ਖਰਚਣ ਵਿਚ ਗ੍ਰਹਿਪਤੀ ਦੇ ਸ਼ਬਦ ਹੀ ਅੰਤਿਮ ਹੋਣੇ ਚਾਹੀਦੇ ਹਨ। ਦੋਹਾਂ ਦੇ ਅਧਿਕਾਰ ਖੇਤਰਾਂ ਨੂੰ ਤਰਤੀਬ ਅਤੇ ਲੋੜਾਂ ਅਨੁਸਾਰ ਵੰਡ ਦਿੱਤਾ ਗਿਆ ਹੈ ਤਾਂ ਜੋ ਇਕ ਦੂਜੇ ਉੱਤੇ ਵਾਧਾ ਨਾ ਕਰ ਸਕਣ। ' ਦੋਹਾਂ ਦੇ ਅਧਿਕਾਰ ਅਸੂਲੀ ਤੌਰ ਤੇ ਸਮਾਨ ਹੁੰਦੇ ਹੋਏ ਵੀ ਅਮਲੀ ਪੱਖੋਂ ਅਸਮਾਨ ਸਨ।' ਮਰਦ ਨੂੰ ਔਰਤ ਦਾ ਇਨਚਾਰਜ ਮੰਨਿਆ ਗਿਆ ਹੈ।'[51] ਇਸ ਨਾਤੇ ਉਸਦਾ ਦਰਜਾ ਉਚੇਰਾ ਹੈ। ਕੁਰਾਨ ਸ਼ਰੀਫ ਦੇ ਅਧਿਐਨ ਤੋਂ ਇਸ ਸਬੰਧੀ ਜੋ ਸਿੱਟੇ ਕੱਢੇ ਜਾ ਸਕਦੇ ਹਨ, ਉਨ੍ਹਾਂ ਨੂੰ ਇਸ ਪ੍ਰਕਾਰ ਪ੍ਰਗਟ ਕੀਤਾ ਜਾ ਸਕਦਾ ਹੈ :-

1- ਇਸਤਰੀਆਂ ਤੁਹਾਡੇ ਵਸਤਰ ਹਨ ਅਤੇ ਤੁਸੀਂ ਇਸਤਰੀਆਂ ਦੇ।[52]
2- ਇਸਤਰੀਆਂ ਤੁਹਾਡੀ ਖੇਤੀ ਹਨ।[53] ਤੁਸੀਂ ਜਦੋਂ ਚਾਹੋ ਇਨ੍ਹਾਂ ਨੂੰ ਵਾਹ ਸਕਦੇ ਹੋ।
3- 'ਇਸਤਰੀਆਂ ਉੱਤੇ ਅਤਿਆਚਾਰ ਨਾ ਕਰੋ।'[54]
4- ਔਰਤਾਂ ਨੂੰ ਬਲਪੂਰਵਕ ਦਾਸੀਆਂ ਨਾ ਰਖੋ ਅਤੇ ਉਨ੍ਹਾਂ ਨਾਲ ਨਿਆਂ ਪੂਰਵਕ ਵਿਵਹਾਰ ਕਰੋ।[55]
5- 'ਔਰਤਾਂ ਮਰਦ ਦਾ ਜੋੜਾ ਅੱਧ ਹੈ।'[56]
6- ਦੁਨੀਆਂ ਦੀ ਸਭ ਤੋਂ ਕੀਮਤੀ ਵਸਤੂ ਭਾਵ ਸਰਬੋਤਮ ਖਜ਼ਾਨਾ ਗੁਣਵਾਨ ਪਤਨੀ ਹੈ।
7- 'ਔਰਤਾਂ ਨੂੰ ਮਸਜਿਦ ਜਾਣ ਤੋਂ ਨਾ ਰੋਕੋ।'[57]
8- ਸਰਬੋਤਮ ਉਹ ਹੈ ਜੋ ਆਪਣੇ ਪਰਿਵਾਰ ਨਾਲ ਉੱਤਮ ਵਿਵਹਾਰ ਕਰਦਾ ਹੈ।
9- 'ਪੁਰਸ਼ ਇਸਤਰੀ ਤੋਂ ਉੱਤਮ ਹੈ ਕਿਉਂਕਿ ਅੱਲ੍ਹਾ ਨੇ ਕਿਸੇ ਨੂੰ ਦੂਜੇ ਉੱਤੇ ਵਡਿਆਈ ਦਿੱਤੀ ਹੈ। ਉਹ ਔਰਤ ਦਾ ਰਖਿਅਕ ਹੈ ਅਤੇ ਉਸ ਉੱਤੇ ਧਨ ਖਰਚਦਾ ਹੈ।'[58]

ਪਰ ਇਸ ਤੋਂ ਇਹ ਅਰਥ ਕਦਾਚਿਤ ਨਹੀਂ ਲੈਣੇ ਚਾਹੀਦੇ ਕਿ ਔਰਤਾਂ ਜੀਵਨ ਵਿਚ ਮਰਦਾਂ ਦੇ ਸਮਾਨ ਵਿਚਰਦੀਆਂ ਸਨ। ਸਗੋਂ ਉਨ੍ਹਾਂ ਨੂੰ ਹਰ ਸਮੇਂ 'ਪਰਦੇ ਅੰਦਰ ਜਕੜੇ ਰਹਿਣਾ ਪੈਂਦਾ ਸੀ। ਕੁਰਾਨ ਸ਼ਰੀਫ ਵਿਚ ਔਰਤਾਂ ਨੂੰ ਸ਼ਰੀਰ ਢੱਕ ਕੇ ਅਤੇ ਅੱਖਾਂ ਨੀਵੀਆਂ ਰਖਦੇ ਹੋਏ ਸੁੰਦਰਤਾ ਦੀ ਪ੍ਰਦਰਸ਼ਨੀ ਨਾ ਕਰਕੇ ਨਿਮਰਤਾ ਨਾਲ ਚੱਲਣ ਦਾ ਉਪਦੇਸ਼ ਹੈ।'[59]

ਖਲੀਫਾ ਅਬੂ ਬਾਕਰ ਨੇ ਤਾਂ ਇਥੋਂ ਤਕ ਕਿਹਾ ਸੀ ਕਿ 'ਜੋ ਰਾਸ਼ਟਰ ਇਸਤਰੀਆਂ ਉੱਤੇ ਆਪਣੇ ਕੰਮ ਛੱਡ ਦੇਂਦਾ ਹੈ, ਉਹ ਕਦੇ ਵੀ ਉਨੱਤ ਨਹੀਂ ਹੋ ਸਕਦਾ।'[60]

ਪਰ ਇਸ ਵਿਚਾਰ ਵਿਚ ਵੀ ਬਹੁਤਾ ਵਜ਼ਨ ਨਹੀ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਬੀਵੀ 'ਆਇਸ਼ਾ' ਇਕ ਵੱਡੀ ਨਿਆਂਵੇਤਾ ਅਤੇ ਟੀਕਾਕਾਰ ਹੋ ਚੁੱਕੀ ਹੈ। 'ਖ਼ਦੀਜਾ, ਜ਼ੈਨਬ-ਬਿਨ-ਖ਼ੁਜ਼ੈਮਾ, ਅਤੇ ਜ਼ੈਨਬ-ਬਿਨ-ਜਾਸ਼ ਗਰੀਬਾਂ ਦੀਆਂ ਸਹਾਇਕ ਰਹੀਆਂ ਸਨ। ਫਾਤਿਮਾ ਅਤੇ ਰੁਫੈਦਾ ਚੰਗੀਆਂ ਨਰਸਾਂ ਸਨ।'[61] ਇਸ ਤੋਂ ਇਲਾਵਾ ਸਕੀਨਾ, ਉਤੱਮ-ਉਲ-ਵਾਹਿਦ, ਸੰਤ ਰਾਬੀਆ, ਹਬੀਦਾ, ਨੂਰਜਹਾਂ, ਬੇਗਮ-ਉਮ-ਫ਼ੂਲ-ਫਜ਼ੂਲ, ਉਮ-ਉਲ-ਹਬੀਬ, ਹਮੀਦਾਂ, ਹਾਫਜ਼ਾਂ ਆਦਿ ਦੇ ਨਾਂ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ। ਕੁਝ ਜੋਧਾ ਹੋਈਆਂ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ:- ਸਾਫੀਆ-ਉਮ-ਅਮਰਾਹ, ਖੌਲਾ-ਬਿਨ-ਅਜ਼ੂਰ, ਹਫੀਰਾ-ਉਮ-ਅਬਨ, ਸਲਮਾ-ਉਮ-ਹਕੀਮ ਅਸਮਾ, ਖੌਲਾ-ਬਿਨ-ਸੁਲਭ, ਸਲਮਾ-ਬਿਨ ਹਾਸ਼ਿਮ, ਨਾਮ-ਬਿਨ-ਕਾਨਮ, ਜ਼ੁਫੈਰਾ-ਬਿਨ-ਅਫਾਰਾ ਆਦਿ। ਕੁਝ ਕੰਨਿਆਂ, ਵਿਆਹੁਤਾ ਅਤੇ ਜਨਨੀ ਰੂਪ ਵਿਚ ਇਸਤਰੀ ਬਾਰੇ ਚਰਚਾ ਕੀਤੀ ਜਾਵੇਗੀ।

ਕੰਨਿਆ ਰੂਪ

/ਇਸਲਾਮ ਦੇ ਉਦਭਵ ਤੋਂ ਪਹਿਲਾਂ ਕੰਨਿਆ ਦੀ ਸਥਿਤੀ ਤਰਸਯੋਗ ਸੀ। ਉਸਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਇਸਲਾਮ ਨੇ ਇਸਨੂੰ ਪਾਪ ਕਹਿ ਕੇ ਨਿੰਦਿਆ ਅਤੇ ਇਸ ਕੁਕਰਮ ਤੋਂ ਮੁਸਲਮਾਨਾਂ ਨੂੰ ਰੋਕਿਆ। ਕੁਰਾਨ ਸ਼ਰੀਫ ਵਿਚ ਪੁੱਤਰੀ ਦੇ ਜਨਮ ਸਤੇ ਇਕ ਪਿਤਾ ਦੀ ਮਨੋਸਥਿਤੀ ਅਤੇ ਦੁਚਿੱਤੀ ਨੂੰ ਇੰਨ ਬਿੰਨ ਚਿਤਰਿਆ ਗਿਆ ਹੈ: " ਉਸਦੇ ਚੇਹਰੇ ਦਾ ਰੰਗ ਉਡ ਜਾਂਦਾ ਹੈ, ਉਹ ਬਾਕੀਆਂ ਤੋਂ ਲੁਕਦਾ ਫਿਰਦਾ ਹੈ ਕਿ ਉਹ (ਪੁੱਤਰੀ ਬਾਰੇ) ਕੀ ਫੈਸਲਾ ਕਰੇਗਾ; ਉਸਨੂੰ ਮਾਰ ਦੇਣ ਦਾ ਜਾਂ ਹੀਣਤਾਭਾਵ ਕਬੂਲਦੇ ਹੋਏ ਉਸਨੂੰ ਜਿਊਂਦੇ ਰਖਣ ਦਾ।"[62] ਕੁਰਾਨ ਕਿਸੇ ਵੀ ਸਥਿਤੀ ਵਿਚ ਕੰਨਿਆ-ਵੱਧ ਦੀ ਆਗਿਆ ਨਹੀ ਦੇਂਦਾ। ਅਤਿ ਗਰੀਬੀ ਵਿਚ ਵੀ ਅਜੇਹਾ ਕਰਨਾ ਘੋਰ ਪਾਪ ਹੈ। ਕਿਉਂਕਿ ਜੋ ਅੱਲ੍ਹਾ ਜੀਵ ਦੇਂਦਾ ਹੈ ਉਹ ਉਸਦੇ ਲਈ ਅੰਨ ਵੀ ਦੇਂਦਾ ਹੈ। ਉਸਨੂੰ ਜ਼ਿਆਦਾ ਪਤਾ ਹੈ। ਸਭ ਉਸਦੀ ਸ਼ਕਤੀ ਅਤੇ ਮਰਜ਼ੀ ਨਾਲ ਵਾਪਰਦਾ ਹੈ। ਹਜ਼ਰਤ ਮੁਹੰਮਦ ਨੇ ਤਾਂ ਇਸਲਾਮ ਕਬੂਲਨ ਵਾਲੀਆਂ ਤੋਂ ਇਹ ਕਸਮ ਚੁਕਵਾਈ ਸੀ ਕਿ ਉਹ ਭਵਿੱਖ ਵਿਚ ਔਲਾਦ ਦਾ ਵੱਧ ਨਹੀ ਕਰਨਗੀਆਂ ਅਤੇ ਨਾ ਹੀ ਕਰਨ ਦੇਣਗੀਆਂ।'[63] ਇਸ ਤਰ੍ਹਾਂ ਇਸਲਾਮ ਨੇ ਕੰਨਿਆਂ ਨੂੰ ਜੀਵਨ ਦਾਨ ਦਿੱਤਾ। ਉਸਦੀ ਘਟ ਰਹੀ /ਗਿਣਤੀ ਦੀ ਗਤੀ ਨੂੰ ਰੋਕ ਪਾਈ।

'ਜਵਾਨ ਹੋ ਰਹੀ ਲੜਕੀ ਨੂੰ ਸ਼ਰੀਰਕ ਪ੍ਰਦਰਸ਼ਨੀ ਤੋਂ ਰੋਕਿਆ ਹੈ। ਉਹ ਸਦਾ ਸਾਦਾ ਕਪੜੇ ਨਾਲ ਸਾਰਾ ਸ਼ਰੀਰ ਢੱਕੇ; ਚਲਣ ਸਮੇਂ ਪੈਰ ਜ਼ੋਰ ਨਾਲ ਨਾ ਸੁੱਟੇ ਅਤੇ ਅੱਖਾਂ ਨੀਵੀਆਂ ਰਖੇ।'[64] ਚੰਗੀ ਲੜਕੀ ਦੇ ਆਚਰਨ ਲਈ ਇਹ ਮੁੱਢਲੀਆਂ ਲੋੜਾਂ ਹਨ। ਪਹਿਰਾਵੇ ਅਨੁਸਾਰ ਹੀ ਮਾਨਸਿਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਮਨ ਦੀ ਚੰਚਲਤਾ ਨੂੰ ਅਧੀਨ ਰਖਣ ਲਈ ਜ਼ਿਆਦਾ ਤੰਗ ਕਪੜੇ ਨਹੀ ਪਾਣੇ ਚਾਹੀਦੇ ਅਤੇ ਦੂਜਿਆਂ ਦੀਆਂ ਨਜ਼ਰਾਂ ਤੋਂ ਬਚਣ ਦੀ ਲੋੜ ਹੁੰਦੀ ਹੈ। ਇਹ ਬੰਦਸ਼ਾਂ ਅਤੇ ਨਿਯਮ ਪਵਿਤਰਤਾ ਨੂੰ ਕਾਇਮ ਰਖਣ ਲਈ ਸਨ।

ਸਿਖਿਆ ਦੇ ਖੇਤਰ ਵਿਚ ਕੰਨਿਆਂ ਨੂੰ ਪੂਰਨ ਸੁਤੰਤਰਤਾ ਸੀ। ਇਹ ਸੁਭਾਵਿਕ ਵੀ ਜਾਪਦਾ ਹੈ। ਜੋ ਇਸਲਾਮ ਪੁੱਤਰੀ-ਵੱਧ ਦਾ ਕਟੜ ਵਿਰੋਧੀ ਹੈ, ਉਹ ਉਸਦੀ ਅਧਿਆਤਮਕ ਅਤੇ ਬੌਧਿਕ ਸੇਹਤ ਵਲੋਂ ਅਵੇਸਲਾ ਕਿਵੇਂ ਰਹਿ ਸਕਦਾ ਸੀ। ਔਰਤ ਮਰਦ ਦੇ ਸੁਖ ਲਈ ਹੀ ਸਹੀ। ਉਹ ਆਪਣਾ ਇਹ ਫਰਜ਼ ਤਾਂ ਹੀ ਸੁਚਾਰੂ ਰੂਪ ਵਿਚ ਪੂਰਾ ਕਰ ਸਕੇਗੀ ਜੇਕਰ ਇਸ ਪ੍ਰਤਿ ਉਹ ਸੁਚੇਤ ਹੈ। ਇਸ ਲਈ ਉਸਦਾ ਪੜ੍ਹੇ, ਲਿਖੇ ਅਤੇ ਗਿਆਨਵਾਨ ਹੋਣਾ ਅਤਿ ਆਵਸ਼ਕ ਹੈ। ਉਹ ਆਪਣੀ ਰੁਚੀ ਅਨੁਸਾਰ ਸਿਖਿਆ ਗ੍ਰਹਿਣ ਕਰ ਸਕਦੀ ਹੈ। ਸਮਾਜ ਉਸ ਉਤੇ ਕਿਸੇ ਪ੍ਰਕਾਰ ਦੀ ਰੁਕਾਵਟ ਨਹੀ ਪਾ ਸਕਦਾ। ਇਥੋਂ ਤਕ ਕਿ ਦਾਸੀਆਂ ਨੂੰ ਵੀ ਸਿਖਿਆ ਦੇਣ ਦਾ ਉਪਦੇਸ਼ ਕੀਤਾ ਗਿਆ ਹੈ। ਅੱਲ੍ਹਾ ਉਨ੍ਹਾਂ ਨੂੰ ਇਸ ਦੇ ਇਵਜ਼ ਵਜੋਂ ਇਨਾਮ ਦੇਵੇਗਾ।

'ਵਿਆਹ ਦੇ ਮਾਮਲੇ ਵਿਚ ਕੰਨਿਆ ਦੀ ਰਜ਼ਾਮੰਦੀ ਜ਼ਰੂਰੀ ਹੈ। ਜਦੋਂ ਤਕ ਲੜਕੀ ਆਪਣੀ ਸਵੀਕ੍ਰਿਤੀ ਨਹੀਂ ਦੇਂਦੀ, ਰਿਸ਼ਤਾ ਪੱਕਾ ਨਹੀਂ ਹੋ ਸਕਦਾ। ਪਰ ਲੜਕੀ ਨੂੰ ਵਰਗਲਾਨਾ ਬਹੁਤ ਆਸਾਨ ਹੈ। ਸੋ ਵਿਆਹ ਦੀ ਪਵਿਤਰਤਾ ਅਤੇ ਲੜਕੀ ਦੀ ਸੁਰਖਿਆ ਲਈ ਹਰ ਵਿਆਹ ਵਿਚ ਲੜਕੀ ਦੇ ਕਿਸੇ ਮਰਦ ਸੰਰਖਿਅਕ ਦੀ ਮਰਜ਼ੀ ਵੀ ਉਨੀ ਹੀ ਜ਼ਰੂਰੀ ਹੈ ਕਿਉਂਕਿ ਔਰਤ ਅਜੇਹੇ ਗੁੰਝਲਦਾਰ ਕੰਮਾਂ ਬਾਰੇ ਜ਼ਿਆਦਾ ਘੋਖ ਨਹੀ ਕਰ ਸਕਦੀ। ਪਰਦੇ ਅੰਦਰ ਰਹਿਣ ਕਾਰਨ ਉਸਨੂੰ ਸੰਸਾਰਿਕ ਕਾਰ ਵਿਹਾਰ ਬਾਰੇ ਜ਼ਿਆਦਾ ਗਿਆਨ ਨਹੀ ਹੁੰਦਾ। ਦਾਜ ਵਿਚ ਜੋ ਕੁਝ ਵੀ ਹੋ ਸਕੇ, ਖੁਸ਼ੀ ਖੁਸ਼ੀ ਦੇਣਾ ਚਾਹੀਦਾ ਹੈ। ਇਥੋਂ ਤਕ ਕਿ 'ਯਤੀਮ ਕੁੜੀ ਨੂੰ ਵੀ ਉਸਦਾ ਬਣਦਾ ਹੱਕ (ਮਿਹਰ ਦੀ ਰਕਮ) ਦਿਓ ਜੋ ਉਸ ਨਾਲ ਵਿਆਹ ਕਰਨਾ ਚਾਹੁੰਦੇ ਹੋ।'[65] ਭਾਵ ਮਿਹਰ ਦੀ ਰਕਮ ਉਤੇ ਉਸਦਾ ਪੂਰਾ ਅਧਿਕਾਰ ਮੰਨਿਆ ਗਿਆ ਹੈ।

ਜਾਇਦਾਦ ਦੇ ਹੱਕ ਬਾਰੇ ਲਿੰਗ ਭੇਦ ਅਨੁਸਾਰ ਹਿੱਸੇ ਨਿਰਧਾਰਿਤ ਕੀਤੇ ਜਾਂਦੇ ਹਨ। ਪੁੱਤਰ ਨੂੰ ਪੁੱਤਰੀ ਤੋਂ ਦੁਗਣਾ ਹਿੱਸਾ ਦੇਣ ਦਾ ਵਿਧਾਨ ਕੀਤਾ ਗਿਆ ਹੈ। ਇਹ ਸ਼ਾਇਦ ਇਸ ਲਈ ਕਿ

ਨਰ ਉਤੇ ਪਰਿਵਾਰ ਦੀ ਪਰਵਰਿਸ਼ ਦੀ ਜ਼ਿਮੇਵਾਰੀ ਹੁੰਦੀ ਹੈ ਜਦੋਂ ਕਿ ਨਾਰੀ ਉਤੇ ਅਜੇਹਾ ਕੋਈ ਬੋਝ ਨਹੀ ਹੁੰਦਾ। ਧਾਰਮਿਕ ਜੀਵਨ ਵਿਚ ਵੀ ਕੰਨਿਆ ਇਕ ਕਦਮ ਪਿਛੇ ਰਹੀ। ਮੰਨਤਾਂ ਮੰਨ ਕੇ ਲਈ ਔਲਾਦ ਵਿਚੋਂ 'ਕੇਵਲ ਪੁੱਤਰ ਨੂੰ ਹੀ ਪੂਜਾ ਲਈ ਭੇਟ ਕੀਤਾ ਜਾ ਸਕਦਾ ਸੀ। ਕੰਨਿਆ ਨੂੰ ਇਸਦੇ ਅਯੋਗ ਮੰਨਿਆ ਗਿਆ ਹੈ।'[66] ਇਸਤਰੀ ਦੀ ਇਹ ਦੂਜੇ ਸਥਾਨ ਵਾਲੀ ਸਥਿਤੀ ਵਿਆਹੁਤਾ ਰੂਪ ਵਿਚ ਵੀ ਕਾਇਮ ਰਹੀ।

ਵਿਆਹੁਤਾ ਰੂਪ

ਸੰਸਾਰ ਅਤੇ ਉਸਦੇ ਅਨੰਦ ਅਮੁੱਲੇ ਹਨ ਪਰ ਸਭ ਤੋਂ ਵਧ ਕੀਮਤੀ ਹੈ ਇਕ ਨੇਕ ਨੇਕ ਪਤਨੀ,[67] ਪਰ ਪਵਿਤਰ ਕੁਰਾਨ ਸ਼ਰੀਫ ਦੇ ਹਵਾਲਿਆਂ ਦੁਆਰਾ ਇਹ ਪ੍ਰਮਾਣਿਤ ਕੀਤਾ ਜਾ ਸਕਦਾ ਹੈ ਕਿ ਇਸਤਰੀ ਉਤੇ ਮਰਦ ਦਾ ਪ੍ਰਭੂਤਵ ਹੈ ਕਿਉਂਕਿ ਉਹ ਪਾਲਨਹਾਰਾ ਹੈ ਅਤੇ ਇਸਤਰੀ ਉਸ ਉਤੇ ਨਿਰਭਰ ਹੈ।

1- 'ਆਦਮੀ ਵਿਚੋ ਹੀ ਔਰਤ ਬਣਾਈ ਗਈ ਅਤੇ ਆਦਮੀ ਦੀ ਸਹਾਇਤਾ ਲਈ ਹੀ ਬਣਾਈ ਗਈ।'[68] ਇਸਤਰੀ ਦੂਜਿਆਂ ਦੇ ਦੁਖ ਸੁਖ ਪ੍ਰਤਿ ਵਧੇਰੇ ਭਾਵੁਕ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਰਾਮ ਅਤੇ ਸੁਖ ਦੇਣ ਦੀ ਕੋਸ਼ਿਸ਼ ਕਰਦੀ ਹੈ।

2- 'ਔਰਤ ਆਦਮੀ ਦੇ ਲਈ ਖੇਤ ਹੈ।'[69] ਜਿੰਨਾਂ ਖੇਤਾਂ ਦਾ ਧਿਆਨ ਰਖਿਆ ਜਾਵੇਗਾ, ਖੁਸ਼ਹਾਲੀ ਆਵੇਗੀ।

3- ਵਿਆਹ ਦਾ ਬੰਧਨ ਪਾ ਕੇ ਆਦਮੀ-ਔਰਤ ਦੇ ਸੰਬੰਧ ਨੂੰ ਪੱਕਾ ਕਰਨਾ ਹੈ। ਉਨ੍ਹਾਂ ਨੂੰ ਤਸੀਹੇ ਦੇਣਾ ਨਹੀ। ਔਰਤ ਨੂੰ ਘਰ ਵਿਚ ਨਿਆਂਪੂਰਵਕ ਰਖਿਆ ਜਾਵੇ।[70]

'ਬੁਧ ਧਰਮ, ਹਿੰਦੂ ਧਰਮ ਅਤੇ ਈਸਾਈ ਮੱਤ ਨੇ ਆਦਮੀ ਦੇ ਮੌਲਿਕ ਸੁਭਾ ਦੇ ਉਲਟ ਉਸਨੂੰ ਤਿਆਗੀ ਬਣਨ ਲਈ ਕਿਹਾ ਪਰ ਇਸਲਾਮ ਨੇ ਮਨੁੱਖ ਦੇ ਸੁਭਾ ਅਨੁਕੂਲ ਹੀ ਆਦੇਸ਼ ਕੀਤਾ। ਹਜ਼ਰਤ ਮੁਹੰਮਦ ਸਾਹਿਬ ਨੇ 'ਬਹੁ-ਪਤਨੀ ਵਿਆਹ ਨੂੰ ਨਿਯਮ-ਬੱਧ ਕਰ ਦਿੱਤਾ ਤਾਂ ਜੋ ਪਾਪ ਅਤੇ ਗੈਰ-ਕਾਨੂੰਨੀ ਅਮਲ ਘਟ ਹੋ ਜਾਣ। ਮੁਸਲਮਾਨਾਂ ਵਿਚ ਬਹੁ-ਪਤਨੀ ਵਿਆਹ ਹੋਣ ਤੇ ਵੀ ਘਰੇਲੂ ਜੀਵਨ ਬਹੁਤ ਚੰਗਾ ਹੈ।'[71] ਜੇਕਰ ਕੋਈ ਵਿਅਕਤੀ '(ਸਤੇ) ਪਤਨੀਆਂ ਨਾਲ ਇਕੋ ਜੇਹਾ ਵਿਵਹਾਰ ਨਹੀ ਕਰ ਸਕਦਾ ਤਾਂ ਉਹ ਇਕ ਹੀ ਵਿਆਹ ਕਰਵਾਏ।'[72] ਵਰਨਾ ਸਭ ਨਾਲ ਸਮਾਨ ਵਿਵਹਾਰ ਕਰੇ। ਆਪ ਨੱਬੀ ਨੇ ਵੀ ਕਈ ਵਿਆਹ ਕਰਵਾਏ। 'ਦਾਊਦ ਦੀਆਂ 100 ਪਤਨੀਆਂ ਸਨ

ਜਿਨ੍ਹਾਂ ਵਿਚ ਵਿਧਵਾ ਇਸਤਰੀਆਂ ਵੀ ਸ਼ਾਮਿਲ ਸਨ।'[73]

ਹਜ਼ਰਤ ਮੁਹੰਮਦ ਸਾਹਿਬ ਨੇ ਪਹਿਲਾ ਵਿਆਹ ਖਦੀਜਾ ਨਾਲ 25 ਸਾਲ ਦੀ ਉਮਰ ਵਿਚ ਕਰਵਾਇਆ। ਸਭ ਤੋਂ ਪਹਿਲਾਂ ਉਸਨੇ ਮੁਹੰਮਦ ਨੂੰ ਪੈਗੰਬਰ ਰੂਪ ਵਿਚ ਪਹਿਚਾਣਿਆ ਅਤੇ ਉਨ੍ਹਾਂ ਤੇ ਵਿਸ਼ਵਾਸ ਕੀਤਾ। ਉਨ੍ਹਾਂ ਨੂੰ ਰੱਬੀ ਗਿਆਨ ਨੂੰ ਸੰਭਾਲਣ ਦੀ ਸ਼ਕਤੀ ਦਿੱਤੀ। ਖਦੀਜਾ ਦੇ ਜੀਵਨ ਵਿਚ ਉਨ੍ਹਾਂ ਨੂੰ ਦੂਜੀ ਸ਼ਾਦੀ ਦੀ ਲੋੜ ਮਹਿਸੂਸ ਨਹੀਂ ਹੋਈ ਪਰ ਪਿਛੋਂ ਵਿਧਵਾ ਇਸਤਰੀਆਂ ਨਾਲ ਨਕਾਹ ਕੀਤੇ। ਇਸ ਤੋਂ 'ਇਸਲਾਮ ਵਿਚ ਵਿਧਵਾ - ਵਿਆਹ ਨੂੰ ਉਤਸਾਹਿਤ ਕਰਨ ਦੀ ਪੁਸ਼ਟੀ ਹੁੰਦੀ ਹੈ।'[74]

ਵਿਧਵਾ ਵਿਆਹ ਨੂੰ ਹਾਸੋਹੀਣਾ ਅਤੇ ਵਿਭਚਾਰ ਦਾ ਰੂਪ ਧਾਰਨ ਕਰਨ ਤੋਂ ਬਚਾਉਣ ਲਈ ਇਕ ਸਮਾਂ ਅਤੇ ਵਿਧੀ ਨਿਰਧਾਰਿਤ ਕੀਤੀ ਗਈ ਹੈ। ਵਿਧਵਾ ਲਈ ਪੁਨਰ - ਵਿਆਹ ਕਰਵਾਉਣ ਤੋਂ ਪਹਿਲਾਂ ਚਾਰ ਮਹੀਨੇ ਦਸ ਦਿਨ ਦਾ ਸਮਾਂ ਪਤੀ ਵਿਯੋਗ ਵਿਚ ਬਿਤਾਉਣ ਅਤੇ ਆਪਣੇ ਆਪ ਨੂੰ ਮਾਨਸਿਕ ਪੱਖੋ ਪੁਨਰ - ਵਿਆਹ ਲਈ ਤਿਆਰ ਕਰਨ ਲਈ ਦਿੱਤਾ ਜਾਂਦਾ ਹੈ। ਇਸ ਸਮੇ ਦੇ ਦੌਰਾਨ ਉਹ ਆਪਣੇ ਮਨ ਨਾਲ ਫੈਸਲਾ ਵੀ ਕਰ ਸਕਦੀ ਹੈ ਅਤੇ ਹੋਣ ਵਾਲੇ ਪਤੀ ਦੇ ਗੁਣ ਔਗੁਣਾਂ ਦੀ ਘੋਖ ਵੀ ਕਰਵਾ ਸਕਦੀ ਹੈ। ਤਲਾਕਸ਼ੁਦਾ ਇਸਤਰੀ ਵੀ ਇਸੇ ਤਰ੍ਹਾਂ ਨਿਸ਼ਚਿਤ ਸਮਾਂ ਲੰਘਾਉਣ ਪਿਛੋਂ ਵਿਆਹ ਕਰਵਾਉਣ ਲਈ ਸੁਤੰਤਰ ਹੈ/ਇਸ ਸਮੇ ਨੂੰ 'ਇੱਦਤ' ਦਾ ਸਮਾਂ ਕਿਹਾ ਜਾਂਦਾ ਹੈ।

ਦਾਸੀਆਂ ਨੂੰ ਸਾਰੇ ਅਮਲੀ ਕੰਮਾਂ ਲਈ ਪਤਨੀ ਹੀ ਮੰਨਿਆ ਗਿਆ ਹੈ ਅਤੇ ਇਕ ਆਦਮੀ ਦੀਆਂ ਅਣਗਿਣਤ ਦਾਸੀਆਂ ਹੋ ਸਕਦੀਆਂ ਹਨ। ਇਹ ਔਰਤਾਂ ਉਤੇ ਘੋਰ ਅਤਿਆਚਾਰ ਹੈ। 'ਜੇਕਰ ਇਹ ਦਾਸੀ/ਨੌਕਰਾਣੀ ਰੂਪੀ ਬੀਵੀਆਂ ਦੁਰਾਚਾਰੀ ਹੋ ਜਾਂਦੀਆਂ ਹਨ ਤਾਂ ਸਾਧਾਰਨ ਬੀਵੀ ਨਾਲੋ ਉਨ੍ਹਾਂ ਨੂੰ ਕੇਵਲ ਅੱਧੀ ਸਜ਼ਾ ਹੀ ਦਿੱਤੀ ਜਾਂ ਸਕਦੀ ਹੈ।'[75]

ਪਤੀ- ਪਤਨੀ ਦੇ ਅਧਿਕਾਰਾਂ ਅਤੇ ਫਰਜ਼ਾਂ ਦੀ ਇਕ ਲੰਮੀ ਸੂਚੀ ਦਿੱਤੀ ਗਈ ਹੈ ਤਾਂ ਜੋ ਜੀਵਨ ਰੂਪੀ ਗੱਡੀ ਨਿਰਵਿਘਨ ਚਲਦੀ ਰਹੇ। ਪਤਨੀ ਦੇ ਧਰਮਾਂ ਵਿਚ ਘਰ ਦੀ ਚਾਰਦੀਵਾਰੀ ਅੰਦਰਲੇ ਲਗਭਗ ਸਾਰੇ ਕੰਮ ਸ਼ਾਮਿਲ ਕੀਤੇ ਗਏ ਹਨ ਜਿਸ ਵਿਚ ਪਤੀ ਨੂੰ ਖੁਸ਼ ਰਖਣਾ, 'ਉਸਦੀ ਦੇਖਭਾਲ ਕਰਨੀ, ਰਸੋਈ ਦਾ ਪ੍ਰਬੰਧ ਕਰਨਾ, ਪਤੀਵਰਤ ਧਰਮ ਵਿਚ ਦ੍ਰਿੜ, ਸਾਫ ਸੁਥਰੀ, ਸੰਤੋਸ਼ਮਈ ਅਤੇ ਪਤੀ ਦੀ ਆਗਿਆਕਾਰੀ ਹੋਣਾ, ਪਤੀ ਦੀ ਗੈਰਹਾਜ਼ਰੀ ਵਿਚ ਉਸਦੀ ਭਲਾਈ ਬਾਰੇ ਸੋਚਣਾ ਅਤੇ ਉਸਦੇ ਅਧਿਕਾਰਾਂ ਦੀ ਰਾਖੀ ਕਰਨਾ, ਉਸਦੇ ਭੇਤਾਂ ਨੂੰ ਕਿਸੇ ਤੇ ਪ੍ਰਗਟ ਨਾ ਕਰਨਾ ਆਦਿ[76] ਸ਼ਾਮਿਲ ਹਨ। ਪਰ ਉਸ ਲਈ ਇਕ ਛੋਟ ਵੀ ਹੈ। ਉਹ ਮਹਿਮਾਨਾਂ ਲਈ ਭੋਜਨ ਬਣਾਉਣ ਲਈ ਕਟਿਬੱਧ ਨਹੀਂ ਹੈ। ਹਾਂ ਪਤੀ ਆਪਣੇ ਪਿਆਰ ਅਤੇ ਕੋਮਲ ਵਤੀਰੇ ਨਾਲ ਉਸਨੂੰ ਅਜੇਹਾ ਕਰਨ ਲਈ ਬੇਨਤੀ ਕਰ ਸਕਦਾ ਹੈ।

ਦੂਜੇ ਪਾਸੇ ਖਾਵੰਦ ਬੀਵੀ ਦੀ ਪਰਵਰਿਸ਼ ਲਈ ਜ਼ਿੰਮੇਵਾਰ ਹੈ। ਉਹ ਆਪਣੀ ਪਤਨੀ ਉਤੇ ਵਿਸ਼ਵਾਸ ਕਰੇ, ਉਸਦੀ ਮਾਣ ਮਰਿਆਦਾ ਦੀ ਰਖਿਆ ਕਰੇ ਅਤੇ ਜੇਕਰ ਉਹ ਕੋਈ ਗਲਤੀ ਕਰੇ ਤਾਂ ਉਸਦੀ ਥਾਂ ਪਰਥਾਂ ਚਰਚਾ ਨਾ ਕਰਕੇ ਪਿਆਰ ਨਾਲ ਸਮਝਾਵੇ। "ਦੋਵੇਂ ਇਕ ਦੂਜੇ ਦੇ ਸਮਾਨ ਤਾਂ ਹਨ ਹੀ, ਪੂਰਕ ਵੀ ਹਨ। ਉਨ੍ਹਾਂ ਨੂੰ ਸਾਥੀ ਦੀਆਂ ਕਮਜ਼ੋਰੀਆਂ ਅਤੇ ਗ਼ਲਤੀਆਂ ਦਾ ਭਾਂਡਾ ਨਹੀ ਭੰਨਣਾ ਚਾਹੀਦਾ ਸਗੋਂ ਪਿਆਰ ਨਾਲ ਸੁਧਾਰਨਾ ਅਤੇ ਪਰਦਾ ਪਾਉਣਾ ਚਾਹੀਦਾ ਹੈ। ਜੇਕਰ ਪਤਨੀ ਸਮਝਾਉਣ ਉਪਰੰਤ ਵੀ ਹਠ ਕਾਰਨ ਮੁੜ ਗਲਤੀ ਦੁਹਰਾਉਂਦੀ ਹੈ ਤਾਂ ਉਸਨੂੰ ਘਰ ਵਿਚ ਹੀ ਕੁਝ ਸਮੇਂ ਲਈ ਆਪਣੇ ਤੋ ਅਲੱਗ ਰਖਿਆ ਜਾਵੇ। ਫਿਰ ਵੀ ਸੁਧਾਰ ਨਹੀ ਹੁੰਦਾ ਤਾਂ ਘਰ ਵਿਚ ਹੀ ਕੈਦ ਕਰ ਦਿੱਤਾ ਜਾਵੇ ਜਾਂ ਫਿਰ (ਉਸਦੀ ਸੁੰਦਰਤਾ ਨੂੰ ਨਸ਼ਟ ਕੀਤੇ ਬਿਨਾਂ) ਤਲਾਕ ਦੇ ਦਿੱਤਾ ਜਾਵੇ।'[77] ਇਸੇ ਤਰ੍ਹਾਂ ਪਤੀ ਲਗਾਤਾਰ ਰੋਜ਼ੇ ਨਹੀ ਰਖ ਸਕਦਾ। ਵਰਨਾ ਉਹ ਪਤਨੀ ਪ੍ਰਤਿ ਇਨਸਾਫ ਨਹੀ ਕਰ ਸਕਦਾ। ਪਤਨੀ ਵੀ ਪਤੀ ਦੀ ਸਹਿਮਤੀ ਬਿਨਾਂ ਲਗਾਤਾਰ ਰੋਜ਼ੇ ਨਹੀ ਰਖ ਸਕਦੀ। ਦੋਹਾਂ ਉਤੇ ਕੁਝ ਬੰਦਸ਼ਾਂ ਲਾਉਣ ਦਾ ਉਦੇਸ਼ ਕੇਵਲ ਏਨਾ ਹੀ ਹੈ ਕਿ ਉਨ੍ਹਾਂ ਦੇ ਆਪਸੀ ਸੰਬੰਧ ਸੁਖਾਵੇਂ ਰਹਿਣ।

ਫਿਰ ਵੀ ਵਿਅਕਤੀਗਤ ਰੁਚੀਆਂ ਅਤੇ ਸੁਭਾਵਾਂ ਵਿਚ ਕਈ ਵਾਰੀ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ ਜੋ ਕਿਸੇ ਸੂਰਤ ਵਿਚ ਵੀ ਖਤਮ ਨਹੀਂ ਹੁੰਦਾ। ਹਰ ਸਮੇ ਘਰ ਵਿਚ ਵਿਸਫੋਟਕ ਸਥਿਤੀ ਵਿਦਮਾਨ ਰਹਿੰਦੀ ਹੈ, ਅਜੇਹੇ ਨਾਰਕੀ ਜੀਵਨ ਨਾਲੋ ਤਾਂ ਤਲਾਕ ਲੈ ਕੇ ਵੱਖ ਵੱਖ ਰਹਿਣਾ ਕਿਤੇ ਜ਼ਿਆਦਾ ਚੰਗਾ ਹੁੰਦਾ ਹੈ। ਜੇਕਰ "ਖਾਵੰਦ ਬੀਵੀ ਨੂੰ ਦੁਖੀ ਕਰਦਾ ਰਹਿੰਦਾ ਹੈ, ਉਸ ਪ੍ਰਤਿ ਲਾਪਰਵਾਹ ਹੈ ਜਾਂ ਸੁਭਾਵਾਂ ਵਿਚ ਬਹੁਤ ਅੰਤਰ ਹੈ ਤਾਂ ਬੀਵੀ ਤਲਾਕ ਲੈ ਸਕਦੀ ਹੈ।'[78] ਔਰਤ ਦੁਆਰਾ ਅਲੱਗ ਰਹਿਣ ਦੀ ਮੰਗ ਨੂੰ 'ਖੁਲ੍ਹਾ' ਪ੍ਰਾਪਤ ਕਰਨਾ ਕਹਿੰਦੇ ਹਨ। ਇਸ ਦੀ ਦੁਰਵਰਤੋ ਨੂੰ ਰੋਕਣ ਲਈ ਖੁਲ੍ਹਾ ਪ੍ਰਾਪਤ ਕਰਨ ਲਈ ਕੁਝ ਸਮਾਂ ਅਤੇ ਇਕ ਵਿਧੀ ਨਿਰਧਾਰਿਤ ਕੀਤੀ ਗਈ ਹੈ। ਮਰਦ ਵੀ ਔਰਤ ਤੋ ਤਲਾਕ ਲੈ ਸਕਦਾ ਹੈ। ਇਕ ਬੁਰੇ ਆਦਮੀ ਲੜ ਲਗੀ ਔਰਤ ਜੇਕਰ ਕਸ਼ਟ ਭੋਗਦੀ ਹੈ ਤਾਂ ਇਕ ਭੈੜੀ ਔਰਤ ਵੀ ਚੰਗੇ ਆਦਮੀ ਦੇ ਘਰ ਨੂੰ ਨਰਕ ਬਣਾ ਸਕਦੀ ਹੈ। ਇਸ ਲਈ ਆਰੰਭ ਵਿਚ 'ਦੋਵੇਂ ਤਿੰਨ ਮਹੀਨੇ ਲਈ ਅਲਗ ਅਲਗ ਰਹਿ ਕੇ ਇੱਦਤ ਦਾ ਸਮਾਂ ਪੂਰਾ ਕਰਨ।'[79] ਇਸ ਸਮੇਂ ਦੇ ਦੌਰਾਨ ਜੇਕਰ ਕੋਈ ਸਾਲਸ ਉਨ੍ਹਾਂ ਨੂੰ ਮੁੜ ਇਕੱਠੇ ਕਰ ਦੇਵੇ ਤਾਂ ਕੋਈ ਹਰਜ ਨਹੀ ਹੈ। ਇਸ ਪ੍ਰਕਾਰ ਦੋ ਵਾਰੀ ਤਲਾਕ ਕਹਿ ਦੇਣ ਤੇ ਵੀ ਮੁੜ ਮਿਲਾਪ ਹੋ ਸਕਦਾ ਹੈ। ਪਰ 'ਬੀਵੀ ਨੂੰ ਦਿੱਤਾ ਧਨਮਾਲ ਵਾਪਸ ਨਾ ਲਓ।'[80] ਇਕੱਠੇ ਰਹਿ ਸਕਦੇ ਹਨ। ਕਾਨੂੰਨੀ ਔਕੜ ਨਹੀਂ ਹੈ। ਪਰ ਜੇਕਰ ਤੀਜੀ ਵਾਰੀ ਵੀ ਤਲਾਕ ਕਹਿ ਦਿੱਤਾ ਜਾਵੇ ਤਾਂ ਤਲਾਕ ਹੋ ਜਾਂਦਾ ਹੈ। ਫਿਰ ਉਹ ਪਤੀ-ਪਤਨੀ ਵਾਂਗ ਨਹੀਂ ਰਹਿ ਸਕਦੇ। ਜੇ ਮਰਦ ਉਸੇ ਨਾਲ ਮੁੜ ਵਿਆਹ ਕਰਵਾਉਣਾ ਚਾਹੇ ਤਾਂ ਪਹਿਲਾਂ

ਉਹ ਕਿਸੇ ਹੋਰ ਦੀ ਪਤਨੀ ਬਣ ਕੇ ਤਲਾਕ ਲਵੇ ਤਾਂ ਹੀ ਪੁਨਰ ਵਿਆਹ ਹੋ ਸਕਦਾ ਹੈ। 'ਨਜਾਇਜ਼ ਤੌਰ ਤੇ ਕਿਸੇ ਦੀ ਬੀਵੀ ਨੂੰ ਕੋਲ ਰਖਣ ਦੀ ਸਖਤੀ ਨਾਲ ਮਨਾਹੀ ਕੀਤੀ ਗਈ ਹੈ।'[81]

ਤਲਾਕ ਦੀ ਖੁਲ੍ਹ ਹੋਣ ਤੇ ਵੀ ਤਲਾਕ ਨੂੰ ਚੰਗਾ ਨਹੀਂ ਮੰਨਿਆ ਜਾਂਦਾ। ਇਹ ਅਜੇਹਾ ਕਾਰਜ ਹੈ ਜੋ ਅੱਲ੍ਹਾ ਦੀ ਗੱਦੀ ਹਿਲਾ ਦੇਂਦਾ ਹੈ। ਕਾਮਿਲ ਅਲਦਾਰ ਕੁਤਨੀ ਦੇ ਸ਼ਬਦਾਂ ਵਿਚ 'ਖੁਦਾ ਨੂੰ ਸਭ ਤੋਂ ਵੱਧ ਨਾਰਾਜ਼ ਕਰਨ ਵਾਲੀ ਕਾਨੂੰਨੀ ਸੰਸਥਾ ਤਲਾਕ ਹੈ।' ਅਲ ਗਜ਼ਾਲੀ ਨੇ ਵੀ ਇਸਦੀ ਘੱਟ ਤੋਂ ਘੱਟ ਵਰਤੋਂ ਦੀ ਪੇਸ਼ਕਸ਼ ਕੀਤੀ ਹੈ।[82] 'ਕੋਸ਼ਿਸ਼ ਕਰੋ ਤਲਾਕ ਨਾ ਹੋਵੇ, ਭਾਵੇਂ ਇਸਲਾਮ ਵਿਚ ਇਸਦੀ ਆਗਿਆ ਹੈ।' ਮੁਹੰਮਦ ਸਾਹਿਬ ਨੇ ਤਾਂ ਇਸਨੂੰ 'ਸਭ ਤੋਂ ਵਧ ਘਿਰਣਤ ਕੰਮ ਕਿਹਾ ਹੈ ਜਿਸਦੀ ਕਾਨੂੰਨੀ ਤੌਰ ਤੇ ਆਗਿਆ ਹੈ।'

ਇਸ ਦੀ ਦੁਰਵਰਤੋਂ (ਵਿਸ਼ੇਸ਼ ਕਰਕੇ ਔਰਤਾਂ ਵਲੋਂ) ਨੂੰ ਰੋਕਣ ਲਈ ਇਹ ਦਿਸ਼ਟ ਫੈਲਾਈ ਗਈ ਹੈ ਕਿ ਖੁਲ੍ਹਾ ਪ੍ਰਾਪਤ ਕਰਨ ਵਾਲੀਆਂ ਔਰਤਾਂ ਬਹਿਸ਼ਤ ਵਿਚ ਦਾਖਲ ਨਹੀ ਹੋ ਸਕਦੀਆਂ। ਇਸ ਤੋਂ ਬਿਨਾਂ ਔਰਤ ਨੂੰ ਵਿਆਹ ਸਮੇਂ ਮਰਦ ਵਲੋਂ ਮੇਹਰ ਰੂਪ ਵਿਚ ਕੁਝ ਧਨਮਾਲ ਦਿੱਤਾ ਜਾਂਦਾ ਹੈ। " ਜੇਕਰ ਬੀਵੀ ਆਪ ਖੁਲ੍ਹਾ ਲੈਂਦੀ ਹੈ ਤਾਂ ਉਸਨੂੰ ਹੱਕ-ਮੇਹਰ ਤਿਆਗਣਾ ਪੈਂਦਾ ਹੈ। ਪਤਨੀ ਦੇ ਹੱਕ ਨੂੰ ਪਤੀ ਹੋਰ ਕਿਸੇ ਪ੍ਰਕਾਰ ਦੱਬ ਨਹੀਂ ਸਕਦਾ। ਇਸ ਤੋਂ ਬਿਨਾਂ ਅਣਛੂਹੀ ਜਾਂ ਦਾਜ - ਵਿਹੂਣੀ ਪਤਨੀ ਨੂੰ ਤਲਾਕ ਦੇਣਾ ਗੁਨਾਹ ਨਹੀਂ ਹੈ ਪਰ ਉਸਦੇ ਗੁਜ਼ਾਰੇ ਦਾ ਪ੍ਰਬੰਧ ਜ਼ਰੂਰ ਕਰ ਦਿੱਤਾ ਜਾਵੇ। ਜੇ ਉਹ ਆਪ ਤਲਾਕ ਮੰਗਦੀ ਹੈ ਤਾਂ ਉਹ ਗੁਜ਼ਾਰੇ ਦੀ ਵੀ ਹੱਕਦਾਰ ਨਹੀ ਹੈ। ਅਣਛੂਹੀ ਬੀਵੀ ਨੂੰ 'ਤਲਾਕ ਦੇਣਾ ਹੋਵੇ ਤਾਂ ਮੇਹਰ ਦੀ ਅੱਧੀ ਰਕਮ ਦਿੱਤੀ ਜਾਵੇ।'[83] ਇਸ ਤੋਂ ਪਤਾ ਲਗਦਾ ਹੈ ਕਿ ਲੜਕੀ ਦੀ ਸ਼ਾਦੀ ਵਿਚ ਦਾਜ (ਪਤੀ ਵਲੋਂ) ਵੀ ਜ਼ਰੂਰੀ ਅੰਗ ਹੁੰਦਾ ਹੋਵੇਗਾ ਜਿਸ ਨੂੰ ਮੇਹਰ ਕਿਹਾ ਜਾਂਦਾ ਹੈ। ਪਤੀ ਤਾਂ ਬਿਨਾਂ ਨੁਕਸਾਨ ਦੇ ਪਤਨੀ ਤੋਂ ਤਲਾਕ ਲੈ ਸਕਦਾ ਹੈ ਪਰ ਪਤਨੀ ਵਲੋਂ ਖੁਲ੍ਹਾ ਲੈਣ ਤੇ ਉਸਨੂੰ ਹੱਕ - ਮੇਹਰ ਅਤੇ ਹੱਕ - ਗੁਜ਼ਾਰਾ ਤਿਆਗਣੇ ਪੈਂਦੇ ਹਨ। ਇੰਝ ਦੋਹਾਂ ਲਈ ਕਾਨੂੰਨ ਦੀ ਵਿਆਖਿਆ ਅੱਲਗ ਅੱਲਗ ਹੈ।

ਮਰਦ ਲਈ ਕੁਝ ਸੰਬੰਧੀਆਂ ਨਾਲ ਸ਼ਾਦੀ ਕਰਾਉਣ ਦੀ ਮਨਾਹੀ ਹੈ ਤਾਂ ਜੋ ਖ਼ੂਨ ਦੀ ਪਵਿਤਰਤਾ ਕਾਇਮ ਰਹਿ ਸਕੇ। ਇਨ੍ਹਾਂ ਵਿਵਰਜਿਤ ਸੰਬੰਧੀਆਂ ਵਿਚ ਮਾਵਾਂ, (ਪਿਤਾ ਦੀਆਂ ਪਤਨੀਆਂ, ਪਤਨੀ ਦੀ ਮਾਂ), ਮਾਂ ਦੀਆਂ ਭੈਣਾਂ (ਮਾਸੀਆਂ), ਦੁੱਧ ਪਿਲਾਉਣ ਵਾਲੀ ਆਯਾ, ਭੈਣਾਂ, ਧੀਆਂ, ਭੈਣ/ਭਰਾਵਾਂ ਦੀਆਂ ਧੀਆਂ, ਦੁੱਧ ਦੀ ਸਾਂਝ ਵਾਲੀ ਭੈਣ, ਮਾਤਾ/ਪਿਤਾ ਦੀਆਂ ਧੀਆਂ (ਮਤਰੇਈਆਂ ਭੈਣਾਂ); ਵਿਆਹੁਤਾ ਔਰਤਾਂ ਅਤੇ ਦੋ ਸਕੀਆਂ ਭੈਣਾਂ ਨਾਲ ਇਕੱਠਾ ਵਿਆਹ।'[84]

ਇਸਲਾਮ ਵਿਚ "ਵਿਭਚਾਰ ਨੂੰ ਰੋਕਣ ਲਈ ਕਠੋਰ ਸਜ਼ਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ। ਵਿਭਚਾਰੀ ਅਤੇ ਵਿਭਚਾਰਨ ਦੋਹਾਂ ਨੂੰ ਹੀ ਦਇਆ ਦੇ ਪਾਤਰ ਨਾ ਸਮਝੋ। ਦੋਹਾਂ ਨੂੰ ਸੌ ਸੌ ਬੈਤ ਮਾਰੋ। ਵਿਆਹੁਤਾ ਨਾਰੀ ਦਾ ਸ਼ੀਲ ਭੰਗ ਕਰਨ ਵਾਲੇ ਮਰਦ ਨੂੰ ਪਥੱਰ ਮਾਰ ਮਾਰ ਕੇ ਮੁਕਾ ਦੇਣ ਦਾ ਕਾਨੂੰਨ ਹੈ।'[85] ਏਨੀ ਭਿਅੰਕਰ ਸਜ਼ਾ ਦੀ ਦਹਿਸ਼ਤ ਨਾਲ ਹੀ ਵਿਭਚਾਰੀ ਲੋਕ ਧੰਦਾ ਛੱਡ ਜਾਂਦੇ ਹੋਣਗੇ। ਲੁਕੇ ਛਿਪੇ ਵੀ ਕੋਈ ਅਜੇਹਾ ਕੁਕਰਮ ਨਹੀਂ ਕਰਦਾ ਹੋਵੇਗਾ। 'ਝੂਠਾ ਆਰੋਪ ਲਾਉਣ ਵਾਲੇ ਮਰਦ ਨੂੰ 80 ਕੋੜੇ ਮਾਰਨ ਦਾ ਵਿਧਾਨ ਹੈ। ਵਿਭਚਾਰਨ ਜੇ ਕੁਕਰਮ ਤੋਂ ਨਹੀਂ ਮੁੜਦੀ ਤਾਂ ਉਸਨੂੰ ਘਰ ਵਿਚ ਹੀ ਕੈਦ ਕਰ ਦਿਓ ਜਦੋਂ ਤਕ ਉਸਨੂੰ ਮੌਤ ਨਹੀਂ ਆ ਜਾਂਦੀ।'[86] ਘੋਰ ਬਦੀ ਤੋਂ ਛੁੱਟ ਕਿਸੇ ਕਾਰਨ ਵੀ ਔਰਤ ਨੂੰ ਕੈਦ ਨਾ ਰਖੋ।

ਅੰਤਰ ਜਾਤੀ ਵਿਆਹ ਵੀ ਹੁੰਦੇ ਹੋਣਗੇ। ਪਤੀ ਆਪਣੀ ਪਤਨੀ ਦੇ ਧਾਰਮਿਕ ਕਾਰਜਾਂ ਉਤੇ ਬੰਦਿਸ਼ ਨਹੀਂ ਲਾ ਸਕਦਾ। ਉਸਨੂੰ ਧਾਰਮਿਕ ਖੁਲ੍ਹ ਪ੍ਰਾਪਤ ਹੈ। ਇਸ ਦੇ ਲਈ ਉਸਨੂੰ ਲੋੜੀਂਦੀਆਂ ਸੁਵਿਧਾਵਾਂ ਉਪਲਬਧ ਕਰਨਾ ਪਤੀ ਦਾ ਫਰਜ਼ ਹੈ। ਦਾਨ - ਪੁੰਨ ਕਰਨ ਨਾਲੋਂ ਆਪਣੀ ਪਤਨੀ ਦੀਆਂ ਲੋੜਾਂ ਦੀ ਪੂਰਤੀ ਜ਼ਿਆਦਾ ਲਾਹੇਵੰਦ ਅਤੇ ਜ਼ਰੂਰੀ ਹੈ। ਇਥੋਂ ਤਕ ਕਿ ਮਰਨ - ਬਿਸਤਰ ਉਤੇ ਪਏ ਮੁਹੰਮਦ ਸਾਹਿਬ ਨੇ ਹਦਾਇਤ ਦਿੱਤੀ ਸੀ : ਪ੍ਰਾਰਥਨਾ ਜ਼ਰੂਰ ਕਰਦੇ ਰਹੋ ਅਤੇ ਪਤਨੀਆਂ ਨਾਲ ਚੰਗਾ ਵਿਵਹਾਰ ਕਰੋ।'[87]

ਇਸਲਾਮ ਵਿਚ ਇਸਤਰੀਆਂ ਨੂੰ ਪਰਦੇ ਵਿਚ ਰਖਣ ਦਾ ਰਿਵਾਜ਼ ਹੈ ਪਰ 'ਇਸਤਰੀਆਂ ਨੂੰ ਵਖਰੇ ਹਰਮਾਂ ਵਿਚ ਰਖਣ ਦੀ ਕਾਰ ਨੂੰ ਇਸਲਾਮੀ ਕਹਿਣਾ ਗਲਤ ਹੈ। ਇਸੇ ਤਰ੍ਹਾਂ ਬਹੁ - ਪਤਨੀ ਵਿਆਹ ਨੂੰ ਇਸਲਾਮੀ ਵਿਸ਼ੇਸ਼ਤਾ ਕਹਿਣਾ ਗਲਤ ਹੈ। ਯੂਨਾਨੀ, ਰੋਮਨ ਅਤੇ ਇਥੋਂ ਤਕ ਕਿ ਅੰਗਰੇਜ਼ ਵੀ ਇਸਤਰੀਆਂ ਨੂੰ ਵਖਰੇ ਰਖਦੇ ਸਨ।[88] ਜਾਨ ਡਨਪੋਰਟ ਦਾ ਤਾਂ ਵਿਚਾਰ ਹੈ ਕਿ 'ਹਰਮ ਇਸਤਰੀਆਂ ਲਈ ਆਜ਼ਾਦੀ ਦੀ ਥਾਂ ਹੈ। ਮਿਰਜ਼ਾ ਅਬੂ ਤਾਲਿਬ ਖਾਨ ਤਾਂ ਇਥੋਂ ਤਕ ਕਹਿੰਦੇ ਹਨ ਕਿ ਮੁਸਲਮ ਇਸਤਰੀਆਂ ਯੂਰਪ ਦੀਆਂ ਇਸਤਰੀਆਂ ਤੋਂ ਵਧੇਰੇ ਸ਼ਕਤੀ, ਅਧਿਕਾਰ ਅਤੇ ਆਜ਼ਾਦੀ ਦੀਆਂ ਮਾਲਕ ਹਨ। ਉਨ੍ਹਾਂ ਨੂੰ ਕਦੇ ਵੀ ਆਪਣੇ ਹੱਕਾਂ ਲਈ ਲੜਨਾ ਨਹੀਂ ਪਿਆ ਜਿਵੇਂ ਕਿ ਪਛਮੀ ਦੇਸ਼ਾਂ ਵਿਚ ਹੁੰਦਾ ਰਿਹਾ ਹੈ।

'ਇਸਲਾਮ ਧਰਮ ਇਸਤਰੀ ਨੂੰ ਕੰਮ ਧੰਦੇ ਲਈ ਘਰੋਂ ਬਾਹਰ ਜਾਣ ਤੋਂ ਵਰਜਦਾ ਨਹੀਂ। ਮੁਹੰਮਦ ਸਾਹਿਬ ਦੇ ਸਮੇਂ ਇਸਤਰੀਆਂ ਮੈਦਾਨ-ਏ-ਜੰਗ ਵਿਚ ਜ਼ਖਮੀਆਂ ਦੀ ਸਹਾਇਤਾ ਕਰਦੀਆਂ ਸਨ। ਬਾਹਰਲੇ ਕੰਮਾਂ ਵਿਚ ਵੀ ਪਤੀ ਦੀ ਸਹਾਇਤਾ ਕਰਦੀਆਂ ਸਨ ਪਰ ਬਾਹਰ ਜਾਣ ਸਮੇਂ ਉਨ੍ਹਾਂ ਨੂੰ ਆਪਣਾ ਚਿਹਰਾ ਢਕਣਾ ਪੈਂਦਾ ਸੀ।'[89] ਜਦੋਂ ਘਰ ਦੇ ਅੰਦਰ ਜਾਣਾ ਹੋਵੇ ਤਾਂ ਇਸਤਰੀਆਂ ਦੀ ਆਗਿਆ ਲੈ ਕੇ ਜਾਓ। ਜਦੋਂ ਉਨ੍ਹਾਂ ਤੋਂ ਕੁਝ ਮੰਗਣਾ ਹੋਵੇ ਤਾਂ ਪਰਦੇ ਦੇ ਪਿਛੋਂ ਮੰਗੋ।'[90] ਇਹ ਕੁਰਾਨ ਸ਼ਰੀਫ

~~ਦਾ ਹੁਕਮ ਹੈ।~~

ਦਾ ਹੁਕਮ ਹੈ। ਪਰਦੇ ਦਾ ਰਿਵਾਜ ਵਾਸਤਵ ਵਿਚ ਔਰਤਾਂ ਦੀ ਭਲਾਈ ਲਈ ਹੀ ਬਣਾਇਆ ਗਿਆ ਸੀ ਤਾਂ ਜੋ ਉਹ ਬੁਰੇ ਮਰਦਾਂ ਦੀਆਂ ਕੋਝੀਆਂ ਨਜ਼ਰਾਂ ਤੋਂ ਬਚੀਆਂ ਰਹਿ ਸਕਣ। ਇਸ ਪੱਖੋ ਤ੍ਰੀਮਤ ਨੂੰ ਮਰਦ ਨਾਲੋ ਜ਼ਿਆਦਾ ਵਿਸ਼ਵਾਸਯੋਗ ਅਤੇ ਉੱਚ ਆਚਰਨ ਵਾਲੀ ਮੰਨਿਆ ਗਿਆ ਹੈ। ਉਸਨੂੰ ਪਰਦੇ ਪਿਛੋ ਸਭ ਨੂੰ ਵੇਖਣ ਦੀ ਸੁਤੰਤਰਤਾ ਹੈ। ਪਰ ਮਰਦ ਉਤੇ ਅਵਿਸ਼ਵਾਸ ਕੀਤਾ ਗਿਆ ਹੈ। ਉਹ ਸਭ ਇਸਤਰੀਆਂ ਨੂੰ ਵੇਖਣ ਦੇ ਕਾਬਿਲ ਨਹੀ ਹੈ।

ਇਸ ਤੋ ਬਿਨਾਂ " ਕਿਸੇ ਵੀ ਧਰਮ ਨੇ ਇਸਤਰੀ - ਮਰਦ ਨੂੰ ਜਾਇਦਾਦ ਦਾ ਸਮਾਨ ਹੱਕ ਨਹੀ ਦਿੱਤਾ ਪਰ ਇਸਲਾਮ ਨੇ ਦਿੱਤਾ ਹੈ।"[91] ਇਸ ਵਿਚ ਕੋਈ ਸ਼ੁਕ ਨਹੀ ਕਿ ਇਸ ਵੰਡ ਵਿਚ ਕਿਧਰੇ ਵੀ ਦੋਹਾਂ ਦੇ ਹਿੱਸਿਆਂ ਵਿਚ ਸਮਾਨਤਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ, ਮਰਦ ਨੂੰ ਜ਼ਿਆਦਾ ਹੱਕ ਦਿੱਤਾ ਗਿਆ ਹੈ। ਪਰ ਇਸ ਤੋ ਇਹ ਤੱਤ ਕਢਣਾ ਕਿ ਆਦਮੀ ਉਤੱਮ ਹੋਣ ਕਾਰਨ ਜ਼ਿਆਦਾ ਧਨ ਦਾ ਅਧਿਕਾਰੀ ਹੈ - ਬਿਲਕੁਲ ਗ਼ਲਤ ਹੈ। ਧਨ ਦੀ ਵੰਡ ਤਾਂ ਲੋੜਾਂ ਅਤੇ ਜ਼ਿੰਮੇਵਾਰੀਆਂ ਨੂੰ ਮੁੱਖ ਰਖਕੇ ਕੀਤੀ ਗਈ ਹੈ। ਲਿੰਗ ਦੇ ਆਧਾਰ ਤੇ ਨਹੀ। ਆਦਮੀ ਕਮਾਂਦਾ ਹੈ ਅਤੇ ਦੂਜਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਖਰਚਦਾ ਹੈ। ਸੋ ਉਹ ਜ਼ਿਆਦਾ ਹਿੱਸੇ ਦਾ ਅਧਿਕਾਰੀ ਹੈ। ਪਰ ਇਸਤਰੀ ਆਪਣਾ ਧਨ/ਹਿੱਸਾ ਦੂਜਿਆਂ ਉਤੇ ਖਰਚਣ ਲਈ ਮਜਬੂਰ ਨਹੀਂ ਹੈ। ਇਸ ਲਈ ਉਸਦਾ ਹਿੱਸਾ ਘੱਟ ਹੈ। ਮਰਦ ਲਈ ਉਹ ਹਿੱਸਾ ਹੈ ਜੋ ਉਸਦੇ ਮਾਪੇ; ਸੰਬੰਧੀ ਛੱਡ ਜਾਂਦੇ ਹਨ ਪਰ ਔਰਤ ਲਈ ਸਾਰੀ ਜਾਇਦਾਦ ਵਿਚੋ ਉਸਦੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧ ਦੇ ਆਧਾਰ ਤੇ ਹੀ ਕੁਝ ਹਿੱਸਾ ਹੁੰਦਾ ਹੈ। ਆਮ ਹਾਲਾਤ ਵਿਚ ਮਰਦ ਨੂੰ ਔਰਤ ਤੋ ਦੁਗਣਾ ਹਿੱਸਾ ਮਿਲੇਗਾ। ਬੇਔਲਾਦ ਪਤਨੀ ਦੀ ਅੱਧੀ ਦੌਲਤ ਦਾ ਅਧਿਕਾਰੀ ਪਤੀ ਹੁੰਦਾ ਹੈ। ਪਰ ਨਾਲ ਹੀ ਮਰਦ ਨੂੰ ਤਾੜਨਾ ਕੀਤੀ ਗਈ ਹੈ ਕਿ ਪਤਨੀ ਦੀ ਮਰਜ਼ੀ ਤੋ ਬਿਨਾਂ ਕੁਝ ਵੀ ਉਸਦੀ ਵਿਰਾਸਤ ਵਿਚੋ ਲਵੇ।[92]

ਇਸ ਤਰ੍ਹਾਂ ਮਹਾਨ ਵਿਅਕਤੀਆਂ ਲਈ ਸ਼ੁੱਧ ਆਚਰਨ ਦੀ ਮਹੱਤਤਾ ਉਤੇ ਜ਼ੋਰ ਦਿੱਤਾ ਹੈ। ਕਿਉਂਕਿ ਉਨ੍ਹਾਂ ਨੇ ਬਾਕੀਆਂ ਲਈ ਆਦਰਸ਼ ਪੇਸ਼ ਕਰਨਾ ਹੁੰਦਾ ਹੈ। ਚੇਲੇ ਆਪਣੇ ਪੀਰ, ਪੈਗੰਬਰ ਜਾਂ ਗੁਰੂ ਦਾ ਹਰ ਪੱਖੋ ਅਨੁਸਰਨ ਕਰਦੇ ਹਨ।

ਇਸਲਾਮ ਅਤੇ ਜਨਨੀ

ਹਜ਼ਰਤ ਮੁਹੰਮਦ ਨੇ ਮਾਂ ਦੀ ਸਥਿਤੀ ਨੂੰ ਰੱਜਕੇ ਉਚਿਆਇਆ। ਉਨ੍ਹਾਂ ਦੀ ਬਾਣੀ ਅਨੁਸਾਰ ਸਵਰਗ ਲਭਣ ਲਈ ਕਿਧਰੇ ਭੱਜ ਨੱਠ ਕਰਨ ਦੀ ਲੋੜ ਨਹੀ ਹੈ। ਸੱਚੀ ਜੰਨਤ ਤਾਂ ਮਾਂ ਦੇ ਚਰਨਾਂ ਵਿਚ ਹੈ। ਉਸਦੇ ਚਰਨਾ ਵਿਚ ਸੀਸ ਝੁਕਾਓ; ਉਸਦੀ ਸੇਵਾ ਕਰੋ; ਬਹਿਸ਼ਤ ਦੇ ਸਾਰੇ

ਸੁਖ ਇਸ ਸੰਸਾਰ ਵਿਚ ਹੀ ਉਪਲਬਧ ਹੋ ਜਾਣਗੇ। ਜਨਮਦਾਤੀ ਤੋਂ ਬਿਨਾਂ ਸਤਨਪਾਨ ਕਰਾਉਣ ਵਾਲੀ ਆਯਾ ਨੂੰ ਵੀ ਮਾਂ ਦਾ ਦਰਜਾ ਦਿੱਤਾ ਗਿਆ ਹੈ ਅਤੇ ਉਸਦੀ ਲੜਕੀ ਨੂੰ ਸੱਕੀ ਭੈਣ ਦੀ ਤਰ੍ਹਾਂ ਮੰਨਿਆ ਗਿਆ ਹੈ। ਦੋਹਾਂ ਨਾਲ ਹੀ ਸ਼ਾਦੀ ਵਿਵਰਜਿਤ ਹੈ। 'ਜਿਸ ਨਾਲ ਪਿਤਾ ਨੇ ਨਕਾਹ ਕੀਤਾ ਹੋਵੇ, ਉਹ ਵੀ ਮਾਂ ਹੀ ਹੈ।'[93]

'ਮਾਂ ਪ੍ਰਤਿ ਔਲਾਦ ਨੂੰ ਅਤਿ ਆਗਿਆਕਾਰ ਰਹਿਣ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਉਹ ਬੱਚਿਆਂ ਲਈ ਪਿਤਾ ਨਾਲੋ ਕਿਧਰੇ ਜ਼ਿਆਦਾ ਕਸ਼ਟ ਸਹਾਰਦੀ ਅਤੇ ਜ਼ਿਮੇਵਾਰੀਆਂ ਨਿਭਾਉਂਦੀ ਹੈ।'[94] ਇਨਸਾਨ ਮਾਂ ਦੇ ਰਿਣ ਤੋਂ ਕਦੇ ਵੀ ਮੁਕਤ ਨਹੀ ਹੋ ਸਕਦਾ, ਭਾਵੇ ਉਹ ਕੁਝ ਕਰ ਲਵੇ। ਮਾਪਿਆਂ ਪ੍ਰਤਿ ਵਿਵਹਾਰ ਲਈ ਇਸਲਾਮ ਵਿਚ ਕੁਝ ਅਸੂਲ ਬਣਾਏ ਗਏ ਹਨ।

'ਮਾਪਿਆਂ ਦੀਆਂ ਸੁਖ - ਸੁਵਿਧਾਵਾਂ ਦਾ ਪੂਰਾ ਪੂਰਾ ਧਿਆਨ ਰਖਦੇ ਹੋਏ ਖੁਲ੍ਹ ਕੇ ਖਰਚ ਕੀਤਾ ਜਾਵੇ। ਬੁਢਾਪੇ ਵਿਚ ਅਤੇ ਕੰਮ ਕਰਨ ਦੇ ਅਯੋਗ ਹੋ ਜਾਣ ਤੇ ਉਨ੍ਹਾਂ ਨਾਲ ਹੋਰ ਵੀ ਜ਼ਿਆਦਾ ਦਇਆ ਅਤੇ ਨਿਮਰਤਾ ਦਾ ਵਿਵਹਾਰ ਕਰੋ।'[95] ਜੇਕਰ ਕਦੇ ਮਾਪੇ ਅਜੇਹਾ ਕੁਝ ਕਹਿਣ ਜਿਸ ਨੂੰ ਸੁਣ ਕੇ ਤੁਹਾਡਾ ਵਿਸ਼ਵਾਸ ਅਤੇ ਧਰਮ ਨੂੰ ਠੇਸ ਪਹੁੰਚਦੀ ਹੈ ਤਾਂ ਵੀ ਉਸ ਬਾਰੇ ਜ਼ਿਆਦਾ ਨਾ ਸੋਚੋ ਅਤੇ ਨਾ ਹੀ ਮਾਪਿਆਂ ਪ੍ਰਤਿ ਮਨ ਵਿਚ ਘਿਰਨਾ, ਦਵੈਤ ਜਾਂ ਬੁਰੀ ਭਾਵਨਾ ਲਿਆਓ ਸਗੋਂ 'ਪਹਿਲਾਂ ਦੀ ਤਰ੍ਹਾਂ ਹੀ ਉਨ੍ਹਾਂ ਪ੍ਰਤਿ ਵਫਾਦਾਰ ਰਹੋ। ਉਨ੍ਹਾਂ ਦੀ ਗਲਤੀ ਬਾਰੇ ਵੀ ਉਨ੍ਹਾਂ ਨੂੰ ਨਾ ਜਤਾਓ।'[96]

ਇਸ ਤੋਂ ਬਿਨਾਂ ਕਿਸੇ ਨੂੰ ਵੀ ਆਪਣੇ ਮਾਪਿਆਂ ਵਿਰੁੱਧ ਨਾ ਉਕਸਾਓ ਅਤੇ ਨਾ ਹੀ ਕਦੇ ਉਨ੍ਹਾਂ ਪ੍ਰਤਿ ਕਠੋਰ ਹੋਵੋ। ਮਾਪਿਆਂ ਪ੍ਰਤਿ ਅਪਸ਼ਬਦ ਬੋਲਣੇ ਨਾ - ਕਾਬਿਲੇ ਮੁਆਫੀ ਹੈ। ਅਜੇਹਾ ਵਿਅਕਤੀ ਸਵਰਗ ਵਿਚ ਦਾਖਲ ਹੋਣ ਤੋ ਵੰਚਿਤ ਰਹਿ ਜਾਵੇਗਾ।

ਜਨਨੀ ਹੋਣ ਦੀ ਸਥਿਤੀ ਵਿਚ ਔਰਤ ਕਈ ਵਾਰੀ ਪਤੀ ਦੁਆਰਾ ਤਿਆਗੇ ਜਾਣ ਤੋਂ ਬਚ ਜਾਂਦੀ ਹੈ ਕਿਉਂਕਿ 'ਮਾਂ' ਬਣ ਚੁੱਕੀ ਬੀਵੀ ਦੋ ਸਾਲ ਤਕ ਬੱਚੇ ਨੂੰ ਦੁੱਧ ਪਿਆਉਂਦੀ ਹੈ ਅਤੇ ਬਚੇ ਦਾ ਪਿਤਾ ਉਨ੍ਹਾਂ ਦੇ ਪਾਲਨ ਪੋਸਣ ਦਾ ਜ਼ਿਮੇਵਾਰ ਹੁੰਦਾ ਹੈ।'[97] ਇਸ ਦੌਰਾਨ ਕਈ ਵਾਰੀ ਆਪਸੀ ਮਤਭੇਦ ਖਤਮ ਹੋ ਜਾਂਦੇ ਹਨ ਅਤੇ ਜੀਵਨ ਮੁੜ ਸੁਖਾਵਾਂ ਹੋ ਜਾਂਦਾ ਹੈ।

ਸੂਰ 33 ਵਿਚ ਦਰਜ ਹੈ ਕਿ ਰਸੂਲ ਬੀਵੀ ਤੋਂ ਵੀ ਵਧੇਰੇ ਨੇੜੇ ਹੈ ਅਤੇ ਰਸੂਲ ਦੀਆਂ ਬੀਵੀਆਂ ਮੋਮਨਾ ਲਈ ਮਾਵਾਂ ਹਨ। ਪਰ ਜੇਕਰ 'ਇਨ੍ਹਾਂ ਮਾਵਾਂ ਦਾ ਆਚਰਨ ਮਾੜਾ ਹੈ ਤਾਂ ਉਹ ਦੂਣੀ ਸਜ਼ਾ ਦੀਆਂ ਅਧਿਕਾਰੀ ਹਨ ਅਤੇ ਜੇਕਰ ਚੰਗੇ ਚਲਨ ਵਾਲੀਆਂ ਪੂਰੀ ਅਧੀਨਗੀ ਵਿਚ ਅਤੇ ਆਗਿਆਕਾਰ ਰਹਿਣ ਤਾਂ ਉਹ ਦੂਣੀਆਂ ਅਧਿਕਾਰੀ ਹੋਣਗੀਆਂ।'[98]

****

ਟਿੱਪਣੀਆਂ

1. ਰਘੁਨਾਥ ਸਿੰਘ ਐਮ.ਏ., ਵਿਆਹ ਦੇ ਧਰਮ ਪੁਸਤਕ, ਪੰਨਾ 240

2. The Holy Bible — Catholic Biblical Association of Great Britain, London , 1966

   Old Testament : Genesis 1 : 27 -28

3. -do- : Gen. 2 : 18

4. -do- : Gen. 2 : 21 -23

5. -do- : Gen. 3 : 6- 7

6. -do- : Gen. 3 : 16

7. -do- : Gen. 6 :2

8. ਰਘੁਨਾਥ ਸਿੰਘ ਐਮ.ਏ. ਵਿਆਹ ਦੇ ਧਰਮ ਪੁਸਤਕ ਪੰਨਾ 255

9. Old Testament Leviticus 21 :7

10. -do- Lev. 21 : 9

11. -do- Lev. 21 : 13-14

12. -do- Deuteronomy 22: 13- 21

13. -do- Deut. 22 : 25- 29

14. -do- Deut. 20 : 7

15. Sheikh M.H. Kidwai : Women Under Different Social and Religious Laws, P -15

16. Old Testament Lev. 21 : 11-14

17. Kidwai : P- 14

18. Old Testament : Numbers 5 : 23- 24

19. -do- : Num. 5 : 26 -28

20. -do- : Deu. 22 : 23-26

21. -do- : Deu. 24 : 1- 3

22. -do- : Deu. 25 : 5, 24 : 5

23. -do- : Deu. 25 : 6

24. -do- : Deu. 22 : 5

25. -do- : Deu. 22 : 30

26. NEW Testament : Matthew 10 : 35

27.James S. Sutwart : The Life and Teachings of Jesus Christ. P. 126-127

28. Kidwai: P. 19-20

29. New Testament :I Timothy 2 : 11-14

30. Kidwai. : P-24

31. Kidwai . : P. 25;New Testament 1 Peter 3 :1

32. New Testament. Mark 10 : 6-9

33. -do- Mt. 22: 24-30

34. -do- Mt. 1 : 20-23

35. -do- Mt. 25 :1

36. -do- 1 Pet. 3 :1 ; 1 Tim. 2 :11

37. -do- 1 Tim 4 :3

38. -do- 1 Tim 3 :2 ; Titus 1 :6

39. -do- 1 Tim 3 :12

40. -do- MK _6: 18

41. ਰਘੁਨਾਥ ਸਿੰਘ ਪੰਨਾ 274 ਅਤੇ Old Testament : Proverbs 5 : 3-8; 5 :29; 5 : 32

42. New Testament. 2 Tim 2 :9-10 ; 2 Pet. 3 : 3 -5

43. -do- Pet. 3 : 3-6

44. -do- Prov. 31 : 10- 31

45.-do- Prov. 5 : 18-19 ; 19 : 14

46. -do- Prov. 1 : 8; 10 : 1 ;19 : 26; 20: 20; 30:17

47 ਕੁਰਾਨ ਸ਼ਰੀਫ 4:1

48. ___ਉਹੀ____7:23; 3:147

49. Lewis M. Hoppel : Religions of the world, P. 282

50. ਕੁਰਾਨ ਸ਼ਰੀਫ 4:135; 18:11C

51. Abdual Ali (Trane.) Women in Islam P. 56

ਕੁਰਾਨ ਸ਼ਰੀਫ 2:228

52. ਕੁਰਾਨ ਸ਼ਰੀਫ 2:187

53- ____ਉਹੀ____ 2:223

54- ____ਉਹੀ____ 65:1

55- ____ਉਹੀ____ 65:2 ; 4:127

56- ਕੁ____ਉਹੀ____4:1

57- ____ਉਹੀ____39:8

58- ____ਉਹੀ____4:34

59- ____ਉਹੀ____~~4:34~~ 24:31:24:60; 33:59; ਅਤੇ
ਰਾਹੁਲ ਸਾਂਕ੍ਰਿਤਿਆਇਨ : ਇਸਲਾਮ ਧਰਮ ਕੀ ਰੂਪ ਰੇਖਾ ਪੰਨਾ 114

60- [illegible]

61- ਕੁਰਾਨ ਸ਼ਰੀਫ 33:28

62- ____ਉਹੀ____81:8-9; ਅਤੇ ABDUL ALI P.2

63- ____ਉਹੀ____3:36; 6:151; 17:31; 42:49; 60:12 ਅਤੇ
[illegible] P-1006
([illegible])

64- ਕੁਰਾਨ ਸ਼ਰੀਫ 24:31; 24:60

65- ____ਉਹੀ____4:2; 33:33

66- ____ਉਹੀ____3:35-36

67 [illegible]

~~xx~~- ਡਾ. [illegible] : ਪ੍ਰਾਚੀਨ ਭਾਰਤੀਯ ਸਾਹਿਤ੍ਯ ਮੇਂ ਨਾਰੀ ਪੰਨਾ 237

68- ਕੁਰਾਨ ਸ਼ਰੀਫ 30:21

4.

69- ਕੁਰਾਨ ਸ਼ਰੀਫ਼ 2:223

70- [illegible]

71- ਕੁਰਾਨ ਸ਼ਰੀਫ਼ 4:3 ; [illegible]
ਅਤੇ KIDWAI P. 110-111

72- ਕੁਰਾਨ ਸ਼ਰੀਫ਼ 4:3

73- ਰਾਹੁਲ ਸਾਂਕ੍ਰਿਤਯਾਯਨ ਪੰਨਾ 55

74- ਕੁਰਾਨ ਸ਼ਰੀਫ਼ 4:4; 2:232; 2:235

75- ____ਉਹੀ_____ 4:25

76- ____ਉਹੀ______4:34

77- ____ਉਹੀ______2:228; 4:15; 4:34

78- _____ਉਹੀ______2:228; 4:128; 33:37

79- _____ਉਹੀ______2:228 ਅਤੇ
[illegible]

80- ਕੁਰਾਨ ਸ਼ਰੀਫ਼ 2:229

81- ____ਉਹੀ____2:230-31

82- ____ਉਹੀ____33:49

83- ____ਉਹੀ_____4:4; 4:~~45~~ 5; 4:24; 2:229; 2:236-37; 2:241

84- ____ਉਹੀ_____ 4:23

85- ____ਉਹੀ_______24:2; 24:4 ਅਤੇ ਰਾਹੁਲ ਸਾਂਕ੍ਰਿਤਯਾਯਨ ਪੰਨਾ 114

86- ____ਉਹੀ______4:15; 4:34; 24:4-5; 24:25

87- [illegible]

88- [illegible]

89- ਕੁਰਾਨ ਸ਼ਰੀਫ 33:28; 33:59; 24:60 ਅਤੇ
[illegible]

90- ਕੁਰਾਨ ਸ਼ਰੀਫ 24:27-28 ; 33:53

91- ਸ੍ਰੀ ਸੰਬੰਧਿਆ ਵਿਰਾਸਤੀ ਨਾਲ ਵਰਤਾ - ਵਿਸ਼ਵ ਧਰਮ ਦਰਸ਼ਨ, ਪੰਨਾ 257

92- ਕੁਰਾਨ ਸ਼ਰੀਫ 4:[illegible]0-12; 15,19; ਅਤੇ
[illegible]

93- ਕੁਰਾਨ ਸ਼ਰੀਫ 4:23

94- ____ਓਹੀ____31:14

95- ____ਓਹੀ_____2:215; 17:23-26

96- ____ਓਹੀ______31:15

97- ____ਓਹੀ_______2:233; 65:6

98- ____ਓਹੀ_____33:30-31

****

99.

ਅਧਿਆਇ ਚੌਥਾ

ਮੱਧਕਾਲੀਨ ਵਿਚਾਰਧਾਰਾ ਅਤੇ ਇਸਤਰੀ

ਹਿੰਦੂ ਧਰਮ ਨੇ ਬੁੱਧ ਮਤ ਪਾਸੋਂ ਆਪਣੀ ਪ੍ਰਧਾਨਤਾ ਭਾਵੇਂ ਮੁੜ ਪ੍ਰਾਪਤ ਕਰ ਲਈ ਸੀ ਪਰ ਬੁੱਧ ਧਰਮ ਵਿਚ ਤਾਂਤ੍ਰਿਕ ਕ੍ਰਿਆਵਾਂ ਕਾਰਨ ਜੋ ਗਿਰਾਵਟ ਆ ਗਈ ਸੀ, ਉਸਦੇ ਦੁਰ-ਪ੍ਰਭਾਵ ਸਪਸ਼ਟ ਦ੍ਰਿਸ਼ਟੀਗੋਚਰ ਹੋ ਰਹੇ ਸਨ। ਹਿੰਦੂ ਸਮਾਜ ਤੇਜ਼ੀ ਨਾਲ ਰਸਾਤਲ ਵਲ ਜਾ ਰਿਹਾ ਸੀ। ਬ੍ਰਾਹਮਣਵਾਦ ਪਹਿਲਾਂ ਹੀ ਕਰਮਕਾਂਡਾਂ ਵਾਲਾ ਕਟੱੜ ਧਰਮ ਬਣ ਚੁੱਕਾ ਸੀ। ਜਨਤਾ ਅਧਾਰਮਿਕਤਾ ਦੀ ਔਕੜ ਵਿਚ ਫਸੀ ਹੋਈ ਸੀ। ਅਜੇਹੀ ਸਥਿਤੀ ਵਿਚ ਹੀ ਮੁਸਲਮਾਨਾਂ ਨੇ ਰਾਜਸੀ ਸੱਤਾ ਪ੍ਰਾਪਤ ਕਰਨ ਲਈ ਭਾਰਤ ਉਤੇ ਆਕ੍ਰਮਣ ਕੀਤੇ ਅਤੇ ਇਸਲਾਮ ਧਰਮ ਦਾ ਪ੍ਰਸਾਰ ਆਰੰਭ ਕਰ ਦਿੱਤਾ। ਉਹ ਜਨਤਾ ਨੂੰ ਜ਼ਬਰੀ ਇਸਲਾਮ ਕਬੂਲ ਕਰਵਾਉਣ ਲੱਗੇ। ਹਿੰਦੂ ਜਨਤਾ ਤ੍ਰਾਹਿ ਤ੍ਰਾਹਿ ਕਰ ਉਠੀ। ਰਾਜਸੀ ਸੱਤਾ ਹਿੰਦੂਆਂ ਦੇ ਹੱਥ ਨਾ ਹੋਣ ਕਾਰਨ ਉਹ ਇਸ ਖੇਤਰ ਵਿਚ ਕੁਝ ਕਰ ਸਕਣ ਵਿਚ ਅਸਮਰਥ ਸਨ ਪਰ ਉਨ੍ਹਾਂ ਵਿਚ ਅਧਿਆਤਮਕ ਬਲ ਹਾਲੇ ~~ਚਬੀ~~ ਬਾਕੀ ਸੀ। ਉਹ ਆਪਣੇ ਸਭਿਆਚਾਰ, ਵਿਚਾਰਧਾਰਾ ਅਤੇ ਸੰਸਕ੍ਰਿਤੀ ਨੂੰ ਸੁਰਖਿਅਤ ਰਖਣਾ ਚਾਹੁੰਦੇ ਸਨ ਤਾਂ ਜੋ ਬਾਹਰੀ ਸਭਿਆਚਾਰਕ ਪ੍ਰਭਾਵ ਇਸ ਉਤੇ ਹਾਵੀ ਨਾ ਹੋ ਜਾਣ।

ਅਜੇਹੀ ਸਮਾਜਿਕ ਨਿਰਾਸ਼ਾ ਅਤੇ ਜ਼ੁਲਮ ਸਮੇਂ ਕੁਝ ਲਹਿਰਾਂ ਦਾ ਜਨਮ ਲੈਣਾ ਸੁਭਾਵਿਕ ਸੀ। ਜਨਤਾ ਵਿਚੋਂ ਉਭਰੇ ਕੁਝ ਆਗੂ ਜੋਸ਼ੀਲੇ ਸੰਤ, ਕਵੀ ਅਤੇ ਗੁਰੂਆਂ ਨੇ ਲੋਕਾਂ ਦਾ ਪੱਥ ਪ੍ਰਦਰਸ਼ਨ ਕੀਤਾ। ਉਨ੍ਹਾਂ ਨੂੰ ਨਿਰਾਸ਼ਾ ਦੀ ਜਿਲ੍ਹਣ ਵਿਚੋਂ ਕੱਢ ਕੇ ਨਵਾਂ ਚਾਨਣ ਵਖਾਇਆ। ਇਨ੍ਹਾਂ ਵਿਚੋਂ ਮੁੱਖ ਦੋ ਲਹਿਰਾਂ ਸਨ :-

1. ਸਿੱਧ - ਨਾਥ ਧਾਰਾ ਅਤੇ
2. ਭਗਤੀ ਲਹਿਰ।

ਇਨ੍ਹਾਂ ਦੋਹਾਂ ਲਹਿਰਾਂ ਨੇ ਲਗਭਗ ਅਠਵੀਂ ਸਦੀ ਤੋਂ ਸੋਲਵੀਂ ਸਦੀ ਤਕ ਦੇ ਭਾਰਤ ਨੂੰ ਸੇਧ ਦਿੱਤੀ; ਮਜਬੂਰੀ ਦੀ ਸਥਿਤੀ ਨਾਲ ਸਮਝੌਤੇ ਦਾ ਸੁਖਾਵਾਂ ਰਾਹ ਦਿੱਤਾ। ਧਨ ਦਾ ਲੋਭ

ਅਤੇ ਲਾਲਸਾ ਤਿਆਗ ਕੇ ਅਧਿਆਤਮਕ ਮਾਰਗ ਅਪਨਾਉਣ ਦੀ ਪ੍ਰੇਰਨਾ ਦਿੱਤੀ। ਸਮਾਜਿਕ ਕੁਰੀਤੀਆਂ ਅਤੇ ਆਚਰਨਹੀਣਤਾ ਤੋਂ ਦੂਰ ਰਹਿਣ ਲਈ ਚਰਿਤਰ ਦੇ ਸਦਾਚਾਰਕ ਪੱਖ ਉਤੇ ਬਲ ਦਿੱਤਾ। ਇਸਤਰੀ ਦੀ ਸਮਾਜਿਕ ਦੁਰਦਸ਼ਾ ਨੂੰ ਸਨਮੁੱਖ ਰਖਦੇ ਹੋਏ ਉਸ ਪ੍ਰਤਿ ਸੁਚੇਤ ਰਹਿਣ ਦੀ ਲੋੜ ਦਰਸਾਈ। ਜੰਗ ਤੋਂ ਬਾਦ ਇਸਤਰੀਆਂ ਨੂੰ ਚੁੱਕ ਕੇ ਲੈ ਜਾਣਾ ਅਤੇ ਇਸਤਰੀਆਂ ਲਈ ਹੀ ਜੰਗ ਹੋਣ ਦੀਆਂ ਆਮ ਉਦਾਹਰਨਾ ਮਿਲਦੀਆਂ ਹਨ। ਜਿਸ ਕਾਰਨ ਬਾਲ-ਵਿਆਹ ਦਾ ਜ਼ੋਰ ਵੱਧ ਰਿਹਾ ਸੀ। ਨਾਥ-ਜੋਗੀ ਤਾਂ ਨਾ ਕੇਵਲ ਗ੍ਰਿਹਸਥ ਦੇ ਆਲੋਚਕ ਹੀ ਸਨ ਸਗੋਂ ਔਰਤ ਨੂੰ ਜ਼ਹਿਰ, ਸਪੱਣੀ ਅਤੇ ਪਾਪਣ ਕਹਿ ਕੇ ਨਿੰਦਦੇ ਸਨ। ਭਗਤੀ ਲਹਿਰ ਦੇ ਸੰਚਾਲਕ ਅਤੇ ਪੈਰੋਕਾਰ ਵੀ ਜ਼ਿਆਦਾਤਰ ਗ੍ਰਿਹਸਥ ਆਸ਼੍ਰਮ ਤੋਂ ਉਪਰਾਮ ਅਤੇ ਇਸਤਰੀ ਦੀ ਸੰਗਤ ਤੋਂ ਦੂਰ ਰਹਿਣ ਵਾਲੇ ਸਨ। ਦੋਹਾਂ ਲਹਿਰਾਂ ਨੇ ਇਸਤਰੀ ਨੂੰ ਇਕ ਦਾਸੀ ਅਤੇ ਸੇਵਿਕਾ ਦੇ ਰੂਪ ਵਿਚ ਉੱਤਮ ਮੰਨਿਆ ਹੈ ਪਰ ਵਿਸ਼ਵਾਸਯੋਗ ਨਹੀਂ ਮੰਨਿਆ ਕਿਉਂਕਿ ਉਹ ਚੰਚਲ ਹੈ। ਹੁਣ ਦੋਹਾਂ ਧਾਰਾਵਾਂ ਦੀ ਇਸਤਰੀ ਪ੍ਰਤਿ ਵਿਚਾਰਧਾਰਾ ਦਾ ਅਲਗ ਅਲਗ ਵਰਣਨ ਕੀਤਾ ਜਾਂਦਾ ਹੈ।

ਸਿੱਧ ਧਾਰਾ ਅਤੇ ਇਸਤਰੀ

'ਸਿੱਧੀ' ਦਾ ਸ਼ਾਬਦਿਕ ਅਰੱਥ ਹੈ ਸੰਪੂਰਨਤਾ, ਸਫਲਤਾ, ਕੁਸ਼ਲਤਾ, ਮਾਹਿਰ, ਪਰਾ-ਸਰੀਰਕ ਸ਼ਕਤੀ, ਅਲੌਕਿਕ ਸ਼ਕਤਿ, ਜਾਦੂਈ ਤਾਕਤ, ਆਨੰਦ ਅਵਸਥਾ ਅਤੇ ਮਾਨਸਿਕ ਬਲ। ਇਸ ਨਾਤੇ ਸਿੱਧ ਸ਼ਬਦ ਤੋਂ ਭਾਵ ਹੈ ਉਹ ਵਿਅਕਤੀ ਜਿਸ ਵਿਚ ਉਪਰੋਕਤ ਗੁਣ ਜਾਂ ਸ਼ਕਤੀਆਂ ਹੋਣ, ਜਿਸਨੇ ਸੰਪੂਰਨਤਾ, ਸਫਲਤਾ ਜਾਂ ਉਦੇਸ਼ ਦੀ ਪ੍ਰਾਪਤੀ ਕਰ ਲਈ ਹੋਵੇ, ਜਿਸ ਅਧੀਨ ਅੱਠ ਸਿੱਧੀਆਂ/ਸ਼ਕਤੀਆਂ ਆ ਗਈਆਂ ਹੋਣ; ਜੋ ਜਾਦੂਈ ਸ਼ਕਤੀਆਂ ਨੂੰ ਸੰਗ੍ਰਹਿ ਕਰ ਚੁੱਕਾ ਹੋਵੇ ਅਤੇ ਜਿਸਦੀ ਆਤਮਾ ਗੈਬੀ ਸ਼ਕਤੀ ਦੀ ਵਰਤੋਂ ਵਿਚ ਸਮੱਰਥ ਹੋਵੇ। 'ਨਾਥ' ਸ਼ਬਦ ਦਾ ਅਰੱਥ ਹੈ ਪਤੀ, ਮਾਲਕ, ਰਖਿਅਕ, ਲਾਰਡ, ਬਚਾਉਣ ਵਾਲਾ, ਸਹਾਇਕ। ਭਾਰਤੀ ਧਾਰਮਿਕ ਸਾਹਿਤ ਵਿਚ ਥਾਂ ਪਰ ਥਾਂ ਇਹ ਸ਼ਬਦ ਇਨ੍ਹਾਂ ਅਰੱਥਾਂ ਵਿਚ ਵਰਤੇ ਗਏ ਹਨ। 'ਤਕਨੀਕੀ ਸ਼ਬਦਾਵਲੀ ਵਿਚ ਇਕ ਪਵਿੱਤਰ ਆਦਮੀ ਸਾਧੂ, ਸੰਤ, ਮਹਾਤਮਾ, ਜੋਗੀ, ਭਿਕਸ਼ੂ, ਤਪਸਵੀ, ਮੁਨੀ, ਸ਼੍ਰਮਣ ਆਦਿ ਸਭ ਅੱਠ-ਸਿੱਧੀਆਂ ਦੇ ਮਾਲਕ ਸਾਧੂ ਦਾ ਹੀ ਬੋਧ ਕਰਾਉਂਦੇ ਹਨ।'[1] ਯੋਗੀ ਸ਼ਬਦ ਨੂੰ ਵੀ ਲਗਭਗ ਅਜੇਹੇ ਹੀ ਅਰੱਥਾਂ ਵਿਚ ਵਿਅਕਤ ਕੀਤਾ ਗਿਆ ਹੈ। ਯੋਗ ਦਾ ਅਰੱਥ ਹੈ - ਜੋੜ, ਕਿਸੇ ਨਾਲ ਜੁੜਨਾ, ਕਿਸੇ ਨੂੰ ਮਿਲਨਾ, ਪ੍ਰਾਪਤ ਕਰਨਾ, ਢੰਗ ਵਿਸ਼ੇਸ਼, ਪਦੱਤੀ, ਇਕ ਰਸਤਾ, ਆਕਰਸ਼ਣ, ਕਲਾ, ਨਿਪੁੰਨਤਾ, ਅਲੌਕਿਕ ਢੰਗ, ਧਿਆਨ, ਲਗਨ, ਮਿਹਨਤ, ਸਮਾਧੀ, ਇਕਾਗਰਤਾ, ਵਿਚਾਰਸ਼ੀਲਤਾ। ਇਹ ਸਭ ਅਰੱਥ ਸਾਧੂ-ਸੰਤਾਂ ਅਤੇ ਸਮਾਧੀ ਵਾਲੇ

ਜੀਵਨ ਦੇ ਪ੍ਰਸੰਗ ਵਿਚ ਹੀ ਮੰਨੇ ਜਾਂਦੇ ਹਨ। ਸਰਬੋਤਮ ਸਿੱਧੀ ਤਾਂ ਨਿਰਵਾਣ - ਪਦ ਦੀ ਪ੍ਰਾਪਤੀ ਹੈ,ਜਨਮ-ਮਰਨ ਤੋਂ ਮੁਕਤੀ ਜਿਥੇ ਸੁਖ - ਦੁਖ ਦੀ ਅਨੁਭੂਤੀ ਦਾ ਅੰਤ ਹੋ ਜਾਂਦਾ ਹੈ। ਬਾਕੀ ਦੀਆਂ ਸਿੱਧੀਆਂ ਇਸ ਅੰਤਿਮ ਉਦੇਸ਼ ਦੀ ਪ੍ਰਾਪਤੀ ਵਿਚ ਸਹਾਇਕ ਹਨ।

ਭਾਰਤੀ ਅਧਿਆਤਮਕ ਪਰੰਪਰਾ ਵਿਚ ਸਿੱਧ,ਜੋਗੀ,ਨਾਥ ,ਸਾਧੂ,ਸੰਤ,ਅਵਧੂ ਜਾਂ ਅਵਧੂਤ ਨਾਂ ਦੇ ਸਾਧਕਾਂ ਦਾ ਕਈ ਸਦੀਆਂ ਤਕ ਵਿਸ਼ੇਸ਼ ਧਾਰਮਿਕ ਅਤੇ ਸਮਾਜਿਕ ਮਹੱਤਵ ਰਿਹਾ ਹੈ। ਬਹੁਤੇ ਸਿੱਧ ਸ਼ਕਤੀਸ਼ਾਲੀ ਸਖਸ਼ੀਅਤਾਂ,ਅਪਾਰ ਪ੍ਰਤਿਭਾਵਾਂ ਅਤੇ ਪ੍ਰਭਾਵਸ਼ਾਲੀ ਪ੍ਰਚਾਰਕ ਸਨ। ਭਾਰਤੀ ਫਲਸਫੇ ਦਾ ਨਿਚੋੜ ਉਨ੍ਹਾਂ ਦੀ ਵਿਦਵਤਾ ਵਿਚ ਰਮਿਆ ਪਿਆ ਸੀ ਪਰ ਨਾਲ ਹੀ ਉਨ੍ਹਾਂ ਨੇ ਸਮਕਾਲੀ ਸਮਾਜਿਕ ਬਣਤਰ ਨੂੰ ਵੀ ਸੇਧ ਦਿੱਤੀ। ਨਾਥ ਸੰਪ੍ਰਦਾ ਦੇ ਸਮਰਥਕ ਆਪਣੇ ਪੰਥ ਦਾ ਸੰਸਥਾਪਕ ਆਦਿ - ਨਾਥ ਨੂੰ ਮੰਨਦੇ ਹਨ ਅਤੇ ਇਸੇ ਨੂੰ ਸਿੱਧ ਮੱਤ ਅਥਵਾ 'ਨਿਰਨੇ ਕੀਤਾ ਗਿਆ'[2] ਮੱਤ ਆਖਦੇ ਹਨ।

ਸਾਧਨਾ ਅਤੇ ਕਰੜੇ ਅਭਿਆਸ ਰਾਹੀਂ ਪਰਾ - ਸਰੀਰਕ ~~ਅਤੇ~~ ਅਦਭੁਤ ਸ਼ਕਤੀਆਂ ਅਤੇ ਰਿਧੀਆਂ ਸਿੱਧੀਆਂ ਦੀ ਪ੍ਰਾਪਤੀ ਅਧਿਆਤਮਵਾਦ ਦੀ ਇਕ ਪ੍ਰਮੁੱਖ ਅਤੇ ਸਰਬ - ਪ੍ਰਮਾਣਿਤ ਧਾਰਾ ਰਹੀ ਹੈ ਜਿਸਦਾ ਸੰਬੰਧ ਵੈਦਿਕ ਕਾਲ ਨਾਲ ਜਾ ਜੁੜਦਾ ਹੈ। ਰਿਸ਼ੀਆਂ ਮੁਨੀਆਂ ਅਤੇ ਪੁਜਾਰੀਆਂ ਨੂੰ ਅਜੇਹੀਆਂ ਸਿੱਧੀਆਂ ਪ੍ਰਾਪਤ ਸਨ ਕਿ ਉਹ 'ਧਰਤੀ ਅਤੇ ਆਕਾਸ਼ ਵਿਚਕਾਰਲੇ ਵਾਯੂਮੰਡਲ ਵਿਚ ਵਿਚਰਦੇ ਅਤੇ ਮਰਜ਼ੀ ਨਾਲ ਮੀਂਹ ਵਸਾ ਸਕਦੇ ਸਨ।'[3] ਇਨ੍ਹਾਂ ਸਿੱਧਾਂ ਨੂੰ ਦੈਵੀ ਜਾਂ ਅਲਪ - ਦੈਵੀ ਪੁਰਸ਼ ਮੰਨਿਆ ਗਿਆ ਹੈ। ਵਿਸ਼ਵਾਮਿਤਰ ਪਾਸ ਅਜੇਹੀ ਕਰਾਮਾਤੀ ਸ਼ਕਤੀ ਸੀ। ਕਪਿਲ ਮੁਨੀ ਨੂੰ ਭਾਗਵਤਗੀਤਾ ਵਿਚ ਦੇਵ - ਰਿਸ਼ੀ ਕਿਹਾ ਗਿਆ ਹੈ। ਧਰਮ - ਸੂਤਰਾਂ ਵਿਚ ਸਿੱਧੀਆਂ ਦਾ ਵਰਣਨ ਮਿਲਦਾ ਹੈ। ਬੋਧੀ ਪਰੰਪਰਾ ਵਿਚ ਵੀ ਸਿੱਧੀਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਦੀਘਨਿਕਾਯ ਦੇ ਕਈ ਮੰਤਰ ਜਾਦੂਈ ਕ੍ਰਿਸ਼ਮੇ ਵਾਲੇ ਮੰਨੇ ਜਾਂਦੇ ਸਨ। ਬੋਧੀ ਗ੍ਰੰਥਾਂ ਵਿਚ ਅਜੇਹੀ ਸ਼ਬਦਾਵਲੀ ਦੀ ਵਰਤੋਂ ਮਿਲਦੀ ਹੈ। ਬੁਧ ਨੂੰ ਮਹਾਨ ਸਿੱਧ ਮੰਨਿਆ ਗਿਆ ਹੈ ਜੋ ਸਭ ਮੋਹ ਬੰਧਨਾਂ ਤੋਂ ਆਜ਼ਾਦ ਸੀ।

ਬੁੱਧ ਧਰਮ ਵਿਚ ਇਕ ਬੋਧੀ ਕਠੋਰ ਘਾਲਨਾ ਘਾਲ ਕੇ ਕੁਝ ਵੀ ਕਰ ਸਕਦਾ ਅਤੇ ਕਿਤੇ ਵੀ ਵਿਚਰ ਸਕਦਾ ਸੀ ਪਰ ਪੂਰਨ ਮਾਨਸਿਕ ਸ਼ੁੱਧੀ ਦੀ ਅਵਸਥਾ ਧਾਰਨ ਕਰਨ ਦੀ ਲੋੜ ਸੀ। ਬੁੱਧ ~~ਧਰ~~ ਪਰੰਪਰਾ ਦੇ ਮੁਢਲੇ ਸਿੱਧ ਲਗਭਗ ਚੌਥੀ ਸਦੀ ਵਿਚ ਹੋਂਦ ਵਿਚ ਆਏ ਜਦੋਂਕਿ ਮੱਧਕਾਲੀਨ ਸਿੱਧ ਅਠਵੀਂ + ਸਦੀ ਤੋਂ ਪ੍ਰਫੁੱਲਤ ਹੋਏ। ਦੋਹਾਂ ਦੀ ਸ਼ਬਦਾਵਲੀ ਵਿਚ ਬਹੁਤ ਅੰਤਰ ਸੀ।

ਪਿਛਲੇਰੇ ਸਿੱਧਾਂ ਨੇ ਜੀਵਨ ਨੂੰ ਵੱਧ ਤੋਂ ਵੱਧ ਕਠੋਰ, ਸੰਜਮੀ ਅਤੇ ਉਪਰਾਮ ਬਣਾਉਣ ਦਾ ਉਪਦੇਸ਼ ਦਿੱਤਾ ਅਤੇ ਸਵੈ- ਜੀਵਨ ਰਾਹੀ ਆਮ ਲੋਕਾਂ ਨੂੰ ਸੇਧ ਦਿੱਤੀ। ਪਤਿਤ ਭਿਕਸ਼ੂਆਂ ਦੇ ਦੁਰਾਚਾਰ, ਸਾਕਤਾਂ ਅਤੇ ਤਾਂਤ੍ਰਿਕਾਂ ਦੀ ਨਸ਼ਾ ਬਿਰਤੀ ਅਤੇ ਇਸਤਰੀ ਸੰਭੋਗ ਦੇ ਖੁਲ੍ਹੇ ਪ੍ਰਚਾਰ ਵਿਰੁੱਧ ਜ਼ੋਰਦਾਰ ਲਹਿਰ ਚਲਾਈ। ਇਹ ਲੋਕ ਪ੍ਰਣਾਯਾਮ ਦੀਆਂ ਭਿੰਨ ਭਿੰਨ ਯੌਗਿਕ ਕ੍ਰਿਆਵਾਂ ਸਾਧ ਕੇ ਪ੍ਰਭੂ ਨਾਲ ਇਕ - ਮਿਕ ਹੋਣਾ ਲੋਚਦੇ ਸਨ। 'ਸਿੱਧ ਪਰੰਪਰਾ ਨੂੰ ਬੋਧੀ ਸਿਧਾਂਤਾਂ ਦਾ ਪਰਿਵਰਤਿਤ ਰੂਪ ਹੀ ਮੰਨਿਆ ਜਾ ਸਕਦਾ ਹੈ।'[4]

ਧਰਮ ਦੀ ਜਿਸ ਸਾਦਗੀ ਕਾਰਨ ਲੋਕਾਂ ਨੇ ਬੁਧਮਤ ਗ੍ਰਹਿਣ ਕੀਤਾ ਸੀ, ਉਹ ਸਾਦਗੀ ਅਲੋਪ ਹੁੰਦੀ ਜਾ ਰਹੀ ਸੀ। ਕਰਮਕਾਂਡ ਦੀਆਂ ਗੁੰਝਲਾਂ ਵਧ ਰਹੀਆਂ ਸਨ। ਬੁਧਮਤ ਵਿਚ ਹੀਨਯਾਨ, ਮਹਾਯਾਨ, ਵਜਰਯਾਨ ਅਤੇ ਸਹਿਜਯਾਨ ਸੰਪਰਦਾਵਾਂ ਬਣ ਚੁੱਕੀਆਂ ਸਨ। ਵਜਰਯਾਨ ਵਿਚ ਸ਼ਰਾਬ, ਮਾਸ, ਔਰਤ ਆਦਿ ਦੀ ਵਰਤੋਂ ਵਰਜਿਤ ਨਹੀਂ ਸੀ। ਕੁੱਝ ਸਿੱਧਾਂ ਨੇ ਤਾਂ ਪ੍ਰਕਿਰਤਕ ਰੂਪ ਵਿਚ ਗ੍ਰਿਹਸਥ ਜੀਵਨ ਬਤੀਤ ਕਰਨ ਉਤੇ ਜ਼ੋਰ ਦਿੱਤਾ ਹੈ। 'ਸੰਸਾਰ ਰੂਪੀ ਜ਼ਹਿਰ ਤੋਂ ਛੁਟਕਾਰਾ ਪਾਉਣ ਲਈ ਇਸਤਰੀ ਰੂਪੀ ਜ਼ਹਿਰ ਦੀ ਹੀ ਲੋੜ ਹੈ। ਉਨ੍ਹਾਂ ਨੇ ਪ੍ਰਮੁੱਖ ਸਾਧਨਾਵਾਂ ਸਮੇਂ ਭਿੰਨ ਭਿੰਨ ਔਰਤਾਂ ਨੂੰ ਮਹਾਮੁਦਰਾ ਬਣਾਉਣ ਦਾ ਪ੍ਰਬੰਧ ਕੀਤਾ।'[5] ਇਸ ਤਰ੍ਹਾਂ ਭੋਗ ਵਿਚ ਨਿਰਵਾਣ ਦੀ ਭਾਵਨਾ ਸਿੱਧ ਸਾਹਿਤ ਵਿਚ ਵਿਸ਼ੇਸ਼ ਤੌਰ ਤੇ ਵੇਖਣ ਨੂੰ ਮਿਲਦੀ ਹੈ ਪਰ ਅਜੇਹੇ ਸਮੇਂ ਸਾਧਕ ਨੂੰ ਇਸਤਰੀ ਦੀ ਕੁਲ, ਜਾਤ ਜਾਂ ਉਸ ਨਾਲ ਆਪਣੇ ਨਿਜੀ ਸੰਬੰਧਾਂ ਤਕ ਦਾ ਵਿਚਾਰ ਨਹੀਂ ਕਰਨਾ ਚਾਹੀਦਾ।

ਸਿੱਧ ਮਤ ਵਿਚੋਂ ਵਾਮਮਾਰਗੀ ਸਾਧਨਾ ਨੂੰ ਹਟਾ ਕੇ ਉਸ ਵਿਚ ਸ਼ਿਵ ਅਤੇ ਸ਼ਕਤੀ ਦੀ ਪੂਜਾ ਦੇ ਆਸਤਿਕ ਤੱਤਵ ਦਾਖਲ ਕਰਕੇ ਨਾਥਮਤ ਦਾ ਰੂਪ ਸਵਾਰਿਆ ਗਿਆ ਹੈ। ਦੋਹਾਂ ਮੱਤਾਂ ਵਿਚ ਇਕ ਹੀ ਅੰਤਰ ਹੈ। ਸਿੱਧਮੱਤ ਆਂਤਰਿਕ ਅਤੇ ਬਾਹਰੀ ਦੋ ਪ੍ਰਕਾਰ ਦੀ ਸਾਧਨਾ ਉਤੇ ਜ਼ੋਰ ਦੇਂਦਾ ਹੈ ਸੀ ਜਦੋਂ ਕਿ ਨਾਥਮੱਤ ਕੇਵਲ ਆਂਤਰਿਕ ਸਾਧਨਾਂ ਵਿਚ ਹੀ ਵਿਸ਼ਵਾਸ ਰਖਦਾ ਸੀ।

ਸਿੱਧਾਂ ਨੇ ਚਰਯਾਪਦਾਂ ਵਿਚ ਨਾਇਕਾ ਨੂੰ ਸਵਕੀਯਾ, ਪਰਕੀਯਾ, ਸਮਾਨਿਆ, ਮੁਗਧਾ, ਮਧਯਾ ਅਤੇ ਅਭਿਸਾਰਿਕਾ ਰੂਪਾਂ ਵਿਚ ਵਰਣਨ ਕੀਤਾ। ਉਨ੍ਹਾਂ ਨੇ ਉਸਨੂੰ ਗ੍ਰਹਿਣੀ, ਵਧੂ ਆਦਿ ਕਿਹਾ ਹੈ। ਸਿੱਧ ਗ੍ਰਹਿਣੀ ਨੂੰ ਆਪਣੇ ਦਿਲ ਵਿਚ ਉਸੇ ਤਰ੍ਹਾਂ ਗ੍ਰਹਿਣ ਕਰਨ ਦਾ ਉਪਦੇਸ਼ ਦੇਂਦੇ ਸਨ ਜਿਸ ਤਰ੍ਹਾਂ ਪਾਣੀ ਲੂਣ ਨੂੰ ਗ੍ਰਹਿਣ ਕਰਦਾ ਹੈ। ਸਿੱਧਾਂ ਦੀਆਂ ਰਚਨਾਵਾਂ ਵਿਚ 'ਜਿਸ ਸਾਂਵਰੀ ਸੁੰਦਰੀ ਦੇ ਮਿਲਾਪ ਦਾ ਵਰਣਨ ਆਉਂਦਾ ਹੈ, ਉਹ ਹੱਡ ਚਮ ਦੀ ਇਸਤਰੀ ਨਹੀਂ ਸਗੋਂ ਸਾਧਨਾ ਦੀ ਵ੍ਰਿਤੀ ਦੀ ਸੂਚਕ ਹੈ।'[6] ਇਸ ਤਰ੍ਹਾਂ ਉਨ੍ਹਾਂ ਦੀ ਨਾਇਕਾ ਕੋਈ ਇਕ ਇਸਤਰੀ ਨਹੀਂ ਜਿਵੇਂ

ਕਿ ਸਿੱਧਾਂ ਦੇ ਇਕਾ - ਦੁਕਾ ਸੁਲੋਕ ਪੜ੍ਹਨ ਉਤੇ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਆਪਣੀ ਨਾਇਕਾ ਲਈ ਭਿੰਨ ਭਿੰਨ ਸੰਕੇਤ, ਚਾਂਡਾਲੀ, ਸਬਰੀ, ਸਹਜ - ਸੁੰਦਰੀ, ਵਧੂ, ਗ੍ਰਹਿਣੀ, ਘੋਰਨੀ, ਡੋਮਬੀ, ਮਾਤੰਗੀ, ਕਮਲਿਨੀ, ਪਦਮਿਨੀ,[7] ਆਦਿ ਦੀ ਵਰਤੋਂ ਕੀਤੀ ਹੈ।

ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ ਕਿ ਸਿੱਧ ਪਰੰਪਰਾ ਬੁੱਧ ਧਰਮ ਦਾ ਵਿਗੜਿਆ ਰੂਪ ਸੀ ਇਸ ਲਈ ਮਹਾਤਮਾ ਬੁੱਧ ਦੇ ਨਾਂ ਨਾਲ ਵੀ ਸਿੱਧਾਂ ਵਾਲੀਆਂ ਕਰਾਮਾਤਾਂ/ਕ੍ਰਿਆਵਾਂ ਨੂੰ ਸੰਬੰਧਿਤ ਕੀਤਾ ਜਾਂਦਾ ਹੈ। 'ਭਗਵਾਨ ਬੁੱਧ ਨੇ ਨਿਰਮਾਣ - ਚੱਕਰ ਵਿਚ ਲੋਚਨਮੁਦ੍ਰਾ, ਧਰਮ - ਚਕਰ ਵਿਚ ਮਾਮਕੀ, ਸੰਭੋਗਚਕਰ ਵਿਚ ਪਾਂਡਰਾ ਅਤੇ ਮਹਾ - ਸੁਖਚਕਰ ਵਿਚ ਤਾਰਾ ਨਾਲ ਮੁਦ੍ਰਾ ਰੂਪ ਵਿਚ ਸੰਭੋਗ ਕੀਤਾ ਸੀ।'[8] ਇਸ ਤਰ੍ਹਾਂ ਇਸਤਰੀ ਨੂੰ ਸੰਕੇਤਕ ਰੂਪ ਵਿਚ ਮਹੱਤਵਪੂਰਨ ਸਥਾਨ ਦਿੱਤਾ ਗਿਆ। ਸਿੱਧ ਇਸਤਰੀ ਤੋ ਬਿਨਾਂ ਮੁਕਤੀ ਪ੍ਰਾਪਤ ਨਹੀ ਕਰ ਸਕਦਾ।

'ਬੋਧੀ ਤੰਤਰਾਂ ਅਨੁਸਾਰ ਮੰਡਲ ਚਕਰ ਅਤੇ ਮੁਦ੍ਰਾ ਮੈਥੁਨ ਵਿਚ ਇਸਤਰੀਆਂ ਦਾ ਉਪਭੋਗ ਇਕ ਅਨੁਸ਼ਾਸਨ ਸੀ। ਪਰਗਿਆ ਪਰਮਾਰਥ ਰੂਪ ਵਿਚ ਨੈਰਾਤਮ ਗਿਆਨ ਹੈ ਅਤੇ ਸਮਵਰਤੀ ਰੂਪ ਵਿਚ ਦੇਹਧਾਰੀ ਇਸਤਰੀ ਦਾ ਰੂਪ ਹੈ।'[9] ਇਸ ਵਿਚ ਸ਼ੱਕ ਨਹੀ ਕਿ ਹਰ ਧਰਮ ਵਿਚ ਆਦਰਸ਼ ਗੁਰੂ ਅਤੇ ਚੇਲੇ ਹੁੰਦੇ ਹਨ ਪਰ ਦੰਭੀ, ਪਾਖੰਡੀ, ਭ੍ਰਿਸ਼ਟ ਅਤੇ ਠੱਗਾਂ ਦੀ ਵੀ ਕਮੀ ਨਹੀ ਹੁੰਦੀ। ਸਿੱਧਾਂ ਵਿਚ ਇਕ ਪਾਸੇ ਤਾਂ ਉਚ ਕੋਟੀ ਦੇ ਸੰਜਮੀ ਸਿੱਧ ਹੋਏ ਹਨ ਪਰ ਦੂਜੇ ਪਾਸੇ ਬਹੁਤ ਸਾਰੇ ਅਜੇਹੇ ਸਨ ਜਿਨ੍ਹਾਂ ਨੇ ਇਸ ਮੱਤ ਨੂੰ ਹੀ ਕਲੰਕਿਤ ਕੀਤਾ। ਉਨ੍ਹਾਂ ਦਾ ਬਾਹਰੀ ਜੀਵਨ ਪਾਪਾਂ ਭਰਿਆ ਹੋ ਗਿਆ ਉਨ੍ਹਾਂ ਦੇ ਆਸ਼੍ਰਮ ਵਿਭਚਾਰ ਦੇ ਅੱਡੇ ਬਣ ਗਏ। ਹੌਲੀ ਹੌਲੀ ਸਿੱਧਾਂ ਵਿਚ ਸਪਤਨੀਕ ਰਹਿਣਾ ਆਮ ਹੋ ਗਿਆ। ਕੁਝ ਕੁਲ - ਦੇਵੀਆਂ ਦੀ ਪੂਜਾ ਵੀ ਕੀਤੀ ਜਾਣ ਲਗੀ, ਜਿਨ੍ਹਾਂ ਵਿਚੋ 'ਮਾਰਜਾਰਮੁੱਖੀ, ਸੁਕੀਤੀ'[9] ਅਤੇ 'ਕੁਬਜਿਕਾ'[10] ਪ੍ਰਸਿੱਧ ਸਨ।

'ਤਿਲੋਪਾ ਦਾ ਕਥਨ ਹੈ ਕਿ ਜ਼ਹਿਰ ਨਾਲ ਜ਼ਹਿਰ ਨਸ਼ਟ ਹੁੰਦਾ ਹੈ ਅਤੇ ਵਾਸ਼ਨਾ ਨਾਲ ਹੀ ਵਾਸ਼ਨਾ ਦਾ ਨਾਸ਼ ਹੁੰਦਾ ਹੈ।'[11]

ਅਜੇਹੇ ਵਿਚਾਰਾਂ ਦੇ ਜੇਕਰ ਦਿਸਦੇ ਅਰਥ ਲਏ ਜਾਣ ਤਾਂ ਸਿੱਧ ਮਤ ਵਿਚ ਇਸਤਰੀ ਲਈ ਕੋਈ ਸਨਮਾਨਤ ਸਥਾਨ ਨਹੀਂ ਸੀ। ਉਸਨੂੰ ਇਕ ਸਾਧਨ ਮਾਤਰ ਸਮਝਦੇ ਸਨ। ਜਿਸਦੀ ਵਰਤੋ ਉਹ ਆਪਣੇ ਉਦੇਸ਼ ਦੀ ਪੂਰਤੀ ਲਈ ਇਕ ਨਿਰਜੀਵ ਖਿਡੌਣੇ ਦੀ ਤਰ੍ਹਾਂ ਜਿਵੇ ਚਾਹੁੰਦੇ ਕਰ ਸਕਦੇ ਸਨ।

ਇਸਤਰੀ ਦੀ ਵਿਅਕਤੀਗਤ ਰੂਪ ਵਿਚ ਕੋਈ ਮੱਹਤਤਾ ਨਹੀ ਸੀ ਤੇ ਨਾ ਹੀ ਉਸਨੂੰ ਜਾਨਦਾਰ ਜੀਵ ਹੀ ਸਮਝਿਆ ਜਾਂਦਾ ਸੀ ਜਿਸਦੀਆਂ ਕੋਈ ਲੋੜਾਂ ਜਾਂ ਭਾਵਨਾਵਾਂ ਹੋਣ।

ਇਨ੍ਹਾਂ ਦੀ ਬਾਣੀ ਦਾ ਗਹੁ ਨਾਲ ਅਧਿਐਨ ਕਰੀਏ ਤਾਂ ਪਤਾ ਲਗੇਗਾ ਕਿ ਉਨ੍ਹਾਂ ਦੀ ਬਾਣੀ ਦੇ ਦੂਹਰੇ ਅਰੱਥ ਹਨ। ਵਾਸਤਵਿਕ ਅਰੱਥ ਤਾਂ ਸਾਂਕੇਤਕ ਹਨ ਜਿਨ੍ਹਾਂ ਤਕ ਬਹੁਤੀ ਵਾਰੀ ਪਹੁੰਚਿਆ ਹੀ ਨਹੀ ਜਾਂਦਾ। 'ਆਗਮਸਾਰ' ਵਿਚ ਅਜੇਹੇ ਸਾਂਕੇਤਕ ਅਰਥਾਂ ਦਾ ਵੇਰਵਾ ਦਿੱਤਾ ਗਿਆ ਹੈ: ਭਿੰਨ ਭਿੰਨ ਅਰੱਥਾਂ ਨੂੰ ਸਪੱਸ਼ਟ ਕੀਤਾ ਗਿਆ ਹੈ; ਗ਼ਲਤ ਅਰੱਥ ਕਢ ਲੈਣ ਵਾਲਿਆਂ ਨੂੰ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਜੇਕਰ ਸ਼ਰਾਬ ਪੀਣ ਨਾਲ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹੋਣ ਤਾਂ ਸਾਰੇ ਸ਼ਰਾਬੀ ਹੀ ਸਿੱਧ ਅਵਸਥਾ ਪ੍ਰਾਪਤ ਕਰ ਲੈਂਦੇ। ਇਸੇ ਤਰ੍ਹਾਂ ਜੇਕਰ ਸੰਭੋਗ ਦੁਆਰਾ ਹੀ ਸਿੱਧ ਬਣ ਸਕੀਦਾ ਹੋਵੇ ਤਾਂ ਸੰਸਾਰ ਵਿਚ ਕੋਈ ਅਸਿੱਧੀ ਦ੍ਰਿਸ਼ਟੀਗੋਚਰ ਨਾ ਹੋਵੇ। ਇਹ ਕੁਕਰਮ ਤਾਂ ਕਰਨੇ ਆਸਾਨ ਹਨ ਪਰ ਸੱਚੇ ਸਿੱਧਾਂ ਵਾਲਾ ਆਦਰਸ਼, ਸੰਜਮੀ ਅਤੇ ਕਠੋਰ ਜੀਵਨ ਬਤੀਤ ਕਰਨਾ ✻ ਹਰ ਕਿਸੇ ਦੇ ਵੱਸ ਨਹੀ। ਸਮਾਂ ਬੀਤਣ ਨਾਲ ਇੰਦੇ ਅਰੱਥ ਹੀ ~~ਵਿਚ~~ ਰਹਿ ਜਾਂਦੇ ਹਨ ਅਤੇ ਸਾਂਕੇਤਕ ਅਰੱਥ ਪਿਛੇ ਪੈਂਦੇ ਹੋਏ ਹੌਲੀ ਹੌਲੀ ਅਲੋਪ ਹੋ ਜਾਂਦੇ ਹਨ। ਵਾਸਤਵ ਵਿਚ ਸਿੱਧਾਂ ਦਾ ਜੀਵਨ ਦਰਸ਼ਨ ਭੋਗਵਾਦ ਵਿਚ ਅਧਿਆਤਮਕ ਚੇਤਨਾ ਦਾ ਸੁਮੇਲ ਸੀ।

ਵਜਰਯਾਨ ਦੀ ਸਹਿਜ ਸਾਧਨਾ ਦਾ ਹੀ ਵਿਕਸਿਤ ਰੂਪ ਨਾਥ ਸੰਪਰਦਾ ਮੰਨਿਆ ਜਾਂਦਾ ਹੈ। ਜੀਵਨ ਦੇ ਕਰਮ ਕਾਂਡਾਂ ਦੀਆਂ ਔਕੜਾਂ ਤੋਂ ਬਚਣ ਲਈ ਨਾਥਾਂ ਨੇ ਸਿੱਧਾਂ ਦੇ ਸਹਿਜ ਮਾਰਗ ਨੂੰ ਅਪਣਾਇਆ।

'ਨਾਥ ਜੋਗੀ ਸੰਪਰਦਾ ਯੋਗ-ਮਾਰਗੀ ਸਾਧਕਾਂ ਦਾ ਇਕ ਸੰਗਠਨ ਹੈ ਜਿਸ ਉਤੇ ਬੁੱਧ ਧਰਮ ਅਤੇ ਸ਼ੈਵ-ਸੰਪ੍ਰਦਾ ਦਾ ਪ੍ਰਭਾਵ ਪ੍ਰਤੱਖ ਹੈ।[12]' ਲਗਭਗ ਸਾਰੇ ਵਿਦਵਾਨ ਹੀ ਸਿੱਧਾਂ, ਨਾਥ ਅਤੇ ਜੋਗੀਆਂ ਨੂੰ ਸਹਿ-ਸੰਬੰਧਿਤ ਕਰਦੇ ਹੋਏ ਸਿੱਧਾਂ ਤੋਂ ਹੀ ਪ੍ਰਭਾਵਿਤ ਹੋਏ ਮੰਨਦੇ ਹਨ ਜੋਕਿ ਵਾਸਤਵ ਵਿਚ ਬੁੱਧ ਮੱਤ ਦੀ ਹੀ ਇਕ ਸ਼ਾਖਾ ਦਾ ਪਰਿਵਰਤਿਤ ਰੂਪ ਸੀ। 'ਸਿੱਧ ਕੌਲ ਮੱਤ ਹੀ ਨਾਥ ਪਰੰਪਰਾ ਦੇ ਰੂਪ ਵਿਚ ਪਰਫੁੱਲਤ ਹੋਇਆ। ਸਿੱਧ ਮਾਰਗ ਨਾਥ ਮੱਤ ਹੀ ਹੈ।[13]' 'ਹੱਠ ਯੋਗ ਪ੍ਰਦੀਪਕਾ ਵਿਚ ਨਾਥ ਮੱਤ ਅਤੇ ਸਿੱਧ ਮੱਤ ਬਾਰੇ ਪੂਰਾ ਵੇਰਵਾ ਮਿਲਦਾ ਹੈ। ਨਾਥ ਮਤ ਦੇ ਮੂਲ ਨੌ ਨਾਥ ਮੰਨੇ ਗਏ ਹਨ। ਇਸ ਮਤ ਦੇ ਮੰਨਣ ਵਾਲੇ ਆਪਣੇ ਨਾਂ ਦੇ ਨਾਲ 'ਨਾਥ' ਸ਼ਬਦ ਜੋੜ ਲੈਂਦੇ ਸਨ।[14]' ਗੁਰੂ ਮਛੰਦਰ ਨਾਥ ਅਤੇ ਉਨ੍ਹਾਂ ਦੇ ਚੇਲੇ ਗੋਰਖਨਾਥ - ਨਾਥ ਪੰਥੀਆਂ ਦੇ ਵੱਖ ਵੱਖ ਧਾਰਾਵਾਂ ਦੇ ਸੰਚਾਲਕ ਹੋਏ ਹਨ। ਨਾਥ ਸੰਪਰਦਾ ਦੇ ਸਾਧਕਾਂ ਲਈ ਗੋਰਖਨਾਥ ਨੇ ਆਪਣੇ ਜੀਵਨ ਦੀ ਉਦਾਹਰਣ ਦੁਆਰਾ ਪੂਰਨੇ ਪਾਏ। ਉਨ੍ਹਾਂ ਦੇ ਵਿਚਾਰਾਂ ਉਤੇ ਬੜੇ ਸਨਮਾਨ ਨਾਲ ਅਮਲ ਕੀਤਾ ਜਾਂਦਾ ਸੀ। ਗੋਰਖਨਾਥ ਨੇ ਜੀਵਨ ਨੂੰ ਵੱਧ ਤੋਂ ਵੱਧ ਸੰਜਮ ਅਤੇ ਸਦਾਚਾਰ ਦੇ ਅਨੁਸ਼ਾਸਨ ਵਿਚ ਰਖ ਕੇ ਅਧਿਆਤਮਕ ਪ੍ਰਾਪਤੀਆਂ ਲਈ ਸਹਿਜ ਮਾਰਗ ਦੀ ਵਿਵਸਥਾ ਕਰਨ ਦਾ ਸ਼ਕਤੀਸ਼ਾਲੀ ਪ੍ਰਯੋਗ ਕੀਤਾ ਜੋ ਭਾਰਤੀ ਮਨੋਬਿਰਤੀ ਦੇ ਪੂਰਨ ਅਨੁਕੂਲ ਸਿੱਧ ਹੋਇਆ।

ਨਾਥ ਸੰਪਰਦਾ ਵਿਚ ਬੈਰਾਗ ਭਾਵਨਾ ਦੀ ਪ੍ਰਧਾਨਤਾ ਰਹੀ ਹੈ। ਇੰਦ੍ਰੀ ਸੁਖ ਲਈ ਮੁੱਖ ਸਾਧਨ ਇਸਤਰੀ ਹੈ। ਉਨ੍ਹਾਂ ਨੇ ਪੋਪੀ ਮਠਾਂ ਵਿਚ ਨਾਰੀ ਦੀ ਦੁਰਦਸ਼ਾ ਵੇਖ ਲਈ ਸੀ। ਉਹ ਮੰਨਦੇ ਸਨ ਕਿ ਔਰਤ ਨੂੰ ਆਪਣੇ ਨੇੜੇ ਵੇਖ ਕੇ ਸਵੈਂ-ਸੰਜਮ ਰਖ ਸਕਣਾ ਹਰ ਇਕ ਸਾਧਕ ਦੇ ਵੱਸ ਦੀ ਗੱਲ ਨਹੀ ਹੈ ਪਰ ਯੋਗ ਦੀ ਪ੍ਰਾਪਤੀ ਲਈ ਇੰਦ੍ਰੀ ਉਤੇ ਕਾਬੂ ਪਾਉਣਾ ਮੁੱਢਲੀ ਲੋੜ ਸੀ। ਇਸ ਲਈ ਗੋਰਖ ਨਾਥ ਅਤੇ ਉੱਤਰਕਾਲੀਨ ਨਾਥਾਂ ਨੇ ਆਪਣੇ ਸ਼ਿੱਸ਼ਾਂ ਨੂੰ ਨਾਰੀ ਤੋ ਦੂਰ ਰਹਿਣ ਦਾ ਉਪਦੇਸ਼ ਦਿੱਤਾ ਅਤੇ ਉਸਦੀ ਕਠੋਰ ਸ਼ਬਦਾਂ ਵਿਚ ਨਿੰਦਾ ਕੀਤੀ। ਉਹ 'ਇਲਾਜ ਨਾਲੋ ਪਰਹੇਜ਼ ਚੰਗਾ' ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਨੇ ਜੀਵਨ ਸਾਧਨਾ ਵਿਚੋ ਇਸਤਰੀ ਰੂਪੀ ਰੋੜੇ ਨੂੰ ਬਾਹਰ ਹੀ ਰਖਣ ਦਾ ਉਪਦੇਸ਼ ਦਿੱਤਾ ਤਾਂ ਜੋ ਉਸ ਨਾਲ ਠੋਕਰ ਖਾ ਕੇ ਡਿੱਗਣ ਦੀ ਸੰਭਾਵਨਾ ਹੀ ਨਾ ਰਹੇ।

ਗੋਰਖਨਾਥ ਦਾ ਮੁੱਖ ਉਪਦੇਸ਼ ਸੀ- ਇਸਤਰੀ ਸੰਗਤ ਤੋ ਦੂਰ ਰਹਿਣਾ। ਅਜੇਹਾ ਕਰਨ ਵਿਚ ਅਸਮਰਥ ਚੇਲੇ ਅਭਾਗੇ ਸਨ। ਭੋਗ ਰੋਗ ਹੈ। ਔਰਤ ਮਨ ਅਤੇ ਤਨ ਦੋਹਾਂ ਦੇ ਨਾਸ਼ ਦਾ ਕਾਰਨ ਹੈ।

'ਭੁਗੀਆ ਸੂਤੇ ਅਜਹੁ ਨ ਜਾਗੇ, ਭੋਗ ਨਹੀਂ ਰੇ ਰੋਗ ਅਭਾਗੇ।
ਭੁਗੀਆ ਕੋ ਮਤ ਭੋਗ ਹਮਾਰਾ ਮਨ ਇਸ ਨਾਰੀ ਕੀਆ ਤਨ ਛਾਰਾ।'[15]

ਗੋਰਖ ਨਾਥ ਨੇ ਕਨਕ ਕਾਮਿਨੀ ਦਾ ਤਿਆਗ ਕਰਨ ਲਈ ਕਿਹਾ ਹੈ ਕਿ ਜੋ ਵਿਅਕਤੀ ਕਾਮਨੀ ਦਾ ਸੰਗ ਕਰਦਾ ਹੈ ਉਹ ਕਦੇ ਵੀ ਇਸ ਚੌਰਾਸੀ ਦੇ ਚੱਕਰ ਵਿਚੋ ਨਹੀ ਨਿਕਲ ਸਕਦਾ:-

'ਜੋਗੀ ਸੋ ਜੋ ਮਨ ਜੋਗਵੈ, ਬਿਨ ਬਿਲਾਇਤ ਰਾਜ ਭੋਗਵੈ।
ਕਨਕ ਕਾਮਨੀ ਤਿਆਗੈ ਦੋਇ ਸੋ ਜੋਗੇਸ੍ਵਰ ਨਿਰਭੈ ਹੋਇ ॥'[16]

ਗੋਰਖਨਾਥ ਮਤ ਅਨੁਸਾਰ ਸਭ ਬੁਰਾਈਆਂ ਦੀ ਜੜ੍ਹ ਇਸਤਰੀ ਹੈ। ਉਹ ਹੀ ਮਰਦ ਨੂੰ ਉਸਦੇ ਇਰਾਦੇ ਤੋ ਡੁਲਾਂਦੀ ਹੈ ਅਤੇ ਉਸਦਾ ਮਨ ਵਸ ਵਿਚ ਨਹੀਂ ਰਹਿਣ ਦੇਂਦੀ।

'ਕਾਮਨੀ ਬਹਤਾਂ ਜੋਗ ਨ ਹੋਈ ਭਗ ਮੁਖ ਪਰਲੈ ਕੀਤਾ।
ਜਹਾਂ ਉਪਜੈ ਤਹਾਂ ਫਿਰਿ ਆਵੈ ਚਿਅੰਤਾਮਨਿ ਚਿਤਵੇਤਾ।'[17]

ਇਸਤਰੀ ਨੂੰ ਉਹ ਅਜੇਹੀ ਬਘਿਆੜਨ ਦੇ ਰੂਪ ਵਿਚ ਪੇਸ਼ ਕਰਦੇ ਹਨ ਜਿਹੜੀ ਮਨੁੱਖ ਦੀ ਸਾਰੀ ਰੱਤ ਪੀ ਲੈਂਦੀ ਸੀ। ਉਹ ਪੁਰਸ਼-ਭੱਖਣੀ ਮੰਨੀ ਜਾਂਦੀ ਸੀ :-

'ਦਿਵਸੈ ਬਾਘਣਿ ਮਨ ਮੋਹੈ ਰਾਤਿ ਸਰੋਵਰ ਸੋਖੈ।
ਜਾਣਿ ਬੂਝਿ ਰੇ ਮੂਰਿਖ ਲੋਆ ਘਰਿ ਘਰਿ ਬਾਘਣੀ ਪੋਖੈ।
ਨਦੀ ਤੀਰੈ ਬਿਰਖਾ ਨਾਰੀ ਸੰਗੈ ਪੁਰਖਾ ਅਲਪ ਜੀਵਨ ਕੀ ਆਸਾ।
ਮਨਥੈਂ ਉਪਜ ਮੇਰ ਖਿਸਿ ਪੜਈ ਤਾਂਥੈ ਕੰਧ ਬਿਨਾਸਾ ॥'[18]

ਫਿਰ ਵੀ ਲੋਕ ਬਘਿਆੜਨਾਂ ਨੂੰ ਘਰਾਂ ਵਿਚ ਰਖਦੇ ਹਨ ਅਤੇ ਨਦੀ ਕੰਢੇ ਬਿਰਛ ਦੀ ਤਰ੍ਹਾਂ ਨਿਤ ਮੌਤ ਦੇ ਮੂੰਹ ਪਏ ਰਹਿੰਦੇ ਹਨ। ਇਹ ਬਘਿਆੜੀ ਤਾਂ ਮਨੁੱਖਾਂ ਨੂੰ ਚੁਣ ਚੁਣ ਕੇ ਬਿਨਾਂ ਦੰਦਾਂ ਤੋਂ ਹੀ ਖਾ ਜਾਂਦੀ ਹੈ :-

'ਚਾਮੈਂ ਚਾਮ ਘਸੰਤਾ ਲੋਈ ਦਿਨ ਦਿਨ ਛੀਜੈ ਕਾਇਆ ॥
ਆਪਾ ਪਰਚੈ ਗੁਰਮੁਖਿ ਨਾ ਚਿਨੈ ਫਾੜਿ ਫਾੜਿ ਬਾਘਣੀ ਖਾਇਆ ॥'[19]

ਅਤੇ

'ਬਿੰਦ ਔਰ ਭਗ ਬਾਂਘਿਣਿ ਔਰੇ, ਬਿਨ ਦਾਂਤਾ ਜਗ ਖਾਇਆ ॥
ਪ੍ਰਾਣ ਪੁਰਖ ਕਾ ਮਰਮ ਨਾ ਪਾਇਆ ਛੋੜਿ ਬਿਗੂਤੇ ਮਾਇਆ ॥'[20]

ਇਸ ਪ੍ਰਕਾਰ ਉਹ ਜਨਨੀ ਹੈ ਤਾਂ ਕਾਲ ਵੀ ਹੈ, ਸਾਖਿਆਤ ਜਮ ਦਾ ਰੂਪ ਵੀ :-

'ਬਾਘਨੀ ਕੈ ਨਿੰਦਿ ਲੈ ਬਾਘਨੀ ਕੈ ਬਿੰਦਿ ਲੈ ਬਾਘਨੀ ਹਮਾਰਾ ਕਾਇਆ ॥
ਬਾਘਨੀ ਪੇਖਿ ਪੇਖਿ ਸੁੰਦਰ ਖਾਏ ਭਾਣਤ ਗੋਰਖ ਰਾਇਆ ॥'[21]

ਇਸਤਰੀ ਅਯਾਸ਼ੀ ਦਾ ਕਾਰਨ ਹੈ, ਸਾਧਨ ਹੈ ਅਤੇ ਉਦੇਸ਼ ਵੀ ਹੈ। ਵਾਸਤਵ ਵਿਚ ਭੇਖੀ ਜੋਗੀਆਂ ਵਿਰੁੱਧ ਪ੍ਰਤਿਕਰਮ ਕਰਕੇ ਹੀ ਨਾਰੀ ਦੀ ਨਿੰਦਾ ਕੀਤੀ ਗਈ ਹੈ। ਜੋਗੀ ਸੰਜਮ ਦਾ ਖਾਂਦੇ, ਬਿੰਦ ਨੂੰ ਰੋਕਦੇ ਅਤੇ ਕਠਨ ਤਪਸਿਆਵਾਂ ਕਰਦੇ ਸਨ। ਇਸਦੇ ਲਈ ਉਹ ਕੰਨਾਂ ਵਿਚ ਮੁੰਦਰਾਂ ਪਾਂਦੇ, ਬਿਭੂਤੀ ਮਲਦੇ, ਸਿੰਗੀ ਤੇ ਨਾਦ ਵਜਾਉਂਦੇ ਸਨ। ਇਹ ਸਭ ਕੁਝ ਕਰਨ ਉਤੇ ਵੀ ਜੋਗੀ ਆਚਰਨਹੀਣ ਹੁੰਦੇ ਜਾ ਰਹੇ ਸਨ।

ਚਰਪਟ ਨਾਥ ਅਤੇ ਗੋਰਖਨਾਥ ਨੇ ਇਨ੍ਹਾਂ ਭੇਖਾਂ ਨੂੰ ਪੁੱਜ ਕੇ ਨਿੰਦਿਆ ਤਾਂ ਜੋ ਨਾਥ ਮੱਤ ਵਿਚੋਂ ਬੁਰਾਈਆਂ ਖਤਮ ਹੋ ਜਾਣ। ਉਨ੍ਹਾਂ ਨੇ ਆਤਮਿਕ ਸੁੱਧੀ ਨੂੰ ਸਭ ਤੋਂ ਵੱਡਾ ਜੋਗ ਕਿਹਾ ਹੈ। ਇਸਦੇ ਲਈ ਇਸਤਰੀ ਦਾ ਸਾਥ ਤਾਂ ਇਸ ਪ੍ਰਕਾਰ ਹੈ ਜਿਵੇਂ ਮਿੱਟੀ ਦਾ ਤੇਲ ਅਤੇ ਅੱਗ/ ਸਭ ਕੁਝ ਸੜ ਕੇ ਸੁਆਹ ਹੋਣਾ ਨਿਸ਼ਚਿਤ ਹੀ ਹੈ।-

'ਤ੍ਰਿਯਾ ਨ ਸਾਂਤੀ ਬੈਦ ਨ ਰੋਗੀ ਰਸਾਇਣੀ ਅਰ ਜਾਚਿ ਖਾਇ ॥
ਜੇ ਬੂਢਾ ਨ ਜੋਗੀ ਸੂਰਾ ਪੀਠਿ ਪਾਛੈ ਘਾਬ ਪਤਨਾ ਨ ਮਾਨੈ ਸ੍ਰੀ ਗੋਰਖ ਰਾਇ ॥'[22]

ਜਿਸ ਤਰ੍ਹਾਂ ਵੈਦ ਕਦੇ ਰੋਗੀ ਨਹੀਂ ਹੋ ਸਕਦਾ, ਸੱਚੇ ਰਸਾਇਣੀ ਨੂੰ ਕਦੇ ਮੰਗ ਕੇ ਖਾਣ ਦੀ ਲੋੜ ਨਹੀਂ ਪੈਂਦੀ, ਜੋਗੀ ਨੂੰ ਕਦੇ ਬੁਢੇਪਾ ਨਹੀਂ ਆਉਂਦਾ, ਵੀਰ ਬਹਾਦਰ ਦੀ ਪਿੱਠ ਉਤੇ ਕਦੇ ਜ਼ਖ਼ਮ ਨਹੀਂ ਹੁੰਦਾ, ਉਸੇ ਤਰ੍ਹਾਂ ਨਾਰੀ ਦੇ ਨੇੜੇ ਚੈਨ ਨਹੀਂ ਹੁੰਦਾ। ਉਸਦੇ ਪਰਛਾਵੇਂ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ।

'ਪਾਸ ਬੈਠੀ ਸੋਭੈ ਨਹੀ ਸਾਖਿ ਰਮਾਈ ਭੀੜਿ ॥
ਗੋਰਖ ਕਹੈ ਅਸਤਰੀ ਕਹਾ ਸਲਹ ਕਹ ਮੀੜਿ ॥'[23]

ਇਸਤਰੀ ਪ੍ਰਤਿ ਘਿਰਨਾ ਪੈਦਾ ਕਰਨੀ ਅਤੇ ਭੈੜੇ ਸ਼ਬਦਾਂ ਦੀ ਵਰਤੋਂ, ਨਾਥ - ਪੰਥੀਆਂ ਦੀ ਵਿਚਾਰਧਾਰਾ ਨੂੰ ਕਾਫੀ ਸਪਸ਼ਟ ਕਰ ਦੇਦੇ ਹਨ। ਇਸਤਰੀ ਭਾਵੇਂ ਕਿਹੋ ਜੇਹੀ ਹੋਵੇ, ਸਿੱਧੀ, ਸਾਦੀ ਜਾਂ ਜੋਗਣ, ਉਹ ਜੋਗੀ ਪਾਸ ਬੈਠੀ ਸੋਭਦੀ ਨਹੀ। ਕਿਸੇ ਸੂਰਤ ਵਿਚ ਵੀ ਉਸਨੂੰ ਨੇੜੇ ਨਾ ਆਉਣ ਦਿਓ:-

'ਕਦੇ ਨ ਸੋਭੈ ਸੁੰਦਰੀ ਸਨਕਾਦਿਕ ਕੇ ਸਾਖਿ ॥
ਜਬਤਬ ਕਲੰਕ ਲਗਾਇਸੀ ਕਾਲੀ ਹਾਂਡੀ ਹਾਥਿ ॥'[24]

ਅੱਕਟ ਦਲੀਲ ਦਿੱਤੀ ਹੈ ਕਿ ਕਾਲੀ ਹਾਂਡੀ ਤੋਂ ਕਾਲਖ ਲਗਣ ਦੀ ਸੰਭਾਵਨਾ ਤੋਂ ਕੌਣ ਮੁਨਕਰ ਹੋ ਸਕਦਾ ਹੈ। ਅ ਤਿਵੇਂ ਹੀ ਸੁੰਦਰ ਇਸਤਰੀ ਤੋਂ ਤਾਂ ਜੋਗੀਆਂ ਨੂੰ ਬਦਨਾਮੀ ਹੀ ਮਿਲੇਗੀ ਸੋ ਬਚਕੇ ਰਹਿਣਾ ਚਾਹੀਦਾ ਹੈ।

ਵਿਧਵਾ ਬਾਰੇ ਤਾਂ ਹੋਰ ਵੀ ਕਠੋਰ ~~ਵਾਲੀ~~ ਸਬਦਾਂ ਦੀ ਵਰਤੋਂ ਕੀਤੀ ਗਈ ਹੈ:-

'ਦਾਸੀ ਨੈਂ ਨਾਰੀ ਅਰਘਰ ਦੂਰੀ ਤੁਮੇ, ਬੇਸਿਅਨ ਕਰਮ ਨ ਕੀਜਿਉ ਰੇ ॥
ਬਿਧਵਾ ਨਾਰੀ ਨੌ ਸੰਗ ਕਰੇ ਸਿਐਂ ਤੌਂ ਰੋਮਿ ਰੋਮਿ ਨਰਕ ਪੜੀਸਿਓ ਰੇ ॥'[25]

'ਚਰਪਟ ਨਾਥ ਨੇ ਇਸਤਰੀ ਰੰਗ ਵਿਚ ਰਤੇ ਸਿੱਧਾਂ ਨੂੰ ਬਹੁਤ ਬੁਰਾ ਭਲਾ ਕਿਹਾ ਹੈ।'[26] ਸਿਧ ਧਰਤੀ ਉਤੇ ਭਾਰ ਹਨ ਜੋ ਘੋਰ ਨਰਕ ਦੀ ਅੱਗ ਵਿਚ ਸੜਨਗੇ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਣਗੇ।

ਨਾਥ-ਪੰਥੀ ਮਹਾਮੁਦ੍ਰਾ ਦੀ ਸਾਧਨਾ ਵਿਚ ਚਾਰ ਪ੍ਰਕਾਰ ਦੀਆਂ ਇਸਤਰੀਆਂ ਦੀ ਪ੍ਰਧਾਨਤਾ ਮੰਨੀ ਗਈ ਹੈ :-

1 - ਡਾਕਿਣੀ : ਤਾਂਤ੍ਰਿਕ ਸਾਧਿਕਾਵਾਂ ਜਿਨ੍ਹਾਂ ਦੇ ਤੰਤਰਾਂ ਮੰਤਰਾਂ ਅਤੇ ਜਾਦੂਆਂ ਤੋਂ ਸਮਾਜ ਡਰਦਾ ਰਹਿੰਦਾ ਸੀ।

2- ਰਾਖਸ਼ੀ : ਉਹ ਇਸਤਰੀਆਂ ਜਿਨ੍ਹਾਂ ਦੇ ਆਕਰਸ਼ਣ ਵਿਚ ਫਸਕੇ ਮਨੁੱਖ ਖਤਮ ਹੋ ਜਾਂਦਾ ਸੀ। ਉਹ ਬਿਨਾਂ ਦੰਦਾਂ ਦੇ ਹੀ ਸੰਸਾਰ ਨੂੰ ਖਾ ਰਹੀਆਂ ਸਨ।

3- ਯਕਸ਼ਿਣੀ : ਜੋ ਸਿੱਧ ਹੋ ਕੇ ਸਾਧਕ ਨੂੰ ਅਲੌਕਿਕ ਸ਼ਕਤੀਆਂ ਪ੍ਰਦਾਨ ਕਰਦੀਆਂ ਸਨ।

4- ਜੋਗਣਾਂ : ਉਹ ਇਸਤਰੀ ਸਾਥਿਕਾਵਾਂ ਜਿਨ੍ਹਾਂ ਨਾਲ ਸਾਧਕ ਮਹਾਮਦ੍ਰਾ ਦੀ ਸਾਧਨਾ ਕਰਦੇ ਸਨ। ਭਿੰਨ ਭਿੰਨ ਪ੍ਰਕਾਰ ਦੀਆਂ ਮਹਾਮੁਦ੍ਰਾਵਾਂ ਲਈ 64 ਪ੍ਰਕਾਰ ਦੀਆਂ ਜੋਗਣਾਂ ਮੰਨੀਆਂ ਜਾਂਦੀਆਂ ਸਨ।

ਇਸ ਤਰ੍ਹਾਂ ਨਾਥ-ਪੰਥੀਏ ਸਿੱਧੀਆਂ ਦੀ ਪ੍ਰਾਪਤੀ ਲਈ ਇਸਤਰੀ ਦਾ ਸਹਿਯੋਗ ਪ੍ਰਾਪਤ ਕਰਦੇ ਸਨ ਪਰ ਨਾਲ ਹੀ ਗੁਰੂ ਹਮੇਸ਼ਾਂ ਚੇਲਿਆਂ ਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਪ੍ਰੇਰਦੇ ਸਨ। ਗੋਰਖਨਾਥ ਨੇ ਆਪਣੇ ਚੇਲਿਆਂ ਨੂੰ ਜਤਸਤ ਉਤੇ ਕਾਇਮ ਰਹਿੰਦੇ ਹੋਏ, ਅਲਪ ਅਹਾਰ ਅਤੇ ਨਾਮ ਸਿਮਰਨ ਉਤੇ ਜ਼ੋਰ ਦੇਣ ਦਾ ਉਪਦੇਸ਼ ਦਿੱਤਾ। ਕਿਤੇ ਕਿਤੇ ਵਿਅੰਗਭਰੀ ਸ਼ੈਲੀ ਵਿਚ ਨਕਲੀ ਭੇਖ ਦਾ ਖੰਡਣ ਵੀ ਕੀਤਾ ਹੈ। 'ਚਰਪਟ ਨਾਥ ਨੇ ਤਾਂ ਜੋਗੀਆਂ ਦੇ ਗਿਰੇ ਹੋਏ ਆਚਰਣ ਨੂੰ ਟਕੋਰਾਂ ਲਾ ਲਾ ਕੇ ਨੰਗਿਆਂ ਕੀਤਾ ਹੈ ਅਤੇ ਉਨ੍ਹਾਂ ਦਾ ਪਾਜ ਉਘੇੜਿਆ ਹੈ।'[27] ਗੋਰਖਨਾਥ ਨੇ ਵੀ ਭੇਖਧਾਰੀਆਂ ਨੂੰ ਤਾੜਿਆ ਹੈ ਕਿ ਉਹ ਮਕਾਨ ਛੱਡ ਕੇ ਕੁਟੀਆ ਬਣਾਉਂਦੇ ਹਨ; ਘਰ ਦੀ ਮਾਇਆ ਛੱਡ ਕੇ ਚੇਲਿਆਂ ਤੋਂ ਭਿਖਿਆ ਇਕੱਠੀ ਕਰਾਉਂਦੇ ਹਨ; ਘਰ ਦੀ ਸੁੰਦਰ ਨਾਰੀ ਤਿਆਗ ਕੇ ਨਕਟੀ ਨਾਲ ਰਹਿਣ ਲਗਦੇ ਹਨ। ਗੋਰਖ ਨਾਥ ਇਕੱਲੇ ਹੀ ਚਲਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਸਭ ਕੁਝ ਪਸੰਦ ਨਹੀ ਹੈ:-

'ਮਿੰਦਰ ਛਾਡੈ ਕੁਟੀ ਬੰਧਾਵੈ ॥
ਤਿਆਗੈ ਮਾਯਾ ਔਰ ਮੰਗਾਵੈ ॥
ਸੁੰਦਰਿ ਛਾਡੈ ਨਕਟੀ ਬਾਸੈ ॥
ਤਾਤੈ ਗੋਰਖ ਅਲਗੈ ਨਾਸੈ ॥'[28]

ਪਾਖੰਡੀ ਕਦੇ ਵੀ ਜੋਗ ਪ੍ਰਾਪਤ ਨਹੀਂ ਕਰ ਸਕਦੇ। ਲੋਕਾਂ ਨੂੰ ਰਿਝਾ ਸਕਦੇ ਹਨ :-

'ਸਾਂਗ ਕਾ ਪੂਰਾ ਗਿਆਨ ਕਾ ਊਰਾ
ਪੇਟ ਕਾ ਤੂਟਾ ਡਿੰਭ ਕਾ ਸੂਰਾ ॥
ਬਦੰਤ ਗੋਰਖਨਾਥ ਨ ਪਾਯਾ ਜੋਗ ॥
ਕਰਿ ਪਾਖੰਡ ਰਿਝਾਯਾ ਲੋਗ ॥'[29]

ਜੋਗੀ ਸਭ ਕੁਝ ਤਿਆਗ ਕੇ ਸਮਾਧੀ ਅਵਸਥਾ ਵਿਚ ਰਹਿਣ ਤਾਂ ਹੀ ਕੁਝ ਪ੍ਰਾਪਤ ਕਰ ਸਕਦੇ ਹਨ। ਦੁਨੀਆਂ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ:-

'ਸੁੰਨਿ ਜ ਮਾਈ ਸੁੰਨਿ ਜ ਬਾਪ ॥
ਸੁੰਨਿ ਨਿਰੰਜਨ ਆਪੈਂ ਆਪ ॥
ਸੁੰਨਿ ਕੈ ਪਰਚੈ ਭਯਾ ਸਥੀਰ ॥
ਨਿਹਚਲ ਜੋਗੀ ਗਹਰ ਗੰਭੀਰ ॥'[30]

ਨਾਥ ਪੰਥੀ ਇਸ ਤੱਥ ਤੋਂ ਭਜਦੇ ਨਹੀਂ ਕਿ ਸਭ ਦੀ ਜਨਨੀ ਇਸਤਰੀ ਹੀ ਹੈ। ਉਹ ਆਪਣਾ ਸਭ ਕੁਝ ਤਿਆਗ ਕੇ, ਦੁਖ ਝੱਲ ਕੇ ਬੱਚਿਆਂ ਨੂੰ ਪਾਲਦੀ ਪੋਸਦੀ ਅਤੇ ਜਵਾਨ ਕਰਦੀ ਹੈ। ਫਿਰ ਵੀ ਇਸਤਰੀ ਰੂਪ ਵਿਚ ਤਾਂ ਉਹ ਨਿੰਦਣ ਯੋਗ ਹੀ ਰਹਿੰਦੀ ਹੈ।

'ਬਾਘਨੀਂ ਰੁਪਾਯਾ ਬਾਘਨੀ ਨਿਪਾਯਾ ਬਾਘਨੀ ਪਾਲੀ ਕਾਯਾ ॥
ਬਾਘਨੀ ਡਾਕਰੈ ਜੋਰੀਯੋ ਪਾਖਰੈ ਅਨਭੁਈ ਗੋਰਖ ਰਾਯਾ ॥'[31]

ਗੋਰਖ ਨਾਥ ਦੀ ਏਨੇ ਤੇ ਹੀ ਤਸੱਲੀ ਨਹੀਂ ਹੁੰਦੀ। ਉਹ ਤਾਂ ਔਰਤ ਨੂੰ ਨਾਗਨ ਅਤੇ ਸਰਪਣੀ ਤਕ ਕਹਿੰਦੇ ਹਨ ਜੋ ਅਬਲਾ ਦੇ ਭੇਸ ਵਿਚ ਦੇਵਤਿਆਂ ਨੂੰ ਵੀ ਛਲ ਲੈਂਦੀ ਹੈ:-

'ਸ੍ਰਪਣੀਂ ਕਹੈ ਮੈ ਅਬਲਾ ਬਲੀਆ ॥
ਬ੍ਰਹਮਾ ਬਿਸ਼ਨ ਮਹਾਦੇਵ ਛਲੀਆ ॥'[32]

ਦੂਜੇ ਪਾਸੇ ਗੋਰਖ ਨਾਥ ਨਾਰੀ ਨੂੰ ਜਨਨੀ ਰੂਪ ਵਿਚ ਬਹੁਤ ਸਨਮਾਨਿਤ ਸਮਝਦੇ ਹਨ ਅਤੇ ਉਸ ਪ੍ਰਤਿ ਬੈਰਾਗ ਕਰਦੇ ਹਨ:-

'ਸਾਂਇ ਸਹੇਲੀ ਸੁਤ ਭਰਤਾਰ ਸਰਬ ਸ੍ਰਿਸ਼ਟਿ ਕੋ ਏਕੋ ਦ੍ਵਾਰ ॥
ਪੈਤਸਾ ਪੁਰਿਸ ਨਿਕਸਤਾ ਪੂਤਾ ਤਾ ਕਾਰਣਿ ਗੋਰਖ ਅਵਧੂਤਾ ॥'[33]

ਇਕ ਥਾਂ ਤੇ ਐਸੇ ਬੈਰਾਗ ਬਾਰੇ ਕਹਿੰਦੇ ਹਨ:-

'ਦਰਸਣ ਮਾਈ ਦਰਸਣ ਬਾਪ ਦਰਸਣ ਮਾਹੀਂ ਆਪੈ ਆਪ ॥
ਯਾ ਦਰਸਣ ਕਾ ਕੋਈ ਜਾਣੈ ਭੇਵ, ਸੋ ਆਪੈ ਕਰਤਾ ਆਪੈ ਦੇਵ ॥'[34]

ਕੰਨਾਂ ਦੀਆਂ ਮੁੰਦਰਾਂ ਹੀ ਉਨ੍ਹਾਂ ਦੇ ਮਾਈ ਬਾਪ ਹਨ। ਸੱਸ ਸਹੁਰੇ ਦੇ ਸੰਬੰਧ ਨੂੰ ਵੀ ਸਾਂਕੇਤਕ ਰੂਪ ਵਿਚ ਵਰਤਿਆ ਹੈ :-

'ਨਾਭ ਅਸਥਾਨ- ਕ ਮੋਰਾ ਸਾਸੂ ਕੈ ਸੁਸਰਾ ॥
ਬ੍ਰਹਮ ਅਸਥਾਨ - ਕ ਮੋਰਾ ਬਾਸਾ ॥
ਇਲਾ ਪਿਂਗੁਲਾ ਜੋਗਣ ਭੇਟੀ॥
ਸੁਖਮਨ ਮਿਲਿਆ ਘਰ ਬਾਸਾ ॥'[35]

ਮਨ ਨੂੰ ਕਾਬੂ ਵਿਚ ਰਖਣਾ ਸਭ ਤੋਂ ਵੱਡੀ ਪ੍ਰਾਪਤੀ ਹੈ :-

'ਮਨ ਮਾਰੈ ਮਮ ਮਾਰੈ ਮਨ ਤਾਰੈ ਮਨ ਤਿਰੈ ॥
ਮਨ ਜੈ ਅਸਥਿਰ ਹੋਇ ਤ੍ਰਿਭੁਵਨ ਭਰੈ ॥
ਮਨ ਆਦਿ ਮਨ ਅੰਤ ਮਨ ਮਧੈ ਸਾਰ ॥
ਮਨ ਹੀ ਤੈ ਛੂਟੈ ਬਾਬੂ ਵਿਖੈ ਵਿਕਾਰ ॥'[36]

ਏਨੀ ਉਦਾਸੀਨ ਵਿਚਾਰਧਾਰਾ ਅਤੇ ਸੰਜਮੀ ਜੀਵਨ ਦਾ ਪਰਚਾਰ ਕਰਨ ਦੇ ਬਾਵਜੂਦ "ਔਰਤ ਨੂੰ ਨਾਥ ਜੋਗੀ ਜੋਗ ਲੈਣ ਦੇ ਯੋਗ ਸਮਝਦੇ ਸਨ। ਨੀਚ ਜਾਤੀਆਂ ਦੇ ਲੋਕਾਂ ਲਈ ਵੀ ਮੁਕਤੀ ਦਾ ਰਾਹ ਖੁਲ੍ਹਾ ਸੀ। ਇਹ ਸ਼ਾਇਦ ਬੋਧੀ ਪ੍ਰਭਾਵ ਹੀ ਸੀ ਕਿਉਂਕਿ ਬੁਧਮੱਤ ਵਿਚ ਸਭ ਵਰਨਾਂ ਅਤੇ ਜਾਤੀਆਂ ਦੇ ਮਨੁੱਖ ਸ਼ਾਮਿਲ ਹੁੰਦੇ ਸਨ ਅਤੇ ਔਰਤਾਂ ਵੀ ਭਿਕਸ਼ੂਣੀਆਂ ਬਣ ਸਕਦੀਆਂ ਸਨ।"[37] ਇਸਤਰੀ ਮੁਕਤੀ ਪ੍ਰਾਪਤੀ ਵਿਚ ਸਮਰੱਥ ਸੀ ਜੋ ਕਿ ਜੀਵਨ ਦਾ ਪਰਮ ਉਦੇਸ਼ ਹੈ ਤਾਂ ਉਸਦੀ ਪਹੁੰਚ ਤੋਂ ਕੁਝ ਵੀ ਦੂਰ ਨਹੀਂ ਰਹਿ ਜਾਂਦਾ। ਸਿੱਧੇ ਜਾਂ ਅਸਿੱਧੇ ਰੂਪ ਵਿਚ ਉਹ ਔਰਤ ਦੀ ਮਰਦ ਦੇ ਜੀਵਨ ਵਿਚ ਮਹੱਤਤਾ ਨੂੰ ਸਵੀਕਾਰ ਕਰਦੇ ਸਨ। ਔਰਤ ਮੁਕਤੀਦਾਤੀ ਹੈ ਜੋ ਮਰਦ ਨੂੰ ਉੱਚ ਪ੍ਰਾਪਤੀ ਲਈ ਉਤਸ਼ਾਹਿਤ ਕਰ ਸਕਦੀ ਹੈ ਅਤੇ ਮਰਦ ਉਸਦੀ ਪ੍ਰੇਰਨਾ ਸਦਕਾ ਅਸੰਭਵ ਨੂੰ ਵੀ ਸੰਭਵ ਕਰ ਸਕਦਾ ਹੈ।

ਕੌਲ ਮਾਰਗ ਵਿਚ ਤਾਂ ਔਰਤ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। "ਸਾਰੇ ਨਿਯਮ ਪੁਰਸ਼ ਲਈ ਹਨ - ਇਸਤਰੀ ਲਈ ਨਹੀਂ।"[38] ਇਥੋਂ ਤਕ ਕਿ ਸਿੱਧੀ ਪ੍ਰਾਪਤੀ ਕਰਨ ਲਈ ਨਾਰੀ ਨੂੰ ਧਿਆਨ ਲਾਉਣ ਅਤੇ ਪੂਜਾ ਕਰਨ ਦੀ ਲੋੜ ਨਹੀਂ। ਕੇਵਲ ਪੰਜ ਮੰਤਰਾਂ ਦੇ ਜਾਪ ਨਾਲ ਹੀ ਉਸਨੂੰ ਸਿੱਧੀ ਮਿਲ ਸਕਦੀ ਸੀ। ਅਣਗਿਣਤ ਪਾਪ ਕਰਨ ਤੇ ਵੀ ਉਸਨੂੰ ਫੁੱਲ ਨਾਲ ਵੀ ਨਹੀਂ ਮਾਰਨਾ ਚਾਹੀਦਾ। ਉਸ ਦੇ ਔਗੁਣ ਨਾ ਵੇਖ ਕੇ ਕੇਵਲ ਗੁਣਾਂ ਦੀ ਹੀ ਪ੍ਰਸ਼ੰਸਾ ਕਰੋ। ਉਹ ਇਸਤਰੀ ਨੂੰ ਪੂਜਨੀਯ ਮੰਨਦੇ ਸਨ। 'ਇਕਾਂਤ ਵਿਚ, ਸ਼ਮਸ਼ਾਨ ਵਿਚ ਜਾਂ ਸਮੂਹ ਵਿਚ ਵੀ ਔਰਤਾਂ ਨੂੰ ਵੇਖਕੇ ਭਗਤੀ-ਭਾਵ ਨਾਲ ਉਨ੍ਹਾਂ ਦੀ ਅਰਾਧਨਾ ਕਰੋ।'[39]

ਇਸਤਰੀ ਪ੍ਰਤਿ ਆਦਰ ਭਾਵਨਾ ਅਤੇ ਸਨਮਾਨ ਪ੍ਰਗਟ ਕਰਨ ਦਾ ਭਾਵ ਸੀ ਉਸਨੂੰ ਜੀਵਨ ਵਿਚ ਉੱਚ ਸਥਾਨ ਦੇਣਾ ਅਤੇ ਸਮਾਜ ਵਿਚ ਉਸਦੇ ਪ੍ਰਭਾਵ ਨੂੰ ਕਬੂਲਨਾ। ਭਗਤੀ ਲਹਿਰ ਦੇ ਸੰਚਾਲਕਾਂ ਨੇ ਵੀ ਇਸ ਪਾਸੇ ਉਚੇਚਾ ਧਿਆਨ ਦਿੱਤਾ।

ਭਗਤੀ ਲਹਿਰ

ਭਗਤੀ ਲਹਿਰ ਦੇ ਵਿਕਾਸ ਵਿਚ ਬਹੁਤ ਸਾਰੇ ਆਗੂ, ਨੇਤਾ, ਧਰਮ - ਪ੍ਰਚਾਰਕ, ਭਗਤ, ਗੁਰੂ ਅਤੇ ਵਿਦਵਾਨ ਕਾਰਜਸ਼ੀਲ ਰਹੇ ਹਨ। ਇਸਦੇ ਵਿਕਾਸ ਵਿਚ ਕਈ ਸਦੀਆਂ ਦਾ ਸਮਾਂ ਲਗਾ ਅਤੇ ਇਸਦੇ ਪ੍ਰਭਾਵ ਅੱਜ ਤਕ ਪ੍ਰਤੱਖ ਵੇਖੇ ਜਾ ਸਕਦੇ ਹਨ। ਇਹ ਲਹਿਰ ਕਿਸੇ ਨਾ ਕਿਸੇ ਰੂਪ ਵਿਚ ਲਗਭਗ ਸਦਾ ਹੀ ਵਿਦਮਾਨ ਰਹੀ ਹੈ। ਇਸਦੇ ਵਿਕਾਸ ਦੇ ਮੁੱਖ ਰੂਪ ਵਿਚ ਤਿੰਨ ਪੜਾਅ ਮੰਨੇ ਜਾਂਦੇ ਹਨ :-

1 - ਵੇਦਾਂ, ਉਪਨਿਸ਼ਦਾਂ ਨਾਰਦ ਅਤੇ ਸ਼ਾਂਡਿਲਯ ਦੇ ਭਗਤੀ ਸੂਤਰਾਂ ਅਤੇ ਗੀਤਾ ਵਿਚਲੀ ਭਗਤੀ ਭਾਵਨਾ।

2- ਦੱਖਣੀ ਭਾਰਤ ਦੇ ਵੈਸ਼ਨਵ, ਸ਼ੰਕਰਾਚਾਰੀਆ ਅਤੇ ਉਨ੍ਹਾਂ ਦੇ ਅਦਵੈਤਵਾਦ ਤੋਂ ਉਪਜੀਆਂ ਭਗਤੀ ਸੰਪ੍ਰਦਾਵਾਂ।

3- ਭਗਤੀ ਲਹਿਰ ਦੇ ਮੱਧਕਾਲੀਨ ਆਗੂ ਜਿਵੇਂ ਰਾਮਾਨੰਦ, ਵਲਭਾਚਾਰੀਆ, ਚੈਤਨਯ- ਮਹਾਪ੍ਰਭੂ ਆਦਿ ਦੀਆਂ ਭਗਤੀ ਧਾਰਨਾਵਾਂ।'[40]

ਪਰ ਇਕ ਲਹਿਰ ਦੇ ਰੂਪ ਵਿਚ ਅਸੀ ਤੀਜੇ ਪੜਾਅ ਨੂੰ ਹੀ ਪ੍ਰਮਾਣਿਤ ਮੰਨਦੇ ਹਨ। 'ਮਧਕਾਲ ਵਿਚ ਜਿੰਨੇ ਵੀ ਧਰਮ- ਸੁਧਾਰਕ ਅੰਦੋਲਨ ਹੋਏ ਹਨ, ਉਹ ਸਾਰੇ ਸੰਕੀਰਣਤਾ ਦੀਆਂ ਤੰਗ ਵਲਗਣਾਂ ਵਿਚ ਬੱਝੇ ਰਹੇ। ਹਰ ਇਕ ਮੱਤ ਭਾਵੇਂ ਉਹ ਰਾਮਾਨੰਦ ਦਾ ਸੀ ਜਾਂ ਗੋਰਖ ਦਾ, ਚੈਤਨਯ ਦਾ ਸੀ ਜਾਂ ਵਲਭ ਦਾ - ਸਮਾਜ ਨਾਲੋਂ ਨਾਤਾ ਤੋੜ ਕੇ ਉਪਰਾਮਤਾ ਅਤੇ ਉਦਾਸੀਨਤਾ ਦਾ ਪਾਠ ਪੜ੍ਹਾਉਂਦਾ ਰਿਹਾ।'[41] ਮਧਕਾਲ ਦਾ ਇਹ ਭਗਤੀ ਅੰਦੋਲਨ ਬ੍ਰਾਹਮਣਵਾਦ ਦੇ ਪ੍ਰਤਿਕਰਮ ਦੀ ਉਪਜ ਸੀ। ਬ੍ਰਾਹਮਣਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ ਜੋ ਆਮ ਲੋਕਾਂ ਦੀ ਪਹੁੰਚ ਤੋਂ ਪਰ੍ਹੇ ਸਨ ਇਸ ਲਈ ਉਹ ਆਪਣੇ ਸਵਾਰਥਾਂ ਦੀ ਪੂਰਤੀ ਲਈ ਵਹਿਮ, ਭਰਮ ਅਤੇ ਪਾਖੰਡਾਂ ਦਾ ਜਾਲ ਵਿਛਾ ਕੇ ਭੋਲੀ ਜਨਤਾ ਨੂੰ ਗੁਮਰਾਹ ਕਰ ਰਹੇ ਸਨ।

ਉਸ ਸਮੇਂ ਭਾਰਤ ਵਿਚ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਰਾਜਸੀ, ਸਮਾਜਿਕ ਅਤੇ ਧਾਰਮਿਕ ਹਫੜਾ- ਦਫੜੀ ਮਚੀ ਹੋਈ ਸੀ। ਬਾਬਰ ਵਲੋਂ ਕੀਤੇ ਕਤਲੇ-ਏ-ਆਮ ਜੇਹੇ ਸਾਕਿਆਂ ਨੇ ਸਾਰੀ ਕੌਮ ਨੂੰ ਨਪੀੜ ਕੇ ਰਖ ਦਿੱਤਾ ਸੀ। ਜੀਵਨ ਦੇ ਹਰ ਖੇਤਰ ਵਿਚ ਹੀ 'ਜਿਸਦੀ ਲਾਠੀ ਉਸਦੀ ਭੈਂਸ'

ਵਾਲੀ ਕਹਾਵਤ ਉਤੇ ਅਮਲ ਹੋ ਰਿਹਾ ਸੀ। ਸ਼ਕਤੀਸ਼ਾਲੀ ਜ਼ਾਲਿਮ ਹੁਕਮਰਾਨ ਬੇਬਸ ਜਨਤਾ ਉਤੇ ਰੱਜ ਕੇ ਅੱਤਿਆਚਾਰ ਕਰ ਰਹੇ ਸਨ। ਜੀਵਨ ਦੇ ਹਰ ਖੇਤਰ ਵਿਚ ਅਸਥਿਰਤਾ ਅਤੇ ਭੈ ਦਾ ਸੰਚਾਰ ਹੋ ਗਿਆ ਸੀ। ਭੰਨ-ਤੋੜ, ਲੁੱਟ-ਖਸੁੱਟ ਅਤੇ ਮਾਰ ਕੁਟਾਈ ਹੀ ਦੀਨ-ਇਮਾਨ ਬਣੇ ਹੋਏ ਸਨ। ਦੀਨ-ਦੁਖੀਆਂ ਦੀ ਪੁਕਾਰ ਅਤੇ ਫਰਿਆਦ ਸੁਣਨ ਵਾਲਾ ਕੋਈ ਨਹੀਂ ਸੀ। ਸੰਤ, ਮਹਾਤਮਾ ਅਤੇ ਗੁਰੂ ਇਨ੍ਹਾਂ ਜ਼ਾਲਿਮਾਂ ਨੂੰ ਮੰਦੇ ਕੰਮਾਂ ਤੋਂ ਰੋਕਣ ਵਿਚ ਨਾ ਕੇਵਲ ਅਸਮਰਥ ਸਿੱਧ ਹੋਏ ਸਗੋਂ ਆਪ ਵੀ ਉਨ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਨ। ਮਨੁੱਖੀ ਜੀਵਨ ਗਾਜਰ-ਮੂਲੀਆਂ ਦੀ ਤਰ੍ਹਾਂ ਕਟਿਆ ਵੱਢਿਆ ਜਾ ਰਿਹਾ ਸੀ। ਬਾਹਰੀ ਹਮਲਾਵਰਾਂ ਦਾ ਤਾਂ ਕਹਿਣਾ ਹੀ ਕੀ, ਦੇਸ਼ ਦੇ ਹਾਕਮ ਵੀ ਆਪਣੀ ਪਰਜਾ ਦੇ ਵੈਰੀ ਹੋ ਗਏ ਸਨ। ਕੀ ਹਿੰਦੂ ਕੀ ਮੁਸਲਮਾਨ ਸਭ ਦੀ ਹੀ ਦੁਰਦਸ਼ਾ ਸੀ। ਇਨ੍ਹਾਂ ਜ਼ੁਲਮਾਂ ਤੋਂ ਇਸਤਰੀਆਂ ਅਤੇ ਮਾਸੂਮ ਬੱਚੇ ਵੀ ਨਹੀਂ ਬਚ ਸਕੇ ਸਨ। ਮੁਸਲਮਾਨ ਰਾਜਸੀ ਸੱਤਾ ਦੇ ਮਾਲਕ ਸਨ ਜੋ ਆਪਣੇ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਸਾਰੇ ਚੰਗੇ ਮੰਦੇ ਢੰਗ ਵਰਤ ਰਹੇ ਸਨ। ਲੋਕ ਬ੍ਰਾਹਮਣਾਂ ਦੀ ਕੱਟੜਤਾ ਤੋਂ ਤੰਗ ਆ ਕੇ ਮੁਸਲਮਾਨ ਹੋ ਰਹੇ ਸਨ।

ਕਈ ਬਾਦਸ਼ਾਹਾਂ ਨੇ ਤਾਂ ਇਸ ਦੇਸ਼ ਦੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਨੂੰ ਵੀ ਨਸ਼ਟ ਕਰਨ ਲਈ ਜ਼ੁਲਮ ਕੀਤੇ। ਇਸ ਲਈ ਇਸ ਕਾਲ ਦਾ ਬਹੁਤਾ ਸਾਹਿਤ ਉਪਲਬਧ ਨਹੀਂ ਹੈ। ਸਮਾਜਿਕ ਜੀਵਨ ਵਿਚ ਵੀ ਗਿਰਾਵਟ ਆ ਚੁੱਕੀ ਸੀ। ਅਹਿੰਸਾ ਦਾ ਪ੍ਰਭਾਵ ਵਧੇਰੇ ਹੋਣ ਕਾਰਨ ਸ਼ਾਂਤੀ-ਪ੍ਰੇਮੀ ਲੋਕ ਐਸ਼-ਪ੍ਰਸਤ ਅਤੇ ਆਚਰਨਹੀਣ ਹੁੰਦੇ ਜਾ ਰਹੇ ਸਨ। ਬੁਧਮਤ ਦਾ ਪ੍ਰਭਾਵ ਲਗਭਗ ਖਤਮ ਹੋ ਗਿਆ ਸੀ ਅਤੇ ਸ਼ੈਵਮਤ ਵਲ ਝੁਕਾ ਹੋ ਰਿਹਾ ਸੀ। ਜਾਤਪਾਤ ਦੀ ਕੱਟੜਤਾ ਸਿਖਰਾਂ ਤੇ ਸੀ। ਅਜੇਹੇ ਸਮੇਂ ਨਾਥ ਜੋਗੀਆਂ ਨੇ ਲੋਕਾਂ ਨੂੰ ਆਪਣੇ ਸੰਜਮੀ ਜੀਵਨ ਦੁਆਰਾ ਕਠੋਰ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਭਾਵੇਂ ਇਹ ਜੀਵਨ-ਢੰਗ ਬਹੁਤਾ ਲੋਕ ਪ੍ਰਿਯ ਨਾ ਹੋ ਸਕਿਆ। ਜਨਤਾ ਗੁਮਰਾਹ ਹੋ ਚੁੱਕੀ ਸੀ।

ਇਕ ਪਾਸੇ ਨਾਥ ਜੋਗੀ ਕਠਿਨ ਜੀਵਨ ਰਾਹ ਦਸਦੇ ਸਨ ਤਾਂ ਦੂਜੇ ਪਾਸੇ ਪੀਰ, ਮੌਲਵੀ, ਸ਼ਰਈ ਜੀਵਨ-ਰਾਹ ਉੱਤਮ ਕਹਿੰਦੇ ਸਨ। ਸੂਫੀ ਦਰਵੇਸ਼ ਪਰਮਾਤਮਾ ਨਾਲ ਪ੍ਰੇਮ ਲਈ ਮਲੰਗਾਂ ਦੀ ਤਰ੍ਹਾਂ ਰਹਿਣ ਦਾ ਰਾਹ ਦਸਦੇ ਸਨ ਤਾਂ ਬ੍ਰਾਹਮਣ ਹਵਨ-ਜੱਗ ਰਾਹੀਂ ਮੁਕਤੀ ਦੇ ਰਾਹ ਦਾ ਪ੍ਰਚਾਰ ਕਰਦੇ ਸਨ। ਹਿੰਦੂ-ਮੁਸਲਿਮ ਦੋਹਾਂ ਸਭਿਆਚਾਰਾਂ ਦਾ ਸੁਮੇਲ ਹੋ ਰਿਹਾ ਸੀ। ਨਤੀਜੇ ਵਜੋਂ ਜਿਹੜਾ ਥੋੜਾ ਬਹੁਤਾ ਸਾਹਿਤ ਹੋਂਦ ਵਿਚ ਆਇਆ, ਉਸ ਵਿਚ ਜਾਬਰ ਸ਼ਕਤੀਆਂ ਵਿਰੋਧੀ ਵਿਚਾਰ ਪਾਏ ਜਾਂਦੇ ਸਨ ਜਾਂ ਫਿਰ ਧਾਰਮਿਕ ਸਾਹਿਤ ਦੁਆਰਾ ਲੋਕਾਂ ਨੂੰ ਆਤਮਿਕ ਸ਼ਕਤੀ ਦਿੱਤੀ

ਅਤੇ ਸਮੁੱਚੀ ਜਨਤਾ ਇਕ ਲੜੀ ਵਿਚ ਪਰੋਈ ਗਈ। ਰਾਮਾਨੰਦ, ਰਾਮਾਨੁਜ ਅਤੇ ਵਲਭਾਚਾਰੀਆ ਦੇ ਯਤਨਾਂ ਨਾਲ ਭਗਤੀ ਲਹਿਰ ਦਾ ਮੁੱਢ ਬੱਝਾ ਅਤੇ ਪਿਛੋਂ ਨਿਰਗੁਣ ਧਾਰਾ ਨੇ ਜ਼ੋਰ ਫੜਿਆ। ਕਬੀਰ, ਨਾਮਦੇਵ, ਗਿਆਨਦੇਵ, ਦਾਦੂ, ਚੇਤੰਨ, ਮੀਰਾਂਬਾਈ, ਤੁਲਸੀਦਾਸ ਅਤੇ ਸੂਰਦਾਸ ਨੇ ਆਪਣੀਆਂ ਰਚਨਾਵਾਂ ਅਤੇ ਚਰਿਤਰ ਰਾਹੀਂ ਭਗਤੀ ਲਹਿਰ ਨੂੰ ਦੇਸ ਦੇ ਵੱਖ ਵੱਖ ਭਾਗਾਂ ਵਿਚ ਪ੍ਰਚਾਰਿਆ। ਅਤੇ ਵਿਅਕਤੀਗਤ ਰੁਚੀਆਂ ਅਨੁਸਾਰ ਲੋਕਾਂ ਦੀ ਅਗਵਾਈ ਕੀਤੀ। ਉਨ੍ਹਾਂ ਉਤੇ ਬਾਹਰੀ ਪ੍ਰਭਾਵ ਵੀ ਪ੍ਰਤੱਖ ਸਨ। ਪਰ ਸਮੁੱਚੇ ਤੌਰ ਤੇ ਉਨ੍ਹਾਂ ਦੇ ਕੁਝ ਸਾਂਝੇ ਅਸੂਲ ਵੀ ਸਨ।

1- ਦੇਵੀ ਦੇਵਤਿਆਂ ਦੀ ਥਾਂ ਇਕ ਸਰਬ-ਸ਼ਕਤੀਮਾਨ ਪ੍ਰਭੂ ਵਿਚ ਵਿਸ਼ਵਾਸ ਰਖਣਾ ;

2- ਜਾਤਪਾਤ ਦੇ ਭਿੰਨ ਭੇਦ ਦਾ ਖਾਤਮਾ ;

3- ਬ੍ਰਾਹਮਣਵਾਦ ਅਤੇ ਪਰੋਹਿਤਵਾਦ ਦਾ ਖੰਡਨ ;

4- ਨਿਰਵਾਣ-ਪੱਦ ਦੀ ਪ੍ਰਾਪਤੀ।

ਇਹ ਲਹਿਰ ਕਿਸੇ ਤਰ੍ਹਾਂ ਵੀ ਰਾਜਸੀ ਨਹੀ ਸੀ। ਇਸ ਵਿਚ ਨਿਰਲੇਪਤਾ (ਮਾਇਆਵੀ ਸੰਸਾਰ ਪ੍ਰਤਿ) ਅਤੇ ਉਦਾਰਤਾ (ਜਾਤਪਾਤ ਵਲੋਂ) ਉਪਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ। ਇਸ ਲਹਿਰ ਨੇ ਅੱਗੋਂ ਦੋ ਰੂਪ ਧਾਰਨ ਕਰ ਲਏ:-

(ੳ) ਨਿਰਗੁਣ ਭਗਤੀ ਧਾਰਾ ਅਤੇ

(ਅ) ਸਰਗੁਣ ਭਗਤੀ ਧਾਰਾ।

ਨਿਰਗੁਣ ਭਗਤੀ ਲਹਿਰ ਦੇ ਸੰਚਾਲਕਾਂ ਨੇ ਭਾਰਤੀ ਅਦਵੈਤਵਾਦ ਅਤੇ ਮੁਸਲਿਮ ਇਕ-ਈਸ਼ਵਰਵਾਦ ਦੇ ਸੁਮੇਲ ਦਾ ਪ੍ਰਚਾਰ ਕੀਤਾ। ਸਰਗੁਣ ਲਹਿਰ ਨੇ ਅਵਤਾਰਾਂ ਨੂੰ ਪੂਜਾ ਦਾ ਕੇਂਦਰ ਮੰਨਿਆ। ਪਹਿਲੀ ਨੇ ਗਿਆਨ ਨੂੰ ਮੁੱਖ ਅਸਥਾਨ ਦਿੱਤਾ ਤਾਂ ਦੂਜੀ ਨੇ ਸ਼ਰਧਾ ਨੂੰ। ਪਹਿਲੀ ਨੇ ਵਿਰੋਧ ਦਾ ਪ੍ਰਚਾਰ ਕੀਤਾ ਤਾਂ ਦੂਜੀ ਨੇ ਸਮਝੌਤਾਵਾਦ ਦਾ। ਪਰ ਦੋਹਾਂ ਦਾ ਉਦੇਸ਼ ਇਕ ਹੀ ਸੀ- ਆਪਣੇ ਇਸ਼ਟ ਪ੍ਰਤਿ ਅਨਿੰਨ ਭਗਤੀ। ਹੁਣ ਅਸੀਂ ਦੁਹਾਂ ਦਾ ਵੱਖ ਵੱਖ ਵਰਣਨ ਕਰਾਂਗੇ।

(ੳ) ਨਿਰਗੁਣ ਭਗਤੀ ਲਹਿਰ

ਕੁਝ ਸੰਤਾਂ ਨੇ ਹਿੰਦੂ-ਮੁਸਲਿਮ ਵਿਚਾਰਾਂ ਅਤੇ ਵਿਸ਼ਵਾਸਾਂ ਵਿਚ ਤਾਲਮੇਲ ਅਤੇ ਏਕਤਾ ਪੈਦਾ ਕਰਨ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਨੇ ਦੋਹਾਂ ਧਰਮਾਂ ਦੇ ਸਾਂਝੇ ਵਿਚਾਰਾਂ ਨੂੰ ਇਕ ਥਾਂ ਲਿਆਂਦਾ।

113.

ਨਿਰਗੁਣ ਲਹਿਰ ਦਾ ਪ੍ਰਸਾਰ ਤੇਜੀ ਨਾਲ ਵਧਣ ਲਗਾ ਅਤੇ ਇਸਦੇ ਅਨੁਯਾਈਆਂ ਦੇ ਅੱਗੋਂ ਦੋ ਹਿੱਸੇ ਹੋ ਗਏ :-

1 - ਗਿਆਨ ਮਾਰਗੀ

2 - ਪ੍ਰੇਮ ਮਾਰਗੀ

1 - ਗਿਆਨ ਮਾਰਗੀ

ਗਿਆਨ ਮਾਰਗੀ ਪੰਥ ਦੇ ਪ੍ਰਵਰਤਕ ਜੈਦੇਵ, ਕਬੀਰ, ਗੁਰੂ ਨਾਨਕ, ਨਾਮਦੇਵ, ਦਾਦੂ, ਸੁੰਦਰ ਦਾਸ ਅਤੇ ਰਵਿਦਾਸ ਮੰਨੇ ਜਾਂਦੇ ਹਨ। ਇਨ੍ਹਾਂ ਦੇ ਬਹੁਤ ਸਾਰੇ ਚੇਲੇ ਹੋਏ ਜਿਨ੍ਹਾਂ ਨੇ ਇਸ ਲਹਿਰ ਦਾ ਪ੍ਰਚਾਰ ਕੀਤਾ। ਪਿਛੋਂ ਜਾ ਕੇ ਇਨ੍ਹਾਂ ਮਹਾਪੁਰਖਾਂ ਦੇ ਨਾਵਾਂ ਨਾਲ ਪੰਥ ਚਲ ਪਏ। ਜਿਵੇਂ ਕਬੀਰ ਪੰਥ, ਨਾਨਕ ਪੰਥ, ਦਾਦੂ ਪੰਥ ਆਦਿ। ਇਨ੍ਹਾਂ ਸੰਤਾਂ ਨੇ ਨਾਰੀ ਪ੍ਰਤਿ ਸੁਚੇਤ ਰਹਿ ਕੇ ਇੰਦਰੀਆਂ ਨੂੰ ਵਸ ਵਿਚ ਰਖਣ ਦਾ ਉਪਦੇਸ਼ ਦਿੱਤਾ। ਉਹ ਸਭ ਆਪ ਨਾਰੀ ਰੂਪ ਹੋ ਕੇ ਪ੍ਰਭੂ ਪਤੀ ਦੀ ਸੇਵਾ ਅਤੇ ਚਾਕਰੀ ਕਰਦੇ ਸਨ। ਉਹ ਮੰਨਦੇ ਸਨ ਕਿ ਮੁਕਤੀ ਦੀ ਪ੍ਰਾਪਤੀ ਨਾਰੀ ਗੁਣ ਧਾਰਨ ਕਰਨ ਨਾਲ ਹੀ ਸੰਭਵ ਹੈ। ਰਾਜਸੀ ਅਤੇ ਸਮਾਜਿਕ ਵਿਵਸਥਾ ਅਜੇਹੀ ਸੀ ਕਿ ਨਾਰੀ ਦਾ ਜੀਵਨ ਸੁਰਖਿਅਤ ਅਤੇ ਸਨਮਾਨਿਤ ਨਹੀਂ ਸੀ। ਹਿੰਦਰ ਇਸਤਰੀਆਂ ਕਾਰਨ ਯੁੱਧ ਹੋ ਜਾਂਦੇ ਸਨ ਅਤੇ ਜੇਤੂ ਰਾਜੇ ਹਾਰੇ ਹੋਏ ਰਾਜੇ ਦੀਆਂ ਰਾਣੀਆਂ ਚੁੱਕ ਕੇ ਲੈ ਜਾਂਦੇ ਸਨ। ਇਸ ਤਰ੍ਹਾਂ ਔਰਤ ਦੀ ਦੁਰਗਤੀ ਹੋ ਰਹੀ ਸੀ। ਸਮਾਜ ਵਿਚ ਭਰਿਸ਼ਟਾਚਾਰ ਅਤੇ ਆਚਰਨਹੀਣਤਾ ਵਧ ਰਹੀ ਸੀ। ਸੰਤਾਂ ਨੇ ਨਾਰੀ ਦੇ ਬਾਹਰੀ ਰੂਪ ਦੀ ਨਿੰਦਾ ਕਰਕੇ ਉਸ ਪ੍ਰਤਿ ਘਿਰਣਾ ਭਾਵ ਉਜਾਗਰ ਕੀਤੇ ਤਾਂ ਜੋ ਆਮ ਜਨਤਾ ਉੱਚ ਆਚਰਨ ਦੇ ਗੁਣ ਧਾਰਨ ਕਰੇ। ਨਾਰੀ ਅਨੈਤਿਕਤਾ ਦਾ ਕੇਂਦਰ ਮੰਨੀ ਜਾਂਦੀ ਸੀ। ਪਰ ਕੰਨਿਆਂ, ਪਤਨੀ ਜਾਂ ਜਨਨੀ ਰੂਪਾਂ ਵਿਚ ਉਹ ਸਨਮਾਨ, ਪਿਆਰ ਅਤੇ ਪ੍ਰਸ਼ੰਸਾ ਦੀ ਪਾਤਰ ਮੰਨੀ ਜਾਂਦੀ ਸੀ। ਇਥੋਂ ਤਕ ਕਿ ਉਹ ਸੰਤਨੀ ਵੀ ਬਣ ਸਕਦੀ ਸੀ। ਮਹਿਜੋਬਾਈ ਅਤੇ ਦਇਆਬਾਈ ਦੇ ਨਾਂ ਵਿਸ਼ੇਸ਼ ਸਨਮਾਨ ਨਾਲ ਲਏ ਜਾਂਦੇ ਹਨ। ਇਸਤਰੀ ਦੇ ਸੱਚੇ ਅਤੇ ਸੁੱਚੇ ਰੂਪ ਵਿਚ ਉਹ ਪਵਿਤਰ ਦੰਪਤੀ ਜੀਵਨ ਦਾ ਆਦਰਸ਼ ਪੇਸ਼ ਕਰਦੀ ਸੀ। ਜੋ ਨਿਰਛਲ ਪਿਆਰ ਦਾ ਪ੍ਰਤੀਕ ਹੈ। ਕੇਵਲ ਕਪਟੀ, ਲੋਭੀ, ਨੀਚ ਅਤੇ ਆਚਰਨਹੀਣ ਔਰਤਾਂ ਨੂੰ ਚਿਤਰਦੇ ਸਮੇਂ ਹੀ ਬੁਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਜੋ ਉਹ ਆਪਣੇ ਭੈੜੇ ਪ੍ਰਭਾਵ ਨਾਲ ਸਮੁੱਚੇ ਸਮਾਜਿਕ ਜੀਵਨ ਨੂੰ ਗੰਧਲਾ ਨਾ ਕਰ ਦੇਣ। ਪੰਜਾਬ ਵਿਚ ਭਗਤੀ ਲਹਿਰ ਨੂੰ ਸਿਖਰ ਤੇ ਪਹੁੰਚਾਉਣ ਵਾਲੇ ਗੁਰੂ ਨਾਨਕ ਦੇਵ ਜੀ ਸਨ। ਉਨ੍ਹਾਂ ਨੇ ਲੋਕਾਂ ਅੰਦਰ ਚੇਤਨਾ ਦੀ ਰੂਹ ਫੂਕ ਦਿੱਤੀ। ਲੋਕਾਂ ਨੂੰ ਹਾਕਮਾਂ ਦੁਆਰਾ ਕੀਤੇ ਜਾਂਦੇ ਅਨਿਆਵਾਂ ਵਿਰੁੱਧ ਸੁਚੇਤ ਕੀਤਾ। ਉਨ੍ਹਾਂ ਭਗਤੀ ਅੰਦੋਲਨ ਨੂੰ ਧਾਰਮਿਕ, ਸੰਪਰਦਾਇਕ

ਅਧਿਆਤਮਕ ਅਤੇ ਨਿਜੀ ਵਲਗਣ ਵਿਚੋਂ ਕੱਢ ਕੇ ਸਮਾਜਿਕ ਅਤੇ ਸਮੂਹਿਕ ਰੂਪ ਦਿੱਤਾ ਅਤੇ ਇਸਦੀ ਕਾਇਆ ਕਲਪ ਕਰ ਦਿੱਤੀ।

ਗੁਰੂ ਨਾਨਕ ਦੇਵ ਜੀ ਨੇ ਇਕ ਪਾਸੇ ਤਾਂ ਬਾਹਰੀ ਹਮਲਾਵਰਾਂ ਨੂੰ ਉਨ੍ਹਾਂ ਦੇ ਕੁਕਰਮਾਂ ਵਲੋਂ ਸੁਚੇਤ ਕੀਤਾ ਕਿ ਉਹ ਸ਼ੇਰ ਅਤੇ ਕੁੱਤੇ ਬਣ ਕੇ ਜਨਤਾ ਦਾ ਲਹੂ ਪੀ ਰਹੇ ਹਨ :-

" ਰਾਜੇ ਸੀਹ ਮੁਕਦਮ ਕੁੱਤੇ ॥
ਜਾਇ ਜਗਾਇਨਿ ਬੈਠੇ ਸੁਤੇ ॥ '[42]

ਅਤੇ

" ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥ "[43]

ਅਤੇ ਦੂਜੇ ਪਾਸੇ ਆਮ ਜਨਤਾ ਨੂੰ ਸੁਚੇਤ ਕੀਤਾ। ਸਾਰੇ ਲੋਭੀ ਤੇ ਨੀਚ ਹੋ ਕੇ ਪਰਾਇਆ ਹੱਕ ਖਾ ਰਹੇ ਸਨ। ਧਰਮ ਦੀ ਥਾਂ ਅਧਰਮ ਦੀ ਪ੍ਰਧਾਨਤਾ ਸੀ। ਥਾਂ ਥਾਂ ਦੰਗੇ-ਫਸਾਦ ਹੋ ਰਹੇ ਸਨ। ਸੋ ਆਪਸੀ ਸਹਿਣਸ਼ੀਲਤਾ ਦੀ ਲੋੜ ਸੀ। ਭਗਤੀ ਅੰਦੋਲਨ ਦੇ ਬਹੁਤੇ ਆਗੂ ਆਪ ਤਿਆਗੀ ਸਨ। ਪਰ ਗੁਰੂ ਨਾਨਕ ਨੇ ਗ੍ਰਿਹਸਥ ਵਿਚ ਰਹਿ ਕੇ ਪ੍ਰਭੂ ਨਾਲ ਪ੍ਰੇਮ ਕਰਨ ਦਾ ਸੰਦੇਸ਼ ਦਿੱਤਾ। ਸੰਸਾਰਕ ਮਾਇਆ ਵਿਚ ਰਹਿੰਦੇ ਹੋਏ ਕਮਲ ਫੁੱਲ ਵਾਂਗ ਨਿਰਲੇਪ ਰਹਿਣ ਦਾ ਆਦਰਸ਼ ਪ੍ਰਸਤੁਤ ਕੀਤਾ। ਉਨ੍ਹਾਂ ਨੇ ਤਿਆਗੀ, ਜੋਗੀ, ਸਿੱਧ ਅਤੇ ਸੰਨਿਆਸੀਆਂ ਦੇ ਜੀਵਨ ਨੂੰ ਮਾਰਗ ਭ੍ਰਿਸ਼ਟ ਕਹਿ ਕੇ ਨਿੰਦਿਆ। ਭਗਤੀ ਲਹਿਰ, ਜਾਤਪਾਤ, ਊਚਨੀਚ, ਮੂਰਤੀ ਪੂਜਾ, ਕਰਮ ਕਾਂਡ ਅਤੇ ਪੰਡਤਾਂ ਦੇ ਬਾਹਰੀ ਵਿਖਾਵਿਆਂ ਵਿਰੁੱਧ ਪ੍ਰਤਿਕਰਮ ਸੀ, ਇਸ ਲਈ ਇਸ ਲਹਿਰ ਦੇ ਮੋਢੀਆਂ ਨੇ ਸਦਾਚਾਰਕ ਜੀਵਨ ਰਾਹੀਂ ਨਿਸ਼ਕਾਮ ਸੇਵਾ, ਤਿਆਗ, ਸੱਚੇ ਗੁਰੂ ਦੀ ਖੋਜ, ਉਚ-ਆਚਰਨ ਆਦਿ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਸਿੱਧੀ ਸਾਦੀ ਭਾਸ਼ਾ ਵਿਚ ਵਿਚਾਰ ਵਟਾਂਦਰਾ ਕਰਕੇ ਆਮ ਲੋਕਾਂ ਨੂੰ ਪ੍ਰਭਾਵਿਤ ਕੀਤਾ। ਅਤੇ ਹਰਮਨ ਪਿਆਰੇ ਹੋਏ। ਉਨ੍ਹਾਂ ਨੇ ਲੋਕਾਂ ਵਿਚ ਰਹਿ ਕੇ ਲੋਕਾਂ ਨੂੰ ਸੇਧ ਦਿੱਤੀ। ਰਾਮਾਨੰਦ, ਕਬੀਰ, ਰਵਿਦਾਸ, ਪੀਪਾ, ਨਾਮਦੇਵ, ਉੱਘੇ ਭਗਤ ਹੋਏ ਹਨ। ਜਿਨ੍ਹਾਂ ਨੇ ਲੋਕਾਂ ਲਈ ਆਦਰਸ਼ ਪੇਸ਼ ਕੀਤੇ।

ਨਾਮਦੇਉ ਜੀ ਨੇ ਰਾਗ ਗੋਂਡ ਵਿਚ ਕਿਹਾ ਹੈ :-

" ਹਿੰਦੂ ਅੰਨ੍ਹਾ ਤੁਰਕੂ ਕਾਣਾ
ਦੁਹਾਂ ਤੇ ਗਿਆਨੀ ਸਿਆਣਾ ॥ '[44]

ਇਸ ਤੋਂ ਪਤਾ ਲੱਗਦਾ ਹੈ ਕਿ ਨਾਮਦੇਵ ਦੀ ਰਚਨਾ ਵਿਸ਼ਾਲ ਅਨੁਭਵ ਅਤੇ ਮਾਨਵ ਦ੍ਰਿਸ਼ਟੀਕੋਣ ਵਾਲੀ ਅਤੇ ਸਮਾਜਿਕ ਕੁਰੀਤੀਆਂ ਦੀ ਵਿਰੋਧੀ ਸੀ। ਉਨ੍ਹਾਂ ਨੇ ਤ੍ਰਿਲੋਚਨ, ਕਬੀਰ ਅਤੇ ਰਵਿਦਾਸ ਨੂੰ ਵੀ ਪ੍ਰਭਾਵਿਤ ਕੀਤਾ।

" ਨਾਮਾ ਮਾਇਆ ਮੋਹਿਆ ਕਹੈ ਤਿਲੋਚਨ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤ ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥"[45]

ਰਵਿਦਾਸ ਜੀ ਨੇ ਭਾਵੇਂ ਵਿਅੰਗਾਤਮਕ ਸ਼ੈਲੀ ਨਹੀਂ ਵਰਤੀ ਪਰ ਮਾਨਵਤਾ-ਪ੍ਰੇਮ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਸਪਸ਼ਟ ਝਲਕਦਾ ਹੈ।

" ਬ੍ਰਾਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥"[46]

ਭਗਤ ਧੰਨਾ ਜੀ ਸਿੱਧੀ ਸਾਦੀ ਭਾਸ਼ਾ ਵਿਚ ਆਮ ਵਿਅਕਤੀ ਦੀਆਂ ਲੋੜਾਂ ਚਿਤਰਦੇ ਹਨ:-

" ਗਊ ਭੈਸ ਮਗਉ ਲਾਵੇਰੀ ॥
ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥"[47]

ਪਰ ਬਹੁਤੇ ਭਗਤ ਰਾਜਸੀ ਜ਼ੁਲਮ ਵਲੋਂ ਉਪਰਾਮ ਹੀ ਰਹੇ। ਉਨ੍ਹਾਂ ਨੇ ਇਸ ਵਿਰੁੱਧ ਆਵਾਜ਼ ਨਹੀਂ ਉਠਾਈ। ਕਬੀਰ ਜੀ ਨੇ ਕਰਮਾਂ ਭਰਮਾਂ ਅਤੇ ਕੱਟੜਤਾ ਨੂੰ ਪਾਖੰਡ ਕਹਿ ਕੇ ਆਤਮ - ਚਿੰਤਨ ਰਾਹੀਂ ਅਸਲ ਜੋਗ ਦੀ ਪ੍ਰਾਪਤੀ ਦਸੀ। ਇਸਤਰੀ ਜਾਂ ਪੁਰਸ਼ ਸ਼ਰੀਰ ਦਾ ਕੋਈ ਅੰਤਰ ਨਹੀਂ। ਦੋਵੇਂ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਨ:-

" ਕਿਆ ਨਾਂਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥"[48]

ਜਾਤਪਾਤ ਅਤੇ ਲਿੰਗ ਭੇਦ ਨੂੰ ਤਿਆਗ ਕੇ ਸੱਚਾ ਹਿੰਦੂ ਬਣਨ ਦੀ ਪ੍ਰੇਰਨਾ ਦਿੱਤੀ ਹੈ। ਇਸਤਰੀ ਨੂੰ ਅਰਧ-ਸਰੀਰੀ ਕਹਿ ਕੇ ਵਡਿਆਇਆ ਹੈ :-

" ਸੁਨਤਿ ਕੀਜੈ ਮੋਮਨ ਹੋਈਐ ਔਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰ ਨ ਛੋਡਹਿ ਤਾ ਤੈ ਹਿੰਦੂ ਕਹੀਐ ॥"[49]

ਉਹ ਸਭ ਨੂੰ ਇਕ ਪ੍ਰਭੂ ਤੋਂ ਹੀ ਪੈਦਾ ਹੋਏ ਮੰਨਦੇ ਹਨ:-

" ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"[50]

ਗੁਰੂ ਅਮਰਦਾਸ ਜੀ ਨੇ ਜਾਤਪਾਤ ਦੇ ਆਪਸੀ ਵੈਰ ਵਿਰੋਧ ਨੂੰ ਖਤਮ ਕਰਨ ਦਾ ਉਪਦੇਸ਼ ਦਿੱਤਾ। ਕੇਵਲ ਉੱਚ ਕੁਲ ਵਿਚ ਜਨਮ ਲੈਣ ਨਾਲ ਹੀ ਮਹਾਨ ਨਹੀਂ ਸਕੀਦਾ ਚੰਗੇ ਕਰਮਾਂ ਤੇ ਹੀ ਨਿਬੇੜਾ ਹੋਣਾ ਹੈ:-

" ਜਾਤ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ ॥"[51]

ਉਦੋ ਸਮੁੱਚਾ ਸਮਾਜ ਹੀ ਰਸਾਤਲ ਵਲ ਜਾ ਰਿਹਾ ਸੀ। ਤਾਂ ਇਸਤਰੀ ਦੀ ਸਥਿਤੀ ਡਾਵਾਂਡੋਲ ਹੋਣੀ ਸੁਭਾਵਕ ਹੀ ਸੀ। ਮੁਸਲਮਾਨ ਸਮਾਜ ਉਤੇ ਹਾਵੀ ਸਨ ਜਿਸ ਕਾਰਨ ਹਿੰਦੂਆਂ ਦੀ ਦੁਰਦਸ਼ਾ ਹੋ ਰਹੀ ਸੀ। ਉਨ੍ਹਾਂ ਨੂੰ ਉਚੀਆਂ ਪਦਵੀਆਂ ਜਾਂ ਸਮਾਨ ਅਧਿਕਾਰ ਨਹੀਂ ਦਿੱਤੇ ਜਾਂਦੇ ਸਨ। 'ਹਰ ਖੇਤਰ ਵਿਚ ਹਿੰਦੂ ਸਮਾਜ ਨੂੰ ਅਪਮਾਨਿਤ ਕੀਤਾ ਜਾ ਰਿਹਾ ਸੀ। ਅਮੀਰ ਮੁਸਲਮਾਨ ਕਿਸੇ ਦੀ ਵੀ ਇਸਤਰੀ/ਪੁੱਤਰੀ/ਭੈਣ ਨੂੰ ਚੁਕਵਾ ਲੈਂਦੇ ਸਨ। ਇਥੋਂ ਤਕ ਕਿ ਹਿੰਦੂ ਸੇਵਕਾਂ ਦੀਆਂ ਜਵਾਨ ਪਤਨੀਆਂ ਨੂੰ ਵਿਆਹ ਵਾਲੀ ਰਾਤ ਵੀ ਜਗੀਰਦਾਰਾਂ ਦੇ ਘਰ ਹੀ ਰਖਿਆ ਜਾਂਦਾ ਸੀ।'[52]

ਇਨ੍ਹਾਂ ਜ਼ੁਲਮਾਂ ਵਿਰੁੱਧ ਕੋਈ ਨਹੀਂ ਬੋਲ ਸਕਦਾ ਸੀ। ਇਸੇ ਲਈ ਹਿੰਦੂਆਂ ਵਿਚ ਪਰਦਾ, ਬਾਲ ਵਿਆਹ - ਅਤੇ ਬੁੱਢੇ ਨਾਲ ਵਿਆਹ ਆਦਿ ਕੁਰੀਤੀਆਂ ਵਧ ਰਹੀਆਂ ਸਨ। ਗੁਰੂ ਜੀ ਨੇ ਅਜੇਹੇ ਕਾਮੀਆਂ ਅਤੇ ਲੋਭੀਆਂ ਨੂੰ ਚੰਗੇ ਗੁਣ ਧਾਰਨ ਕਰਨ ਦੀ ਸਿਖਿਆ ਦਿੱਤੀ।

" ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥"[53]

ਵਿਖਾਵੇ ਦੇ ਜੋਗੀਆਂ ਨੂੰ ਵੀ ਗੁਰੂ ਜੀ ਨੇ ਜ਼ੋਰਦਾਰ ਹਲੂਣਾ ਦਿੱਤਾ :-

" ਵਾਇਨਿ ਚੇਲੇ ਨਚਨਿ ਗੁਰ ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ਆਪੁ ਪਛਾੜਹਿ ਧਰਤੀ ਨਾਲਿ ॥"[54]

ਕਬੀਰ ਜੀ ਨੇ ਵੀ ਕਿਹਾ ਹੈ :-

" ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥"[55]

ਸਿਰਫ ਵਿਖਾਵੇ ਨਾਲ ਜੋਗੀ ਨਹੀ ਬਣ ਸਕੀਦਾ।

" ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥"[56]

ਪੰਡਿਤ ਪੋਥੀਆਂ ਪੜ੍ਹਦੇ ਹਨ ਪਰ ਉਨ੍ਹਾਂ ਉਤੇ ਵਿਚਾਰ ਕਰਕੇ ਅਮਲ ਨਹੀ ਕਰਦੇ।

* " ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥"[57]

ਸਾਰੇ ਸਮਾਜ ਦੇ ਕੋਹੜ ਦਾ ਸਮੁੱਚਾ ਚਿੱਤਰ ਖਿੱਚਦੇ ਹਨ :-

" ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥"[58]

ਜੀਵਨ ਵਿਚ ਚੰਗੇ ਗੁਣਾਂ ਰਾਹੀ ਜੀਵ ਨੂੰ ਸੁਧ ਕਰਨ ਦਾ ਸੁਝਾਓ ਦਿੱਤਾ ਹੈ :-

" ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤਾਂ ਪਾਡੇ ਘਤੁ ॥"[59]

ਨਕਲੀ ਆਰਤੀ ਦੀ ਥਾਂ ਸੱਚੀ ਆਰਤੀ ਦੀ ਹਦਾਇਤ ਕੀਤੀ ਹੈ :-

" ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥"[60]

ਇੰਞ ਅਸੀਂ ਵੇਖਦੇ ਹਾਂ ਕਿ ਭਗਤੀ ਅੰਦੋਲਨ ਦੇ ਆਗੂਆਂ ਨੇ ਯਥਾ - ਸ਼ਕਤੀ ਸਮਾਜਿਕ ਕੋਹੜ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ। ਧਾਰਮਿਕ ਅਤੇ ਰਾਜਸੀ ਜ਼ੁਲਮ ਵਿਰੁੱਧ ਆਵਾਜ਼ ਉਠਾਈ। ਇਸਤਰੀ ਨੂੰ ਨਿਮਨ ਸ਼੍ਰੇਣੀਆਂ ਦੇ ਬਰਾਬਰ ਮੰਨ ਕੇ ਉਸਨੂੰ ਕੇਵਲ ਕਾਮ-ਵਾਸ਼ਨਾ ਦੀ ਪੂਰਤੀ ਦਾ ਹੀ ਸਾਧਨ ਮੰਨਿਆ ਜਾਂਦਾ ਸੀ, ਭਗਤਾਂ ਨੇ ਉਸਦੀ ਸਥਿਤੀ ਨੂੰ ਚੰਗੇਰਾ ਬਣਾਉਣ ਦੇ ਯਤਨ ਕੀਤੇ। ਗੁਰੂ ਨਾਨਕ ਨੇ ਇਸ ਪੱਖੋਂ ਪਹਿਲ ਕੀਤੀ। ਉਨ੍ਹਾਂ ਨੇ ਇਸਤਰੀ ਬਾਰੇ ਸਪਸ਼ਟ ਸ਼ਬਦਾਂ ਵਿਚ ਕਿਹਾ:-

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥'[61]

ਗੁਰੂ ਨਾਨਕ ਨੇ ਹੀ ਪਹਿਲੀ ਵਾਰੀ ਇਸਤਰੀ ਨੂੰ ਤ੍ਰਿਸਕਾਰਯੋਗ ਸਥਿਤੀ ਵਿਚੋਂ ਕੱਢਣ ਵਲ ਧਿਆਨ ਦਿੱਤਾ ਅਤੇ ਬਾਕੀ ਆਗੂਆਂ ਦਾ ਧਿਆਨ ਵੀ ਇਸ ਪਾਸੇ ਆਕਰਸ਼ਿਤ ਅਤੇ ਕੇਂਦਰਤ ਕੀਤਾ।

2 - ਪ੍ਰੇਮ ਮਾਰਗੀ ਧਾਰਾ

ਇਸ ਧਾਰਾ ਦੇ ਮੁੱਖ ਪ੍ਰਵਰਤਕ ਸੂਫੀ ਹੀ ਮੰਨੇ ਜਾਂਦੇ ਹਨ। ਸੂਫੀ ਤੋਂ ਭਾਵ ਉਨ੍ਹਾਂ ਦੇ ਵਸਤਰ ਪਹਿਨਣ ਵਾਲੇ, ਆਪਣੇ ਆਪ ਨੂੰ ਪਵਿਤਰ ਕਰਨ ਵਾਲੇ, ਬਾਹਰੀ ਭੇਖਾਂ ਦੀ ਥਾਂ ਤ੍ਰਿਸ਼ਨਾਂ, ਕਾਮ, ਕ੍ਰੋਧ, ਆਦਿ ਮਨੋਵਿਕਾਰਾਂ ਦਾ ਨਾਸ਼ ਕਰਨ ਵਾਲੇ। ਸੂਫੀਮਤ ਦਾ ਵਿਕਾਸ ਅਠਵੀਂ ਸਦੀ ਈਸਵੀ ਤੋਂ ਲੈ ਕੇ ਪੰਦਰਵੀਂ ਸਦੀ ਦੇ ਵਿਚਲੇ ਸਮੇਂ ਵਿਚ ਇਸਲਾਮੀ ਦੇਸ਼ਾਂ ਵਿਚ ਹੋਇਆ। ਸੂਫੀਮਤ ਵਾਸਤਵ ਵਿਚ ਤਿਆਗਵਾਦੀ ਵਿਚਾਰਧਾਰਾ ਦਾ ਲਖਾਇਕ ਹੈ। ਜੀਵਨ ਦੁਖਾਂ ਦਾ ਘਰ ਹੈ, ਕੇਵਲ ਈਸ਼ਵਰ ਹੀ ਪੂਜਨਯੋਗ ਹੈ ਜੋ ਚੰਗੇ ਮੰਦੇ ਕਰਮਾਂ ਦਾ ਫਲ ਦੇਂਦਾ ਹੈ। ਮਨੁੱਖ ਦੀ ਰੂਹ ਇਸ ਪ੍ਰਭੂ ਦਾ ਹੀ ਸਰੂਪ ਹੈ ਜੋ ਉਸ ਨਾਲ ਅਭੇਦਤਾ ਲੋਚਦੀ ਰਹਿੰਦੀ ਹੈ। ਇਸ ਅਭੇਦਤਾ ਲਈ ਪਵਿਤਰ ਬ੍ਰਹਮਚਾਰੀ ਦਾ ਜੀਵਨ ਜਿਊਣ ਦੀ ਲੋੜ ਹੈ। "ਜੋ ਵਿਅਕਤੀ ਸੰਸਾਰ ਨੂੰ ਅਸਵੀਕਾਰ ਕਰ ਦੇਂਦਾ ਹੈ, ਉਹ ਸੰਸਾਰ ਦਾ ਸਭ ਤੋਂ ਸਮਝਦਾਰ ਵਿਅਕਤੀ ਹੈ।"[62] ਕਿਉਂਕਿ ਸੰਸਾਰ ਵਿਚ ਪੈ ਕੇ ਸਭ ਤਰ੍ਹਾਂ ਦੇ ਝਮੇਲੇ ਸਾਹਮਣੇ ਆਉਂਦੇ ਹਨ।

ਸੂਫੀ ਤਿਆਗੀ ਸਨ ਪਰ ਉਨ੍ਹਾਂ ਦੇ ਤਿਆਗ ਬਾਰੇ ਇਕ ਸਪਸ਼ਟੀਕਰਨ ਦੀ ਲੋੜ ਹੈ। ਉਹ ਵਿਆਹ ਕਰਵਾਉਂਦੇ ਸਨ। ਉਨ੍ਹਾਂ ਦੇ ਪਰਿਵਾਰ ਹੁੰਦੇ ਸਨ। ਬਾਬਾ ਫਰੀਦ ਦੀਆਂ ਕਈ ਪਤਨੀਆਂ ਅਤੇ ਵੱਡਾ ਪਰਿਵਾਰ ਸੀ।'[63] ਇਹ ਸੰਸਾਰ ਦਾ ਤਿਆਗ ਕਰਨ ਤੋਂ ਭਾਵ ਇਹ ਹੀ ਲੈਂਦੇ ਸਨ ਕਿ ਉਸਦੇ ਸੁਖਾਂ ਜਾਂ ਮੋਹ ਵਿਚ ਭਿੱਜਣਾ ਨਹੀਂ। ਪਰਿਵਾਰ ਲਈ ਧਨ ਨਹੀਂ ਕਮਾਉਣਾ ਸਗੋਂ ਜੋ ਕੁਝ ਵੀ ਚੜ੍ਹਾਵੇ ਵਿਚ ਮਿਲਦਾ, ਉਸੇ ਤੇ ਹੀ ਸਬਰ ਕਰਨਾ ਹੈ। ਦੁਨਿਆਵੀ ਜੀਵਨ ਵਿਚ

ਉਹ ਆਦਰਸ਼ ਨਾਰੀ ਨੂੰ ਪਤੀਵਰਤਾ ਰੂਪ ਵਿਚ ਚਿਤਰਦੇ ਸਨ। ਦੁਤੀਆ ਭਾਵ ਅਤੇ ਆਪਾ ਤਿਆਗ ਕੇ ਸਹਿਨਸ਼ੀਲਤਾ ਨਾਲ ਪਤੀ ਦੀ ਆਗਿਆ ਪਾਲਣੀ ਹੀ ਭਾਰਤੀ ਨਾਰੀ ਦਾ ਆਦਰਸ਼ ਅਤੇ ਪਰਮਗਤੀ ਦਾ ਮਾਰਗ ਸੀ।

ਇਬਨੁਲ ਅਰਬੀ ਅਨੁਸਾਰ ਤਾਂ 'ਈਸ਼ਵਰ ਨੂੰ ਇਸਤਰੀ ਰੂਪ ਮੰਨ ਕੇ ਉਸਦੀ ਆਰਾਧਨਾ ਕਰਨਾ ਹੀ ਸਰਵੋਤਮ ਕਾਰਜ ਹੈ।'[64] ਸੂਫੀਆਂ ਨੇ ਨਾਰੀ ਨੂੰ ਨਰਕ ਦਾ ਦੁਆਰ, ਤਪ ਵਿਚ ਰੋੜਾ ਜਾਂ ਕੂੜ ਦਾ ਪਸਾਰਾ ਨਹੀ ਮੰਨਿਆ। ਪ੍ਰੇਮੀ ਸਾਧਕ ਜੋ ਆਤਮਾ ਰੂਪ ਹੈ ਅਤੇ ਈਸ਼ਵਰ ਉਹ ਪ੍ਰੇਮਿਕਾ ਹੈ, ਗੈਬੀ ਸ਼ਕਤੀ ਹੈ, ਜਿਸਨੂੰ ਉਸਨੇ ਪ੍ਰਾਪਤ ਕਰਨਾ ਹੈ। ਈਜਾਦੀ ਸੂਫੀ (ਮੁੱਢਲੇ) ਅਤੇ ਅਦਵੈਤਵਾਦੀ ਸੂਫੀ ਰੱਬ ਨੂੰ ਪਤੀ, ਮਹੀਵਾਲ ਅਤੇ ਫਰਹਾਦ ਮੰਨਦੇ ਹਨ ਅਤੇ ਉਹ ਆਪ ਹੀਰ, ਸੋਹਣੀ ਅਤੇ ਸ਼ੀਰੀ ਹਨ ਜੋ ਦਾਸੀ ਦੀ ਤਰ੍ਹਾਂ ਉਸਦੀ ਸੇਵਾ ਅਤੇ ਚਾਕਰੀ ਵਿਚ ਹਜ਼ੂਰ ਹਨ।

ਪੰਜਾਬੀ ਦਾ ਮੁੱਢਲਾ ਸੂਫੀ ਸਾਹਿਤ ਫਰੀਦ ਦੇ ਨਾਂ ਹੇਠ ਦਰਜ ਆਦਿ ਗ੍ਰੰਥ ਵਿਚਲੀ ਬਾਣੀ ਹੈ ਜਿਸ ਤੋਂ ਅਸੀਂ ਉਦੋਂ ਦੇ ਸੂਫੀਆਂ ਦੇ ਵਿਚਾਰਾਂ ਬਾਰੇ ਕੁਝ ਗਿਆਨ ਹਾਸਿਲ ਕਰ ਸਕਦੇ ਹਾਂ। ਫਰੀਦ ਜੀ ਮੁੱਢਲੇ ਸੂਫੀ ਸਨ ਅਤੇ ਉਨ੍ਹਾਂ ਸੂਫੀ ਰੰਗ ਖੁਲ੍ਹ ਕੇ ਨਹੀ ਪ੍ਰਗਟਾਇਆ ਜੋ ਪਿਛੋਂ ਜਾ ਕੇ ਸ਼ਾਹ ਹੁਸੈਨ, ਸੁਲਤਾਨਬਾਹੂ ਅਤੇ ਬੁਲ੍ਹੇ ਸ਼ਾਹ ਵਿਚ ਆਇਆ।

ਫਰੀਦ ਜੀ ਨਿਮਰਤਾ ਅਤੇ ਹਲੀਮੀ ਦੁਆਰਾ ਪਤੀ - ਪ੍ਰਾਪਤੀ ਦਾ ਰਾਹ ਦਸਦੇ ਹਨ। ਇਕ ਇਸਤਰੀ ਇਹ ਗੁਣ ਧਾਰਨ ਕਰਕੇ ਹੀ ਪਤੀ ਦੁਆਰਾ ਸਵੀਕਾਰ ਕੀਤੀ ਜਾ ਸਕਦੀ ਹੈ।

" ਫਰੀਦਾ ਥੀਉ ਪਵਾਹੀ ਦਭੁ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ਤਾ ਸਾਈ ਦੈ ਦਰ ਵਾੜੀਅਹਿ ॥"[65]

ਪਤੀ ਵਿਹੂਣੀ - ਪਤਨੀ ਨੂੰ ਰਾਤ ਕੱਟਣੀ ਦੁਖਦਾਈ ਜਾਪਦੀ ਹੈ ਇਸੇ ਤਰ੍ਹਾਂ ਭਗਤਾਂ ਨੂੰ ਪ੍ਰਭੂ ਸਿਮਰਨ ਬਾਝੋਂ ਹਰ ਪਲ ਭਾਰਾ ਬੀਤਦਾ ਜਾਪਦਾ ਹੈ। ਬੇਮੁੱਖ ਵਿਅਕਤੀ ਛੁੱਟੜ ਨਿਆਂਈ ਹੈ ਜਿਸਦਾ ਸਾਰਾ ਜੀਵਨ ਹੀ ਸੂਲਾਂ ਦੀ ਸੇਜ ਤੇ ਬੀਤਦਾ ਹੈ।

" ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥"[66]

ਪਤਲੀ ਮੇਲ ਦੀ ਸੰਭਾਵਨਾ ਦਿਸੇ ਤਾਂ ਔਰਤ ਨੂੰ ਹਰ ਦੁਖ ਹੱਸ ਕੇ ਸਹਿੰਦੇ ਹੋਏ ਉਦਮ ਕਰਨਾ ਚਾਹੀਦਾ ਹੈ :-

" ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰਹ ਪਿਰੀ ਮਿਲੰਨਿ ॥"[67]

ਉਹ ਆਪੇ ਦੀ ਸੁਧ ਬੁਧ ਗੁਆ ਕਪੜੇ ਲੀਰਾਂ ਕਰਨ ਨੂੰ ਤਿਆਰ ਹਨ ਜੇਕਰ ਇਸ ਵੇਸ ਵਿਚ ਵਾਹਿਗੁਰੂ ਮਿਲਦਾ ਹੈ :-

" ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥" [68]

ਫਰੀਦ ਆਪ ਨਾਰੀ ਰੂਪ ਹੋ ਸਹੇਲੀਆਂ ਨੂੰ ਪੁਛਦੇ ਹਨ ਕਿ ਕਿਹੜੇ ਗੁਣ ਧਾਰਨ ਕਰਨ ਤੇ ਵਾਹਿਗੁਰੂ ਪਤੀ ਨਾਲ ਮਿਲਾਪ ਹੁੰਦਾ ਹੈ :-

" ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਤਾ ਵਸਿ ਆਵੈ ਕੰਤੁ ॥" [69]

ਅੱਲਾ ਇਕੋ ਪੁਰਖ ਹੈ ਅਤੇ ਸਭ ਭਗਤ ਉਸਦੀਆਂ ਛ ਇਸਤਰੀਆਂ ਹਨ। ਕੀ ਪਤਾ ਉਹ ਪਸੰਦ ਕਰੇਗਾ ਵੀ ਜਾਂ ਨਹੀਂ :-

" ਸਹੁ ਬਹੁਤੀਆਂ ਨਾਰੀ ਬਹੁ ਗੁਣਿਆਰੀ ॥
ਕਿਤ ਬਿਧ ਦਰਸ਼ਨ ਪਾਵਾਂ ॥" [70]

ਮੰਦੇ ਅਮਲ ਕਰਨ ਵਾਲੀ ਜੀਵ ਇਸਤਰੀ ਨੂੰ ਨਾ ਪੇਕੇ ਸੁਖ ਹੈ ਨਾ ਸਹੁਰੇ ਘਰ ਪਹਿਚਾਣ ਮਿਲਦੀ ਹੈ। ਉਸਨੂੰ ਤਾਂ ਸਜ਼ਾ ਹੀ ਮਿਲਨੀ ਹੈ:-

" ਫਰੀਦਾ ਵੇਖ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥" [71]

ਸੂਫੀਮਤ ਵਿਚ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਅਨਿਵਾਰੀਯ ਹੈ। ਮੁਸੀਬਤਾਂ ਤਾਂ ਉਸਦੇ ਬਖਸ਼ੇ ਤੋਹਫੇ ਹਨ ਜੋ ਉਹ ਆਪਣੇ ਪਿਆਰਿਆਂ ਨੂੰ ਦੇਂਦਾ ਹੈ। ਇਨ੍ਹਾਂ ਨੂੰ ਸੁਗਾਤਾਂ ਸਮਝਕੇ ਸਹਿਣਾ ਚਾਹੀਦਾ ਹੈ। ਸਦਾ ਉਸ ਮੌਤ ਨੂੰ ਯਾਦ ਰਖੋ ਜਿਸਨੇ ਅੰਤ ਵਿਚ ਇਸ ਜਿੰਦ ਨੂੰ ਵਿਆਹ ਕੇ ਲੈ ਜਾਣਾ ਹੈ। ਜੇਕਰ ਸੱਚੀ ਪ੍ਰੀਤ ਹੋਵੇ ਤਾਂ ਸਭ ਔਕੜਾਂ ਝਾਗ ਕੇ ਵੀ ਪਤੀ ਨਾਲ ਮਿਲਾਪ ਹੋ ਜਾਂਦਾ ਹੈ :-

" ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥" [72]

ਫਰੀਦ ਪਿਛੋਂ ਸ਼ਾਹ ਹੁਸੈਨ ਨੇ ਸੂਫੀ ਰੰਗਣ ਦੀ ਕਵਿਤਾ ਲਿਖੀ ਜਿਸ ਵਿਚ ਉਹ ਕੁਝ ਨਿਸੰਗ ਗੱਲ ਕਹਿ ਜਾਂਦਾ ਹੈ :-

" ਰੱਬਾ ਓ ! ਮੇਰੇ ਅਉਗੁਣ ਚਿੱਤ ਨਾ ਧਰੀਂ ॥
ਔਗੁਣਆਰੀ ਕੋ ਗੁਣ ਨਾਹੀਂ ॥
ਤੂੰ ਤੂੰ ਐਬ ਭਰੀਂ ॥ "[73]

ਆਪਣੇ ਆਪ ਨੂੰ ਉਸ ਪ੍ਰਭੂ ਦੇ ਦਰ ਦੀ ਨਿਮਾਣੀ ਕੁੱਤੀ ਕਹਿੰਦਾ ਹੈ :-

" ਕਹੈ ਹੁਸੈਨ ਫ਼ਕੀਰ ਸਾਂਈਂ ਦਾ
ਦਰ ਤੇਰੇ ਦੀ ਮੈਂ ਕੁੱਤੀ ਆਂ ॥"[74]

ਫਰੀਦ ਪੰਜੇ ਵਕਤ ਨਿਮਾਜ਼ ਪੜ੍ਹਨ ਵਿਚ ਵਿਸ਼ਵਾਸ ਰਖਦਾ ਹੈ ਪਰ ਸ਼ਾਹ ਹੁਸੈਨ ਨਹੀਂ। ਉਹ ਤਾਂ ਰਾਂਝੇ ਨਾਲ ਇਕ ਮਿਕ ਹੋ ਚੁੱਕੀ ਰੂਹ ਹੈ ਜੋ ਸ਼ਰੀਅਤ ਦੇ ਬੰਧਨਾਂ ਤੋਂ ਆਜ਼ਾਦ ਹੈ :-

" ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੇ
ਹੀਰ ਨਾ ਆਖੋ ਕੋਈ॥"[75]

ਇਹ ਅਭੇਦਤਾ ਦੀ ਅਵਸਥਾ ਦੋ ਰੂਹਾਂ ਦੇ ਉੱਤਮ ਪ੍ਰੇਮ ਨੂੰ ਰੂਪਮਾਨ ਕਰਦੀ ਹੈ। ਜੀਵਨ ਵਿਚ ਇਸਦਾ ਪ੍ਰਮਾਣ ਮਿਲਦਾ ਹੋਵੇਗਾ। ਕੰਨਿਆਂ ਨੂੰ ਦਾਜ ਦੇਣ ਦਾ ਰਿਵਾਜ ਹੋਵੇਗਾ। ਸ਼ਾਹ ਹੁਸੈਨ ਆਪਣੇ ਅਨੁਭਵ ਅਤੇ ਕਿੱਤੇ ਅਨੁਸਾਰ ਕੰਨਿਆ ਨੂੰ ਅਗਲੇ ਘਰ ਲੈ ਜਾਣ ਲਈ ਦਾਜ ਤਿਆਰ ਕਰਨ ਦਾ ਉਪਦੇਸ਼ ਦੇਂਦਾ ਹੈ:-

" ਪੇਈਅੜੈ ਦਿਨਿ ਚਾਰ ਦਿਹਾੜੇ
ਹਰਿ ਵਲਿ ਝਾਤੀ ਘਤਿ ਲੈ ॥
ਬਾਬਲਿ ਦੇ ਘਰਿ ਦਾਜ ਵਿਹੂੰਣ
ਦੜਿ ਬੜਿ ਪੂਣੀ ਕਤਿ ਲੈ ॥ "[76]

ਨਾਮ ਸਿਮਰਨ ਦੇ ਦਾਜ ਦੀ ਲੋੜ ਹੈ ਜੋ ਸਾਧ ਸੰਗਤ ਰੂਪੀ ਤ੍ਰਿੰਜਣ ਵਿਚ ਕੱਤ ਕੇ ਤਿਆਰ ਕਰਨਾ ਹੈ ।-

ਇਸ ਤਰ੍ਹਾਂ ਸੰਕੇਤਕ ਭਾਸ਼ਾ ਵਿਚ ਕੰਨਿਆ ਨੂੰ ਦਾਜ ਦੇਣ ਦਾ ਉਲੇਖ ਮਿਲਦਾ ਹੈ।

ਇਸਤਰੀ ਦਾ ਮੁੱਖ ਸਥਾਨ ਘਰ ਦੀ ਚਾਰਦੀਵਾਰੀ ਅੰਦਰ ਹੀ ਹੁੰਦਾ ਹੋਵੇਗਾ ਕਿਉਂਕਿ ਪਰਦੇ ਦਾ ਬਹੁਤ ਰਿਵਾਜ ਸੀ। ਵਰ ਚੋਣ ਦੀ ਸੁਤੰਤਰਤਾ ਦੀ ਸੰਭਾਵਨਾ ਨਾ ਹੋਣ ਦੇ ਬਰਾਬਰ ਹੀ ਸੀ। ਭੈੜੀਆਂ ਇਸਤਰੀਆਂ ਦੀ ਨਿੰਦਾ ਵੀ ਕੀਤੀ ਗਈ ਹੈ ਜਿਸ ਤੋਂ ਵਿਭਚਾਰਨਾਂ ਅਤੇ ਜਾਦੂ ਟੂਣੇ ਕਰਨ ਵਾਲੀਆਂ ਦੇ ਸੰਕੇਤ ਮਿਲਦੇ ਹਨ।

(ਅ) ਸਰਗੁਣ ਭਗਤੀ ਲਹਿਰ

ਇਸਦੇ ਪੈਰੋਕਾਰ ਅਵਤਾਰਵਾਦ ਵਿਚ ਵਿਸ਼ਵਾਸ ਰਖਦੇ ਸਨ। ਉਸ ਅਵਤਾਰ ਵਿਚ ਹੀ ਪ੍ਰਭੂ ਦੇ ਰੂਪ ਦੀ ਹੋਂਦ ਮੰਨੀ ਜਾਂਦੀ ਸੀ। ਇਸ ਦੀਆਂ ਅੱਗੇ ਦੋ ਧਾਰਾਵਾਂ ਹੋ ਗਈਆਂ :-

(1) ਰਾਮ ਭਗਤੀ

(II) ਕ੍ਰਿਸ਼ਨ ਭਗਤੀ

(1) ਰਾਮ ਭਗਤੀ ਦੇ ਮੁੱਖ ਪ੍ਰਵਰਤਕ ਤੁਲਸੀਦਾਸ ਜੀ ਨੂੰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਰਾਮ ਚਰਿਤ ਮਾਨਸ ਵਿਚ ਰਾਮ ਦਾ ਰੱਬ ਰੂਪ ਵਿਚ ਜੋ ਵਰਣਨ ਕੀਤਾ ਹੈ, ਉਹ ਹੀ ਇਸ ਧਾਰਾ ਦੇ ਸੰਤ ਕਵੀਆਂ ਲਈ ਪ੍ਰੇਰਨਾ ਸ੍ਰੋਤ ਹੋਇਆ। ਰਾਮ ਚਰਿਤ ਮਾਨਸ ਦੀਆਂ ਚੌਪਾਈਆਂ ਗਾ ਕੇ ਰਾਮ ਦੀ ਮਹਿਮਾ ਕਰਨੀ, ਇਨ੍ਹਾਂ ਦੀ ਸਾਧਨਾ ਦਾ ਢੰਗ ਸੀ। ਇਸ ਸਮੇਂ ਵਿਚ ਨਾਰੀ ਦੇ ਜੀਵਨ ਉੱਤੇ ਬਹੁਤ ਰੋਕਾਂ ਸਨ। ਸੀਤਾ ਦੇ ਰੂਪ ਵਿਚ ਆਦਰਸ਼ ਨਾਰੀ ਚਰਿਤਰ ਪੇਸ਼ ਕੀਤਾ ਗਿਆ ਹੈ ਪਰ ਇਸਤਰੀ ਪ੍ਰਤਿ ਹੀਣ ਵਿਚਾਰਾਂ ਦੀ ਵੀ ਕਮੀ ਨਹੀ ਸੀ ਭਾਵੇਂ ਉਹ ਵਿਸ਼ੇਸ਼ ਪਾਤਰਾਂ ਅਤੇ ਵਿਸ਼ੇਸ਼ ਘਟਨਾ ਦੇ ਸੰਦਰਭ ਵਿਚ ਹੀ ਦਿੱਤੇ ਗਏ ਸਨ। ਔਰਤਾਂ ਦੀ ਆਪਸੀ ਈਰਖਾ ਅਤੇ ਦਵੈਸ਼ ਕਾਰਨ ਖਾਨਦਾਨ ਤਬਾਹ ਹੋ ਜਾਇਆ ਕਰਦੇ ਸਨ ਅਤੇ ਤ੍ਰਿਆਹੱਠ ਅੱਗੇ ਰਾਜੇ ਮਹਾਰਾਜੇ ਤਕ ਝੁਕ ਜਾਂਦੇ ਸਨ। ਲਛਮਣ ਅਤੇ ਭਰਤ ਦੇ ਰੂਪ ਵਿਚ ਆਦਰਸ਼ ਭਰਾਵਾਂ ਦਾ ਵਰਣਨ ਹੈ ਤਾਂ ਕੁਸ਼ਲਿਆ ਅਤੇ ਸੁਮਿਤਰਾ ਦੇ ਚਰਿਤਰ ਮਾਤਾ ਆਦਰਸ਼ ਮਾਤਾ ਦੇ ਪੱਖ ਨੂੰ ਉਜਾਗਰ ਕਰਦੇ ਹਨ।

(2) ਕ੍ਰਿਸ਼ਨ ਭਗਤੀ ਦੇ ਮੁੱਖ ਸੰਤ ਸੂਰਦਾਸ ਅਤੇ ਮੀਰਾਂਬਾਈ ਮੰਨੇ ਜਾਂਦੇ ਹਨ। ਇਨ੍ਹਾਂ ਦੇ ਪਦਾਂ ਵਿਚ ਜੋ ਪਿਆਰ ਅਤੇ ਸਮਰਪਣ ਭਾਵ ਝਲਕਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਬਿਰਹਾ ਦਾ ਰੰਗ ਸੂਰਦਾਸ ਨਾਲੋਂ ਮੀਰਾਂਬਾਈ ਦੇ ਪਦਾਂ ਵਿਚ ਕਿਤੇ ਜ਼ਿਆਦਾ ਹੈ ਕਿਉਂਕਿ ਔਰਤ ਹੋਣ ਕਾਰਨ ਇਕ ਔਰਤ ਦੇ ਮਨੋਭਾਵਾਂ ਨੂੰ ਉਹ ਯਥਾਰਥਕ ਰੂਪ ਵਿਚ ਚਿਤਰ ਸਕੀ ਹੈ। ਮੀਰਾਂਬਾਈ ਦੀ ਅਨਿੰਨ ਭਗਤੀ ਵਿਚ ਉਹ ਸ਼ਕਤੀ ਹੈ ਜੋ ਪ੍ਰਭੂ ਨੂੰ ਆਪਣੇ ਵਲ ਖਿਚਣ ਦੀ ਸਮੱਰਥਾ ਰਖਦੀ ਹੈ। ਇਸ ਤੋਂ ਦਲੇਰ ਇਸਤਰੀਆਂ ਦੁਆਰਾ ਸੁਤੰਤਰਤਾ ਮਾਣਨ ਦੀ ਪੁਸ਼ਟੀ ਹੁੰਦੀ ਹੈ। ਆਮ ਇਸਤਰੀਆਂ ਤਾਂ ਪੁਰਸ਼ਾਂ ਦੇ ਅਧੀਨ ਆਗਿਆਕਾਰੀ ਪੁੱਤਰੀ/ਭੈਣ/ਪਤਨੀ ਦਾ ਜੀਵਨ ਹੀ ਬਤੀਤ ਕਰਦੀਆਂ ਸਨ।

*****

ਟਿੱਪਣੀਆਂ

1. Dr. L.M. Joshi — Essays in Honour of Dr. Ganda Singh P-45 Punjabi Uni. Patiala [illegible]

2- ਨਰਿੰਦਰ ਧੀਰ : ਨਾਥ ਜੋਗੀਆਂ ਦਾ ਸਾਹਿਤ - ਪੰਜਾਬੀ ਸਾਹਿਤ ਦਾ ਇਤਿਹਾਸ - ਭਾਗ ਪਹਿਲਾ ਪੰਨਾ 61 - 1971 ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

3 - Dr. L.M. Joshi, op. cit. P. 45

4 - ਡਾ. ਰਾਮ ਕੁਮਾਰ ਵਰਮਾ : ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ - ਪੰਨਾ 51

5 - ਡਾ. ਵਲਭ ਦਾਸ ਤਿਵਾੜੀ : ਹਿੰਦੀ ਕਾਵਯ ਮੇ ਨਾਰੀ ਪੰਨਾ 168

6 - ਡਾ. ਕਰਤਾਰ ਸਿੰਘ ਸੂਰੀ : ਗੁਰੂ ਅਰਜਨ ਤੇ ਸੰਤ ਦਾਦੂ ਦਿਆਲ ਪੰਨਾ 14

7 - ਡਾ. ਧਰਮਵੀਰ ਭਾਰਤੀ : ਸਿੱਧ ਸਾਹਿਤਯ ਪੰਨਾ 271 - 76

8 - ਸ੍ਰੀ ਸੰਪੂਟ : ਸਿੱਧ ਸਾਹਿਤਯ ਪੰਨਾ 246 - 52 ; 271 - 77

9 - — ? — [illegible] P.9

10 - ਸ੍ਰੀ ਬਾਗਚੀ, ਦੋਹਾ ਕੋਸ਼, ਦੋਹਾ (ਪੰਨਾ) 15, ਪੰਨਾ 52

11 - _____ਓਹੀ _________ ਦੋਹਾ 11 ਪੰਨਾ 67

12 - ਪ੍ਰੋ. ਪਰਸ਼ੂਰਾਮ ਚਤੁਰਵੇਦੀ : ਉਤਰੀ ਭਾਰਤ ਕੀ ਸੰਤ ਪਰੰਪਰਾ ਪੰਨਾ 57

13 - ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ: ਨਾਥ ਸੰਪਰਦਾਇ ਪੰਨਾ 2- 3

14 - ਡਾ. ਵਲਭ ਦਾਸ ਤਿਵਾੜੀ : ਹਿੰਦੀ ਕਾਵਯ ਮੇ ਨਾਰੀ ਪੰਨਾ 173- 74

15 - ਸ੍ਰੀ ਪੀਤਾਂਬਰ ਦੱਤ ਬੜਥਵਾਲ : ਗੋਰਖਬਾਣੀ

16 - _________ਓਹੀ _________ਪੰਨਾ 56 ਸ਼ਬਦੀ 102

17 - ________ ਓਹੀ _________ ਪੰਨਾ 119 ਪਦ 3

18 - _______ ਓਹੀ __________ ਪੰਨਾ 147 ਪਦ 43

19 - _______ ਓਹੀ __________ ਪੰਨਾ 149 ਪਦ 48

20 - _______ ਓਹੀ __________ ਪੰਨਾ 209-210

21 - _______ ਓਹੀ __________ ਪੰਨਾ 147 ਪਦ 43

22 - _______ ਓਹੀ __________ ਪੰਨਾ 93 ਸ਼ਬਦੀ 210

23 - _______ ਓਹੀ __________ ਪੰਨਾ 106 ਸ਼ਬਦੀ 251

24 - _______ ਓਹੀ __________ ਪੰਨਾ 105 ਸਬਦੀ 250

25 - _______ ਓਹੀ __________ ਪੰਨਾ 153 ਪਦ 55

26 - ਡਾ.ਪ੍ਰਭਾਕਰ ਮਾਚਵੇ : ਹਿੰਦੀ ਔਰ ਮਰਠੀ ਕਾ ਨਿਰਗੁਣ ਸੰਤ ਕਾਵਯ ਪੰਨਾ 226

27 - ਕਿਰਪਾਲ ਸਿੰਘ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ ਪੰਨਾ 25-26

28 - ਪੀਤਾਂਬਰ ਦੱਤ ਬੜਥਵਾਲ : ਗੋਰਖਬਾਣੀ ਪੰਨਾ 93 ਸਬਦੀ 209

29 - _______ ਓਹੀ _______ ਪੰਨਾ 86 ਸਬਦੀ 190

30 _______ ਓਹੀ _______ ਪੰਨਾ 100 ਸਬਦੀ 231

31 - _______ ਓਹੀ _______ ਪੰਨਾ 149 ਪਦ 48

32 - _______ ਓਹੀ _______ ਪੰਨਾ 148 ਪਦ 45

33 - _______ ਓਹੀ _______ ਪੰਨਾ 103 ਸਬਦੀ 242

34 - _______ ਓਹੀ _______ ਪੰਨਾ 111 ਸਬਦੀ 272

35 - _______ ਓਹੀ _______ ਪੰਨਾ 130 ਪਦ 16

36 - _______ ਓਹੀ _______ ਪੰਨਾ 127 ਪਦ 12

37 - ਡਾ. [illegible] 54

38 - ਡਾ. ਰਾਂਗੇਯ ਰਾਘਵ : ਗੋਰਖਨਾਥ ਔਰ ਉਨਕਾ ਯੁੱਗ ਪੰਨਾ 111

39 - _____ਓਹੀ______ ਪੰਨਾ 111

40 - ਡਾ.ਮਨਮੋਹਨ ਸਿੰਘ : ਗੁਰੂ ਨਾਨਕ ਅਤੇ ਭਗਤੀ ਅੰਦੋਲਨ ਭੂਮਿਕਾ XIV

41 - ਡਾ. ਕਰਤਾਰ ਸਿੰਘ ਸੂਰੀ : ਗੁਰੂ ਅਰਜਨ ਦੇਵ ਅਤੇ ਸੰਤ ਦਾਦੂ ਦਿਆਲ
(ਇਕ ਤੁਲਨਾਤਮਕ ਅਧਿਐਨ) ਪੰਨਾ 30 - 31

42 - ਆਦਿ ਗ੍ਰੰਥ ਮਲਾਰ ਕੀ ਵਾਰ, ਸਲੋਕ ਮਹਲਾ ਪਹਿਲਾ ਪੰਨਾ 1288

43 - _____ਓਹੀ__________ ਸਾਰੰਗ ਕੀ ਵਾਰ ਸਲੋਕ ਮਹਲਾ ਪਹਿਲਾ ਪੰਨਾ 1242

44 - _____ਓਹੀ _________ ਰਾਗ ਗੋਂਡ ਬਾਣੀ ਨਾਮਦੇਉ ਜੀਉ ਕੀ ਪੰਨਾ 875

45 - _____ਓਹੀ _________ ~~ਸਲੋਕ~~ ਸਲੋਕ ਭਗਤ ਕਬੀਰ ਜੀਉ ਕੇ ਨੰਬਰ 212 -13
ਪੰਨਾ 1376

46 - _______ਓਹੀ_______ ਬਿਲਾਵਲ ਬਾਣੀ ਰਵਿਦਾਸ ਭਗਤ ਦੀ ਪੰਨਾ 858

47 - ______ਓਹੀ ________ ਧਨਾਸਰੀ ਬਾਣੀ ਭਗਤਾਂ ਕੀ ਪੰਨਾ, ਪੰਨਾ 695

48 - ______ਓਹੀ _________

49 - ______ਓਹੀ _________

50 - ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ ਪੰਨਾ 1349

51 - ______ਓਹੀ __________ਚਉਪਦੇ ਮਹਲਾ ਤੀਜਾ ਪੰਨਾ 1128

52 - ਡਾ.ਮਨਮੋਹਨ ਸਹਿਗਲ : ਗੁਰੂ ਗ੍ਰੰਥ ਸਾਹਿਬ : ਏਕ ਸਾਂਸਕ੍ਰਿਤਿਕ ਅਧਿਐਨ
ਪੰਨਾ 12

53 - ਆਦਿ ਗ੍ਰੰਥ ਪੰਨਾ 6

54 - ____ਓਹੀ ______ ਰਾਗ ਆਸਾ ਮਹਲਾ ਪਹਿਲਾ ਪੰਨਾ 465

55 - ਸਲੋਕ ਭਗਤ ਕਬੀਰ ਜੀਉ ਕੇ ਸਲੋਕ 33 ਪੰਨਾ 1366

56 - ਆਦਿ ਗ੍ਰੰਥ - ਸੂਹੀ ਮਹਲਾ ਪਹਿਲਾ ਪੰਨਾ 730

57 - _____ਓਹੀ ________ ਸਿਰੀ ਰਾਗ ਮਹਲਾ ਪਹਿਲਾ ਪੰਨਾ

58 - _____ਓਹੀ ________ਆਸਾ ਮਹਲਾ ਪਹਿਲਾ ਪੰਨਾ 468

59 - ______ਓਹੀ _______ ਆਸਾ ਮਹਲਾ ਪਹਿਲਾ ਪੰਨਾ 471

60 - ______ਓਹੀ ________ ਧਨਾਸਰੀ ਮਹਲਾ ਪਹਿਲਾ ਪੰਨਾ 663

61 - ______ਓਹੀ ________ ਆਸਾ ਦੀ ਵਾਰ ਮਹਲਾ ਪਹਿਲਾ ਪੰਨਾ 472

62- ______ਓਹੀ ________ ਸ਼ੇਖ ਫਰੀਦ ਸਲੋਕ ਨੰਬਰ 90 ਪੰਨਾ 1384

63 - ਡਾ. ਸਾਧੂ ਰਾਮ ਸ਼ਾਰਦਾ : ਸੂਫੀਮਤ ਅਤੇ ਪੰਜਾਬੀ ਸੂਫੀ ਸਾਹਿਤ ਪੰਨਾ 147- 48

64 - ਨਿਕਲਸਨ : ਸਟਡੀਜ਼ ਇਨ ਇਸਲਾਮਿਕ ਮਿਸਟੀਸਿਜ਼ਮ ਪੰਨਾ 161

65 ,66,67, 68 ਤੇ 69 ਆਦਿ ਗ੍ਰੰਥ ਸਾਹਿਬ - ਸ਼ਲੋਕ ਸ਼ੇਖ ਫਰੀਦ ਕੇ ਪੰਨਾ 1384

70 - — " — ਸੂਫੀਆਂ ਦਾ ਕਲਾਮ ਪੰਨਾ 3

71 - 72 ਆਦਿ ਗ੍ਰੰਥ ਸਾਹਿਬ : ਸਲੋਕ ਸ਼ੇਖ ਫਰੀਦ ਪੰਨਾ 1384

73 - ਡਾ.ਮੋਹਨ ਸਿੰਘ : ਸ਼ਾਹ ਹੁਸੈਨ ਪੰਨਾ 95

74 - ____ਓਹੀ ______ ਪੰਨਾ 100

75 - ____ਓਹੀ _______ ਪੰਨਾ 206

76 - ____ਓਹੀ ______ ਪੰਨਾ 107

ਅਧਿਆਇ ਪੰਜਵਾਂ

ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ

ੳ- ਵਿਅਕਤੀਗਤ ਸਰੂਪ

ਮਹਾਨ ਵਿਅਕਤੀ ਸਮੇਂ ਅਤੇ ਸਥਾਨ ਦੀ ਕੈਦ ਤੋਂ ਮੁਕਤ ਹੋ ਕੇ ਅਜੇਹੀ ਰਚਨਾ ਕਰਦੇ ਹਨ ਕਿ ਉਨ੍ਹਾਂ ਦਾ ਅਮਿੱਟ ਪ੍ਰਭਾਵ ਯੁਗਾਂ ਤਕ ਮਨੁੱਖੀ ਜੀਵਨ ਉਤੇ ਪੈਂਦਾ ਰਹਿੰਦਾ ਹੈ। ਆਦਿ ਗ੍ਰੰਥ ਵੀ ਮਹਾਨ ਗੁਰੂ ਵਿਅਕਤੀਆਂ, ਭਗਤਾਂ ਅਤੇ ਸੰਤਾਂ ਦੀ ਬਾਣੀ ਦਾ ਸੰਗ੍ਰਹਿ ਹੈ ਜਿਸ ਵਿਚ ਨਾ ਸਿਰਫ ਸਮਕਾਲੀਨ ਸਮਾਜ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਸੀ ਪ੍ਰਵਿਰਤੀਆਂ ਦਾ ਹੀ ਵਰਣਨ ਹੈ ਸਗੋਂ ਮਨੁੱਖ ਦੀ ਮਾਨਸਿਕ - ਸਥਿਤੀਆਂ ਮਨੋ - ਬਿਰਤੀਆਂ ਅਤੇ ਰੁਝਾਨਾਂ ਦੇ ਸੂਖਮ ਚਿੱਤਰ ਅਤੇ ਉਨ੍ਹਾਂ ਦੇ ਸੁਝਾਓ ਹਲ ਦਸ ਕੇ ਪਖ ਪ੍ਰਦਰਸ਼ਨ ਕੀਤਾ ਗਿਆ ਹੈ।

ਆਦਿ ਗ੍ਰੰਥ ਕੇਵਲ ਸਿੱਖਾਂ ਦੀ ਹੀ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਲਈ ਇਕ ਅਦੁਤੀ ਦੇਣ ਹੈ। ਇਸ ਵਿਚ ਬਾਬਾ ਫਰੀਦ ਦੇ ਜਨਮ ਤੋਂ ਲੈ ਕੇ ਪੰਜਵੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤਕ ਦੇ ਭਾਰਤੀ ਜੀਵਨ ਦੇ ਲਗਭਗ ਸਾਰੇ ਖੇਤਰਾਂ ਦਾ ਸੰਖੇਪ ਪਰ ਸੰਕੇਤਕ ਚਿਤ੍ਰਣ ਕੀਤਾ ਗਿਆ ਹੈ। ਇਸ ਵਿਚ ਗੁਰੂਆਂ, ਭਗਤਾਂ, ਸੰਤਾਂ, ਦਰਵੇਸ਼ਾਂ, ਭੱਟਾਂ, ਡੂਮਾਂ, ਮਰਦਾਨਾ, ਬਾਬਾ ਸੁੰਦਰ ਅਤੇ ਹੋਰ ਪ੍ਰਸਿੱਧ ਸ਼ਖਸੀਅਤਾਂ ਦੇ ਆਤਮ ਬਚਨਾਂ ਦਾ ਕਾਵਿਕ ਇਤਿਹਾਸ ਦਰਜ ਹੈ। 'ਇਹ ਸਾਰੇ ਕਵੀ ਆਤਮ ਮਾਰਗ ਦੇ ਅਭਿਲਾਸ਼ੀ ਹੁੰਦੇ ਹੋਏ ਵੀ ਗ੍ਰਿਹਸਥੀ ਸਨ। ਉਹ ਸਮਾਜ ਨਾਲ ਮੋਢਾ ਜੋੜ ਕੇ ਤੁਰਦੇ ਸਨ। ਸਮਾਜ ਪ੍ਰਤਿ ਉਨ੍ਹਾਂ ਦਾ ਅਨੁਭਵ ਬੜਾ ਸੂਖਮ, ਦਾਰਸ਼ਨਿਕ ਕਿਧਰੇ ਕਿਧਰੇ ਭਾਵੁਕ ਪਰ ਸੀਮਾ ਰਹਿਤ ਵਿਆਪਕ ਸੀ।'[1] 'ਆਦਿ ਗ੍ਰੰਥ ਪਹਿਲਾਂ ਭਾਰਤੀ ਰਾਸ਼ਟਰੀ ਗ੍ਰੰਥ ਹੈ ਜਿਸਨੇ ਕਰਮ, ਗਿਆਨ, ਯੋਗ ਅਤੇ ਭਗਤੀ ਦੇ ਪ੍ਰਚਲਿਤ ਵਖੇਵਿਆਂ ਨੂੰ ਨਿਖੇੜ ਕੇ ਮੁਕਤੀ ਲਈ ਸਹੀ ਮਾਰਗ ਦਸਿਆ।'[2]

ਉਪਰੋਕਤ ਤੱਥ ਦੀ ਪਿੱਠਭੂਮੀ ਵਿਚ ਜੇਕਰ ਆਦਿ ਗ੍ਰੰਥ ਦੀ ਬਾਣੀ ਨੂੰ ਘੋਖੀਏ ਤਾਂ ਸਮਾਜਿਕ, ਆਰਥਿਕ ਅਤੇ ਰਾਜਸੀ ਜੀਵਨ ਦਾ ਵਰਣਨ ਬੜੀ ਸੂਖਮਤਾ ਨਾਲ ਕੀਤਾ ਮਿਲਦਾ ਹੈ। ਗੁਰੂ ਸਾਹਿਬਾਨ ਦੀ ਅਨੁਭਵੀ ਅੱਖ ਤੋਂ ਕੁਝ ਵੀ ਪਰੋਖ ਨਹੀਂ ਰਹਿ ਸਕਿਆ। ਉਨ੍ਹਾਂ ਦੇ ਕੋਮਲ ਹਿਰਦੇ ਦੀ ਪਕੜ ਤੋਂ ਨਾਜ਼ੁਕ ਜੇਹੇ ਵਿਸ਼ੇ ਵੀ ਬਾਹਰ ਨਹੀਂ ਰਹਿ ਸਕੇ।

ਆਦਿ ਗ੍ਰੰਥ ਦੀ ਸੰਪਾਦਨਾ ਤੋਂ ਪਹਿਲਾਂ ਭਾਰਤੀ - ਚਿੰਤਨ ਜਗਤ ਵਿਚ ਵੈਦਿਕ, ਉਪਨਿਸ਼ਦਿਕ, ਜੈਨੀ ਅਤੇ ਬੋਧੀ ਦ੍ਰਿਸ਼ਟੀਕੋਣਾਂ ਸੰਬੰਧੀ ਗ੍ਰੰਥਾਂ, ਸ਼ਾਸਤਰਾਂ ਅਤੇ ਸੂਤਰਾਂ ਨੇ ਸਮੇਂ ਸਮੇਂ ਤੇ ਮਨੁੱਖ ਨੂੰ ਸੱਚ ਦਸਣ ਦਾ ਯਤਨ ਕੀਤਾ। ਇਹ ਸਾਰੀਆਂ ਵਿਚਾਰਧਾਰਾਵਾਂ ਮੁੱਖ ਰੂਪ ਵਿਚ ਆਨੰਦਵਾਦੀ ਅਤੇ ਪ੍ਰਯੋਜਨਵਾਦੀ ਸਨ। ਉਪਨਿਸ਼ਦ ਰਹੱਸਵਾਦੀ ਅਤੇ ਅਧਿਆਤਮਕ ਸਨ। ਸ਼ਾਸਤਰਾਂ ਵਿਚ ਤਰਕ ਉਤੇ ਜ਼ੋਰ ਸੀ। ਪੁਰਾਣਾਂ ਵਿਚ ਹੈਰਾਨੀ ਭਰੇ ਅੰਸ਼ਾਂ ਦੀ ਬਹੁਲਤਾ ਸੀ। ਜੈਨ ਅਤੇ ਬੁੱਧ ਧਰਮ ਵੈਦਿਕ ਕਟੱੜਤਾ ਦੇ ਵਿਰੋਧੀ ਸਨ। ਅ ਇਸ ਤੋਂ ਬਿਨਾ ਹੋਰ ਵੀ ਕਈ ਧਾਰਾਵਾਂ ਅਤੇ ਉਪ - ਧਾਰਾਵਾਂ ਹੋਈਆਂ। ਆਦਿ ਗ੍ਰੰਥ ਵਿਚ ਸਭ ਧਾਰਾਵਾਂ ਦੇ ਠੋਸ ਸੱਚ ਲੈ ਕੇ ਇਕ ਅੰਤਿਮ ਸੱਚ ਦਾ ਰੂਪ ਤਿਆਰ ਕੀਤਾ ਗਿਆ। ਹਕੀਕਤ ਨੂੰ ਦਾਰਸ਼ਨਿਕ ਢੰਗ ਨਾਲ ਪੇਸ਼ ਕਰਨ ਦੀ ਥਾਂ ਤੇ ਸਾਧਾਰਨ ਸ਼ਬਦਾਂ ਵਿਚ ਆਮ ਲੋਕਾਂ ਲਈ ਉਪਲਬਧ ਕੀਤਾ ਗਿਆ।

ਵੇਦਾਂ ਵਿਚ ਬਹੁਦੇਵਵਾਦ ਤੋਂ ਇਕਦੇਵ ਵਾਦ ਵਲ ਵਧਣ ਦੀ ਪ੍ਰਵਿਰਤੀ ਸਪਸ਼ਟ ਹੈ। ਉਪਨਿਸ਼ਦਾਂ ਵਿਚ ਵੈਦਿਕ ਕਰਮਕਾਂਡ ਅਤੇ ਬਹੁਦੇਵਵਾਦ ਦਾ ਵਿਰੋਧ ਹੈ ਅਤੇ ਇਕ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਆਦਿ ਗ੍ਰੰਥ ਦੀ ਵਿਚਾਰਧਾਰਾ ਉਪਨਿਸ਼ਦਿਕ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਜੈਨ ਅਤੇ ਬੁੱਧ ਮਤ ਵੇਦ ਵਿਰੋਧੀ ਅਤੇ ਨਾਸਤਿਕ ਮਤ ਹਨ ਜੋ ਆਦਿ ਗ੍ਰੰਥ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੇ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਭਾਰਤ ਤੋਂ ਬਾਹਰ ਵੀ ਗਏ। ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਵਿਚ ਇਸਲਾਮ ਅਤੇ ਈਸਾਈ ਮਤ ਨਾਲ ਮਿਲਦੀਆਂ ਵਿਚਾਰਧਾਰਾਵਾਂ ਵੀ ਸ਼ਾਮਿਲ ਹਨ।

ਭਾਰਤੀ ਸਾਧਨਾ ਖੇਤਰ ਵਿਚ ਨਰ ਤੱਤ ਦੇ ਨਾਲ ਨਾਲ ਨਾਰੀ ਤੱਤ ਦੀ ਵੀ ਵਡਿਆਈ ਹੁੰਦੀ ਰਹੀ ਹੈ। ਪੁਰਸ਼ ਚਿੰਨ੍ਹ ਦੇ ਨਾਲ ਇਸਤਰੀ ਚਿੰਨ੍ਹ ਦੀ ਉਪਾਸਨਾ ਵੀ ਸੀ। ਭਾਰਤ ਵਿਚ ਸਾਕਤਾਂ ਦੀ ਮੁਦ੍ਰਾ, ਸ਼ੈਵਾਂ ਦਾ ਅਰਧਨਾਰੀਸ਼ਵਰ, ਸ਼ਿਵ - ਸ਼ਕਤੀ, ਸ਼ਾਸਤਰਾਂ ਦੇ ਪੁਰਸ਼ - ਇਸਤਰੀ, ਵੇਦਾਂਤ ਦੇ ਬ੍ਰਹਮ - ਮਾਇਆ; ਵੈਸ਼ਨਵ ਅਵਤਾਰਵਾਦ ਦੇ ਕ੍ਰਿਸ਼ਨ - ਰਾਧਾ

ਆਦਿ ਤੌਰ ਪ੍ਰਸਤੁਤ ਕੀਤੇ ਗਏ। ਹੋਰ ਪ੍ਰਾਚੀਨ ਸਮੇਂ ਵਿਚ ਵੈਦਿਕ [illegible] ਅਧਿਕ ਬਿਰਾਜਦੇ ਸਨ। ਉਨ੍ਹਾਂ ਦੇ ਕੰਮਾਂ ਅਤੇ ਕ੍ਰਿਆਵਾਂ ਉਤੇ ਉਨ੍ਹਾਂ ਦੀਆਂ ਇਸਤਰੀਆਂ ਵਾਂ ਦਾ ਪੂਰਾ ਪ੍ਰਭਾਵ ਵੇਖਿਆ ਜਾ ਸਕਦਾ ਸੀ। ਦੇਵਤਿਆਂ ਦੀ ਖੁਸ਼ੀ ਲਈ ਉਨ੍ਹਾਂ ਦੀਆਂ ਦੇਵੀਆਂ ਦੇ ਨਾਂ, ਰੂਪ, ਗੁਣ, ਲੀਲਾ ਅਤੇ ਸ਼ਿੰਗਾਰ ਦੀ ਚਰਚਾ ਵੀ ਕੀਤੀ ਜਾਂਦੀ ਸੀ 'ਭਾਰਤੀ ਸੰਸਕ੍ਰਿਤੀ ਦੇ ਸੁਨਹਿਰੀ ਸਮੇਂ ਵਿਚ ਇਸਤਰੀ ਨੂੰ ਉਚਿਤ ਸਥਾਨ ਪ੍ਰਾਪਤ ਸੀ। ਉਸਨੂੰ ਗ੍ਰਹਿ ਲਛਮੀ ਅਤੇ ਘਰ ਦੀ ਸ਼ੋਭਾ ਕਿਹਾ ਜਾਂਦਾ ਸੀ। ਦੇਵਤਿਆਂ ਨੂੰ ਉਨ੍ਹਾਂ ਦੀਆਂ ਪਤਨੀਆਂ ਨਾਲ ਹੀ ਪੂਜਿਆ ਜਾਂਦਾ ਸੀ।'[3]

ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਦੇ ਸਮਾਜ ਵਿਚ ਜੀਵਨ ਦੇ ਹਰ ਖੇਤਰ ਵਿਚ ਲੁੱਟ, ਖਸੁੱਟ, ਆਪਾ-ਧਾਪੀ ਅਤੇ ਪਾਖੰਡ ਦਾ ਬੋਲ ਬਾਲਾ ਸੀ। ਜਿਸਦਾ ਅਕਸ ਘਰੇਲੂ ਜੀਵਨ ਵਿਚਲੀ ਕੜ੍ਹ ਵਿਚੋਂ ਵੇਖਿਆ ਜਾ ਸਕਦਾ ਸੀ। 'ਮਰਦ ਹੱਥ ਆਰਥਿਕ ਸਰਦਾਰੀ ਹੋਣ ਕਾਰਨ ਇਸਤਰੀ ਜਾਤੀ ਦੀ ਅਧੋ-ਗਤੀ ਹੁੰਦੀ ਜਾ ਰਹੀ ਸੀ। ਰਾਜਸੀ ਅਤੇ ਧਾਰਮਿਕ ਜਬਰ ਸਮਾਜ ਉਤੇ ਹਾਵੀ ਹੁੰਦਾ ਜਾ ਰਿਹਾ ਸੀ ਅਤੇ ਇਸਤਰੀਆਂ ਮੂਰਖ ਰਖੀਆਂ ਜਾਂਦੀਆਂ ਸਨ।'[4]

ਦੂਜੇ ਸ਼ਬਦਾਂ ਵਿਚ ਇਸਤਰੀ ਦਾ ਮੁੱਖ ਸਥਾਨ ਘਰ ਹੀ ਸੀ। ਭਾਵੇਂ ਇਸਦਾ ਕਾਰਨ ਮਰਦ ਦਾ ਆਯਾਸ਼ ਬਿਰਤੀ ਹੋਣਾ ਹੋਵੇ ਜਾਂ ਔਰਤ ਦਾ ਆਰਥਿਕ ਪੱਖੋਂ ਪਰਾਧੀਨ ਹੋਣਾ। ਇਸਤਰੀ ਦੀ ਦੁਰਗਤੀ ਕਰਨਾ ਰਾਜ ਅਧਿਕਾਰੀਆਂ ਦਾ ਇਕ ਆਮ ਕਰਤਵ ਸੀ। ਪਤਨੀ ਕਿਸੇ ਦੇ ਸਾਹਮਣੇ ਆਪਣੇ ਪਤੀ ਦਾ ਮੂੰਹ ਵੀ ਨਹੀਂ ਵੇਖ ਸਕਦੀ ਸੀ ਜਿਵੇਂ ਕਿ ਯੂ.ਪੀ. ਅਤੇ ਬਿਹਾਰ ਦੀਆਂ ਕੁਝ ਜਾਤੀਆਂ ਵਿਚ ਹਾਲੇ ਵਿਚ ਪ੍ਰਚਲਿਤ ਹੈ।

ਗੁਰੂ ਨਾਨਕ ਦੇਵ ਜੀ ਪਹਿਲੇ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਰਾਜਸੀ ਅਤੇ ਸਮਾਜਿਕ ਕੋਹੜ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਉਨ੍ਹਾਂ ਨੇ ਅੱਕਟ ਦਲੀਲਾਂ ਦੇ ਕੇ ਸਿੱਧ ਕੀਤਾ ਕਿ ਇਸਤਰੀ ਬੁਰੀ ਨਹੀਂ ਹੈ ਉਹ ਤਾਂ ਸਾਰੀ ਸ੍ਰਿਸ਼ਟੀ ਦਾ ਕਾਰਨ ਹੈ। ਉਹ ਮਹਾਂਪੁਰਸ਼, ਰਾਜਿਆ, ਮਹਾਰਾਜਿਆਂ ਦੀ ਜਨਨੀ ਹੈ ਅਤੇ ਹਰ ਸਮੇਂ ਦੀ ਸਾਥਣ ਹੈ:-

" ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।'[5]

ਆਦਿ ਗ੍ਰੰਥ ਵਿਚ ਚੰਗੀਆਂ ਇਸਤਰੀਆਂ ਦੀ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਨੂੰ ਸੁਹਾਗਣ, ਸੁੱਚਜੀ, ਗੁਣਵੰਤੀ, ਗੁਰਮੁਖ, ਸਿਆਣੀ, ਸ਼ੀਲਵੰਤੀ, ਆਚਾਰਵੰਤੀ, ਜਨਨੀ, ਜੇਹੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਗਿਆ ਹੈ ਜਦੋਂ ਕਿ ਭੈੜੀਆਂ ਇਸਤਰੀਆਂ ਨੂੰ ਦੁਹਾਗਣ, ਛੁੱਟੜ, ਕੁੱਚਜੀ, ਮਨਮੁਖ, ਔਗੁਣਹਾਰੀ, ਕਿਰਹਨ, ਵਿਧਵਾ ਆਦਿ ਸ਼ਬਦਾਂ ਦੁਆਰਾ ਨਿੰਦਿਆ ਗਿਆ ਹੈ। ਆਦਿ ਗ੍ਰੰਥ ਵਿਚ ਕਿਧਰੇ ਤਾਂ ਉਸਨੂੰ ਵਿਅਕਤੀਗਤ ਰੂਪ ਵਿਚ ਸਮਾਜਿਕ ਜੀਵਨ ਵਿਚ ਵਿਚਰਦੀ, ਕੰਮ-ਕਾਰ ਕਰਦੀ ਦਰਸਾਇਆ ਗਿਆ ਹੈ ਪਰ ਕਿਧਰੇ ਉਸਨੂੰ ਭਿੰਨ ਭਿੰਨ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ ਜਿਵੇਂ ਚੰਗੀਆਂ ਇਸਤਰੀਆਂ ਨੂੰ ਪੁੱਤਰਵੰਤੀ, ਮੁੰਧ, ਇਆਣੀ, ਬਾਲੀ, ਗੁਰਮੁਖ, ਸੰਜਮੀ, ਸਤੀ, ਦਾਸੀ, ਚੇਰੀ ਆਦਿ ਅਤੇ ਭੈੜੀਆਂ ਇਸਤਰੀਆਂ ਲਈ ਮਾਇਆ, ਮੋਹਨੀ, ਕਾਮਣਿ, ਕੁਬੁੱਧ, ਕੁਦਇਆ, ਵਿਭਚਾਰਣ, ਸੂਹਵੀ ਆਦਿ ਪ੍ਰਤੀਕ ਵਰਤੇ ਹਨ।

ਆਦਿ-ਗ੍ਰੰਥ ਵਿਚ ਇਸਤਰੀ - ਵਿਅਕਤੀਗਤ ਰੂਪ

ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ - ਇਕ ਮਰਦ, ਦੂਜਾ ਇਸਤਰੀ। ਦੋਹਾਂ ਦੀ ਸਹਾਇਤਾ ਅਤੇ ਸਹਿਯੋਗ ਨਾਲ ਜੀਵਨ ਚਲਦਾ ਹੈ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਹਾਂ ਦੇ ਗੁਣ ਅਤੇ ਆਕਰਤੀਆਂ ਮਿਲਕੇ ਆਦਰਸ਼ ਹੋਂਦ ਬਣਦੇ ਹਨ। ਜਿੱਥੇ ਕੁਦਰਤ ਨੇ ਮਰਦ ਨੂੰ ਸ਼ਰੀਰਕ ਸ਼ਕਤੀ, ਦ੍ਰਿੜ੍ਹਤਾ, ਦਲੇਰੀ, ਸਾਹਸ ਅਤੇ ਹਿੰਮਤ ਜੇਹੇ ਗੁਣ ਪ੍ਰਦਾਨ ਕੀਤੇ ਹਨ ਉਥੇ ਇਸਤਰੀ ਵਿਚ ਕੋਮਲਤਾ, ਨਿਮਰਤਾ, ਪਿਆਰ, ਵਫਾਦਾਰੀ, ਕੁਰਬਾਨੀ, ਹਮਦਰਦੀ, ਬੱਚਿਆਂ ਅਤੇ ਘਰ ਦੀ ਸੰਭਾਲ ਜੇਹੇ ਕੋਮਲ ਜਜ਼ਬੇ ਭਰੇ ਹਨ। ਇਕ ਵਿਚ ਸ਼ਰੀਰਕ ਬਲ ਦੀ ਬਹੁਲਤਾ ਹੈ ਤਾਂ ਦੂਜੇ ਵਿਚ ਮਨੋ ਬਲ ਦੀ ਤੀਬਰਤਾ। ਸਰੀਰਕ ਅਤੇ ਮਾਨਸਿਕ ਪੱਖੋਂ ਦੋਹਾਂ ਵਿਚ ਭਿੰਨਤਾ ਹੈ। ਦੋਹਾਂ ਦੇ ਸੁਮੇਲ ਉਤੇ ਦੁਨੀਆਂ ਦੀ ਬੁਨਿਆਦ ਨਿਰਭਰ ਹੈ। ਦੂਜੇ ਸ਼ਬਦਾਂ ਵਿਚ ਦੇਸ਼ ਦੇ ਇਖਲਾਕ, ਧਰਮ ਅਤੇ ਸਮੁੱਚੇ ਸਮਾਜ ਦੀ ਬਣਤਰ ਉਤੇ ਇਸਤਰੀ - ਪੁਰਖ ਦੇ ਸੰਬੰਧਾਂ ਦਾ ਪ੍ਰਭਾਵ ਪੈਂਦਾ ਹੈ। ਹਰ ਮਜ਼੍ਹਬ, ਸਮਾਜ ਅਤੇ ਧਰਮ ਵਿਚ ਇਸਤਰੀ ਪ੍ਰਤਿ ਕੋਈ ਨਾ ਕੋਈ ਰਾਏ ਕਾਇਮ ਕੀਤੀ ਗਈ ਹੁੰਦੀ ਹੈ ਜਿਸ ਤੋਂ ਉਸ ਸਮਾਜ ਦੀ ਪ੍ਰਗਤੀ ਦੇ ਪੱਧਰ ਦਾ ਗਿਆਨ ਹੁੰਦਾ ਹੈ।

ਭਾਰਤ ਵਿਚ ਇਸਤਰੀ ਦੀ ਸਮਾਜਿਕ ਸਥਿਤੀ ਦਾ ਪ੍ਰਸ਼ਨ ਅਤਿ ਪ੍ਰਾਚੀਨ ਅਤੇ ਗੰਭੀਰ ਹੈ। ਇਹ ਪ੍ਰਸ਼ਨ ਸਮਕਾਲੀਨ ਸਾਹਿਤ ਵਿਚ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ

ਆਰਥਿਕ ਦ੍ਰਿਸ਼ਟੀਕੋਣ ਤੋਂ ਵਾਚਿਆ ਹੁੰਦਾ ਹੈ। ਆਦਿ ਗ੍ਰੰਥ ਵਿਚ ਵੀ ਗੁਰੂ ਸਾਹਿਬਾਂ ਨੇ ਜੀਵਨ ਦਾ ਸਰਬ-ਪੱਖੀ ਚਿਤਰ ਪੁਰਖ ਜਾਂ ਪ੍ਰਤੀਕ ਰੂਪ ਵਿਚ ਚਿਤਰਿਆ ਹੈ ਜਿਸ ਦੇ ਅਧਿਐਨ ਦੁਆਰਾ ਆਦਿ ਗ੍ਰੰਥ ਵਿਚ ਇਸਤਰੀ ਦੇ ਸੰਕਲਪ ਦਾ ਨਿਰੂਪਨ ਕੀਤਾ ਜਾ ਸਕਦਾ ਹੈ। ਇਸ ਅਧਿਆਇ ਵਿਚ ਕੇਵਲ ਪੁਰਖ ਸਰੂਪ ਦਾ ਹੀ ਵਰਣਨ ਕੀਤਾ ਜਾਵੇਗਾ।

ਗੁਰਮਤ ਅਨੁਸਾਰ ਪਤੀ-ਪਤਨੀ ਦਾ ਮੇਲ ਪਰਮਾਤਮਾ-ਆਤਮਾ ਦੇ ਮੇਲ ਦਾ ਸਰੂਪ ਹੈ। ਉਹ ਗੁਰੂ ਨੂੰ ਸਾਖੀ ਮੰਨਕੇ ਜੀਵਨਭਰ ਇਕੱਠੇ ਰਹਿਣ ਦੀ ਪ੍ਰਤਿਗਿਆ ਕਰਦੇ ਹਨ ਅਤੇ ਨਿਭਾਉਂਦੇ ਵੀ ਹਨ। ਅਕਾਲ ਪੁਰਖ ਦੇ ਪ੍ਰੇਮ ਵਿਚ ਰੱਤੇ ਸਾਹਿਬਾਂ ਨੇ ਪਰਮਾਤਮਾ ਨੂੰ ਸੁਆਮੀ ਵੀ ਕਿਹਾ ਹੈ ਅਤੇ ਪਤੀ ਵੀ। ਕਵਿਤਾ ਅਤੇ ਪ੍ਰੇਮ ਰੰਗ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਇਸਤਰੀ ਅਤੇ ਜ਼ੈ-ਖਰੀਦ ਚਾਕਰ ਕਿਹਾ ਹੈ। ਇਸ ਵਿਚ ਸ਼ੱਕ ਨਹੀਂ ਕਿ ਉਸ ਸਮੇਂ ਇਸਤਰੀ ਨੂੰ ਨੀਚ ਮੰਨਿਆ ਜਾਂਦਾ ਸੀ। ਇਸਤਰੀ ਜਾਤੀ ਨਤਾੜੀ ਹੋਈ ਸੀ। ਗੁਰੂ ਜੀ ਨੇ ਤਰਕ ਅਤੇ ਯੁਕਤੀ ਨਾਲ ਇਹੋ ਸਿੱਧ ਕੀਤਾ ਕਿ ਔਰਤ ਨਿੰਦਣਯੋਗ ਨਹੀਂ ਹੈ। ਉਹ ਤਾਂ ਸਮੁੱਚੇ ਸੰਸਾਰ ਦੀ ਬੁਨਿਆਦ ਹੈ। ਕੇਵਲ ਪਰਮਾਤਮਾ ਹੀ ਇਸਤ੍ਰੀ ਤੋਂ ਬਾਹਰ ਹੈ। ਇਹ ਸ੍ਰਿਸ਼ਟੀ ਪ੍ਰਭੂ ਦਾ ਕ੍ਰਿਸ਼ਮਾ ਹੈ, ਉਸੇ ਦਾ ਅਕਸ ਹੈ:-

"ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥"[6]

ਜਦੋਂ ਇਸਤਰੀ ਨੂੰ ਬਹੁਤ ਘਟੀਆ, ਮਰਦ ਉਤੇ ਇਕ ਭਾਰ ਅਤੇ ਅਪਵਿਤਰ ਕਹਿ ਕੇ ਛੁਟਿਆਇਆ ਜਾਂਦਾ ਹੋਵੇ, ਉਸ ਸਮੇਂ ਇਸਤਰੀ ਨੂੰ ਸਾਰੇ ਜਗਤ ਦੀ ਰਚਨਹਾਰੀ ਕਹਿ ਕੇ ਉਚਿਆਉਣਾ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਲਖਾਇਕ ਹੈ। ਗੁਰੂ ਸਾਹਿਬ ਨੇ ਨਾ ਕੇਵਲ ਇਸਤਰੀ ਦੀ ਕਰੁਣਾਮਈ ਪੁਕਾਰ ਹੀ ਸੁਣੀ ਸਗੋਂ ਉਸ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸਮਾਜ ਨੂੰ ਸੁਚੇਤ ਕੀਤਾ। ਉਨ੍ਹਾਂ ਨੇ ਪੁਰਖ ਅਤੇ ਨਾਰੀ ਦੋਹਾਂ ਵਿਚ ਹੀ ਉਸ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ। ਦੋਹਾਂ ਨੇ ਹੀ ਜਨਮ ਕਰਕੇ ਨਹੀਂ ਸਗੋਂ ਕਰਮਾਂ ਦਾ ਲੇਖਾ ਦੇਣਾ ਹੈ। ਦੋਵੇਂ ਹੀ ਨਾਸ਼ਵਾਨ ਹਨ। ਗੁਰੂ ਜੀ ਨੇ ਆਪਣੀ ਬਾਣੀ ਵਿਚ ਦੋਹਾਂ ਨੂੰ ਹੀ ਪੂਰਨ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇਣ ਦਾ ਉਪਦੇਸ਼ ਦਿੱਤਾ ਹੈ। ਇਸਤਰੀ ਬਿਨਾਂ ਰੋਕ ਟੋਕ ਅਤੇ ਪਰਦੇ ਤੋਂ ਸਾਧ-ਸੰਗਤ ਵਿਚ ਸੇਵਾ ਕਰ ਸਕਦੀ ਹੈ, ਜੰਗ ਵਿਚ ਜਾ ਸਕਦੀ ਹੈ ਅਤੇ ਅੰਮ੍ਰਿਤ ਛਕ ਕੇ ਸਾਰੇ ਧਾਰਮਿਕ ਕਰਮ ਕਰਦੀ ਹੋਈ ਗੁਰਮਰਿਯਾਦਾ ਅਨੁਸਾਰ ਪਵਿੱਤਰ ਜੀਵਨ ਬਤੀਤ ਕਰ ਸਕਦੀ ਹੈ।

ਆਦਿ ਗ੍ਰੰਥ ਵਿਚ ਇਸਤਰੀ ਦੇ ਉਤਮ ਅਤੇ ਨੀਚ ਦੋਹਾਂ ਰੂਪਾਂ ਦਾ ਉਲੇਖ ਮਿਲਦਾ ਹੈ। ਪਰ ਇਸ ਗ੍ਰੰਥ ਦਾ ਉਦੇਸ਼ ਅਧਿਆਤਮਕ ਹੋਣ ਕਾਰਨ ਇਸ ਵਿਚਲੇ ਪਤੀ-ਪਤਨੀ ਦੇ ਵਰਣਨ ਰਾਹੀਂ ਪ੍ਰਤਖ ਜਾਂ ਪਰੋਖ ਰੂਪ ਵਿਚ ਪਰਮਾਤਮਾ-ਆਤਮਾ ਦੇ ਸੰਬੰਧ ਨੂੰ ਪ੍ਰਗਟ ਕੀਤਾ ਹੈ।

ਉਸ ਸਮੇਂ ਦੇ ਪੁਰਸ਼ ਪ੍ਰਧਾਨ ਸਮਾਜ ਵਿਚ ਕੇਵਲ ਇਸਤਰੀ ਲਈ ਹੀ ਹਰ ਪ੍ਰਕਾਰ ਦੇ ਨਿਯਮ ਬਣਾਉਣ ਦਾ ਰਿਵਾਜ ਸੀ ਤੇ ਪੁਰਸ਼ ਲਈ ਹਰ ਪ੍ਰਕਾਰ ਦੀ ਸੁਤੰਤਰਤਾ ਉਪਲਬਧ ਸੀ। ਪਰ ਆਦਿ ਗ੍ਰੰਥਕਾਰਾਂ ਨੇ ਇਸਤਰੀ-ਪੁਰਸ਼ ਦੋਹਾਂ ਨੂੰ ਹੀ ਨਿਯਮਤ ਜੀਵਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਸਭ ਸੰਬੰਧਾਂ ਦਾ ਮਾਧਿਅਮ ਪੈਸਾ ਬਣ ਚੁੱਕਾ ਸੀ। ਸਭ ਪਾਸੇ ਭ੍ਰਿਸ਼ਟਾਚਾਰ ਦਾ ਨੰਗਾ ਨਾਚ ਹੋ ਰਿਹਾ ਸੀ। ਅਜੇਹੀ ਸਥਿਤੀ ਵਿਚ ਅਧਿਆਤਮਕ ਆਦਰਸ਼ ਹੀ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਸੀ। ਮਹਾਂ-ਪੁਰਸ਼ਾਂ ਨੇ ਅਧਿਆਤਮਕ ਕਰਮ ਖੇਤਰ ਦੁਆਰਾ ਸਮਾਜ ਲਈ ਸਹੀ ਰਾਹ ਲਭਿਆ ਜਿਸ ਵਿਚ ਲਿੰਗ-ਭੇਦ ਨੂੰ ਬਹੁਤ ਮਹੱਤਤਾ ਨਹੀਂ ਦਿੱਤੀ। ਗ੍ਰੰਥ ਦੇ ਵਿਚਾਰਕਾਂ ਨੇ ਇਸਤਰੀ ਨੂੰ ਘਰ ਵਿਚ ਮੰਤਰੀ ਦਾ ਸਥਾਨ ਦਿੱਤਾ ਜੋ ਗ੍ਰਿਹਸਥ ਦੇ ਰਾਜੇ ਨੂੰ ਸਲਾਹ ਤਾਂ ਦੇ ਸਕਦੀ ਸੀ ਪਰ ਆਦੇਸ਼ ਨਹੀਂ। ਕਾਮਵਸ ਕਈ ਵਿਅਕਤੀ ਉਸਦੀ ਹਰ ਗੱਲ ਨੂੰ ਮੰਨ ਲੈਂਦੇ ਸਨ। ਅਜੇਹੇ ਵਿਅਕਤੀਆਂ ਨੂੰ ਮਨਮੁਖ ਕਿਹਾ ਗਿਆ ਹੈ:-

"ਮਨਮੁਖਾਂ ਦੈ ਸਿਰ ਜੋਰਾਂ ਅਮਰੁ ਹੈ ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥"[7]

ਗੁਰੂ ਸਾਹਿਬ ਨੇ ਨਿਡਰ ਹੋ ਕੇ ਵਾਸਤਵਿਕਤਾ ਨੂੰ ਬਿਆਨਿਆ ਅਤੇ ਸੱਚ ਧਰਮ ਦੇ ਮਾਰਗ ਦੇ ਪਾਂਧੀ ਹੋਣ ਦੇ ਨਾਤੇ ਸੰਸਾਰੀ ਜੀਵਾਂ ਦਾ ਪੱਥ-ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਇਸਤਰੀ ਦਾ ਕੰਨਿਆ, ਵਿਆਹੁਤਾ ਅਤੇ ਜਨਨੀ ਰੂਪ ਵਿਚ ਚਿਤ੍ਰਣ ਕੀਤਾ ਅਤੇ ਮਨੁੱਖ ਮਾਤਰ ਨੂੰ ਉਸ ਪ੍ਰਤਿ ਫਰਜ਼ ਪੂਰਤੀ ਲਈ ਸੁਚੇਤ ਕੀਤਾ।

ਕੰਨਿਆ ਰੂਪ

ਆਦਿ ਗ੍ਰੰਥ ਵਿਚ ਕੰਨਿਆ ਬਾਰੇ ਬਹੁਤੇ ਵਿਚਾਰ ਉਪਲਬਧ ਨਹੀਂ ਹਨ ਕਿਉਂਕਿ ਅਧਿਆਤਮਕ ਰਚਨਾ ਹੋਣ ਕਾਰਨ ਜਗਿਆਸੂ ਇਸਤਰੀ ਬਾਰੇ ਹੀ ਜ਼ਿਆਦਾ ਵਰਣਨ ਹੈ। ਛੋਟੀ ਉਮਰ ਦੀ ਬਾਲੜੀ ਨੂੰ ਜਗਿਆਸੂ ਰੂਪ ਵਿਚ ਘਟ ਹੀ ਚਿਤ੍ਰਿਆ ਹੈ। ਬਚਪਨ ਦਾ ਸਮਾਂ ਖੇਡਣ ਦਾ ਸਮਾਂ ਹੁੰਦਾ ਹੈ। ਬਾਲੜੀ ਉਮਰ ਭੋਲੇਪਣ ਦੀ ਅਵਸਥਾ ਹੈ। ਜਿਥੇ ਕੰਨਿਆ ਦਾ

ਹਵਾਲਾ ਦਿੱਤਾ ਗਿਆ ਹੈ, ਉਸਨੂੰ ਇਆਣੀ ਅਤੇ ਬਾਲੜੀ ਦੇ ਰੂਪ ਵਿਚ ਦਰਸਾਇਆ ਗਿਆ ਹੈ ਜੋ ਪਤੀ ਲਈ ਤਾਂਘਦੀ ਹੈ। ਫਿਰ ਉਸਦੀ ਮੰਗਣੀ ਹੁੰਦੀ ਹੈ; ਸਾਹਾ ਰਖਿਆ ਜਾਂਦਾ ਹੈ ਅਤੇ ਵਿਆਹ ਹੁੰਦਾ ਹੈ।

ਆਦਿ ਗ੍ਰੰਥ ਦੇ ਰਚਨਾ ਕਾਲ ਵਿਚ ਸਮੁੱਚੇ ਸਮਾਜ ਵਿਚ ਹੀ ਭਾਰੀ ਬੇਚੈਨੀ ਸੀ। ਚੋਰੀ - ਡਾਕਾ, ਲੁੱਟ-ਖਸੁੱਟ ਅਤੇ ਮਾਰਧਾੜ, ਆਮ ਘਟਨਾਵਾਂ ਸਨ। ਕਿਸੇ ਦਾ ਵੀ ਜਾਨਮਾਲ ਸੁਰਖਿਅਤ ਨਹੀਂ ਸੀ। ਕੁੜੀਆਂ ਦੀ ਹਾਲਤ ਤਰਸਯੋਗ ਸੀ। ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਸੀ ਜਾਂ ਜਨਮ ਦੇਣ ਵਾਲੀ ਜਨਨੀ ਨੂੰ ਵੀ ਅਭਾਗੀ ਹੀ ਮੰਨਿਆ ਜਾਂਦਾ ਸੀ।[8]

ਜਿਸ ਇਸਤਰੀ ਨਾਲ ਪਤੀ ਨਾਰਾਜ਼ ਹੁੰਦਾ ਸੀ ਜੇਕਰ ਉਹ ਪੁੱਤਰਵੰਤੀ ਹੋ ਪੈਂਦੀ ਸੀ ਤਾਂ ਫਿਰ ਉਸਦਾ ਇੱਜ਼ਤ ਮਾਣ ਹੋਣ ਲਗ ਪੈਂਦਾ ਸੀ। ਇਸ ਤੋ ਪੁੱਤਰ ਦੇ ਜਨਮ ਦੀ ਮਹੱਤਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਪੁਤਰੀਆਂ ਦੇ ਜਨਮ ਨੂੰ ਬੁਰਾ ਸਮਝਣ ਦਾ ਸਬੂਤ ਮਿਲਦਾ ਹੈ।-

"ਕੋਹਾ ਕੰਚਨੁ ਤੁਟੈ ਸਾਰੁ ॥
ਅਗਨੀ ਗੰਢੁ ਪਾਏ ਲੋਹਾਰੁ ॥
ਗੋਰੀ ਸੇਤੀ ਤੁਟੈ ਭਤਾਰੁ ॥
ਪੁਤੀਂ ਗੰਢੁ ਪਵੈ ਸੰਸਾਰਿ ॥"[9]

ਪੁੱਤਰ ਦੇ ਜਨਮ ਨੂੰ ਜ਼ਿਆਦਾ ਮਹੱਤਵ ਦੇਣ ਦਾ ਕਾਰਨ ਇਹ ਸੀ ਕਿ ਉਸ ਨਾਲ ਵਿਚ ਸੰਸਾਰ ਵਿਚ ਵੰਸ਼ ਚਲਦਾ ਹੈ ਅਤੇ ਸੰਸਾਰ ਨਾਲ ਸਾਂਝ ਬਣੀ ਰਹਿੰਦੀ ਹੈ। ਗੁਰੂ ਅਮਰਦਾਸ ਜੀ ਨੇ ਕੰਨਿਆ ਨੂੰ ਮਾਰਨ ਦੇ ਵਿਰੁੱਧ ਆਵਾਜ਼ ਉਠਾ ਕੇ ਇਸ ਕੁਕਰਮ ਕਰਨ ਵਾਲਿਆਂ ਨੂੰ ਫਿਟਕਾਂ ਪਾਈਆਂ:-

"ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ॥
ਬ੍ਰਾਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ॥"[10]

ਬਾਲ ਵਿਆਹ ਦੀ ਹੋਂਦ ਦੇ ਹਵਾਲੇ ਮਿਲਦੇ ਹਨ। ਸਮਾਜਿਕ ਉਥਲ ਪੁਥਲ ਅਤੇ ਲੁੱਟਮਾਰ ਜ਼ਿਆਦਾ ਹੁੰਦੀ ਰਹਿਣ ਕਰਕੇ ਮਾਪੇ ਲੜਕੀਆਂ ਨੂੰ ਛੋਟੀ ਵਿਆਹ ਦੇਂਦੇ ਹੋਣਗੇ।

ਸਹੁਰੇ ਘਰ ਜਾ ਕੇ ਉਨ੍ਹਾਂ ਨੂੰ ਆਪਣੇ ਅਗਲੇ ਘਰ ਅਨੁਸਾਰ ਢਲ ਜਾਣ ਵਿਚ ਬਹੁਤੀ ਕਠਿਨਾਈ ਨਾਂ ਪੇਸ਼ ਆਉਂਦੀ ਹੋਵੇਗੀ। ਅਜੇਹੀ ਛੋਟੀ ਅਵਸਥਾ ਵਿਚ ਵਿਆਹ ਸੰਬੰਧੀ ਉਸਦੀ ਸਲਾਹ ਲੈਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ ਹੋਵੇਗਾ :-

'ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥'[11]

ਪਰ ਜਵਾਨੀ ਵਿਚ ਵਿਆਹ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਜਿਥੇ ਦੋਹਾਂ ਦੇ ਪਿਆਰ ਦਾ ਜ਼ਿਕਰ ਆਉਂਦਾ ਹੈ ਉਥੇ ਬਾਲ-ਅਵਸਥਾ ਨਹੀਂ ਹੋ ਸਕਦੀ।

" ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥"[12]

ਆਦਿ ਗ੍ਰੰਥ ਵਿਚ ਵਿਆਹ ਨੂੰ ਮਹੱਤਵਪੂਰਨ ਕਾਰਜ ਮੰਨਿਆ ਗਿਆ ਹੈ। ਇਹ ਅਧਿਆਤਮਕ ਬੰਧਨ ਹੈ ਦੋ ਆਤਮਾਵਾਂ ਦਾ ਮੇਲ। ਜਵਾਨੀ ਦੀ ਅਵਸਥਾ ਵਿਚ ਵੀ ਹੁੰਦੇ ਹੋਣਗੇ ਤਾਂ ਹੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

" ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥"[13]

ਜੋਬਨ ਮੱਤੀ ਇਸਤਰੀ ਪਤੀ ਲਈ ਤਾਂਘਦੀ ਹੈ ਅਤੇ ਜਵਾਨੀ ਦੀ ਉਮਰ ਕਾਰਨ ਦੋਹਾਂ ਦਾ ਆਪਸੀ ਪਿਆਰ ਵੀ ਬਹੁਤ ਹੁੰਦਾ ਹੈ। ਜਦੋਂ ਲੜਕੀ ਜਵਾਨ ਹੁੰਦੀ ਹੈ ਤਾਂ ਉਹ ਆਪਣੇ ਆਪ ਨੂੰ ਪੇਕੇ ਘਰ ਪ੍ਰਾਹੁਣੀ ਹੀ ਖਿਆਲ ਕਰਦੀ ਹੈ:-

" ਭਰ ਜੋਬਨਿ ਮੈ ਮਤ ਪੇਈਅੜੈ ਘਰਿ ਪ੍ਰਾਹੁਣੀ ਬਲਿਰਾਮ ਜੀਉ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨਾ ਸਮਾਵਨੀ ਬਲਿਰਾਮ ਜੀਉ[14]

ਕੁਆਰੀ ਲੜਕੀ ਲਈ ਸ਼ਿੰਗਾਰ ਕਰਨ ਦੀ ਮਨਾਹੀ ਸੀ ਕਿਉਂਕਿ ਇਸ ਨਾਲ ਮਨ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ। ਕੇਵਲ ਪਤੀ ਪਾਸ ਰਹਿੰਦੀ ਪਤਨੀ ਨੂੰ ਹੀ ਸ਼ਿੰਗਾਰ ਕਰਨ ਦੀ ਹਦਾਇਤ ਸੀ।

" ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥
ਕਿਉ ਰਲੀਆ ਮਾਨੈ ਬਾਝੁ ਭਤਾਰਾ ॥"[15]

ਕੰਨਿਆ ਨੂੰ ਵਿਆਹ ਸਮੇ ਦਾਜ ਦੇਣ ਦਾ ਰਿਵਾਜ ਵੀ ਹੋਵੇਗਾ। ਗੁਰੂ ਜੀ ਇਸ ਬਾਰੇ ਕਹਿੰਦੇ ਹਨ ਕਿ ਕੁੜੀਆਂ ਦਾ ਦਾਜ ਇਕੱਠਾ ਕਰਨ ਦੀ ਲੋੜ ਹੈ ਤਾਂ ਹੀ ਪਤੀ ਦੇ ਘਰ ਮਾਣ, ਇੱਜ਼ਤ ਅਤੇ ਪਿਆਰ ਪ੍ਰਾਪਤ ਹੋ ਸਕਦਾ ਹੈ। ਪੁੱਤਰੀ ਦੇ ਘਰੋ ਕੁਝ ਵੀ ਲੈਣ ਨੂੰ ਬੁਰਾ ਖਿਆਲ ਕੀਤਾ ਜਾਂਦਾ ਸੀ। ਇਥੋ ਤਕ ਕਿ ਕੰਨਿਆ ਪੱਖ ਦੇ ਪ੍ਰੋਹਿਤ ਨੂੰ ਵੀ ਕੁਝ ਲੈਣ ਤੋ ਵਰਜਿਆ ਹੈ :-

"ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥
ਸਾਈ ਪੁੱਤਰੀ ਜਜਮਾਨ ਕੀ ਸਾ ਤੇਰੀ ॥
ਏਤੁ ਧਾਨਿ ਖਾਧੈ ਤੇਰਾ ਜਨਮ ਗਇਆ॥"[16]

ਧੀਆਂ ਨੂੰ ਮਾਪੇ ਆਪਣੀ ਵਿੱਤ ਅਨੁਸਾਰ ਧਨ-ਮਾਲ ਦੇਂਦੇ ਸਨ। ਇਸਨੂੰ ਦਾਨ ਤਸੱਵਰ ਕੀਤਾ ਜਾਂਦਾ ਸੀ। ਧੀ ਦੇ ਘਰ ਦਾ ਅੰਨ ਵੀ ਨਹੀਂ ਖਾਧਾ ਜਾਂਦਾ ਸੀ। ਉਹ ਪਿਤਾ ਦੇ ਘਰੋਂ ਦਾਤਾਂ ਲੈਣ ਦੀ ਅਧਿਕਾਰੀ ਹੈ ਪਿਤਾ ਨੂੰ ਦੇਣ ਦੀ ਨਹੀਂ। ਮਾਪੇ ਉਸਨੂੰ ਪਤੀ-ਘਰ ਅਨੁਕੂਲ ਸਾਰੀ ਸਿਖਿਆ ਦੇਂਦੇ ਸਨ ਅਤੇ ਘਰ ਦੇ ਕੰਮ ਕਾਜ ਵੀ ਸਿਖਾਏ ਜਾਂਦੇ ਸਨ। ਨਿਮਰਤਾ, ਹਲੀਮੀ ਅਤੇ ਮਿਠ-ਬੋਲੜੀ ਹੋਣ ਤੇ ਵਿਸ਼ੇਸ਼ ਜੋਰ ਦਿੱਤਾ ਜਾਂਦਾ ਸੀ। ਸਰਵ-ਗੁਣ ਸੰਪੰਨ ਕੰਨਿਆ ਜਦੋ ਵਿਆਹੁਤਾ ਰੂਪ ਵਿਚ ਪਤੀ ਘਰ ਲਈ ਪ੍ਰਸਥਾਨ ਕਰਦੀ ਸੀ ਤਾਂ ਮਾਪੇ ਉਸਦੇ ਨਵਜੀਵਨ ਦੀ ਸਫਲਤਾ ਦੀ ਕਾਮਨਾ ਕਰਦੇ ਸਨ। ਉਸ ਦੇ ਖੇਡਾਂ ਵਾਲੇ ਘਰ ਦੀਆਂ ਯਾਦਾਂ ਉਸਦੇ ਨਾਲ ਜਾਂਦੀਆਂ ਸਨ ਪਰ ਭਾਵੀ ਜੀਵਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਇਨ੍ਹਾਂ ਯਾਦਾਂ ਨੂੰ ਦਿਲ ਦੀ ਕਿਸੇ ਡੂੰਘੀ ਨੁੱਕਰੇ ਦੱਬ ਦੇਂਦਾ ਸੀ। ਉਹ ਸਹੁਰੇ ਘਰ ਪ੍ਰਤਿ ਫਰਜ਼ ਪੂਰਤੀ ਦੇ ਅਹਿਸਾਸ ਨਾਲ ਨਵ-ਜੀਵਨ ਆਰੰਭਦੀ ਸੀ।

ਵਿਆਹੁਤਾ ਰੂਪ

ਭਾਰਤੀ ਨਾਰੀ ਲਈ ਉਸਦਾ ਪਤੀ ਉਸਦੇ ਨਿਰਬਾਹ, ਪ੍ਰੇਮ ਅਤੇ ਜੀਵਨ ਦਾ ਆਧਾਰ ਹੁੰਦਾ ਹੈ। ਇਸ ਲਈ ਗ੍ਰਿਹਸਥ-ਆਸ਼੍ਰਮ ਸਰਵੋਤਮ ਮੰਨਿਆ ਗਿਆ ਹੈ। ਗ੍ਰਿਹਸਥੀ ਦਾ ਆਧਾਰ ਵਿਆਹ ਹੈ। ਵਿਆਹ ਭਾਵੇਂ ਸੰਸਾਰ ਵਿਚ ਕੀਤੇ ਜਾਂਦੇ ਹਨ ਪਰ ਵਾਸਤਵ ਵਿਚ ਇਹ ਧੁਰੋ ਲਿਖੇ ਹੋਏ ਸੰਜੋਗ ਹੁੰਦੇ ਹਨ। ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਵਿਆਹ ਨਹੀਂ ਕਰਾਉਂਦਾ ਸਗੋ ਵਾਹਿਗੁਰੂ ਨੇ ਜਿਥੇ ਅਤੇ ਜਿਸ ਨਾਲ ਸੰਬੰਧ ਭਾਗਾਂ ਵਿਚ ਲਿਖ ਦਿੱਤਾ ਹੈ, ਉਥੇ ਹੀ ਹੁੰਦਾ ਹੈ। ਇਸ ਲਈ ਪਤੀ-ਪਤਨੀ ਦੇ ਸਰੀਰ ਦੋ ਹੁੰਦੇ ਹੋਏ ਵੀ ਇਕੋ ਹੀ ਜੋਤ ਜਗਦੀ ਹੈ।

" ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥" [17]

ਅਤੇ ਸੰਜੋਗ ਧੁਰ ਦਰਗਾਹੋਂ ਲਿਖੇ ਹੁੰਦੇ ਹਨ। ਇਹ ਜੋੜ ਵਾਹਿਗੁਰੂ ਦੁਆਰਾ ਜੋੜੇ ਜਾਂਦੇ ਹਨ :-

" ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥" [18]

ਇਹ ਅਵਸਥਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਪਤਨੀ ਪਤੀ ਦੇ ਅਨੁਕੂਲ ਵਿਵਹਾਰ ਕਰਦੀ ਹੈ। ਜੇਕਰ ਦੋਹਾਂ ਦੇ ਆਪਸ ਵਿਚ ਸੁਖਾਵੇਂ ਸੰਬੰਧ ਨਹੀਂ ਹਨ ਤਾਂ ਫਿਰ ਇਕੱਠੇ ਰਹਿੰਦੇ ਹੋਏ ਵੀ ਮਿਲਾਪ ਨਹੀਂ ਹੁੰਦਾ। ਧਨ ਪਿਰ ਨੂੰ ਪਿਆਰੀ ਲਗੇ ਤਾਂ ਹੀ ਉਹ ਅਸਲੀ ਸੁਹਾਗਣ ਹੈ:-

" ਧਨ ਪਿਰ ਏਕੈ ਸੰਗਿ ਬਸੇਰਾ ॥
ਸੇਜ ਏਕ ਪੈ ਮਿਲਨੁ ਦੁਹੇਰਾ ॥
ਧੰਨਿ ਸੁਹਾਗਨਿ ਜੋ ਪੀਅ ਭਾਵੈ ॥
ਕਹਿ ਕਬੀਰ ਫਿਰਿ ਜਨਮਿ ਨ ਆਵੈ ॥" [19]

ਇਸਤਰੀ ਨੂੰ ਕੁਝ ਗੁਣ ਗ੍ਰਹਿਣ ਕਰਨ ਦੀ ਲੋੜ ਹੈ। ਗੁਣਵੰਤੀ ਹੀ ਸ਼ੋਭਾਵੰਤੀ,ਸੁੱਘੜ, ਸਿਆਣੀ ਅਤੇ ਪਤੀ-ਪਿਆਰੀ ਹੋ ਸਕਦੀ ਹੈ। ਗੁਣਾਂ ਦਾ ਸ਼ਿੰਗਾਰ ਕਰਕੇ ਪਤੀ ਸੇਵਾ ਵਿਚ ਰਤੀ ਰਹਿੰਦੀ ਹੈ ਤਾਂ ਭਰਤਾ ਉਸਨੂੰ ਪਿਆਰ ਕਰਦਾ ਹੈ। ਦੋ ਮੂਰਤਾਂ ਵਿਚ ਇਕ ਜੋਤ ਹੋ ਜਾਂਦੀ ਹੈ। ਇਸ ਅਵਸਥਾ ਵਿਚ ਉਹ ਬਹੁਤ ਖੁਸ਼ ਹੁੰਦੀ ਹੈ:-

" ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥
ਗੁਰਮਤੀ ਮਨਿ ਨਿਰਮਲ ਹੋਆ ਹਰਿ ਰਾਖਿਆ ਉਰਿਧਾਰੇ ਰਾਮ॥" [20]

ਵਿਆਹ ਧੁਰਾਂ ਦੇ ਸੰਜੋਗ ਦੁਆਰਾ ਮਿਲਦੇ ਸਨ ਤਾਂ ਫਿਰ ਇਕ ਤੋਂ ਵੱਧ ਵਿਆਹਾਂ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸ ਲਈ ਆਦਿ ਗ੍ਰੰਥ ਦੀ ਬਾਣੀ ਵਿਚ ਇਕ-ਨਾਰੀ ਵਿਆਹ ਦੀ ਹੀ ਆਗਿਆ ਹੈ। ਇਸ ਪ੍ਰਕਾਰ ਦੇ ਹੋਰ ਸੰਬੰਧ ਬੁਰੇ ਹਨ ਆਚਰਨ-ਹੀਣਤਾ ਦੇ ਪ੍ਰਤੀਕ ਹਨ। ਇਕ ਨਾਰੀ ਵਿਆਹ ਉਤੇ ਈਮਾਨ ਰਖਣ ਵਾਲੇ ਨੂੰ ਜਤੀ ਮੰਨਿਆ ਗਿਆ ਹੈ।

ਘਰੇਲੂ ਜੀਵਨ ਦਾ ਸ਼ਿੰਗਾਰ ਇਸਤਰੀ ਹੈ। ਉਸਦੇ ਜੀਵਨ ਦਾ ਆਧਾਰ ਪਤੀ-ਖਸਮ ਹੈ।

ਪਤੀ ਨੂੰ ਖੁਸ਼ ਰਖਣਾ ਪਤਨੀ ਦਾ ਇਕ ਮਾਤਰ ਕਰੱਤਵ ਹੈ। ਜੇ ਉਸਨੂੰ ਪ੍ਰਸੰਨ ਨਹੀਂ ਕਰ ਸਕਦੀ ਉਸ ਦੀ ਦੁਰਗਤੀ ਹੁੰਦੀ ਹੈ। ਇਸ ਲਈ ਪਤੀ ਨੂੰ ਲੁਭਾਉਣ ਲਈ ਇਸਤਰੀ ਜਿਥੇ ਚੰਗੇ ਗੁਣ ਧਾਰਨ ਕਰਦੀ ਹੈ ਉਥੇ ਬਣਾਵਟੀ ਸ਼ਿੰਗਾਰ ਦੇ ਸਮਾਨ ਦੀ ਵਰਤੋਂ ਵੀ ਕਰਦੀ ਹੈ।

" ਚੰਦਨ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁਘਣਾ ਪਾਨਾ ਨਾਲਿ ਕਪੂਰੁ ॥ "[21]

ਜੇਕਰ ਬਦਕਿਸਮਤੀ ਨਾਲ ਕਿਸੇ ਦਾ ਪਤੀ ਪਰ- ਨਾਰੀ ਗਮਨ ਕਰਦਾ ਸੀ ਤਾਂ ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਸੀ ਕਿਉਂਕਿ ਉਹ ਪਤੀ ਨੂੰ ਵਸ ਵਿਚ ਰਖਣ ਦੇ ਅਸਮਰਥ ਰਹੀ ਸੀ :-

" ਚੂੜਾ ਭੰਨੁ ਪਲੰਘ ਸਿਉ * ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥"
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥"[22]

ਬੇਮੁਖ ਹੋਏ ਭਰਤੇ ਨੂੰ ਰਿਝਾਉਣ ਲਈ ਮੋਹਿਤ ਕਰਨ ਲਈ ਨਾਰ ਸੋਲ੍ਹਾਂ ਸ਼ਿੰਗਾਰ ਕਰਦੀ ਹੈ ਪਰ ਉਸਦੀ ਤਸੱਲੀ ਨਹੀਂ ਹੁੰਦੀ। ਉਹ ਆਪਣੀਆਂ ਸਹੇਲੀਆਂ ਨੂੰ ਪੁਛਦੀ ਹੈ ਕਿ ਉਹ ਕਿਹੜਾ ਸ਼ਿੰਗਾਰ ਕਰੇ ਅਤੇ ਕਿਹੜੇ ਗੁਣ ਧਾਰਨ ਕਰੇ ਤਾਂ ਜੋ ਪਤੀ ਨੂੰ ਭਾ ਜਾਵੇ ਅਤੇ ਪਤੀ ਉਸਦੇ ਵਸ ਹੋ ਜਾਵੇ :-

" ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥"[23]

ਸਹੇਲੀਆਂ ਆਪਣੇ ਜੀਵਨ ਤਜਰਬੇ ਅਨੁਸਾਰ ਉਸਨੂੰ ਕੁਝ ਗੁਣ ਗ੍ਰਹਿਣ ਕਰ ਲੈਣ ਦੀ ਸਿਖਿਆ ਦੇਦੀਆਂ ਹਨ :-

~~ਇਸਤਰੀ- ਨਿਮਰਤਾ--~~

" ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥"[24]

ਇਸਤਰੀ ਨਿਮਰਤਾ, ਖਿਮਾ ਅਤੇ ਮਿਠਾਸ ਨਾਲ ਸਹਿਜ ਅਵਸਥਾ ਅਤੇ ਸੰਤੋਖ ਵਿਚ ਵਿਚਰਦੀ ਹੋਈ ਆਪਣੇ ਸਤਿਗੁਰੂ ਦੀ ਸਿਖਿਆ ਉਤੇ ਪੂਰੀ ਤਰ੍ਹਾਂ ਅਮਲ ਕਰੇ; ਸੁਰਤ ਸਾਈਂ ਨਾਲ ਜੋੜੀ ਰਖੇ। ਇਸ ਮਾਰਗ ਤੇ ਚਲ ਕੇ ਹੀ ਮਿਲਾਪ ਦੀ ਆਨੰਦ ਅਵਸਥਾ ਪ੍ਰਾਪਤ ਹੋ ਸਕਦੀ ਹੈ:-

" ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥"[25]

ਅਗੇ ਚਲ ਕੇ ਗੁਰੂ ਅਮਰਦਾਸ ਜੀ ਲਿਖਦੇ ਹਨ ਕਿ ਉਹ ਸੁਹਾਗਣ ਹੈ ਜਿਹੜੀ ਆਪਣੇ ਪਤੀ ਨੂੰ ਦਿਲ ਵਿਚ ਧਾਰਨ ਕਰੇ, ਉਸ ਨਾਲ ਮਿਠਾ ਬੋਲੇ, ਨਿਮਰਤਾ ਦਾ ਵਿਵਹਾਰ ਕਰੇ ਅਤੇ ਉਸਦੇ ਨਾਲ ਸੇਜ ਮਾਣੇ। ਉਹ ਭਾਗਾਂ ਵਾਲੀ ਹੈ :-

" ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤ ਅਪਾਰ ॥"[26]

ਸੁਹਾਗਣ ਉਹ ਹੈ ਜੋ ਆਪਣੇ ਮਾਲਕ ਨੂੰ ਪਛਾਣ ਲੈਂਦੀ ਹੈ, ਉਸਦੀਆਂ ਲੋੜਾਂ ਸਮਝ ਲੈਂਦੀ ਹੈ ਅਤੇ ਉਸਦੀ ਇੱਛਾ ਪੂਰਤੀ ਕਰਦੀ ਹੈ। ਉਸਦਾ ਪਤੀ ਉਸਤੇ ਮਿਹਰਬਾਨ ਹੋ ਜਾਂਦਾ ਹੈ:

" ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥
ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥"[27]

ਆਪਣੇ ਪ੍ਰੀਤਮ ਨੂੰ ਪਿਆਰੀ ਲਗਣ ਲਈ ਆਪਣੇ ਦਿਲ ਵਿਚ ਉਸ ਦਾ ਡਰ ਅਤੇ ਉਸ ਪ੍ਰਤਿ ~~ਦੋਵੇ~~ ਪਿਆਰ ਦੋਵੇਂ ਹੀ ਹੋਣ ਤਾਂ ਹੀ ਉਹ ਸੁਖ ਸੇਜੜੀ ਮਾਣ ਸਕਦੀ ਹੈ :-

" ਕਹਤੁ ਨਾਨਕ ਭੈ ਭਾਵ ਕਾ ਕਰੇ ਸੀਗਾਰੁ ॥
ਸਦ ਹੀ ਸੇਜੈ ਰਵੈ ਭਤਾਰੁ ॥"[28]

ਅਤੇ

" ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥"[29]

ਉਸਨੂੰ ਆਪਣਾ ਸ਼ਿੰਗਾਰਨ ਤੋਂ ਛੁੱਟ ਸੰਸਾਰਿਕ ਵਰਤੋਂ ਵਿਹਾਰ ਵਿਚ ਵੀ ਕੁਸ਼ਲ ਹੋਣਾ ਚਾਹੀਦਾ ਹੈ ਅਤੇ ਸਾਰੇ ਪਰਿਵਾਰ ਨੂੰ ਖੁਸ਼ ਰਖਣ ਦੇ ਸਮਰਥ ਵੀ :-

"ਸਾਚੁ, ਸੀਲ, ਸਚੁ ਸੰਜਮੀ ਸਾ ਪੂਰੀ ਪਰਵਾਰਿ ॥
ਨਾਨਕ ਅਹਿਨਿਸਿ ਸਦਾ ਭਲੀ, ਪਿਰ ਕੈ ਹੇਤਿ ਪਿਆਰਿ ॥"[30]

ਪਤੀ ਪ੍ਰਤਿ ਇਹ ਪਿਆਰ ਅਤੇ ਸ਼ਰਧਾ ਕੇਵਲ ਉਸਦੇ ਘਰ ਵਿਚ ਜਾਂ ਉਸਦੇ ਸਨਮੁਖ ਹੀ ਨਹੀਂ ਸਗੋਂ ਉਸ ਤੋਂ ਦੂਰ ਰਹਿਣ ਉਤੇ ਵੀ ਹੋਣੀ ਚਾਹੀਦੀ ਹੈ। ਇਥੋਂ ਤਕ ਕਿ ਸ਼ੁਹੀਵਕ ਰੂਪ ਵਿਚ ਪੇਕੇ ਬੈਠੀ ਧਨ ਨੂੰ ਆਪਣੇ ਪਤੀ ਨਾਲ ਲਿਵ ਜੋੜੀ ਰਖਣ ਦਾ ਉਪਦੇਸ਼ ਦਿੱਤਾ ਹੈ :-

"ਪੇਈਅੜੈ ਧਨ ਕੰਤੁ ਸਮਾਲੇ ॥ ਗੁਰਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ॥ ਸਬਦਿ ਸਿੰਗਾਰੁ ਬਣਾਵਣਿਆ ॥"[31]

ਅਤੇ ਜਦੋਂ ਧਨ ਸਵਾਸ ਸਵਾਸ ਪਿਰ ਨੂੰ ਚਿਤਵਦੀ ਹੈ ਤਾਂ ਸਹੁਰੇ ਘਰ ਵਿਚ ਉਸ ਲਈ ਸਭ ਸੁਖ ਸਾਮਿਗ੍ਰੀ ਇਕੱਤਰ ਹੋ ਜਾਂਦੀ ਹੈ :-

"ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥
ਗੁਰਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥"[32]

ਪਤਨੀ ਨੂੰ ਆਪਣੇ ਪਤੀ ਪ੍ਰਤਿ ਹਰ ਪ੍ਰਕਾਰ ਦੇ ਫਰਜ਼ ਪੂਰੇ ਕਰਨ ਦੀ ਹਦਾਇਤ ਹੈ। ਕਿਧਰੇ ਉਹ ਦਾਸੀ ਹੈ ਤਾਂ ਕਿਧਰੇ ਚੇਰੀ, ਕਿਧਰੇ ਰੂਪਵੰਤੀ ਹੈ ਤਾਂ ਕਿਧਰੇ ਸ਼ਿੰਗਾਰ ਕਰਕੇ ਰੂਪ ਨਿਖਾਰਿਆ ਹੈ। ਹਰ ਅਵਸਥਾ ਵਿਚ ਨਿਮਰਤਾ ਦੀ ਪੁੰਜ ਆਪਣੇ ਸੁਹਾਗ ਦੀ ਸੇਵਾਦਾਰਨੀ ਹੀ ਹੈ :-

"ਅਪੁਨੇ ਠਾਕੁਰ ਕੀ ਹਉ ਚੇਰੀ
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥"[33]

ਸਮੇਂ ਸਮੇਂ ਗ੍ਰਿਹਸਥੀ ਵਿਚ ਇਸਤਰੀ ਨੂੰ ਔਕੜਾਂ ਵਿਚੋਂ ਲੰਘਣਾ ਪੈਂਦਾ ਹੈ। ਜੇਕਰ ਅਜੇਹੇ ਸਮੇਂ ਵਿਚ ਉਹ ਸਵੈ-ਸੰਜਮ ਗੁਆ ਬੈਠਦੀ ਹੈ ਤਾਂ ਜੀਵਨ ਦੀ ਗੱਡੀ ਡਾਵਾਂਡੋਲ ਹੋ ਸਕਦੀ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਪੰਜ ਵਿਕਾਰਾਂ ਤੋਂ ਸਵੈ ਦੀ ਰਖਿਆ ਕਰਨ ਦਾ ਮਾਰਗ ਦੱਸਿਆ :-

"ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥"[34]

~~ਗੁਰੂ~~- ਪੰਜ ਵਿਕਾਰਾਂ ਤੋਂ ਨਿਰਲੇਪ ਰਹਿਣ ਵਾਲੀ ਹੀ ਪਤੀ ਨੂੰ ਪਿਆਰੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਵੀ ਇਸ ਸੰਬੰਧੀ ਲਿਖਦੇ ਹਨ:-

" ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥"[35]

ਗੁਰੂ ਅਰਜਨ ਦੇਵ ਜੀ ਅਨੁਸਾਰ ਪਤੀ ਦੀ ਆਗਿਆਕਾਰ ਪਤਨੀ ਨੂੰ ਸੰਸਾਰ ਦਾ ਕੋਈ ਦੁਖ ਨਹੀਂ ਵਿਆਪਦਾ; ਉਹ ਸਦਾ ਸੁਖੀ ਰਹਿੰਦੀ ਹੈ:-

" ਸੀਲ ਸੰਜਮਿ ਪ੍ਰਿਅ-ਆਗਿਆ ਮਾਨੈ ॥
ਤਿਸ ਨਾਰੀ ਕਉ ਦੁਖੁ ਨ ਜਮਾਨੈ ॥"[36]

ਉਹ ਮਾਣ-ਅਭਿਮਾਨ ਤਿਆਗ ਕੇ ਪਤੀ ਦਾ ਹੁਕਮ ਮੰਨਦੀ ਹੈ ਅਤੇ ਪਤੀ ਵੀ ਉਸਦੇ ਸਾਥ ਵਿਚ ਆਨੰਦਿਤ ਹੁੰਦਾ ਹੈ:-

" ਧਨੁ ਸੋਹਾਗਣਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਨੈ॥"[37]

ਅਤੇ

" ਜੋ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ॥"[38]

ਸਦਾ ਪਿਰ ਧਿਆਉਂਦੀ ਹੋਈ ਜਸ ਖਟਣ ਵਾਲੀ ਤ੍ਰੀਮਤ ਗੁਰਮੁਖ ਦੀ ਨਿਆਈਂ ਹੈ ਪਰ ਪਤੀ ਤੋਂ ਵਿਮੁਖ ਰਹਿਣ ਵਾਲੀ ਮਨਮੁਖ ਜੀਵ ਹੈ ਜੋ ਹੀਰਾ ਜਨਮ ਵਿਅਰਥ ਗੁਆਉਂਦੀ ਹੈ। ਜੋ ਇਸਤਰੀ ਗੁਣਵੰਤੀ ਅਤੇ ਸੋਭਾਵੰਤੀ ਹੈ, ਉਹ ਸਦਾ ਪਤੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ ਹੈ। ਉਸਦੀ ਸੇਵਾ ਕਰਦੀ ਹੋਈ ਨਉਂ ਨਿਧਾਂ ਪਾਂਦੀ ਹੈ। ਉਹ ਸੱਚੇ ਅਰਥਾਂ ਵਿਚ ਸੁਹਾਗਣ ਅਤੇ ਵਡਭਾਗਣ ਹੈ:-

" ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥
ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥"[39]

ਜੋ ਆਪਣੀ ਮੱਤ ਵਰਤਦੀਆਂ ਹਨ, ਉਹ ਵਹਿਮਾਂ ਵਿਚ ਡੁਬੀਆਂ ਭਟਕਦੀਆਂ ਰਹਿੰਦੀਆਂ ਹਨ:-

" ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥
ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵਨਿਧਿ ਪਾਈ ॥"[40]

ਜੋ ਮੋਹ ਮਾਇਆ ਵਿਚ ਫਸ ਕੇ ਹਉਮੈ ਦਾ ਗਹਿਣਾ ਪਾ ਲੈਂਦੀਆਂ ਹਨ, ਉਹ ਪਤੀ ਨੂੰ ਪਿਆਰੀਆਂ ਨਹੀਂ ਹੋ ਸਕਦੀਆਂ। ਹਉਮੈ ਅਤੇ ਤ੍ਰਿਸ਼ਨਾ ਦੇ ਤਿਆਗ ਦੁਆਰਾ ਹੀ ਕੰਤ ਨਾਲ ਮਿਲਾਪ ਹੁੰਦਾ ਹੈ :-

" ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥"[41]

ਅਤੇ

" ਸਚੁ ਸੀਗਾਰੁ ਭਉ ਅੰਜਨੁ ਪਾਇਆ ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥
ਧਨ ਸਭ ਸੁਖ ਪਾਵੈ ਜਾਂ ਪਿਰ ਘਰਿ ਆਵੈ ॥"[42]

ਸਭ ਖੁਸ਼ੀਆਂ ਪਤੀ ਦੇ ਘਰ ਹੋਣ ਸਮੇਂ ਸੋਹਦੀਆਂ ਹਨ। ਸਭ ਸ਼ਿੰਗਾਰ ਉਸਦੀ ਹਾਜ਼ਰੀ ਵਿਚ ਹੀ ਸੁਖਦਾਈ ਹੈ। ਜੇ ਕੰਤ ਨੂੰ ਚੰਗੀ ਲਗ ਜਾਵੇ ਤਾਂ ਜੀਵਨ ਸਕਾਰਥ ਹੈ। ਉਸਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਉਸਨੂੰ ਲੁਭਾਇਆ ਜਾ ਸਕਦਾ ਹੈ :-

" ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥
ਨਾਨਕ ਸੋਹਾਗਣਿ ਸਾ ਵਡਭਾਗੀ ਜੋ ਚਲੈ ਸਤਿਗੁਰ ਭਾਣੇ ॥"[43]

ਮਾਲਕ ਘਰ ਹੋਵੇ ਤਾਂ ਸੇਜ ਚੰਗੀ ਲਗਦੀ ਹੈ ਅਤੇ ਸੁਹਾਗਣ ਨੂੰ ਖੁਸ਼ੀ ਦੀਆਂ ਲਾਲੀਆਂ ਚੜ੍ਹੀਆਂ ਰਹਿੰਦੀਆਂ ਹਨ :-

" ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥"[44]

ਸੁਹਾਗਣ ਲਈ ਗਿਆਨਵਾਨ ਅਤੇ ਸੂਝਵਾਨ ਹੋਣ ਦੀ ਲੋੜ ਹੈ। ਇਹ ਅਮੋਲਕ ਗਹਿਣੇ ਸਦੀਵੀ ਹਨ ਜੋ ਉਸਦੀ ਸੁੰਦਰਤਾ ਨੂੰ ਚਾਰ ਚੰਨ ਲਾਂਦੇ ਅਤੇ ਉਸਦੇ ਦਿਲ ਵਿਚ ਪਿਰ ਦਾ ਪਿਆਰ ਭਰ ਦੇਂਦੇ ਹਨ।

"ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥
ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ॥"[45]

ਅਤੇ

"ਸਾਹੁਰੜੈ ਧਨ ਸਾਚੁ ਪਛਾਣਿਆ ॥
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥
ਗੁਰਪਰਸਾਦੀ ਐਸੀ ਮਤਿ ਆਵੈ ॥
ਤਾ ਕਾਮਣਿ ਕੰਤੈ ਮਨਿ ਭਾਵੈ ॥"[46]

ਸੁਹਾਗਣ ਸਹੁਰੇ ਰਹੇ ਜਾਂ ਪੇਕੇ ਉਸਦੀ ਲਿਵ ਤਾਂ ਹਰ ਸਮੇਂ ਆਪਣੇ ਪਤੀ ਦੇ ਚਰਨਾ ਨਾਲ ਜੁੜੀ ਰਹਿੰਦੀ ਹੈ। ਉਸਦਾ ਕੰਤ ਅਗੰਮ ਅਤੇ ਅਥਾਹ ਹੈ ਜੋ ਉਸਨੂੰ ਸਰਬਵਿਆਪਕ ਜਾਪਦਾ ਹੈ:-

"ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹੁ ॥"[47]

ਉਹ ਪ੍ਰੀਤਮ ਬਹੁਤ ਮਹਾਨ ਅਤੇ ਗੰਭੀਰ ਹੈ ਪਰ ਇਸਤਰੀ ਉਸਦੇ ਸਾਹਮਣੇ ਬਹੁਤ ਨਿਮਾਣੀ ਅਤੇ ਤੁੱਛ ਹੈ। ਇਹ ਨਿਮਰਤਾ ਭਾਵ ਹੀ ਪ੍ਰੀਤਮ ਨੂੰ ਖੁਸ਼ ਕਰਦਾ ਹੈ:-

"ਤੁਮ ਗਉਹਰ ਅਤਿ ਗੰਭੀਰਾ,ਤੁਮ ਪਿਰ ਹਮ ਬਹੁਰੀਆ ਰਾਮ ॥
ਤੁਮ ਵਡੇ ਵਡੇ ਵਡ ਊਚੇ,ਹਉ ਇਤਨੀਕ ਲਹੁਰੀਆ ਰਾਮ ॥"[48]

ਉਹ ਪਤੀ ਦੀ ਆਗਿਆ ਮੰਨਦੀ ਹੋਈ ਭੱਜੀ ਫਿਰਦੀ ਹੈ। ਆਗਿਆ ਪਾਲਨ ਨਾਲ ਉਸਦੀ ਸ਼ਾਨ ਵਧਦੀ ਹੈ।

"ਪਾਵ ਮਲੋਵਉ ਸੰਗਿ ਨੈਨ ਭਤੀਰੀ॥ ਜਹਾਂ ਪਠਾਵਹੁ ਜਾਉ ਤਤੀਰੀ॥
ਜਪ ਤਪ ਸੰਜਮ ਦੇਉ ਜਤੀਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀਰੀ॥
ਮਾਣੁ ਤਾਣੁ ਅਹੰਬੁਧਿ ਹਤੀਰੀ॥ ਸਾ ਨਾਨਕ ਸੋਹਾਗਵਤੀਰੀ॥"[49]

ਪਤੀ ਦੇ ਮਨੋਭਾਵਾਂ ਅਤੇ ਲੋੜਾਂ ਨੂੰ ਸਮਝਣ ਵਾਲੀ ਇਸਤਰੀ ਧੰਨ ਹੈ। ਕੇਵਲ ਸੂਰਤ ਤੋ ਹੀ ਭਤਾਰ ਦੀ ਪਹਿਚਾਣ ਕਾਫੀ ਨਹੀਂ। ਦਿਲ ਦੀ ਗੱਲ ਬੁਝ ਲੈਣ ਦੀ ਸਮਰਥਾ ਸੱਚੇ ਪਿਆਰ ਨਾਲ ਆ ਜਾਂਦੀ ਹੈ :-

" ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥"[50]

ਸਮਰੱਥ ਮੁੰਧ ਪਿਰ ਦੀ ਆਖੀ ਗੱਲ ਨੂੰ ਸਮਝਦੀ ਅਤੇ ਮੰਨਦੀ ਹੈ। ਪਤੀ ਵੀ ਉਸਨੂੰ ਸ਼ਿੰਗਾਰਦਾ, ਆਪਣੇ ਨਾਲ ਰਖਦਾ ਅਤੇ ਉਸਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ:-

" ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥
ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥
ਮਿਲ ਇਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥"[51]

ਜੇਕਰ ਕਦੇ ਕਿਸੇ ਕਾਰਨਵਸ ਪਤੀ ਗੁੱਸੇ ਹੋ ਜਾਂਦਾ ਹੈ ਤਾਂ ਪਤਨੀ ਨਿਮਰਤਾ ਨਾਲ ਆਪਣਾ ਸਭ ਕੁਝ ਭੇਟ ਕਰੇ ਅਤੇ ਉਸ ਪਤੀ ਵਿਰੁਧ ਵਿਚਾਰ ਨਾ ਰਖਦੀ ਹੋਈ ਉਸੇ ਨੂੰ ਧਿਆਵੇ। ਇਤਨੀ ਸਹਿਨਸ਼ੀਲਤਾ ਰਖਣ ਵਾਲੀ ਪਤਨੀ ਨੂੰ ਪਤੀ ਜ਼ਰੂਰ ਖਿਮਾ ਕਰ ਦੇਂਦਾ ਹੈ:-

"ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤਿ ਪਾਈ ॥
ਜੇ ਪਾਸਿ ਬਹਾਲਹਿ ਤਾਂ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ ॥"[52] || cf. contemporary perspective!

ਗੁਰੂ ਅਮਰਦਾਸ ਜੀ ਵੀ ਇਥੇ ਇਸੇ ਆਸ਼ੇ ਨੂੰ ਸਪਸ਼ਟ ਕਰਦੇ ਹਨ:-

" ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥
ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥"[53]

ਗੁਰੂ ਰਾਮਦਾਸ ਜੀ ਵੀ ਲਿਖਦੇ ਹਨ ਕਿ ਨਿਮਰਤਾ, ਖਿਮਾਯਾਚਨਾ ਅਤੇ ਗਿਆਨ ਦੇ ਸ਼ਿੰਗਾਰ ਨਾਲ ਕੰਤ ਵਸ ਆਉਂਦਾ ਹੈ:-

" ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ॥
ਮਨਿ ਦੀਪਕ ਗੁਰ ਗਿਆਨ ਬਲਈਆ ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ॥
ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥"[54]

ਜਿਸ ਕਾਮਣਿ ਨੂੰ ਪਤੀ ਦਾ ਸਾਥ ਮਿਲ ਜਾਂਦਾ ਹੈ ਉਸਤੇ ਖੁਸ਼ੀ ਦਾ ਰੰਗ ਚੜ੍ਹ ਜਾਂਦਾ ਹੈ ਅਤੇ ਉਸਨੂੰ ਚੁਫੇਰੇ ਹੀ ਬਸੰਤ ਦਿਸਦੀ ਹੈ:-

" ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥
ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥"[55]

4.

ਅਤੇ ਜਿਸਦਾ ਸਾਈਂ ਵਿਦੇਸ਼ ਗਿਆ ਹੈ ਜਾਂ ਰੁੱਸੇ ਹੈ, ਉਹ ਦਿਨੇ ਰਾਤ ਬਿਰਹਾ ਅਗਨੀ ਵਿਚ ਸੜਦੀ ਹੈ। ਉਸਨੂੰ ਚੁਫੇਰੇ ਵੀਰਾਨੀ ਦਿਸਦੀ ਹੈ:-

" ਨਾਨਕ ਤਿਨਾ ਬਸੰਤ ਹੈ ਜਿਨ ਘਰਿ ਵਸਿਆ ਕੰਤੁ ॥
ਜਿਨਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤੁ ॥"[56]

" ਭਾਰਤੀ ਸਮਾਜ ਵਿਚ ਪਤੀ - ਪਤਨੀ ਦਾ ਸੰਬੰਧ ਜਿੰਨਾ ਪੱਕਾ ਸੁੱਚਾ ਅਤੇ ਆਤਮ-ਸਮਰਪਣਕਾਰੀ ਹੈ, ਉੱਨਾ ਹੋਰ ਕੋਈ ਰਿਸ਼ਤਾ ਨਹੀਂ ਹੈ। ਭਾਰਤੀ ਇਸਤਰੀ ਪਤੀ ਲਈ ਜਿਹੜੀ ਸ਼ਰਧਾ, ਸਤਿਕਾਰ ਅਤੇ ਮਾਣ ਰਖਦੀ ਹੈ, ਜਿੰਨੀ ਸੱਚੀ ਅਤੇ ਸੁੱਚੀ ਪ੍ਰੀਤ ਕਰਦੀ ਹੈ, ਜਿੰਨੀ ਆਪਾਵਾਰੂ ਸੇਵਾ ਕਰਦੀ ਹੈ, ਉਸਨੂੰ ਸਾਹਮਣੇ ਰਖਕੇ ਭਾਰਤੀ ਸਾਧਕਾਂ ਅਤੇ ਚਿੰਤਕਾਂ ਨੇ ਪ੍ਰਭੂ ਭਗਤੀ ਲਈ ਵੀ ਪਤੀ ਪਤਨੀ ਦੇ ਪ੍ਰਤੀਕ ਨੂੰ ਵੱਡੀ ਮਾਤਰਾ ਵਿਚ ਵਰਤਿਆ ਹੈ।"[57] ਅਤੇ ਇਸ ਪ੍ਰੇਮ ਨੂੰ ਆਦਰਸ਼ਕ ਵਿਅਕਤ ਕਰਨ ਹਿਤ ਮਨੁੱਖਾ ਜੀਵਨ ਵਿਚੋਂ ਦ੍ਰਿਸ਼ਟਾਂਤ ਦਿੱਤੇ ਹਨ। ਆਦਿ ਗ੍ਰੰਥ ਵਿਚ ਵੀ ਜਿਥੇ ਕਿਧਰੇ ਗੁਰੂ ਸਾਹਿਬਾਂ ਅਤੇ ਭਗਤਾਂ ਨੇ ਸੰਜੋਗ ਜਾਂ ਵਿਜੋਗ ਦੀ ਚਰਚਾ ਕੀਤੀ ਹੈ ਉਥੇ ਵਾਸਤਵਿਕ ਜੀਵਨ ਦੇ ਬਿੰਬਾਂ ਅਤੇ ਸ਼ਬਦ-ਚਿਤਰਾਂ ਦੁਆਰਾ ਅਜੇਹੇ ਚਿਤਰ ਖਿਚੇ ਹਨ ਕਿ ਵਾਸਤਵਿਕ ਜੀਵਨ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ।

ਪਤੀ ਤੋਂ ਵਿਛੜੀ ਰੂਹ ਮਿਲਾਪ ਲਈ ਲੁਛਦੀ ਹੈ। ਅਜੇਹੀ ਅਵਸਥਾ ਵਿਚ ਜੇ ਕੋਈ ਉਸਨੂੰ ਪਤੀ ਦਾ ਸੁਨੇਹਾ ਵੀ ਦੇਂਦਾ ਹੈ ਤਾਂ ਉਹ ਵਾਰੀ ਘੋਲੀ ਜਾਂਦੀ ਹੈ :-

" ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥"[58]

ਕਾਮਣਿ ਰਸਤੇ ਉਤੇ ਖੜੀ ਪਤੀ ਦਾ ਰਾਹ ਵੇਖ ਰਹੀ ਹੈ। ਉਹ ਕਿਧਰੇ ਨਜ਼ਰੀਂ ਨਹੀਂ ਪੈਂਦਾ। ਉਸਦੀਆਂ ਅੱਖਾਂ ਭਰੀਆਂ ਹੋਈਆਂ ਹਨ। ਠੰਢੇ ਸਾਹ ਭਰਦੀ ਹੈ ਪਰ ਉਸ ਥਾਂ ਤੋਂ ਵਾਪਸ ਨਹੀਂ ਪਰਤਦੀ। ਕਿਉਂਕਿ ਉਸਨੂੰ ਉਥੇ ਹੀ ਪਤੀ ਦੇ ਦਰਸ਼ਨ ਹੋ ਜਾਣ ਦੀ ਆਸ ਹੈ:-

" ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥"[59]

ਪਤੀ ਦੇ ਦੀਦਾਰ ਲਈ ਬਿਰਹਨ ਦਾ ਹਾਲ ਸ਼ੇਖ ਫਰੀਦ ਜੀ ਇਉਂ ਬਿਆਨ ਕਰਦੇ ਹਨ:-

" ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥"[60]

ਜਦੋਂ ਕੋਈ ਵਸ ਨਹੀਂ ਚਲਦਾ ਤਾਂ ਵਿਰਹਨ ਹੂਕ ਉਠਦੀ ਹੈ ਕਿ ਕੋਈ ਉਸਦਾ ਪ੍ਰੀਤਮ ਮਿਲਾ ਦੇਵੇ। ਉਹ ਉਸ ਤੋਂ ਸਾਰਾ ਆਪਣਾ ਵਾਰ ਸੁਟੇਗੀ। ਆਪਣਾ ਵੇਚਕੇ ਸੇਵਾ ਕਰੇਗੀ:-

"ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ॥
ਹਉ ਤਿਸੁ ਪਹਿ ਆਪ ਵੇਚਾਈ ॥" [61]

ਉਸਦੇ ਲਈ ਇਕ ਇਕ ਪਲ ਭਾਰਾ ਬੀਤਦਾ ਹੈ। ਅੱਖਾਂ ਦੀਦਾਰ ਲਈ ਲੁਛਦੀਆਂ ਹਨ। ਮਨ ਵਿਚ ਇਕ ਝਲਕ ਵੇਖਣ ਦਾ ਉਮਾਹ ਹੈ। ਕੋਈ ਵਿਚੋਲਾ ਮੇਲ ਕਰਵਾ ਦੇਵੇ ਇਹੀ ਤਾਂਘ ਬਣੀ ਰਹਿੰਦੀ ਹੈ:-

" ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ ॥
ਮਨ ਨ ਰਹੈ ਕੈਸੇ ਮਿਲਉ ਪਿਆਰੇ ॥
ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ" [62]

ਉਸਨੂੰ ਖਾਣ ਪੀਣ ਸਭ ਵਿਸਰ ਜਾਂਦਾ ਹੈ ਅਤੇ ਉਹ ਹਰ ਪਲ ਉਸੇ ਦੇ ਦਰਸ਼ਨਾਂ ਲਈ ਲੁਛਦੀ ਹੈ। ਦੂਜੇ ਕਿਸੇ [illegible] ਹੈ

" ਚਲਿਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨ ਧੀਜੀਐ ॥
ਖਾਨ ਪਾਨ ਸੀਗਾਰ ਬ੍ਰਿਥੇ ਹਰਿ ਕੰਤ ਬਿਨੁ ਕਿਉ ਜੀਜੀਐ ॥" [63]

ਫਰੀਦ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਜੇਕਰ ਪਤਨੀ ਦੇ ਸਰੀਰ ਦਾ ਸਾਰਾ ਮਾਸ ਕਾਂ ਖਾ ਲੈਣ ਤਾਂ ਵੀ ਉਸਨੂੰ ਪਤੀ ਦੇ ਮੇਲ ਦੀ ਆਸ ਬਣੀ ਰਹਿੰਦੀ ਹੈ ਅਤੇ ਉਹ ਕਾਵਾਂ ਨੂੰ ਬੇਨਤੀ ਕਰਦੀ ਹੈ ਕਿ ਮੇਰੀਆਂ ਅੱਖਾਂ ਨੂੰ ਨਾ ਖਾਣਾ ਤਾਂ ਜੋ ਉਹ ਉਸ ਮਾਲਕ ਦਾ ਦੀਦਾਰ ਕਰ ਸਕੇ :-

" ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸੁ ॥" [64]

ਅਤੇ ਜਦੋਂ ਪਤੀਬਰਤਾ ਇਸਤਰੀ ਨੂੰ ਪਤੀ ਦੇ ਦਰਸ਼ਨ ਹੋ ਜਾਂਦੇ ਹਨ ਤਾਂ ਉਹ ਮਿਲਾਪ ਦੀ ਖੁਸ਼ੀ ਵਿਚ ਨੱਚ ਉਠਦੀ ਹੈ:-

" ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥
ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁਨੀ * ਹਮਾਰੀ ॥"[65]

ਭਾਰਤੀ ਇਸਤਰੀ ਲਈ ਕੇਵਲ ਪਤੀ ਨੂੰ ਰਿਝਾਉਣਾ ਹੀ ਕਾਫੀ ਨਹੀਂ ਪਰਿਵਾਰ ਵਿਚ ਰਹਿੰਦੇ ਹੋਏ ਸਹੁਰੇ ਘਰ ਦੇ ਸਾਰੇ ਜੀਆਂ ਪ੍ਰਤਿ ਭੀ ਆਦਰ ਅਤੇ ਸੇਵਾ ਭਾਵ ਰਖਣਾ ਵੀ ਅਵਸ਼ੱਕ ਹੈ। " ਉਸਦੇ ਲਈ ਮਿਠ-ਬੋਲੜੀ, ਨੇਕ, ਸਲੋਨੀ, ਤਿੱਖੇ ਨੈਣ-ਨਕਸ਼, ਸੁਘੜ, ਸੋਭਨਵੰਤੀ, ਉੱਚ ਆਚਰਣ ਵਾਲੀ, ਆਗਿਆਕਾਰੀ, ਵਫਾਦਾਰ, ਸਬਰ-ਸੰਤੋਖ ਅਤੇ ਸੰਜਮ ਵਾਲੀ, ਕੁਲੀਨ, ਹਉਮੈਂ-ਰਹਿਤ, ਭਾਣਾ ਮੰਨਣ ਵਾਲੀ ਤੇ ਘਰੇਲੂ ਕੰਮਾਂ ਵਿਚ ਨਿਪੁੰਨ ਪਤੀ ਨੂੰ ਸਭ ਕੁਝ ਮੰਨਦੀ ਉਸਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੀ ਹੋਣਾ ਜ਼ਰੂਰੀ ਹੈ।"[66] ਤਾਂ ਹੀ ਉਹ ਸਹੁਰੇ ਘਰ ਵਿਚ ਰਹਿ ਸਕਦੀ ਹੈ ਅਤੇ ਸੱਸ, ਸਹੁਰੇ, ਜੇਠ, ਦੇਵਰ, ਨਨਾਣਾ ਆਦਿ ਨੂੰ ਚੰਗੀ ਲਗ ਸਕਦੀ ਹੈ।

ਭਾਰਤੀ ਪਰੰਪਰਾ ਵਿਚ ਸ਼ਰਮ ਇਸਤਰੀ ਦਾ ਗਹਿਣਾ ਹੈ। ਜੋ ਕੁਦਰਤ ਵਲੋਂ ਉਸਨੂੰ ਪ੍ਰਦਾਨ ਕੀਤਾ ਜਾਂਦਾ ਹੈ। ਮੁਸਲਮਾਨਾਂ ਦੇ ਆਉਣ ਤੇ ਇਸਤਰੀ ਲਈ ਬਾਹਰੀ ਪਰਦੇ ਦੀ ਵੀ ਲੋੜ ਪਈ। ਭਾਰਤੀ ਨਾਰੀ ਨੂੰ ਇਹ ਬਾਹਰੀ ਘੁੰਡ ਇਕ ਬੇਲੋੜੀ ਮੁਸੀਬਤ ਜਾਪਦਾ ਸੀ। ਉਤੋਂ ਤਾਂ ਘੁੰਡ ਕੱਢ ਲਿਆ ਪਰ ਮਨ ਵਿਚ ਵਿਕਾਰ ਪਨਪਦੇ ਹੋਣ ਤਾਂ ਇਸ ਘੁੰਡ ਦਾ ਲਾਭ ਨਹੀਂ। ਸੱਚਾ ਘੁੰਡ ਤਾਂ ਮਨ ਨੂੰ ਇਕ ਥਾਂ ਤੇ ਹੀ ਟਿਕਾਈ ਰਖਣਾ ਹੈ। ਸ਼ਰੀਰ ਭਾਵੇਂ ਨੱਚੇ ਕੁੱਦੇ ਪਰ ਮਨ ਇਕ ਨਿਰੰਜਨ ਨਾਲ ਜੁੜਿਆ ਹੋਵੇ।

" ਘੂੰਘਟੁ ਤੋਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰ ਨਾਚੈ ॥
ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮ ਬਿਤੀਤੈ ॥"[67]

ਵਖਾਵੇ ਦਾ ਘੁੰਡ ਤਾਂ ਲੋਕ ਲਾਜ ਦੇ ਪ੍ਰਗਟਾਵੇ ਲਈ ਹੈ। ਚਾਰ ਦਿਨ ਲੋਕ ਕਹਿਣਗੇ ਨੂੰਹ ਬਹੁਤ ਚੰਗੀ ਹੈ, ਭਲੇ ਘਰ ਦੀ ਹੈ। ਇਸ ਤੋਂ ਵੱਧ ਇਸ ਦੀ ਕੋਈ ਮਹੱਤਤਾ ਨਹੀਂ।

" ਘੂੰਘਟੁ ਕਾਢੇ ਕੀ ਇਹੈ ਬਡਾਈ ॥
ਘੁੰਡ ਦਿਨ ਦਸ ਪਾਂਚ ਬਹੂ ਭਲੇ ਆਈ ॥"[68]

ਗੁਰੂ ਸਾਹਿਬਾਂ ਨੇ ਅਜੇਹੇ ਵਖਾਵੇ ਦੇ ਪਰਦੇ ਨੂੰ ਬੁਰਾ ਕਿਹਾ। ਸੰਗਤ ਵਿਚ ਪਰਦਾ ਕਰਕੇ ਆਉਣ ਦੀ ਮਨਾਹੀ ਕੀਤੀ। ਸੰਗਤ ਵਿਚ ਆਉਣ ਦਾ ਮਨੋਰਥ ਹੁੰਦਾ ਹੈ ਸਾਧ-ਸੰਗਤ ਦੇ ਦਰਸ਼ਨ ਕਰਕੇ ਨਿਹਾਲ ਹੋਣਾ; ਮਨ ਨੂੰ ਸ਼ਾਂਤ ਕਰਨਾ ਅਤੇ ਅਧਿਆਤਮਕ ਖੁਸ਼ੀ ਪ੍ਰਾਪਤ ਕਰਨੀ।

ਸਤਸੰਗ ਵਲ ਮੂੰਹ ਕਰ ਲੈਣ ਨਾਲ ਹੀ ਦੁਤੀਆ ਭਾਵ ਮਿੱਟ ਜਾਂਦਾ ਹੈ। ਦੂਜਿਆਂ ਪ੍ਰਤਿ ਭੈੜੀ ਵਿਚਾਰਧਾਰਾ ਰਖਕੇ ਸੰਗਤ ਵਿਚ ਪਰਦਾ ਕਰਕੇ ਆਉਣ ਦਾ ਕੋਈ ਲਾਭ ਨਹੀਂ। ਮਨ ਦੀ ਸ਼ੁੱਧਤਾ ਹੀ ਸਤਸੰਗ ਦਾ ਅਸਲ ਮਨੋਰਥ ਹੈ। ਪਰਦਾ ਨਾ ਕਰਨ ਤੋਂ ਇਹ ਭਾਵ ਨਹੀਂ ਕਿ ਬਰੀਕ ਕਪੜੇ ਪਾ ਕੇ ਸਰੀਰ ਦਾ ਵਖਾਵਾ ਨਿਰਲੱਜਤਾ ਨਾਲ ਕੀਤਾ ਜਾਵੇ। ਅਜੇਹਾ ਕਰਨ ਵਾਲੀ ਇਸਤਰੀ ਤਾਂ ਹੰਕਾਰ ਮੱਤੀ ਅਤੇ ਗਵਾਰ ਹੈ।

"ਵਾਤੂ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰ ॥"[69]

ਝੂਠੇ ਹਾਰ ਸ਼ਿੰਗਾਰ ਸੱਚੇ ਦੀ ਪ੍ਰੀਤੀ ਬਿਨਾਂ ਫਿਕੇ ਹਨ। ਜੋ ਇਨ੍ਹਾਂ ਵਿਚ ਫਸੀ ਰਹਿੰਦੀ ਹੈ ਉਹ ਜੂਨਾਂ ਦੀ ਭਟਕਣ ਵਿਚ ਪਈ ਰਹਿੰਦੀ ਹੈ:-

"ਕਨਿਕ ਕਨਿਕ ਪਹਿਰੇ ਬਹੁ - ਕੰਗਨਾ,ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ॥ "[70]

ਸਦਗੁਣਾਂ ਵਾਲੀ ਸਦਾਚਾਰੀ ਪਤਨੀ ਨੂੰ ਸਹੁਰੇ ਘਰ ਵਿਚ ਪੂਰਾ ਆਦਰ ਤੇ ਪਿਆਰ ਮਿਲਦਾ ਸੀ। ਔਗੁਣਹਾਰੀ ਅਤੇ ਹਉਮੈਂਵੱਤੀ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਾਂਝੇ ਪਰਿਵਾਰ ਵਿਚ ਨੂੰਹ ਤੋਂ ਹਰ ਪ੍ਰਕਾਰ ਦੇ ਸਹਿਯੋਗ ਅਤੇ ਹਲੀਮੀ ਦੀ ਆਸ ਕੀਤੀ ਜਾਂਦੀ ਸੀ। ਸੱਸ ਆਪਣੀ ਨੂੰਹ ਤੇ ਪੂਰਾ ਅਧਿਕਾਰ ਸਮਝਦੀ ਸੀ ਅਤੇ ਕਈ ਵਾਰੀ ਪਤੀ-ਪਤਨੀ ਦੇ ਵਿਚਕਾਰ ਅਸ਼ਾਂਤੀ ਦਾ ਕਾਰਨ ਹੋ ਨਿਬੜਦੀ ਸੀ :-

ਸੱਸ | "ਸਾਸੁ ਬੁਰੀ ਘਰਿ ਵਾਸੁ ਨ ਦੇਵੈ,ਪਿਰ ਸਿਉ ਮਿਲਣ ਨ ਦੇਇ ਬੁਰੀ ॥
ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥"[71]

ਆਦਿ ਗ੍ਰੰਥ ਦੀ ਬਾਣੀ ਤੋਂ ਜਾਪਦਾ ਹੈ ਕਿ ਘਰੇਲੂ ਜੀਵਨ ਵਿਚ ਵੱਡੀ ਮੱਛੀ ਛੋਟੀ ਨੂੰ ਖਾ ਰਹੀ ਸੀ। ਕਈ ਵਾਰੀ ਤਾਂ ਸਾਰਾ ਸਹੁਰਾ ਪਰਿਵਾਰ ਹੀ ਨੂੰਹ ਨੂੰ ਤੰਗ ਕਰਨ ਲਗ ਪੈਂਦਾ ਸੀ। ਉਦੋਂ ਕੇਵਲ ਪਤੀ ਹੀ ਪਤਨੀ ਦੀ ਸਾਰ ਪੁਛਣ ਵਾਲਾ ਹੁੰਦਾ ਸੀ :-

"ਸਸੁ ਵਿਰਾਇਣੇ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉਪਉ ਲੂਹੈ ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂ ਹੈ ॥"[72]

ਜੇਕਰ ਅਗੋਂ ਨੂੰਹ ਵੀ ਆਕੜ ਵਡਿਆਈ ਵਾਲੀ ਹੁੰਦੀ ਤਾਂ ਗੁਜ਼ਾਰਾ ਕਠਿਨ ਹੋ ਜਾਂਦਾ ਸੀ। ਨੂੰਹ - ਸੱਸ ਦੇ ਆਪਸੀ ਸੰਬੰਧ ਹੋਰ ਵੀ ਕੁੜੱਤਣ ਭਰੇ ਹੋ ਜਾਂਦੇ ਸਨ। ਘਰ ਨਰਕ ਬਣ ਜਾਂਦਾ ਸੀ :-

" ਸਸੁਰਿ ਮੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥
ਗਚਿ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥"
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥"[73]

ਪਰ ਅਕਲਮੰਦ ਪਤਨੀ ਨਿਮਰਤਾ ਨਾਲ ਵਿਚਰਦੀ ਹੋਈ ਸਭ ਨੂੰ ਖੁਸ਼ ਕਰਨ ਦਾ ਯਤਨ ਕਰਦੀ ਸੀ। ਪਤੀ ਅਜੇਹੀ ਗੁਣਵੰਤੀ ਨੂੰ ਘਰੇਲੂ ਕਲੇਸ਼ ਤੋਂ ਬਚਾਉਣ ਲਈ ਵੱਖ ਰਖ ਲੈਂਦਾ ਸੀ :-

ਸੰਤਾਪਿ॥

" ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰਿ ਜਿਠਾਣੀ ਮੁਈ ਦੂਖਿ
ਘਰ ਕੇ ਜਿਠੇਰੇ ਦੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥"[74]

ਵਖਰੇ ਘਰ ਵਿਚ ਰਹਿੰਦੀ ਹੋਈ ਸੁਘੜ ਸੁਜਾਣੀ ਹਰ ਤਰ੍ਹਾਂ ਦੇ ਪਰਿਵਾਰਿਕ ਸੁਖ ਮਾਣਦੀ ਅਤੇ ਪਤੀ ਨੂੰ ਆਨੰਦਿਤ ਕਰਦੀ ਸੀ।

ਆਦਿ ਗ੍ਰੰਥ ਦੀ ਬਾਣੀ 'ਚੋਂ ਬਹੁ-ਪਤਨੀ ਵਿਆਹ ਦੇ ਸੰਕੇਤ ਵੀ ਮਿਲਦੇ ਹਨ ਅਤੇ ਪਤਨੀ ਤਿਆਗ ਦੇ ਉਦਾਹਰਨ ਉਪਲਬਧ ਹਨ। ਔਗੁਣਹਾਰੀ, ਹੰਕਾਰੀ, ਪਤੀ ਦੇ ਪ੍ਰਤਿਕੂਲ, ਵਿਵਹਾਰ ਕਰਨ ਵਾਲੀ ਪਤਨੀ ਨੂੰ ਤਿਆਗ ਵੀ ਦਿੱਤਾ ਜਾਂਦਾ ਸੀ ਅਤੇ ਪਤੀ ਹੋਰ ਵੀ ਵਿਆਹ ਕਰਵਾ ਲੈਂਦਾ ਸੀ। ਸੌਂਕਣ ਦੀ ਹੋਂਦ ਦਾ ਉਲੇਖ ਮਿਲਦਾ ਹੈ :-

" ਮੀਠੀ ਆਗਿਆ ਪਿਰ ਕੀ ਲਾਗੀ ॥
ਸਉਕਨਿ ਘਰ ਕੀ ਕੀਤਿ ਤਿਆਗੀ ॥"
ਪ੍ਰਿਅ ਸੋਹਾਗਨਿ ਸੀਗਾਰਿ ਕਰੀ ਮਨ ਮੇਰੇ ਕੀ ਤਪਤਿ ਹਰੀ ॥"[75]

ਬਹੁ-ਪਤਨੀ ਵਿਆਹ ਦਾ ਸਬੂਤ ਹੈ ਕਿ ਨਵ-ਵਿਆਹੁਤਾ ਦੇ ਆ ਜਾਣ ਉਤੇ ਪਹਿਲੀ ਪਤਨੀ ਦੀ ਪੁੱਛ ਪ੍ਰਤੀਤ ਲਗਭਗ ਖਤਮ ਹੋ ਜਾਂਦੀ ਸੀ। ਕਈ ਵਾਰੀ ਛੁੱਟੜ ਨੂੰ ਅਗੇ ਵੀ ਬਿਠਾ ਦਿੱਤਾ ਜਾਂਦਾ ਸੀ :- ?

" ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥
ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥"[76]

ਕੁਰੂਪ ਜਾਂ ਕੁਲੱਛਣੀ ਨੂੰ ਵੀ ਤਿਆਗ ਦਿੱਤਾ ਜਾਂਦਾ ਸੀ। ਉਹ ਮਰ ਜਾਂਦੀ ਸੀ

ਤਾਂ ਮੁਕਰ ਕਰਕੇ ਦੂਜਾ ਵਿਆਹ ਕਰਵਾ ਲਿਆ ਜਾਂਦਾ ਸੀ :-

" ਪਹਿਲੀ ਕੁਰੂਪਿ ਕੁਜਾਤਿ ਕੁਲਖਨੀ ਸਹੁਰੈ ਪੇਈਐ ਬੁਰੀ ॥
ਅਬਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥
ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥
ਜੁਗ ਜੁਗ ਜੀਵਉ ਮੇਰੀ ਅਬ ਕੀ ਧਰੀ ॥"[77] ਕਬੀਰ

ਇਸ ਤਰ੍ਹਾਂ ਸਮਾਜ ਵਿਚ ਇਕ ਤੋਂ ਵਧ ਪਤਨੀਆਂ ਰਖਣ ਅਤੇ ਪੁੱਤਰਵੰਤੀ ਇਸਤਰੀ ਨੂੰ ਵਧੇਰੇ ਸਤਿਕਾਰ ਦੇਣ ਦਾ ਆਮ ਰਿਵਾਜ ਸੀ। ਗੁਰੂ ਪਰੰਪਰਾ ਵਿਚ ਵੀ ਗੁਰੂ ਹਰਿਗੋਬਿੰਦ ਜੀ ਦੀਆਂ ਤਿੰਨ; ਗੁਰੂ ਹਰਿਰਾਏ ਜੀ ਦੀਆਂ ਦੋ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ। ਪਤੀ ਦੁਆਰਾ ਤਿਆਗੀ ਜਾਂ ਦੂਰ ਗਏ ਪਤੀ ਦੀ ਨਾਰ ਦਾ ਜੀਵਨ ਦੁਖਮਈ ਹੁੰਦਾ ਸੀ। ਉਹ ਪਤੀ ਮਿਲਾਪ ਲਈ ਲੁਛਦੀ ਰਹਿੰਦੀ ਸੀ।

ਦੁਹਾਗਣ

ਭਾਰਤੀ ਸਮਾਜ ਵਿਚ ਦੁਹਾਗਣ ਜਾਂ ਛੁੱਟੜ ਦਾ ਜੀਵਨ ਸਦਾ ਹੀ ਔਕੜਾਂ ਭਰਿਆ ਰਿਹਾ ਹੈ। ਉਸਨੂੰ ਜੀਵਨ ਵਿਚ ਕਦੇ ਖੁਸ਼ੀ ਸਤਿਕਾਰ ਜਾਂ ਪਿਆਰ ਨਹੀਂ ਮਿਲਦਾ। ਉਸਦੀ ਦੁਰਗਤੀ ਦਾ ਕਾਰਨ ਉਸਦੇ ਆਪਣੇ ਔਗੁਣ ਹੋਣ ਜਾਂ ਉਸਦੇ ਪਤੀ ਦੀਆਂ ਬੁਰੀਆਂ ਆਦਤਾਂ, ਦੋਸ਼ ਹਮੇਸ਼ਾਂ ਨਾਰੀ ਨੂੰ ਹੀ ਦਿੱਤਾ ਜਾਂਦਾ ਹੈ ਜਿਸਦੇ ਫਲਸਰੂਪ ਸਜ਼ਾ ਦੀ ਅਧਿਕਾਰੀ ਵੀ ਉਸੇ ਨੂੰਹੀ ਮੰਨਿਆ ਜਾਂਦਾ ਹੈ।

" ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥"[78]

ਉਸ ਦੁਹਾਗਣ ਦਾ ਜੀਵਨ ਧਿਰਕਾਰਤ ਹੈ ਜੋ ਕਿ ਖ਼ੁਦ ਇਕ ਨੂੰ ਛੱਡ ਕੇ ਦੂਜੇ ਨਾਲ ਪਿਆਰ ਪਾਉਂਦੀ ਹੈ। ਉਹ ਕਲਰ ਦੀ ਕੰਧ ਵਾਂਗ ਹੈ ਜੋ ਦਿਨ ਰਾਤ ਕਿਰ ਕਿਰ ਕੇ ਢਹਿੰਦੀ ਰਹਿੰਦੀ ਹੈ। ਉਸਦਾ ਜੀਵਨ ਜੇਠ ਹਾੜ ਦੀਆਂ ਸੜਦੀਆਂ ਧੁਪਾਂ ਵਾਂਗ ਦੁਖਦਾਈ ਹੁੰਦਾ ਹੈ ਜਿਸ ਉਤੇ ਪ੍ਰੀਤਮ ਦੀ ਮਿਹਰ ਦੀ ਦ੍ਰਿਸ਼ਟੀ ਨਹੀਂ ਹੁੰਦੀ :-

" ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥
ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥"[79]

ਦੁਹਾਗਣਾਂ ਵਿਚ ਨਿਮਰਤਾ, ਮਧੁਰਤਾ, ਹਲੀਮੀ ਆਦਿ ਗੁਣ ਨਹੀਂ ਹੁੰਦੇ। ਇਸ ਲਈ ਉਹ ਪਤੀ ਮਿਲਾਪ ਦੇ ਆਨੰਦ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ:-

"ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨ ਨਿਵਹਿ ਦੂਜਾ ਭਾਉ ਸੁਆਉ ॥" [80]

ਉਸ ਲਈ ਧਨ ਅਤੇ ਜਵਾਨੀ ਖੁਸ਼ੀ ਦਾ ਸਾਧਨ ਨਾ ਬਣ ਕੇ ਦੁਖ ਦਾ ਕਾਰਨ ਹੋ ਨਿਬੜਦੇ ਹਨ। ਨਾਮ ਬਿਨਾਂ ਉਸਦੀ ਕਿਧਰੇ ਵੀ ਕਦਰ ਨਹੀਂ ਹੁੰਦੀ।-

"ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾਂ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥" [81]

ਜਿਸ ਔਗੁਣਹਾਰੀ ਵਿਚ ਗੁਣ ਕੋਈ ਨਹੀਂ ਹੈ, ਉਸ ਨੂੰ ਪਤੀ ਦਾ ਸਾਥ ਨਹੀਂ ਮਿਲ ਸਕਦਾ। ਉਹ ਮਨਮਤੀ ਹੈ ਜਿਸ ਕਰਕੇ ਪਤੀ ਤੋਂ ਦੂਰ ਰਹਿਣਾ ਪੈਂਦਾ ਹੈ :-

"ਅਉਗੁਣਵੰਤੀ ਗੁਣੁ ਕੋ ਨਹੀਂ ਬਹਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥" [82]

ਹੰਕਾਰ ਮਤੀ ਤ੍ਰਿਸ਼ਨਾ ਦੀ ਅੱਗ ਵਿਚ ਬਲਦੀ ਹੋਈ ਉਹ ਆਪਣੇ ਪਤੀ ਨੂੰ ਪਹਿਚਾਣ ਨਹੀਂ ਸਕਦੀ, ਇਸ ਲਈ ਉਸਦਾ ਸਮਾਂ ਬੜੀ ਮੁਸ਼ਕਿਲ ਨਾਲ ਲੰਘਦਾ ਹੈ :-

"ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖ ਪਾਵਹਿ ਦੂਜੇ ਭਾਇ ॥" [83]

ਪਤਨੀ ਦਾ ਸੱਚਾ ਅਤੇ ਸਦੀਵੀ ਸ਼ਿੰਗਾਰ ਪਤੀ ਹੈ। ਪਤੀ ਵਿਹੂਣੀ ਲਈ ਸ਼ਿੰਗਾਰ ਕਰਨਾ ਪਾਖੰਡ ਦਾ ਪ੍ਰਤੀਕ ਹੈ। ਪਤੀ ਦੀ ਗੈਰਹਾਜ਼ਰੀ ਵਿਚ ਲੁਭਾਉਣਾ ਹਾਰ-ਸ਼ਿੰਗਾਰ ਕਰਨ ਵਾਲੀ ਔਗੁਣਵੰਤੀ ਹੈ ਜਿਸਨੂੰ ਪਤੀ ਤਿਆਗ ਦੇਂਦਾ ਹੈ। ਉਹ ਪਤੀ ਪ੍ਰਾਪਤੀ ਲਈ ਤੜਪਦੀ ਰਹਿੰਦੀ ਹੈ ਪਰ ਉਸ ਤਕ ਪਹੁੰਚ ਨਹੀਂ ਸਕਦੀ :-

"ਅਵਗੁਣੀਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥
ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥" [84]

ਸ਼ਿੰਗਾਰ ਤਾਂ ਪਿਆਰ ਦੀ ਨਿਸ਼ਾਨੀ ਹੈ ਜਿਸ ਦੁਆਰਾ ਪਿਆਰੇ ਨੂੰ ਲੁਭਾਇਆ

ਜਾਂਦਾ ਹੈ। ਮੋਹਿਤ ਕਰਕੇ ਵਸ ਵਿਚ ਰਖਿਆ ਜਾਂਦਾ ਹੈ। ਪਰਦੇਸੀ ਪਤੀ ਦੀ ਛੁੱਟੜ ਦੁਆਰਾ ਕੀਤਾ ਸੋਲਾਂ ਸ਼ਿੰਗਾਰ ਪਤੀ ਪ੍ਰਤਿ ਉਸਦੀ ਬੇਵਫਾਈ ਦਾ ਸੰਕੇਤ ਹੁੰਦਾ ਹੈ। ਉਹ ਤਾਂ ਬੁਰੇ ਆਚਰਨ ਵਾਲੀ ਨਿੰਦਣੀਯ ਹੈ ਜੋ ਕਦੇ ਸੁਖ ਪ੍ਰਾਪਤ ਨਹੀਂ ਕਰ ਸਕਦੀ :-

"ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥
ਨ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥"[85]

ਆਪਣੇ ਸਾਈਂ ਨੂੰ ਵਿਸਾਰ ਕੇ ਲਬੁ, ਲੋਭ, ਹੰਕਾਰ ਜੇਹੇ ਵਿਕਾਰਾਂ ਵਿਚ ਫਾਥੀ ਤ੍ਰੀਮਤ ਕਿਸੇ ਸੂਰਤ ਵਿਚ ਵੀ ਘਰੇਲੂ ਜੀਵਨ ਦੀ ਨਿੱਘ ਅਤੇ ਪਤੀ ਦੀ ਸੁਰਖਿਆ ਵਲੋਂ ਹੱਕਦਾਰ ਨਹੀਂ ਹੋ ਸਕਦੀ। ਉਸਦੀ ਭਟਕਣਾਂ ਉਸਨੂੰ ਆਤਮਿਕ ਸ਼ਾਂਤੀ ਤੋਂ ਵਾਂਝਿਆ ਰਖਦੀ ਹੈ:-

"ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥"[86]

ਪਤੀ ਹੀ ਪਤਨੀ ਦੀ ਗਤੀ ਹੈ। ਉਸ ਬਿਨਾਂ ਪਤਨੀ ਦੇ ਦੋਵੇਂ ਲੋਕ ਹੀ ਨਸ਼ਟ ਹਨ। ਉਸਨੂੰ ਕਿਧਰੇ ਢੋਈ ਨਹੀਂ ਮਿਲਦੀ :-

"ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥"[87]

ਉਹ ਪੇਕੇ ਰਹੇ ਜਾਂ ਸਹੁਰੇ ਮਨ ਵਿਚ ਅਸ਼ਾਂਤੀ ਹੀ ਵਿਦਮਾਨ ਰਹਿੰਦੀ ਹੈ। ਉਹ ਸਦਾ ਤੜਪਦੀ ਹੋਈ ਲੁਛੱਦੀ ਹੈ। ਪਤੀ ਵਿਹੂਣੀ ਨੂੰ ਨੀਂਦ ਵੀ ਨਹੀਂ ਪੈਂਦੀ :

"ਪੇਈਅੜੈ ਧਨ ਅਨਦਿਨੁ ਸੁਤੀ ॥
ਕੰਤਿ ਵਿਸਾਰੀ ਅਵਗਣਿ ਮੁਤੀ ॥
ਅਨਦਿਨੁ ਸਦਾ ਫਿਰੈ ਬਿਲਲਾਦੀ ॥
ਬਿਨੁ ਪਿਰ ਨੀਦ ਨ ਪਾਵਣਿਆ ॥"[88]

ਇਸ ਦੁਹਾਗਣ ਨਾਰੀ ਨੂੰ ਗੁਰੂ ਸਾਹਿਬ ਕੁਨਾਰਿ ਅਤੇ ਕੁਲੱਛਣੀ ਜੇਹੇ ਵਿਸ਼ੇਸ਼ਣਾ ਨਾਲ ਸੰਬੋਧਿਤ ਕਰਦੇ ਹਨ ਜਿਸ ਵਿਚ ਪਤੀ-ਪਿਆਰ ਦਾ ਅਭਾਵ ਹੈ:

"ਪਿਰ ਕੀ ਸਾਰ ਨ ਜਾਣਨੀ ਦੂਜੈ ਭਾਇ ਪਿਆਰ ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚ ਕੁਨਾਰਿ ॥"[89]

ਪਤੀ ਪ੍ਰਾਪਤੀ ਲਈ ਗੁਣਹੀਣੀ ਅਵਸਥਾ ਤਿਆਗਣ ਤੇ ਜ਼ੋਰ ਦਿੱਤਾ ਹੈ :-

"ਮੁੰਧੇ ਗੁਣ ਹੀਣੀ ਸੁਖੁ ਕੇਹਿ ॥
ਪਿਰ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥"[90]

ਪਤੀ ਨਾਲ ਇਕਸੁਰਤਾ ਕਾਇਮ ਕਰਕੇ ਉਸ ਨਾਲ ਅਭੇਦਤਾ ਦੀ ਸਥਿਤੀ ਪ੍ਰਾਪਤ ਕਰਨੀ ਹੈ। ਮੈਂ ਤੇ ਤੂੰ ਦਾ ਭੇਦ ਖਤਮ ਕਰਨਾ ਹੈ। ਇਹ ਇਕਸੁਰਤਾ ਤਾਂ ਹੀ ਆ ਸਕਦੀ ਹੈ ਜੇਕਰ ਆਪਾ ਭਾਵ, ਹਉਮੈਂ ਅਤੇ ਹੰਕਾਰ ਤਿਆਗ ਕੇ ਮਨ ਨੂੰ ਨਿਰਮਲ ਕਰ ਲਿਆ ਜਾਵੇ :

"ਮਨ ਮਹਿ ਮਨੂਆ ਜੇ ਮਰੈ ਤਾਂ ਪਿਰੁ ਰਾਵੈ ਨਾਰਿ ॥
ਇਕ ਤੂ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥"[91]

ਸਿਰਫ ਵਖਾਵੇ ਅਤੇ ਪਾਖੰਡ ਮਾਤਰ ਨਾਲ ਪਤੀ ਮਿਲਾਪ ਨਹੀਂ ਹੋ ਸਕਦਾ। ਉਸ ਦੇ ਦਰ ਤੇ ਖੜੇ ਹੋ ਕੇ ਹਰ ਸਮੇਂ ਸੇਵਾ ਲਈ ਤਤਪਰ ਰਹਿਣ ਨਾਲ ਹੀ ਪਤੀ ਰੀਝ ਸਕਦਾ ਹੈ। ਗੱਲਾਂ ਨਾਲ ਚੰਗੇ ਹੋਣਾ ਨਹੀਂ ਸਗੋਂ ਕਰਮ ਅਤੇ ਵਿਵਹਾਰ ਵਿਚ ਚੰਗੇ ਹੋਣ ਦੀ ਲੋੜ ਹੈ :

"ਗਲੀਂ ਅਸੀਂ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆਂ ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰ ਖੜੀਆਹ ॥"[92]

ਝੂਠੇ ਵਖਾਵੇ ਨਾਲ ਪਤੀ ਦਾ ਖੁਸ਼ ਹੋਣਾ ਕਠਿਨ ਹੀ ਨਹੀਂ ਅਸੰਭਵ ਹੈ। ਪਤੀ ਦੀ ਪਾਰਖੂ ਅੱਖ ਔਰਤ ਦੀ ਅੰਦਰਲੀ ਮੈਲ ਨੂੰ ਪਰਖ ਲੈਂਦੀ ਹੈ। ਉਹ ਉਸਦੇ ਵਖਾਵੇ ਅਤੇ ਸ਼ਿੰਗਾਰ ਨੂੰ ਵੇਖਕੇ ਉਸਤੇ ਰੀਝਦਾ ਨਹੀਂ ਸਗੋਂ ਉਸਦੀ ਕਟੂਤਾ ਨੂੰ ਤਾੜ ਲੈਂਦਾ ਹੈ :

"ਅਉਗਣਿਆਰੀ ਕੰਤ ਨ ਭਾਵੈ ॥
ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ ॥
ਬਿਨੁ ਗੁਰ ਬੂਝ ਨ ਪਾਈ ਹੇ ॥
ਦੁਰਮਤ ਖੋਟੀ ਖੋਟੁ ਕਮਾਵੈ ॥
ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥"[93]

ਦੁਹਾਗਣ ਦਾ ਇਕ ਰੂਪ ਵਿਧਵਾ ਹੈ ਜਿਸਦਾ ਜੀਵਨ ਨਾਰਕੀ ਹੁੰਦਾ ਹੈ। ਵਿਧਵਾ

ਕਿਸੇ ਵੀ ਸਮਾਜ ਦਾ ਨਾਸੂਰ ਹੁੰਦੀ ਹੈ। ਪਤੀ ਨਾਲ ਸੁਖੀ ਵਸਦੀ ਇਸਤਰੀ ਉਤੇ ਪਤੀ ਦੀ ਮੌਤ ਨਾਲ ਅਚਾਨਕ ਹੀ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ ਜਿਸਦੇ ਲਈ ਉਹ ਪਹਿਲਾਂ ਤਿਆਰ ਨਹੀਂ ਹੁੰਦੀ। ਇਸਤਰੀ ਦਾ ਜੀਵਨ ਜੰਗਲ ਦੀ ਤਰ੍ਹਾਂ ਵੀਰਾਨ ਅਤੇ ਭਿਅੰਕਰ ਹੋ ਜਾਂਦਾ ਹੈ। ਉਸਦੀ ਜ਼ਿੰਦਗੀ ਵਿਚੋਂ ਖੇੜਾ ਮੁੱਕ ਜਾਂਦਾ ਹੈ। ਉਸਦੀ ਸਥਿਤੀ ਉਸ ਅਧਖਿੜੀ ਕਲੀ ਵਾਂਗ ਹੋ ਜਾਂਦੀ ਹੈ ਜੋ ਪੂਰੀ ਸੰਭਾਲ ਅਤੇ ਖੁਰਾਕ ਨਾ ਮਿਲਨ ਕਾਰਨ ਮੁਰਝਾ ਰਹੀ ਹੈ - ਡਾਲ ਨਾਲ ਲਟਕੀ ਹੋਈ ਹੈ ਪਰ ਉਸ ਨਾਲੋਂ ਟੁੱਟ ਨਹੀਂ ਰਹੀ। ਉਸਨੂੰ ਮੌਤ ਨਹੀਂ ਕਬੂਲਦੀ ਅਤੇ ਜ਼ਿੰਦਗੀ ਵੀ ਨਹੀਂ ਦੁਲਾਰਦੀ।:

"ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰੁ ਧਨ ਕੁਮਲਾਣੀ ॥" [94]

ਵਿਧਵਾ ਦੀ ਹਾਲਤ ਨਿਸਚੈ ਹੀ ਤਰਸਯੋਗ ਸੀ। ਉਸ ਪਾਸ ਰੋਜ਼ੀ ਕਮਾਉਣ ਦਾ ਸਾਧਨ ਨਹੀਂ ਸੀ ਅਤੇ ਕਾਮ-ਤ੍ਰਿਪਤੀ ਲਈ ਪਤਿਤ ਹੋ ਜਾਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਸੀ। ਇਸੇ ਲਈ ਉਸਨੂੰ ਕਿਸੇ ਇਕ ਨਾਲ ਵਿਆਹ ਦੇਣ ਦਾ ਉਪਦੇਸ਼ ਦਿੱਤਾ ਗਿਆ ਹੈ:

"ਜਿਉ ਤਨੁ ਬਿਧਵਾ ਪਰ ਕਉ ਦੇਈ ॥
ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥" [95]

ਗੁਰੂ ਸਾਹਿਬਾਂ ਦੇ ਸਮੇਂ ਵਿਚ ਵਿਧਵਾ ਮ੍ਰਿਤਕ ਪਤੀ ਨਾਲ ਸਤੀ ਹੋ ਜਾਂਦੀ ਸੀ। ਗੁਰੂ ਅਮਰਦਾਸ ਜੀ ਨੇ ਇਸਦਾ ਵਿਰੋਧ ਕੀਤਾ ਅਤੇ ਗੁਮਰਾਹ ਹੋਏ ਲੋਕਾਂ ਨੂੰ ਠੀਕ ਰਸਤੇ ਉਤੇ ਪਾਉਣ ਲਈ ਸਤੀ ਹੋਣ ਦੇ ਅਰੱਥ ਖੋਲ੍ਹ ਕੇ ਸਮਝਾਏ :

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ॥" [96]

ਪਤੀ ਦੇ ਨਾਲ ਸੜ ਕੇ ਮਰ ਜਾਣਾ ਅਸਲ ਸਤੀ ਹੋਣਾ ਨਹੀਂ ਸਗੋਂ ਪਤੀ ਦੀ ਮੌਤ ਪਿਛੋਂ ਉਸਦੀ ਯਾਦ ਵਿਚ, ਬਿਰਹਾ ਵਿਚ ਉਸਨੂੰ ਯਾਦ ਕਰਦੇ ਹੋਏ ਸਤ ਧਰਮ ਉਤੇ ਕਾਇਮ ਰਹਿਕੇ ਸੰਜਮੀ ਜੀਵਨ ਬਤੀਤ ਕਰਨਾ ਹੀ ਸਤੀ ਹੋਣ ਦੇ ਤੁੱਲ ਹੈ:

"ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥
ਪੰਡਿਤ ਦੇਖਹੁ ਰਿਦੈ ਬੀਚਾਰਿ ॥"[97]

ਇਸ ਤੋਂ ਬਿਨਾਂ ਗੁਰੂ ਅਮਰਦਾਸ ਜੀ ਹੋਰ ਦਲੀਲ ਦੇਂਦੇ ਹਨ ਕਿ ਜੋ ਇਸਤਰੀ ਆਪਣੇ ਆਪ ਨੂੰ ਮ੍ਰਿਤਕ ਪਤੀ ਦੇ ਨਾਲ ਅੱਗ ਵਿਚ ਸਾੜ ਲੈਂਦੀ ਹੈ ਜੇਕਰ ਉਹ ਪਤੀ ਨੂੰ ਆਪਣੇ ਨਾਲ ਜਾਣਦੀ ਹੈ ਤਾਂ ਪਤੀ ਦੀ ਮੌਤ ਤੇ ਹੀ ਉਹ ਕਾਫੀ ਦੁਖ ਸਹਿਚੁੱਕੀ ਹੁੰਦੀ ਹੈ। ਉਸ ਨੂੰ ਸੜ ਕੇ ਸਤੀ ਹੋਣ ਦੀ ਲੋੜ ਨਹੀਂ, ਉਹ ਜਿਊਂਦੀ ਹੀ ਸਤੀ ਹੈ ਜੋ ਬਿਰਹਾ-ਅੱਗ ਵਿਚ ਸੜਦੀ ਹੈ। ਪਰ ਜੇ ਉਹਪਤੀ ਦੀ ਕਦਰ ਨਹੀਂ ਜਾਣਦੀ ਤਾਂ ਫਿਰ ਅੱਗ ਵਿਚ ਸੜਨਾ ਵੀ ਵਿਅੱਰਥ ਹੈ। ਪਤੀ ਭਾਵੇਂ ਜਿਊਂਦਾ ਹੋਵੇ ਜਾਂ ਮੋਇਆ ਉਸਨੂੰ ਕੋਈ ਅੰਤਰ ਨਹੀਂ ਹੈ। ਜਿਊਂਦੇ ਪਤੀ ਦੀ ਪਹਿਚਾਣ ਨਾ ਕਰਨ ਵਾਲੀ ਇਸਤਰੀ, ਮਰਕੇ ਵੀ ਨਹੀਂ ਕਰ ਸਕਦੀ। ਸ਼ਰੀਰ ਨਾਸ਼ ਕਰਨ ਦਾ ਕੋਈ ਲਾਭ ਨਹੀਂ :

"ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥"[98]

ਜਿੰਦਗੀ ਵਿਚ ਪੂਰਬਲੇ ਕਰਮਾਂ ਅਨੁਸਾਰ ਜਿੱਨਾ ਕਿਸੇ ਨਾਲ ਸਾਥ ਲਿਖਿਆ ਹੈ, ਉਨਾ ਹੀ ਭੋਗਣਾ ਹੈ, ਇਸ ਲਈ ਭਾਣਾ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ :

"ਕਲਿਜੁਗ ਮਹਿ ਮਿਲਿ ਆਏ ਸੰਜੋਗ ॥
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥
ਜਲੈ ਨ ਪਾਈਐ ਰਾਮ ਸਨੇਹੀ ॥
ਕਿਰਤਿ ਸੰਜੋਗਿ ਸਤੀ ਉਠਿ ਹੋਈ ॥"[99]

ਸਤੀ ਹੋ ਜਾਣ ਤੇ ਪਤੀ ਮਿਲਾਪ ਨਹੀਂ ਹੁੰਦਾ ਪਰ ਇਸਤਰੀ ਕੀਤੇ ਕਰਮਾਂ ਅਤੇ ਸੰਜੋਗਾਂ ਅਨੁਸਾਰ ਸੜ ਮਰਦੀ ਹੈ। ਦਰਗਾਹ ਵਿਚ ਉਹੀ ਪਰਵਾਨ ਹੈ ਜੋ ਪਤੀ ਨੂੰ ਪ੍ਰਭੂ ਕਰਕੇ ਮੰਨਦੀ ਹੈ। ਉਸਦੀ ਯਾਦ ਦਿਲ ਵਿਚ ਕਾਇਮ ਰਖਦੀ ਹੋਈ ਸੰਸਾਰ ਵਿਚ ਵਿਚਰਦੀ ਹੈ:

"ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ ॥"[100]

ਵਿਧਵਾ ਦੀਆਂ ਭਾਵਨਾਵਾਂ ਤੇ ਹੋਏ ਵਜਰਪਾਤ ਦੀ ਪੀੜਾ ਨੂੰ ਉਸਦੇ ਮੁੜ ਵਿਆਹ ਦੁਆਰਾ ਕੁਝ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਵਿਧਵਾ ਵਿਆਹ ਆਮ ਨਹੀਂ ਸਨ, ਪਰ ਕਈ ਵਾਰੀ ਹੋ ਜਾਂਦੇ ਸਨ :

"ਬਾਪੁ ਸਾਵਕਾ ਕਰਿ ਲਰਾਈ ਮਾਇਆ ਸਦ ਮਤਵਾਰੀ ॥
ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ ॥" [101]

ਵਿਧਵਾ ਤੋ ਛੁੱਟ ਵਿਭਚਾਰਨ ਦਾ ਜੀਵਨ ਵੀ ਦੁਖਦਾਈ ਹੁੰਦਾ ਸੀ। ਉਹ ਪਤੀ ਦੁਆਰਾ ਤਿਆਗ ਦਿੱਤੀ ਜਾਂਦੀ ਸੀ। ਗੁਰਬਾਣੀ ਵਿਚ ਉਸਨੂੰ ਮਨਮੁਖ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ ਜੋ ਸਮਾਜ ਅਤੇ ਸੰਸਾਰੀ ਵਿਵਹਾਰ ਦੇ ਉਲਟ ਆਪਣੇ ਮਨ ਪਿਛੇ ਲਗ ਕੇ ਕੁਕਰਮ ਕਮਾਂਦੀ ਹੈ। ਮਨਮੁਖ ਕੁਲੱਛਣੀ ਨਾਰ ਹੈ ਜੋ ਪਤੀ ਨੂੰ ਛੱਡ ਕੇ ਪਰ-ਪੁਰਸ਼ ਨਾਲ ਪਿਆਰ ਕਰਨ ਵਾਲੀ ਹੈ। ਪਤੀ ਦੀ ਆਗਿਆ ਨੂੰ ਨਾ ਮੰਨਦੀ ਹੋਈ ਮਨਮੱਤ ਤੇ ਚਲਦੀ ਹੈ :

" ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥" [102]

ਕੁਲੱਛਣੀ, ਮੈਲੀ-ਕੁਚੈਲੀ, ਕਰੂਪ ਅਤੇ ਕੁਨਾਰਿ ਹੈ। ਉਹ ਪਤੀ ਦੇ ਰੰਗ ਵਿਚ ਨਹੀਂ ਰਤੀ ਅਤੇ ਉਸਦੀ ਕੁਬੁਧੀ ਉਸਨੂੰ ਦੁਖੀ ਕਰਦੀ ਹੈ। ਪੁੱਠੀ ਮੱਤ ਵਾਲੀ ਉਹ ਪੋਟਾ ਪੋਟਾ ਦੁਖੀ ਹੁੰਦੀ ਹੈ:

" ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥
ਹਰਿ ਰਸ ਰੰਗਿ ਰਸਨ ਨਹੀਂ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥" [103]

ਸੂਹਾ ਵੇਸ ਕਰਕੇ ਹੰਕਾਰਮਤੀ ਉਹ ਸੀਲ-ਸੰਜਮ ਰਹਿਤ ਹੋ ਸਦਾ ਝੂਠ ਬੋਲਦੀ ਹੋਈ ਪਰਾਏ ਮਰਦਾਂ ਨਾਲ ਨੇਹ ਕਰਦੀ ਹੈ ਅਤੇ ਇਹ ਹੰਕਾਰ ਹੀ ਉਸਨੂੰ ਵਸਣ ਨਹੀਂ ਦੇਂਦਾ :-

" ਸੂਹੇ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥" [104]

ਗੁਰਬਾਣੀ ਅਨੁਸਾਰ ਪਰਾਏ ਮਨੁੱਖ ਨਾਲ ਕਿਸੇ ਪ੍ਰਕਾਰ ਦਾ ਮੇਲ ਮਿਲਾਪ ਜਾਂ ਸੰਬੰਧਾਂ ਦੀ ਆਗਿਆ ਨਹੀਂ ਹੈ ਕੇਵਲ ਪਤੀ ਦੇ ਰੰਗ ਵਿਚ ਰੱਤੀ ਰਹਿਣ ਦਾ ਉਪਦੇਸ਼ ਹੈ। ਪਤਨੀ ਨੂੰ ਇਸ ਕੁਕਰਮ ਤੋਂ ਰੋਕਣ ਲਈ ਜ਼ੋਰ ਜਬਰ ਦੀ ਥਾਂ ਨੈਤਿਕ ਪੱਖ ਉਜਾਗਰ ਕਰਦੇ ਹੋਏ ਦਲੀਲ ਪੇਸ਼ ਕੀਤੀ ਹੈ ਕਿ ਸਾਰੇ ਤਨ ਉਤੇ ਵਿਭਚਾਰ ਕਾਰਨ ਬੀਮਾਰੀ ਫੁੱਟ ਪਵੇਗੀ :-

"ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾ ਤਨਿ ਉਠਿ ਖਲੋਏ ਰੋਗ ॥"[105]

ਭਵਸਾਗਰ ਤੋਂ ਪਾਰ ਕਰਨ ਲਈ ਜਿਵੇਂ ਰਾਮ ਸਿਮਰਨ ਦੀ ਲੋੜ ਹੈ, ਸੰਸਾਰ ਵਿਚ ਪ੍ਰਸੰਨ ਅਤੇ ਸੁਖੀ ਜੀਵਨ ਬਿਤਾਉਣ ਲਈ ਪਤੀ-ਪਿਆਰ ਦੀ ਲੋੜ ਹੈ। ਪਤੀ ਤੋਂ ਬੇਮੁੱਖ ਹੋ ਕੇ ਦੂਜਿਆਂ ਨਾਲ ਪਿਆਰ ਪਾਉਣ ਵਾਲੀ ਇਸਤਰੀ ਨਿਸਚੈ ਹੀ ਦੁਖ ਭੋਗਦੀ ਹੈ :

"ਖਸਮ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥"[106]

ਜਦੋਂ ਪਤੀ - ਪਤਨੀ ਦੇ ਇਸ ਛੱਲ ਤੋਂ, ਉਸਦੇ ਦਿਖਾਵੇ ਦੇ ਆਦਰ ਤੋਂ ਅਸੰਤੁਸ਼ਟ ਹੁੰਦਾ ਹੈ ਤਾਂ ਉਹ ਉਸ ਤੋਂ ਬੇਮੁੱਖ ਹੋ ਜਾਂਦਾ ਹੈ। ਉਹ ਪਰ-ਇਸਤਰੀ ਪ੍ਰਤਿ ਆਕਰਸ਼ਿਤ ਹੁੰਦਾ ਹੈ ਤਾਂ ਹੀ ਗੁਰੂ ਸਾਹਿਬ ਨੇ ਪਤੀ ਨੂੰ ਹਮੇਸ਼ਾਂ ਖੁਸ਼ ਰਖਣ ਲਈ ਪ੍ਰੇਰਿਆ ਹੈ। ਇਸਤਰੀ ਨੂੰ ਇਸ ਭੇਦ ਪ੍ਰਤਿ ਸੁਚੇਤ ਕੀਤਾ ਹੈ :

"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥
ਨ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥"[107]

ਰੁੱਸੇ ਪਤੀ ਨੂੰ ਮਨਾਉਣ ਲਈ ਇਸਤਰੀ ਨੂੰ ਸਮਝ ਨਹੀਂ ਪੈਂਦੀ ਕਿ ਉਹ ਕੀ ਕਰੇ। ਸ਼ਾਇਦ ਪਤੀ ਪ੍ਰਤਿ ਸ਼ਰਧਾ ਰਖਕੇ ਉਸਦੀ ਸੱਚੇ ਦਿਲੋਂ ਸੇਵਾ ਕਰਨ ਨਾਲ ਉਹ ਮੰਨ ਹੀ ਜਾਵੇ:

"ਮੰਞੁ ਕੁਚਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣਿ ਜਾਉ ਜੀਉ ॥"[108]

ਇਥੇ ਕੁਚੱਜੀ ਕਹਿ ਕੇ ਵਿਭਚਾਰਨ ਇਸਤਰੀ ਦੀ ਨਿੰਦਾ ਕੀਤੀ ਗਈ ਹੈ। ਜਿਥੇ ਗੁਰੂ ਜੀ ਨੇ ਇਸਤਰੀ ਨੂੰ ਆਪਣੇ ਪਤੀ ਪ੍ਰਤਿ ਵਫਾਦਾਰ ਰਹਿਣ ਦਾ ਉਪਦੇਸ਼ ਦਿੱਤਾ ਹੈ; ਰੁੱਸੇ ਹੋਏ ਨੂੰ ਮਨਾਉਣ ਦੀ ਹਦਾਇਤ ਕੀਤੀ ਹੈ, ਉਥੇ ਪਤੀ ਨੂੰ ਵੀ ਆਪਣੀ ਨਾਰ ਵਿਚ ਹੀ ਪਿਆਰ ਰਖਣ ਲਈ ਕਿਹਾ ਹੈ। ਉਸਨੂੰ ਪਰ-ਇਸਤਰੀ ਗਮਨ ਤੋਂ ਦੂਰ ਰਖਣ ਲਈ ਭਿੰਨ ਭਿੰਨ ਪ੍ਰਕਾਰ ਦੇ ਡਰ ਅਤੇ ਸਜ਼ਾਵਾਂ ਦਾ ਭੈ ਵਿਖਾਇਆ ਹੈ ਤਾਂ ਕਿਧਰੇ ਪ੍ਰੇਰਨਾ ਦੇ ਕੇ ਠੀਕ ਰਸਤੇ ਚਲਨ ਦਾ ਉਪਦੇਸ਼ ਦਿੱਤਾ ਹੈ:-

"ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰਗ੍ਰਿਹੁ ॥"[109]

ਜੋ ਵਿਅਕਤੀ ਲੁਕ ਛਿਪ ਕੇ ਵਿਭਚਾਰ ਕਰਦਾ ਹੈ, ਉਹ ਵੱਡਾ ਪਾਪੀ ਹੈ। ਭਾਵੇਂ ਉਹ ਅਣਗਿਣਤ ਪੜਦਿਆਂ ਦੇ ਅੰਦਰ ਲੁਕ ਕੇ ਭੈੜ ਕਰੇ ਤਾਂ ਵੀ ਉਸਦਾ ਲੇਖਾ ਦੇਣਾ ਪੈਂਦਾ ਹੈ:

" ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥" [110]

ਆਦਮੀ ਨੂੰ ਲੱਜਾ ਵਾਲੇ ਇਨ੍ਹਾਂ ਕੁਕਰਮਾਂ ਤੋਂ ਰੋਕਿਆ ਹੈ ਕਿ ਜਿਥੇ ਮਰਜ਼ੀ ਲੁਕ ਕੇ ਪਾਪ ਕਰ ਲੈ, ਉਹ ਸਭ ਪੜਦੇ ਪਾੜ ਕੇ ਬਾਹਰ ਆ ਹੀ ਜਾਂਦਾ ਹੈ :

" ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਂ ਲਾਜੀਅਹਿ ॥
ਨਿਤਪ੍ਰਤਿ ਹਿਰਹਿ ਪਰਦਰਬੁ ਛਿਦ੍ਰ ਕਤ ਢਾਕੀਅਹਿ ॥" [111]

ਜੋ ਵਿਅਕਤੀ ਲੁਕ ਛੁਪ ਕੇ ਪਰਾਈ ਇਸਤਰੀ ਨੂੰ ਮੈਲੀ ਅੱਖ ਨਾਲ ਵੇਖਦਾ ਹੈ, ਉਹ ਵੀ ਅਜਰਾਈਲ ਫਰਿਸ਼ਤੇ ਦੁਆਰਾ ਤਿਲਾਂ ਤਰ੍ਹਾਂ ਪੀੜਿਆ ਜਾਵੇਗਾ :-

" ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥" [112]

ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਸਾਧਾਰਣ ਸ਼ਬਦਾਂ ਵਿਚ ਮਨੁੱਖ ਨੂੰ ਵਿਭਚਾਰ ਨਾ ਕਰਨ ਲਈ ਪ੍ਰੇਰਿਆ ਹੈ। ਪਰਾਈਆਂ ਇਸਤਰੀਆਂ ਨੂੰ ਮਾਂ, ਭੈਣ ਜਾਂ ਧੀ ਸਮਝਣਾ ਚਾਹੀਦਾ ਹੈ:

" ਦੇਖ ਪਰਾਈਆ ਚੰਗੀਆ ਮਾਵਾਂ, ਭੈਣਾਂ, ਧੀਆਂ ਜਾਣੈ ॥
ਅਤੇ ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ ॥" [113]

ਉੱਚੇ ਆਚਾਰ ਵਾਲੇ ਪੁਰਖ ਤੋਂ ਤਾਂ ਉਹ ਵਾਰੇ ਘੋਲੇ ਜਾਂਦੇ ਹਨ ਅਤੇ ਉਸਨੂੰ ਸਮਾਜ ਦਾ ਪ੍ਰਤਿਸ਼ਠਤ ਵਿਅਕਤੀ ਬਿਆਨਦੇ ਹਨ:

" ਹਉ ਤਿਸ ਘੋਲਿ ਘੁਮਾਇਆ ਪਰਨਾਰੀ ਦੇ ਨੇੜ ਨ ਜਾਵੈ ॥" [114]

ਇੰਞ ਗੁਰੂ ਸਾਹਿਬ ਨੇ ਸਤ-ਧਰਮ ਪਤੀ ਅਤੇ ਪਤਨੀ ਦੋਹਾਂ ਲਈ ਜ਼ਰੂਰੀ ਦਸ ਕੇ ਉਨ੍ਹਾਂ ਨਾਲ ਸਮਾਨਤਾ ਦਾ ਵਿਵਹਾਰ ਕੀਤਾ ਹੈ। ਸਮੁੱਚੇ ਰੂਪ ਵਿਚ ਉਸ ਸਮੇਂ ਦੇ ਸਮਾਜ ਵਿਚ

ਦੁਰਾਚਾਰਣ, ਛੁੱਟੜ, ਵਿਧਵਾ, ਵਿਭਚਾਰਨ, ਕੁੱਬਜੀ, ਝੂਠੀ, ਇਸਤਰੀ ਦਾ ਦਰਜਾ ਬਹੁਤ ਘਟ ਸੀ। ਉਹ ਇਸ ਜੀਵਨ ਵਿਚ ਨਰਕ ਭੋਗਦੀ ਸੀ ਅਤੇ ਧਰਮ ਰਾਜ ਪਾਸ ਵੀ। ਇਸਤਰੀ ਦੀ ਸਾਰੀ ਸ਼ਾਨ ਮਰਯਾਦਾ ਸਮਾਜਿਕ ਸਥਿਤੀ ਸਭ ਕੁਝ ਹੀ ਉਸਦੇ ਪਤੀ ਦੇ ਉਸ ਪ੍ਰਤਿ ਵਤੀਰੇ ਉਤੇ ਨਿਰਭਰ ਕਰਦੀ ਸੀ ਅਤੇ ਪਤੀ ਦਾ ਉਸ ਪ੍ਰਤਿ ਵਿਵਹਾਰ ਉਸਦੀ ਵਫ਼ਾਦਾਰੀ, ਉਸਦੀ ਸੁਚੱਜਤਾ ਅਤੇ ਉਸਦੇ ਪਤੀ ਵਰਤਾ ਹੋਣ ਉਤੇ ਨਿਰਭਰ ਕਰਦਾ ਸੀ। ਪਤੀ ਦੀ ਸ਼ਾਨ, ਮਾਣ ਅਤੇ ਇੱਜ਼ਤ ਉਸਦੀ ਪਤਨੀ ਦੀ ਇੱਜ਼ਤ ਨਾਲ ਜੁੜੀ ਹੋਈ ਸੀ। ਇਸਤਰੀ ਦੇ ਜਨਨੀ ਬਣ ਜਾਣ ਤੇ ਉਸਦੇ ਫਰਜ਼ ਸੰਤਾਨ ਵਲ ਵਧ ਜਾਂਦੇ ਸਨ।

ਜਨਨੀ ਰੂਪ

ਗੁਰੂ ਸਾਹਿਬਾਂ ਨੇ ਇਸਤਰੀ ਨੂੰ ਜਨਨੀ ਰੂਪ ਵਿਚ ਸਭ ਤੋਂ ਵਧ ਮਹੱਤਤਾ ਅਤੇ ਆਦਰ ਦੇਣ ਲਈ ਉਸਨੂੰ ਮਹਾਂਪੁਰਖਾਂ ਅਤੇ ਪੈਗੰਬਰਾਂ ਦੀ ਜਨਮਦਾਤੀ ਕਹਿਕੇ ਸਨਮਾਨਿਆ ਹੈ:

" ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥ "[115]

ਉਸ ਕਾਲ ਵਿਚ ਨਾਰੀ ਬਾਰੇ ਅਜੇਹੇ ਵਿਚਾਰ ਦੇਣਾ ਕ੍ਰਾਂਤੀਕਾਰੀ ਕਦਮ ਸੀ। ਗੁਰੂ ਜੀ ਇਹ ਮੰਨਦੇ ਸਨ ਕਿ ਮਹਾਨ ਪੁਰਸ਼ਾਂ ਦੀਆਂ ਮਾਵਾਂ ਮਹਾਨ ਹੁੰਦੀਆਂ ਹਨ ਜੋ ਆਪਣੇ ਬੱਚਿਆਂ ਵਿਚ ਮਹਾਨਤਾ ਭਰਦੀਆਂ ਹਨ। ਉਨ੍ਹਾਂ ਨੇ ਇਸਤਰੀ ਸੰਬੰਧੀ ਕਈ ਬੁਰਾਈਆਂ ਦਾ ਖੰਡਨ ਕੀਤਾ ਹੈ। ਜਣੇਪੇ ਸਮੇਂ ਜੱਚਾ ਅਤੇ ਬੱਚਾ ਦੋਹਾਂ ਨੂੰ ਹੀ ਅਪਵਿੱਤਰ ਮੰਨਿਆ ਜਾਂਦਾ ਸੀ। ਇਥੋਂ ਤਕ ਕਿ ਉਹ ਘਰ ਵੀ ਸੂਤਕ ਵਾਲਾ ਮੰਨਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਝੂਠੇ ਸੂਤਕ ਦੀ ਵਿਰੋਧਤਾ ਕਰਦੇ ਹੋਏ ਮਨੁੱਖ ਨੂੰ ਸੱਚਾ ਸੂਤਕ ਮੰਨਣ ਲਈ ਪ੍ਰੇਰਿਆ। ਸੂਤਕ ਹੈ ਪਰਧਾਨ, ਪਰਨਾਰੀ ਨੂੰ ਵੇਖਣਾ, ਲੋਭ ਕਰਨਾ ਜਾਂ ਝੂਠ ਬੋਲਣਾ:

" ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕੁ ਕੂੜੁ ॥
ਅੱਖੀਂ ਸੂਤਕੁ ਵੇਖਣਾ ਪਰਤ੍ਰਿਅ ਪਰ ਧਨ ਰੂਪੁ ॥"[116]

ਸਿਰਫ਼ ਔਰਤ ਹੀ ਨਹੀਂ ਮਰਦ ਵੀ ਸੂਤਕ ਦਾ ਸ਼ਿਕਾਰ ਹੋਜਾਂਦਾ ਹੈ ਜਦੋਂ ਉਹ ਉਪਰੋਕਤ ਭੈੜੀਆਂ ਵਾਦੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸਤਰੀ ਜਨਨੀ ਰੂਪ ਵਿਚ ਪਿਆਰ ਦੇ ਸੋਮੇ ਵਿਚ ਸਿਖਰ ਹੈ, ਉਦਾਰਤਾ ਦੀ ਪੁੰਜ ਹੈ ਅਤੇ ਤਿਆਗ ਦੀ ਮੂਰਤ ਹੈ :

"ਸੁਤੁ ਅਪਰਾਧ ਕਰਤ ਹੈ ਜੇਤੇ ॥
ਜਨਨੀ ਚੀਤਿ ਨ ਰਾਖਸਿ ਤੇਤੇ ॥
ਰਾਮਈਆ ਹਉ ਬਾਰਿਕੁ ਤੇਰਾ ॥
ਕਾਹੇ ਨ ਖੰਡਸਿ ਅਵਗੁਨ ਮੇਰਾ ॥"[117]

ਇਸਤਰੀ ਦੀ ਕੁੱਖ ਤੋਂ ਜਨਮ ਲੈਣ ਵਾਲੇ ਮਨੁੱਖ ਗ੍ਰਿਹਸਥ ਦਾ ਤਿਆਗ ਕਰਕੇ ਜੰਗਲਾਂ ਵਿਚ ਭਟਕਦੇ ਹਨ ਤਾਂ ਇਸਦੇ ਲਈ ਜਨਨੀ ਹੀ ਦੋਸ਼ੀ ਕਹੀ ਗਈ ਹੈ। ਦੂਜੇ ਸ਼ਬਦਾਂ ਵਿਚ ਗੁਰੂ ਜੀ ਨੇ ਇਨਸਾਨ ਦੇ ਜੀਵਨ ਉਤੇ ਮਾਤਾ ਦੀ ਅਮਿੱਟ ਛਾਪ ਕਬੂਲੀ ਹੈ। ਮਾਂ ਸੁੱਚਜੀ ਹੈ ਤਾਂ ਉਹ ਸੰਤਾਨ ਨੂੰ ਠੀਕ ਰਸਤੇ ਲਾ ਸਕਦੀ ਹੈ। ਭਾਈ ਗੁਰਦਾਸ ਜੀ ਵੀ ਕਹਿੰਦੇ ਹਨ:

" ਨਾਨਕ ਆਖੈ ਭੰਗਰਨਾਥ, ਤੇਰੀ ਮਾਉ ਕੁਚੱਜੀ ਆਈ ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੈ ਫੁੱਲ ਸੜਾਈ ॥"[118]

ਹਰ ਜਨਨੀ ਅੰਦਰ ਪੁੱਤਰ ਪ੍ਰਾਪਤੀ ਦੀ ਰੀਝ ਹੁੰਦੀ ਹੈ ਕਿਉਂਕਿ ਪੁੱਤਰ ਤੋਂ ਹੀ ਵੰਸ਼ ਅੱਗੇ ਚਲਦਾ ਹੈ :

" ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥
ਵੱਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥"
ਤਿਉ ਹਰਿਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥"[119]

ਗਰਭਵਤੀ ਕਦੇ ਇਹ ਨਹੀਂ ਸੋਚਦੀ ਕਿ ਲੜਕੀ ਹੋਵੇਗੀ। ਉਸਦੇ ਦਿਲ ਵਿਚ ਲੜਕੇ ਦੀ ਏਨੀ ਪਰਬਲ ਇੱਛਾ ਹੁੰਦੀ ਹੈ ਕਿ ਉਸਨੂੰ ਉਹ ਪੁੱਤਰ ਵੱਡਾ ਹੋਇਆ ਕਮਾਈ ਕਰਦਾ ਨਜ਼ਰ ਆਉਣ ਲਗ ਪੈਂਦਾ ਹੈ। ਉਹ ਹਰ ਸਮੇਂ ਪੁੱਤਰ ਦੀ ਰਖਿਆ ਕਰਦੀ ਹੈ। ਉਸੇ ਤਰ੍ਹਾਂ ਹਰੀ ਵੀ ਆਪਣੇ ਪ੍ਰਿਅ ਜਨਾਂ ਦੀ ਰਾਖੀ ਕਰਦਾ ਹੈ।

ਮਾਂ ਪੁੱਤਰ ਨੂੰ ਪ੍ਰਤਿ ਦਿਨ ਵੱਡਾ ਹੁੰਦਾ ਵੇਖਕੇ ਬਹੁਤ ਖੁਸ਼ ਹੁੰਦੀ ਹੈ, ਉਹ ਆਪਣੇ ਮੋਹ ਦੇ ਲਾਲਚ ਵਿਚ ਇਸ ਭਿਅੰਕਰ ਸਚਾਈ ਨੂੰ ਨਹੀਂ ਸਮਝਦੀ ਕਿ ਬੱਚੇ ਦੀ ਉਮਰ ਤਾਂ ਦਿਨੋ ਦਿਨ ਘੱਟ ਰਹੀ ਹੈ:

" ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ॥
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ॥
ਪੇਖਤ ਹੀ ਜਮਰਾਉ ਹਸੈ ॥" [120]

ਗੁਰਬਾਣੀ ਵਿਚ ਮਾਂ ਦੀ ਮਮਤਾ ਆਪਣੇ ਪੁੱਤਰ ਨੂੰ ਦਾਤਾ, ਭਗਤ ਅਤੇ ਸੂਰਮਾ ਪੇਖਣ ਦੀ ਇੱਛੁਕ ਹੈ :

" ਉਦਰੈ ਮਾਹਿ ਆਇ ਕੀਆ ਨਿਵਾਸੁ ॥
ਮਾਤਾ ਕੈ ਮਨਿ ਬਹੁਤੁ ਬਿਗਾਸੁ ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥" [121]

ਜਨਨੀ ਨੂੰ ਆਪਣੇ ਪੁੱਤਰ ਤੋਂ ਵਧ ਕੇ ਹੋਰ ਕੋਈ ਨਹੀਂ ਪ੍ਰਤੀਤ ਹੁੰਦਾ। ਉਹ ਪੁੱਤਰ ਦਾ ਮੂੰਹ ਵੇਖ ਵੇਖ ਕੇ ਜਿਊਂਦੀ ਹੈ। ਉਸਦੀ ਬੱਚੇ ਨਾਲ ਜਿਵੇਂ ਸੱਚੀ ਪ੍ਰੀਤ ਹੈ, ਉਸੇ ਤਰ੍ਹਾਂ ਭਗਤ ਨੂੰ ਆਪਣੇ ਇਸ਼ਟ ਨਾਲ ਹੋਣੀ ਚਾਹੀਦੀ ਹੈ। ਨਿਸ਼ਕਾਮ ਪਿਆਰ ਦੀ ਉਦਾਹਰਨ ਮਾਂ ਦੇ ਵਿਅਕਤੀਤਵ ਵਿਚੋਂ ਲਭੀ ਜਾ ਸਕਦੀ ਹੈ:

" ਪੂਤ ਪੇਖਿ ਜਿਉ ਜੀਵਤ ਮਾਤਾ ॥
ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥" [122]

ਭਗਤ ਨਾਮਦੇਵ ਜੀ ਵੀ ਮਾਤਾ ਅਤੇ ਬਾਲਕ ਦੀ ਪ੍ਰੀਤ ਨੂੰ ਭਗਤ ਅਤੇ ਹਰੀ ਦੀ ਪ੍ਰੀਤ ਨਾਲ ਤੋਲਦੇ ਹਨ:

" ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥
ਐਸਾ ਹਰਿ ਸੇਤੀ ਮਨੁ ਰਾਤਾ ॥" [123]

→(4) ਮਾਂ ਆਪਣੇ ਬੱਚੇ ਨੂੰ ਬੜੇ ਪਿਆਰ ਨਾਲ ਪਾਲਦੀ ਹੈ। ਅੰਦਰ ਬਾਹਰ ਵੜਦਿਆਂ ਉਸਦੀ ਸਿਹਤ ਦਾ ਧਿਆਨ ਰਖਦੀ ਹੈ। ਪਿਆਰ ਪੁਚਕਾਰ ਕੇ ਉਸਦੇ ਮੂੰਹ ਵਿਚ ਗਰਾਹੀਆਂ ਦੇਂਦੀ ਹੈ। ਇਵੇਂ ਹੀ ਹਰੀ ਆਪਣੇ ਸਿੱਖਾਂ ਨੂੰ ਪਿਆਰ ਕਰਦਾ ਹੈ :

"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥
ਅੰਤਰਿ ਬਾਹਰਿ ਮੁੱਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥
ਤਿਉ ਸਤਿਗੁਰੁ ਗੁਰੁਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥"[124]

ਮਾਂ ਨਾਲ ਪੁੱਤਰ ਦੇ ਪਿਆਰ ਦਾ ਅਟੁੱਟ ਸੰਬੰਧ ਹੈ, ਉਸੇ ਤਰ੍ਹਾਂ ਹੈ ਜਿਵੇਂ ਮੱਛਲੀ ਦਾ ਜਲ ਨਾਲ ਅਤੇ ਸਤਿਗੁਰੂ ਦਾ ਗੁਰਸਿੱਖ ਨਾਲ। ਦੋਵੇਂ ਇਕ ਦੂਜੇ ਤੋਂ ਵਿਛੜ ਕੇ ਤੜਪਦੇ ਹਨ, ਬੇਚੈਨ ਰਹਿੰਦੇ ਹਨ ਪਰ ਮੇਲ ਹੋ ਜਾਣ ਤੇ ਖਿੜ ਜਾਂਦੇ ਹਨ। ਜਦੋਂ ਪੁੱਤਰ ਚੰਗੀ ਚੀਜ਼ ਖਾਂਦਾ ਹੈ ਤਾਂ ਮਾਂ ਬਹੁਤ ਖੁਸ਼ ਹੁੰਦੀ ਹੈ ਜਿਵੇਂ ਮਛਲੀ ਜਲ ਵਿਚ ਖੁਸ਼ ਰਹਿੰਦੀ ਹੈ ਅਤੇ ਗੁਰੂ ਨੂੰ ਚੇਲੇ ਦੇ ਮੂੰਹ ਵਿਚ ਕੁਝ ਪਾ ਕੇ ਖੁਸ਼ੀ ਹੁੰਦੀ ਹੈ:

"ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥
ਮੀਨੇ ਪ੍ਰੀਤਿ ਭਈ ਜਲਿ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥"[125]

ਕੇਵਲ ਜਨਨੀ ਹੋਣਾ ਹੀ ਕਾਫੀ ਨਹੀਂ ਔਰਤ ਲਈ ਪੁੱਤਰਵੰਤੀ ਹੋਣਾ ਜ਼ਿਆਦਾ ਮਹੱਤਵ ਰਖਦਾ ਹੈ ਕਿਉਂਕਿ ਜਿਥੇ ਵੀ ਜਨਨੀ ਦਾ ਵਰਣਨ ਹੈ, ਉਥੇ ਹਮੇਸ਼ਾਂ ਹੀ ਪੁੱਤਰ ਦੀ ਹੀ ਗੱਲ ਕੀਤੀ ਗਈ ਹੈ ਪੁੱਤਰੀ ਦੀ ਨਹੀਂ:

"ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ॥ ਜੋ ਧਨ ਕੰਤ ਪਿਆਰੀ ਜੀਉ ॥"[126]

ਭਾਈ ਗੁਰਦਾਸ ਜੀ ਨੇ ਪਤੀ-ਪਤਨੀ ਦੇ ਨਾਲ ਮਾਂ-ਪੁੱਤਰ ਦੀ ਸੰਭਾਲ ਦੀ ਤੁਲਨਾ ਕੀਤੀ ਹੈ:-

"ਨਾਰ ਭਤਾਰ ਪਿਆਰ ਹੈ ਮਾਂ-ਪੁੱਤ ਮਿਲੰਦਾ॥
ਆਪੇ ਆਪ ਵਰਤੰਦਾ ਗੁਰਮੁਖ ਪਰਚੰਦਾ॥"[127]

ਇਸ ਪ੍ਰਕਾਰ ਆਦਿ ਗ੍ਰੰਥ ਵਿਚ ਜਨਨੀ ਪੂਜਯ ਹੈ, ਸਦਗੁਣਾਂ ਦੀ ਖਾਣ ਹੈ ਜਿਸ ਵਿਚੋਂ ਬੱਚਿਆਂ ਨੂੰ ਨਿੱਘ, ਪਿਆਰ, ਵਾਤਸਲ, ਸੁਰਖਿਆ ਅਤੇ ਜੀਵਨਸੇਧ ਮਿਲਦੀ ਹੈ।

ਕੰਨਿਆਂ ਰੂਪ ਵਿਚ ਉਸ ਪ੍ਰਤਿ ਵਿਸਥਾਰਿਤ ਵਿਚਾਰ ਉਪਲਬਧ ਨਹੀਂ ਹਨ ਪਰ ਪੁੱਤਰ ਦੀ ਜੀਵਨ ਵਿਚ ਪੁੱਤਰੀ ਨਾਲੋਂ ਜ਼ਿਆਦਾ ਮਹੱਤਤਾ ਅਤੇ ਲੋੜ ਦੇ ਸੰਕੇਤ ਸਪਸ਼ਟ ਹਨ। ਵਿਆਹੁਤਾ ਰੂਪ ਵਿਚ ਉਹ ਸਦਾਚਾਰੀ ਹੋਣ ਦੀ ਸੂਰਤ ਵਿਚ ਉਸਨੂੰ ਘਰੇਲੂ ਜੀਵਨ ਵਿਚ ਪੂਰਾ ਸਨਮਾਨ ਅਤੇ ਆਦਰ ਪ੍ਰਾਪਤ ਕਰਨ ਦੀ ਅਧਿਕਾਰੀ ਮੰਨਿਆ ਗਿਆ ਹੈ ਜਦੋਂ ਕਿ ਵਿਭਚਾਰਨ ਜਾਂ ਪਤਿਤ ਹੋਣ ਤੇ ਛੁੱਟੜ ਵਾਲਾ ਕਲੰਕਿਤ ਜੀਵਨ ਬਤੀਤ ਕਰਨ ਦਾ ਉਲੇਖ ਹੈ। ਜਨਨੀ ਰੂਪ ਵਿਚ ਉਹ ਤਿਆਗ ਦੀ ਮੂਰਤ ਹੋਣ ਕਾਰਨ ਪ੍ਰਸ਼ੰਸਾ ਅਤੇ ਪੂਜਾ ਦੀ ਪਾਤਰ ਮੰਨੀ ਗਈ ਹੈ।

ਟਿਪਣੀਆਂ

1 - ਪ੍ਰੋ. ਜੋਗਿੰਦਰ ਸਿੰਘ   ਸ੍ਰੀ ਗੁਰੂ ਗ੍ਰੰਥ ਦਰਪਣ ਪੰਨਾ 61

2 - ______ਓਹੀ ________ __________ ਪੰਨਾ 15

3- ਸ਼ਿਆਮ ਚੰਦਰ ਕਪੂਰ :   ਭਾਰਤੀਯ ਸੰਸਕ੍ਰਿਤ ਦਿਗਦਰਸ਼ਨ ਪੰਨਾ 206

4- ਡਾ. ਗੋਪਾਲ ਸਿੰਘ ਦਰਦੀ:   ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਪੰਨਾ 73-75

5- ਆਦਿ ਗ੍ਰੰਥ ਆਸਾ ਮਹਲਾ ਪਹਿਲਾ ਪੰਨਾ 473

6- __________ਓਹੀ ______________

7- ਆਦਿ ਗ੍ਰੰਥ ਵਾਰ ਗਉੜੀ ਮਹਲਾ ਚੌਥਾ ਪੰਨਾ 304

8 - ਡਾ. ਗੋਪਾਲ ਸਿੰਘ ਦਰਦੀ :   ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤ ਵਿਸ਼ੇਸ਼ਤਾ ਪੰਨਾ 75

9- ਆਦਿ ਗ੍ਰੰਥ ਵਾਰ ਮਾਝ ਕੀ ਤਥਾ ਸਲੋਕ ਮਹਲਾ ਪਹਿਲਾ ਪੰਨਾ 143

10 - ਆਦਿ ਗ੍ਰੰਥ ਸਲੋਕ ਵਾਰਾਂ ਤੇ ਵਧੀਕ ਮਹਲਾ ਤੀਜਾ ਪੰਨਾ 1413

11 - ____ਓਹੀ ___ ਤਿਲੰਗ ਮਹਲਾ ਪਹਿਲਾ ਪੰਨਾ 722

12 ____ਓਹੀ ________

13 - ਰਾਗੁ ਆਸਾ ਮਹਲਾ ਪਹਿਲਾ ਪੰਨਾ 435 - 36

14 - ਕਬੀਰ ਸੂਹੀ ਪੰਨਾ 792

15 - ਰਾਗੁ ਸੂਹੀ ਛੰਤ ਮਹਲਾ ਪਹਿਲਾ ਪੰਨਾ 763

16 - ਆਸਾ ਪੱਟੀ ਮਹਲਾ ਤੀਜਾ ਪੰਨਾ 435

17 - ਵਾਰ ਸੂਹੀ ਮਹਲਾ ਤੀਜਾ ਪੰਨਾ 788

18 - ਆਸਾ ਮਹਲਾ ਤੀਜਾ ਪੰਨਾ 439

19 - ਆਸਾ ਸ੍ਰੀ ਕਬੀਰ ਜੀਉ ਕੇ ਪੰਨਾ 483

20 - ਸੂਹੀ ਮਹਲਾ ਤੀਜਾ ਪੰਨਾ 771-72

21- ਸਿਰੀ ਰਾਗੁ ਮਹਲਾ ਪਹਿਲਾ ਪੰਨਾ 19

22 - ਰਾਗੁ ਵਡਹੰਸੁ ਮਹਲਾ ਪਹਿਲਾ ਪੰਨਾ 557-58

23- ਸਲੋਕ ਸ਼ੇਖ ਫਰੀਦ ਕੇ ਪੰਨਾ 1384

24 - __________ਓਹੀ __________

25- ਸ੍ਰੀ ਰਾਗੁ ਮਹਲਾ ਪਹਿਲਾ ਪੰਨਾ 17

26 - ਸਿਰੀ ਰਾਗੁ ਮਹਲਾ ਤੀਜਾ ਪੰਨਾ 31

27 - ________ਓਹੀ______ ਪੰਨਾ 38

28- ਆਸਾ ਮਹਲਾ ਪਹਿਲਾ ਪੰਨਾ 357

29 - ਤਿਲੰਗ ਮਹਲਾ ਪਹਿਲਾ ਪੰਨਾ 722

30 - ਮਾਰੂ ਮਹਲਾ ਪਹਿਲਾ ਪੰਨਾ 1088

31 - ਮਾਝ ਮਹਲਾ ਤੀਜਾ ਪੰਨਾ 129

32 - ਸਿਰੀ ਰਾਗੁ ਮਹਲਾ ਪੰਜਵਾਂ ਪੰਨਾ 50

33 - ਰਾਗੁ ਸਾਰੰਗ ਚਉਪਦੇ ਮਹਲਾ ਪਹਿਲਾ ਪੰਨਾ 1197

34 - ਆਸਾ ਮਹਲਾ ਪੰਜਵਾਂ ਪੰਨਾ 377

35 - ਆਸਾ ਮਹਲਾ ਪਹਿਲਾ ਪੰਨਾ 359

36 - ਰਾਗੁ ਗਉੜੀ ਮਹਲਾ ਪੰਜਵਾਂ ਪੰਨਾ 185

37 - ਸੂਹੀ ਮਹਲਾ ਪੰਜਵਾਂ ਪੰਨਾ 737

38 - ਸਿਰੀ ਰਾਗੁ ਸਲੋਕ ਮਹਲਾ ਤੀਜਾ ਪੰਨਾ 85

39 - ਰਾਗੁ ਰਾਮਕਲੀ ਮਹਲਾ ਤੀਜਾ ਪੰਨਾ 950

40- ਰਾਗੁ ਸੂਹੀ ਅਸਟਪਦੀਆ ਮਹਲਾ ਪਹਿਲਾ ਪੰਨਾ 750

41- ਸਿਰੀ ਰਾਗੁ ਮਹਲਾ ਤੀਜਾ ਪੰਨਾ 36-37

42- ਸੂਹੀ ਮਹਲਾ ਪੰਜਵਾਂ ਪੰਨਾ 737

43- ਸੂਹੀ ਮਹਲਾ ਤੀਜਾ ਪੰਨਾ 772

44- ਵਾਰ ਸੂਹੀ ਮਹਲਾ ਤੀਜਾ ਪੰਨਾ 786

45- ਆਸਾ ਮਹਲਾ ਤੀਜਾ ਪੰਨਾ 426

46- ਆਸਾ ਮਹਲਾ ਪਹਿਲਾ ਪੰਨਾ 357

47- ਸਲੋਕ ਸ਼ੇਖ਼ ਫ਼ਰੀਦ ਕੇ ਪੰਨਾ 1379

48- ਸੂਹੀ ਮਹਲਾ ਪੰਜਵਾਂ ਘਰ ਤੀਜਾ ਪੰਨਾ 779

49- ਰਾਗੁ ਸੂਹੀ ਮਹਲਾ ਪੰਜਵਾਂ ਪੰਨਾ 739

50- ਧਨਾਸਰੀ ਛੰਤ ਮਹਲਾ ਪਹਿਲਾ ਪੰਨਾ 689

51- ਮਾਰੂ ਸੋਲਹੇ ਮਹਲਾ ਪੰਜਵਾਂ ਪੰਨਾ 1072

52- ਰਾਗੁ ਸੂਹੀ ਅਸਟਪਦੀਆਂ ਮਹਲਾ ਚੌਥਾ ਪੰਨਾ 757

53- ਸਿਰੀ ਰਾਗੁ ਮਹਲਾ ਤੀਜਾ ਪੰਨਾ 31

54- ਬਿਲਾਵਲੁ ਮਹਲਾ ਚੌਥਾ ਪੰਨਾ 836

55- ਰਾਗੁ ਸੂਹੀ ਮਹਲਾ ਤੀਜਾ ਪੰਨਾ 756

56- ਵਾਰ ਸੂਹੀ ਮਹਲਾ ਦੂਜਾ ਪੰਨਾ 791

57- ਡਾ. ਕਰਤਾਰ ਸਿੰਘ ਸੂਰੀ : ਗੁਰੂ ਅਰਜਨ ਤੇ ਸੰਤ ਦਾਦੂ ਦਿਆਲ ਪੰਨਾ 231

58- ਗਉੜੀ ਮਹਲਾ ਪੰਜਵਾਂ ਛੰਤ ਪੰਨਾ 247

59- ਰਾਗੁ ਗਉੜੀ ਕਬੀਰ ਜੀ ਪੰਨਾ 337-38

60- ਸੂਹੀ ਬਾਣੀ ਸ਼ੇਖ ਫਰੀਦ ਜੀ ਪੰਨਾ 794

61- ਰਾਗੁ ਸੂਹੀ ਅਸਟਪਦੀਆਂ ਮਹਲਾ ਚੌਥਾ ਪੰਨਾ 757

62- ਆਸਾ ਮਹਲਾ ਪੰਜਵਾਂ ਇਕਤੁਕੇ ਚਉਪਦੇ ਪੰਨਾ 374-75

63- ਰਾਗ ਬਿਹਾਗੜਾ ਮਹਲਾ ਪੰਜਵਾਂ ਪੰਨਾ 543

64- ਸਲੋਕ ਸ਼ੇਖ ਫਰੀਦ ਕੇ ਪੰਨਾ 1382

65- ਬਿਹਾਗੜਾ ਮਹਲਾ ਪੰਜਵਾਂ ਛੰਤੁ ਘਰੁ ਪਹਿਲਾ ਪੰਨਾ 544

66- ਡਾ. ਗੋਪਾਲ ਸਿੰਘ ਦਰਦੀ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ - ਪੰਨਾ 73

67- ਆਸਾ ਕਬੀਰ ਜੀ ਪੰਨਾ 484

68- ______ਓਹੀ ________

69- ਗਉੜੀ ਕੀ ਵਾਰ ਸਲੋਕ ਮਹਲਾ ਪੰਜਵਾਂ ਪੰਨਾ 318

70- ਅਸਟਪਦੀਆਂ ਕਾਨੜਾ ਮਹਲਾ ਚੌਥਾ ਪੰਨਾ 1308

71- ਆਸਾ ਮਹਲਾ ਪਹਿਲਾ ਪੰਨਾ 355-56

72- ਰਾਮਕਲੀ ਕੀ ਵਾਰ ਮਹਲਾ ਪੰਜਵਾਂ ਪੰਨਾ 963

73- ਸਲੋਕ ਵਾਰਾਂ ਤੇ ਵਧੀਕ ਮਹਲਾ ਪਹਿਲਾ ਪੰਨਾ 1410

74- ਆਸਾ ਮਹਲਾ ਪੰਜਵਾਂ ਪੰਨਾ 370

75- ਆਸਾ ਮਹਲਾ ਪੰਜਵਾਂ ਪੰਨਾ 394

76- ਆਸਾ ਕਬੀਰ ਜੀ ਪੰਨਾ 483

77- ________ਓਹੀ________ਪੰਨਾ 483

78- ਸਿਰੀ ਰਾਗੁ ਮਹਲਾ ਪੰਜਵਾਂ ਪੰਨਾ 18

79- ਰਾਮਕਲੀ ਛੰਤ ਮਹਲਾ ਪੰਜਵਾਂ ਪੰਨਾ 928

80- ਆਸਾ ਮਹਲਾ ਤੀਜਾ ਪੰਨਾ 426

81. ਧਨਾਸਰੀ ਛੰਤ ਮਹਲਾ ਪਹਿਲਾ ਪੰਨਾ 689

82- ਸਿਰੀ ਰਾਗੁ ਮਹਲਾ ਤੀਜਾ ਪੰਨਾ 37

83- ਸਿਰੀ ਰਾਗੁ ਮਹਲਾ ਤੀਜਾ ਪੰਨਾ 38

84- ਧਨਾਸਰੀ ਛੰਤ ਮਹਲਾ ਪਹਿਲਾ ਪੰਨਾ 689

85- ਸਿਰੀ ਰਾਗੁ ਮਹਲਾ ਪਹਿਲਾ ਪੰਨਾ 58

86- ਤਿਲੰਗ ਮਹਲਾ ਪਹਿਲਾ ਪੰਨਾ 722

87- ਸਿਰੀ ਰਾਗੁ ਮਹਲਾ ਪਹਿਲਾ ਪੰਨਾ 18

88- ਮਾਝ ਮਹਲਾ ਤੀਜਾ ਪੰਨਾ 110

89- ਰਾਗੁ ਸੋਰਠਿ ਮਹਲਾ ਤੀਜਾ ਪੰਨਾ 652

90- ਸਿਰੀ ਰਾਗੁ ਮਹਲਾ ਪਹਿਲਾ ਪੰਨਾ 56

91- ਸਿਰੀ ਰਾਗੁ ਮਹਲਾ ਪਹਿਲਾ ਪੰਨਾ 58

92- ਸਿਰੀ ਰਾਗੁ ~~ਮਹਲਾ~~ ਸਲੋਕ ਮਹਲਾ ਤੀਜਾ ਪੰਨਾ 85

93- ਮਾਰੂ ਸੋਲਹੇ ਮਹਲਾ ਤੀਜਾ ਪੰਨਾ 1047

94- ਛੰਤ ਸੂਹੀ ਮਹਲਾ ਪਹਿਲਾ ਪੰਨਾ 763

95- ਗਉੜੀ ਮਹਲਾ ਪਹਿਲਾ ਪੰਨਾ 226

96- ਵਾਰ ਸੂਹੀ ਮਹਲਾ ਤੀਜਾ ਪੰਨਾ 787

97- ਰਾਗੁ ਗਉੜੀ ਭਗਤਾਂ ਕੀ ਬਾਣੀ - ਗਉੜੀ ਕਬੀਰ ਜੀ ਪੰਨਾ 328

98- ਵਾਰ ਸੂਹੀ ਕੀ ਮਹਲਾ ਤੀਜਾ ਪੰਨਾ 787

99- ਗਉੜੀ ਗੁਆਰੇਰੀ ਮਹਲਾ ਪੰਜਵਾਂ ਪੰਨਾ 185

100- ____________ ਓਹੀ ____________

101- ਆਸਾ ਸਿਰੀ ਕਬੀਰ ਜੀ ਪੰਨਾ 482

102- ਸਿਰੀ ਰਾਗ ਕੀ ਵਾਰ ਸਲੋਕ ਮਹਲਾ ਤੀਜਾ ਪੰਨਾ 89

103- ਰਾਗ ਸਾਰਗ ਚਉਪਦੇ ਮਹਲਾ ਪਹਿਲਾ ਘਰੁ ਪਹਿਲਾ ਪੰਨਾ 1197

104- ਵਾਰ ਸੂਹੀ ਕੀ ਸਲੋਕ ਮਹਲਾ ਤੀਜਾ ਪੰਨਾ 786

105- ਰਾਗ ਮਲਾਰ ਖ ਮਹਲਾ ਪਹਿਲਾ ਪੰਨਾ 1256

106- ਰਾਗ ਆਸਾ ਮਹਲਾ ਪਹਿਲਾ ਪੰਨਾ 470

107- ਰਾਗ ਵਡਹੰਸੁ ਮਹਲਾ ਪਹਿਲਾ ਪੰਨਾ 557

108- ਸੂਹੀ ਮਹਲਾ ਪਹਿਲਾ ਕੁਚੱਜੀ ਪੰਨਾ 762

109- ਆਸਾ ਮਹਲਾ ~~ਖ-ਲ-~~ ਪੰਜਵਾਂ ਪੰਨਾ 403

110- ਸੋਰਠਿ ਮਹਲਾ ਪੰਜਵਾਂ ਪੰਨਾ 616

111- ਫੁਨਹੇ ਮਹਲਾ ਪੰਜਵਾਂ ਪੰਨਾ 1362

112- ਗਉੜੀ ਕੀ ਵਾਰ ਸਲੋਕ ਮਹਲਾ ਪੰਜਵਾਂ ਪੰਨਾ 315

113- 41 ਵਾਰਾਂ ਭਾਈ ਗੁਰਦਾਸ, ਵਾਰ ਛੇਵੀਂ ਪਉੜੀ ਅਠਵੀਂ -
ਪ੍ਰਕਾਸ਼ਕ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ

114- ਵਾਰਾਂ ਭਾਈ ਗੁਰਦਾਸ, ਵਾਰ 12 ਪਉੜੀ 4

115- ਆਸਾ ਮਹਲਾ ਪਹਿਲਾ ਪੰਨਾ 473

116- ਆਸਾ ਦੀ ਵਾਰ ਮਹਲਾ ਪਹਿਲਾ ਪੰਨਾ 472

117- ਆਸਾ ਸ੍ਰੀ ਕਬੀਰ ਜੀਉ ਕੇ ਪੰਨਾ 478

118- ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ ਪਉੜੀ 40

119- ਗਉੜੀ ਬੈਰਾਗਣਿ ਮਹਲਾ ਚੌਥਾ ਪੰਨਾ 165-66

120- ਸਿਰੀ ਰਾਗੁ ਕਬੀਰ ਜੀਉ ਕਾ ਪੰਨਾ 91

121- ਆਸਾ ਮਹਲਾ ਪੰਜਵਾਂ ਪੰਨਾ 396

122- ਗਉੜੀ ਮਹਲਾ ਪੰਜਵਾਂ ਪੰਨਾ 198

123- ਭੈਰਉ ਨਾਮਦੇਉ ਜੀ ਪੰਨਾ 1164

124- ਗਉੜੀ ਬੈਰਾਗਣਿ ਮਹਲਾ ਚੌਥਾ ਪੰਨਾ 168

125- __________ਓਹੀ________ ਪੰਨਾ 164

126- ਮਾਝ ਮਹਲਾ ਪੰਜਵਾਂ ਪੰਨਾ 97

127- ਵਾਰਾਂ ਭਾਈ ਗੁਰਦਾਸ ਵਾਰ ਦੂਜੀ ਪਉੜੀ 17

*****

ਅਧਿਆਇ ਛੇਵਾਂ

ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ ਪ੍ਰਤੀਕਾਤਮਕ ਸਰੂਪ

ਆਦਿ ਗ੍ਰੰਥ ਅਧਿਆਤਮਕ ਰਚਨਾ ਹੋਣ ਕਾਰਨ ਇਸ ਦੀ ਬਾਣੀ ਦੂਹਰੇ ਅਰਥ ਰਖਦੀ ਹੈ। ਇਕ ਸ਼ਾਬਦਿਕ ਅਤੇ ਦੂਜੇ ਸੰਕੇਤਕ। ਸ਼ਾਬਦਿਕ ਅਰਥਾਂ ਅਧੀਨ ਅਧਿਐਨ ਕਰਨ ਸਮੇਂ ਅਸੀਂ ਵੇਖਿਆ ਹੈ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਇਸਤਰੀ ਰੂਪ ਅਤੇ ਪਰਮਾਤਮਾ ਨੂੰ ਪਤੀ ਰੂਪ ਪ੍ਰਗਟਾਉਂਦੇ ਹੋਏ ਪਤੀ ਪਤਨੀ ਦੇ ਸੰਬੰਧਾਂ ਦੀ, ਆਪਸੀ ਪ੍ਰੇਮ ਅਤੇ ਵਿਛੋੜੇ ਦੀ ਚਰਚਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਇਸ ਪੱਖੋਂ ਸ਼ਿੰਗਾਰ ਰਸ ਦੀ ਉੱਤਮ ਕਿਰਤ ਕਹਿ ਸਕਦੇ ਹਾਂ। ਇਸ ਵਿਚ ਕਿਧਰੇ ਬਿਰਹਾ ਕੁੱਠੀ ਜੀਵ-ਆਤਮਾ ਦੀਆਂ ਤੀਬਰ ਵੇਦਨਾਵਾਂ ਦੀ ਹੂਕ ਸੁਣਾਈ ਦੇਂਦੀ ਹੈ ਜੋ ਪਤੀ ਪਰਮਾਤਮਾ ਦਾ ਸੁਨੇਹਾ ਤਕ ਪ੍ਰਾਪਤ ਕਰਨ ਲਈ ਤੜਪਦੀ ਹੈ ਤਾਂ ਕਿਧਰੇ ਮੇਲ ਦੀ ਖ਼ੁਸ਼ੀ ਵਿਚ ਮਦਮਸਤ ਔਰਤ ਰੂਪਮਾਨ ਹੁੰਦੀ ਹੈ।

ਵਾਸਤਵ ਵਿਚ ਇਹ ਗ੍ਰੰਥ ਦੁਨਿਆਵੀ ਰਿਸ਼ਤਿਆਂ ਦੀ ਥਾਂ ਅਧਿਆਤਮਕ ਸੰਬੰਧ ਪ੍ਰਗਟਾਉਂਦਾ ਹੈ ਜਿਸ ਵਿਚ ਸਮਾਜ ਦੇ ਲਗਭਗ ਸਾਰੇ ਹੀ ਨਾਤਿਆਂ, ਮਾਤਾ-ਪਿਤਾ, ਭੈਣ-ਭਰਾ, ਧੀ-ਪੁੱਤਰ, ਪਤਨੀ-ਪਤੀ, ਨੂੰਹ-ਸੱਸ, ਦਰਾਣੀ-ਜਿਠਾਣੀ, ਗੁਰੂ-ਚੇਲਾ ਆਦਿ ਨੂੰ ਕਿਸੇ ਨਾ ਕਿਸੇ ਪ੍ਰਤੀਕ ਵਜੋਂ ਵਰਤਿਆ ਹੈ। ਇਸਦਾ ਅਰਥ ਅਧਿਆਤਮਕ ਰਾਹ ਉਤੇ ਚਲ ਰਹੇ ਜਗਿਆਸੂ ਨਾਲ ਦੂਜਿਆਂ ਦੇ ਸੰਬੰਧਾਂ ਵਿਚੋਂ ਨਿਕਲਦਾ ਹੈ ਜਿਵੇਂ ਮਾਤਾ-ਪਿਤਾ ਬਾਰੇ ਗੱਲ ਕਰਦਿਆਂ ਮਾਤਾ-ਪਿਤਾ ਨੂੰ ਮਤਿ ਅਤੇ ਸੰਤੋਖ ਦੇ ਗੁਣਾਂ ਰਾਹੀਂ ਪ੍ਰਗਟਾਇਆ ਹੈ। ਜਗਿਆਸੂ ਲਈ ਮਤਿ ਨੂੰ ਮਾਤਾ ਅਤੇ ਸੰਤੋਖ ਨੂੰ ਪਿਤਾ ਕਰਕੇ ਧਾਰਨ ਕਰਨਾ ਅਤੇ ਉਨ੍ਹਾਂ ਅਨੁਸਾਰ ਹੀ ਅਮਲ ਕਰਨਾ ਚਾਹੀਦਾ ਹੈ। ਇਨ੍ਹਾਂ ਦੋ ਗੁਣਾਂ ਦਾ ਸਾਥ ਜੀਵਆਤਮਾ ਦੀ ਇਸ ਪ੍ਰਕਾਰ ਰਾਖੀ ਕਰਦਾ ਹੈ ਜਿਵੇਂ ਮਾਤਾ-ਪਿਤਾ ਬੱਚੇ ਦੀ ਰੱਖਿਆ ਕਰਦੇ ਹਨ:

" ਮਾਤਾ ਮਤਿ ਪਿਤਾ ਸੰਤੋਖੁ ॥
ਸਤੁ ਭਾਈ ਕਰਿ ਏਹੁ ਵਿਸੇਖੁ ॥"[1]

ਕਈ ਥਾਂਈਂ ਉਸ ਪਰਮਾਤਮਾ ਨੂੰ ਹੀ ਸਾਰੇ ਸੰਬੰਧੀਆਂ ਦੀ ਸੰਗਿਆ ਦਿੱਤੀ ਗਈ ਹੈ। ਉਸ ਵਾਹਿਗੁਰੂ ਵਿਚ ਸਾਰੇ ਸਾਕਾਂ ਵਾਲੇ ਗੁਣ ਵਿਦਮਾਨ ਹਨ ਅਤੇ ਉਹ ਹੀ ਸਰਬ ਸਮੱਰਥ ਹੈ:-

" ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈਂ ॥
ਤਾਂ ਭਉ ਕੇਹਾ ਕਾੜਾ ਜੀਉ ॥ "[2]

ਪਰ ਸੰਸਾਰ ਦਾ ਕੋਈ ਵੀ ਰਿਸ਼ਤਾ ਸਥਿਰ ਨਹੀਂ। ਸਵਾਸਾਂ ਦਾ ਭਰੋਸਾ ਨਹੀਂ। ਸਿਰਫ ਸਤਿਗੁਰੂ ਦਾ ਸਾਥ ਹੀ ਸਥਿਰ ਹੈ। ਉਸਦੀ ਕਿਰਪਾ ਦੀ ਲੋੜ ਹੈ:

" ਨਾ ਭੈਣਾਂ ਭਰਜਾਈਆਂ ਨਾ ਸੇ ਸਸੁੜੀਆਹ ॥
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ ॥"[3]

ਗੁਰੂ ਜੀ ਨੇ ਵਾਹਿਗੁਰੂ ਨੂੰ ਵੀ ਇਕੋ ਇਕ ਪੁਰਖ ਮੰਨਿਆ ਹੈ। ਸੰਸਾਰ ਦੀਆਂ ਸਭ ਜੀਵ-ਆਤਮਾਵਾਂ ਉਸਦੀਆਂ ਇਸਤਰੀਆਂ ਹਨ। ਪਤੀ ਨੂੰ ਰਿਝਾਉਣ ਲਈ ਉਸਦੀ ਉਸਤਤ ਅਤੇ ਵਡਿਆਈ ਕਰਨ ਦੀ ਲੋੜ ਹੈ। ਜਦੋਂ ਤਕ ਜੀਵ-ਇਸਤਰੀ ਇਸ ਤੱਥ ਨੂੰ ਹਿਰਦੇ ਵਿਚ ਨਹੀਂ ਵਸਾ ਲੈਂਦੀ, ਉਹ ਅਧਿਆਤਮਕ-ਸੰਬੰਧਾਂ ਵਿਚ ਅਗਾਂਹ ਨਹੀਂ ਵਧ ਸਕਦੀ। ਜੋ ਇਹ ਮੰਨ ਲੈਂਦੀ ਹੈ, ਉਹ ਗੁਰਮੁਖ ਹੈ ਅਤੇ ਉਸਦਾ ਮਰਨ-ਜੀਵਨ ਪ੍ਰਭੂ ਪਤੀ ਦੇ ਨਾਲ ਹੀ ਅਭੇਦਤਾ ਦੀ ਅਵਸਥਾ ਤਕ ਇਕ-ਮਿਕ ਹੋ ਜਾਂਦਾ ਹੈ। ਉਹ ਪਾਰਬ੍ਰਹਮ ਜੀਵਾਂ ਦਾ ਇਸ਼ਟ ਹੈ। ਕੰਤ ਹੈ, ਪ੍ਰੇਮੀ ਹੈ, ਪਤੀ ਹੈ, ਪਿਆਰਾ ਹੈ, ਸਹੁ ਹੈ, ਸਾਂਈਂ ਹੈ ਅਤੇ ਖਸਮ ਹੈ। ਜੀਵ ਉਸਦੇ ਭਗਤ, ਚੇਲੇ, ਦਾਸੀਆਂ, ਪ੍ਰੇਮਣਾਂ, ਪਤਨੀਆਂ ਅਤੇ ਨਾਰੀਆਂ ਹਨ, ਜੋ ਸਦਾ ਉਸ ਨਾਲ ਮਿਲਾਪ ਲਈ ਲੁਛਦੀਆਂ ਹਨ।

" ਕੇਤੀ ਨਾਰਿ ਵਰੁ ਏਕੁ ਸਮਾਲਿ ॥
ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥"[4]

ਜਿਨ੍ਹਾਂ ਦਾ ਸਤਿਗੁਰੂ ਨਾਲ ਪਿਆਰ ਹੈ, ਉਹ ਗੁਰਮੁਖ ਹਨ। ਉਹ ਝੂਠੇ ਵਖਾਵੇ

ਲਈ ਵੱਖ ਵੱਖ ਵੇਸ ਨਹੀਂ ਕਰਦੇ। ਉਹ ਤਾਂ ਆਪਣੇ ਚੰਗੇ ਗੁਣਾਂ ਦੁਆਰਾ ਉਸਨੂੰ ਰਿਝਾਉਂਦੇ ਹਨ; ਖੁਸ਼ ਕਰਨ ਦੇ ਯਤਨ ਕਰਦੇ ਹਨ :

" ਠਾਕੁਰੁ ਏਕੁ ਸਬਾਈ ਨਾਰਿ ॥
ਬਹੁਤੇ ਵੇਸ ਕਰੇ ਕੂੜਿਆਰ ॥
ਪਰ ਘਰਿ ਜਾਤੀ ਠਾਕਿ ਰਹਾਈ ॥
ਮਹਲਿ ਬੁਲਾਈ ਠਾਕ ਨ ਪਾਈ ॥"[5]

ਸਤਿਗੁਰੂ ਹੀ ਸੁਹਾਗ ਹੈ। ਅਜੇਹਾ ਸੁਹਾਗ ਜੋ ਸਦੀਵੀ ਹੈ,ਸਥਿਰ ਹੈ। ਉਸ ਤੋਂ ਬਿਨਾਂ ਹੋਰ ਸਾਰਾ ਸੰਸਾਰ ਕੂੜ ਹੈ,ਸਭ ਨਾਤੇ ਨਾਸ਼ਵਾਨ ਹਨ:

" ਜੁਗ ਚਾਰੇ ਧਨ ਜੇ ਭਵੈ ਬਿਨ ਸਤਿਗੁਰ ਸੋਹਾਗੁ ਨ ਹੋਈ ਰਾਮੁ ॥"[6]

ਤਾਂ ਫਿਰ ਸੁਹਾਗ ਨੂੰ ਪ੍ਰਾਪਤ ਕਿਵੇਂ ਕੀਤਾ ਜਾਵੇ? ਜ਼ਰੂਰ ਕਿਸੇ ਵਿਚੋਲੇ ਦੀ ਲੋੜ ਹੋਵੇਗੀ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਉਹ ਵਿਚੋਲਾ ਗੁਰੂ ਹੈ ਜੋ ਸ਼ਬਦ ਰੂਪੀ ਗਿਆਨ ਰਾਹੀਂ ਸਦੀਵੀ ਸੁਹਾਗ ਨਾਲ ਮੇਲ ਕਰਾਉਂਦਾ ਹੈ। ਮਿਲਾਪ ਦਾ ਰਾਹ ਦਸਦਾ ਹੈ। ਗੁਰੂ ਦੁਆਰਾ ਦਸੇ ਗਏ ਸ਼ਬਦ ਨਾਲ ਸੁਰਤ ਜੋੜਦੇ ਹੋਏ ਗੁਰਮੁਖ ਜੀਵ ਪ੍ਰਭੂ ਪ੍ਰੀਤਮ ਨੂੰ ਪ੍ਰਾਪਤ ਕਰਕੇ ਸੁਖ ਪਾਉਂਦੇ ਹਨ ਜਿਵੇਂ ਸੋਭਾਵੰਤੀ ਨਾਰ ਪਤੀ ਮਿਲਾਪ ਦਾ ਆਨੰਦ ਮਾਣਦੀ ਹੈ:

" ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥
ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥"[7]

ਸੋਭਾਵੰਤੀ ਨਾਰ ਉਹ ਹੈ ਜਿਸ ਵਿਚ ਇਸਤਰੀ-ਆਚਰਨ ਦੇ ਚੰਗੇ ਗੁਣ ਹੁੰਦੇ ਹਨ। ਗੁਰੂ ਜੀ ਦੁਆਰਾ ਗੁਰਮੁਖ ਵਿਅਕਤੀ ਨੂੰ ਸੋਭਾਵੰਤੀ ਨਾਰ,ਸੁਹਾਗਣ,ਸੁੱਚਜੀ,ਸਿਆਣੀ,ਸੀਲਵੰਤ, ਆਚਾਰਵੰਤੀ,ਗੁਣਵੰਤੀ,ਆਦਿ ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕਰਨ ਤੋਂ ਸਪਸ਼ਟ ਹੈ ਕਿ ਉਹ ਪ੍ਰਭੂ-ਪਤੀ ਦੀ ਪ੍ਰਾਪਤੀ ਲਈ ਇਸਤਰੀ ਵਾਲੇ ਗੁਣਾਂ ਦੀ ਹੋਂਦ ਨੂੰ ਜ਼ਰੂਰੀ ਮੰਨਦੇ ਹਨ। ਇਸਤਰੀ ਗੁਣਾਂ ਨੂੰ ਧਾਰਨ ਕਰਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ ਤਾਂ ਫਿਰ ਵਾਸਤਵਿਕ ਇਸਤਰੀ ਜੋ ਇਨ੍ਹਾਂ ਗੁਣਾਂ ਦੀ ਜਿਊਂਦੀ ਜਾਗਦੀ ਮੂਰਤ ਹੈ - ਮੁਕਤੀ ਕਿਉਂ ਨਹੀਂ ਪ੍ਰਾਪਤ ਕਰ ਸਕਦੀ? ਉਹ ਸਗੋਂ ਮਰਦ ਤੋਂ ਵੀ ਵਧੇਰੇ ਕਲਿਆਣਮਈ ਹੈ। ਜਿਸ ਤਰ੍ਹਾਂ ਈਸਾਈ ਮਤ ਵਿਚ ਬੱਚੇ ਵਾਲੀ ਨਿਸ਼ਕਪਟਤਾ ਧਾਰਨ ਕਰਕੇ ਪ੍ਰਾਣੀ ਪੂਰਣਤਾ ਨੂੰ ਪ੍ਰਾਪਤ ਕਰ ਸਕਦਾ ਹੈ,ਉਸੇ ਤਰ੍ਹਾਂ ਸਿੱਖ-ਧਰਮ ਵਿਚ ਇਸਤਰੀ-ਗੁਣ ਗ੍ਰਹਿਣ ਕਰਕੇ ਜੀਵ ਪ੍ਰਭੂ-ਪਤੀ ਨੂੰ ਖੁਸ਼ ਕਰ ਸਕਦਾ ਹੈ; ਪ੍ਰਾਪਤ ਕਰ ਸਕਦਾ ਹੈ ਅਤੇ ਮੁਕਤ ਹੋ ਸਕਦਾ ਹੈ।

ਗੁਰੂ ਸਾਹਿਬ ਨੇ ਆਦਿ ਗ੍ਰੰਥ ਵਿਚ ਥਾਂ ਪਰ ਥਾਂ ਨਾਰੀ ਜੀਵਨ ਵਿਚੋਂ ਦ੍ਰਿਸ਼ਟਾਂਤ ਦੇ ਕੇ, ਇਸਤਰੀਵਾਚਕ ਗੁਣਾਂ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਕਰਕੇ, ਇਸਤਰੀ ਸਾਕਾਂ ਦੇ ਹਵਾਲੇ ਦੇਕੇ, ਇਸਤਰੀ ਜੀਵਨ ਦੇਵੱਖ ਵੱਖ ਪੱਖਾਂ ਨੂੰ ਉਜਾਗਰ ਕਰਦੇ ਹੋਏ ਜੀਵ ਨੂੰ ਪ੍ਰੇਰਨਾ ਦਿੱਤੀ ਹੈ। ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਕਰਕੇ ਗੁਰੂ ਜੀ ਨੇ ਸਾਰੇ ਜੀਵਨ ਨੂੰ ਹੀ ਬਿੰਬਾਂ ਦੇ ਰਹੱਸ ਵਿਚ ਬੰਨ੍ਹ ਦਿੱਤਾ ਹੈ। ਗ੍ਰਿਹਸਥੀਆਂ ਦੀਆਂ ਉਦਾਹਰਨਾਂ ਦੇ ਕੇ ਤਿਆਗ ਦਾ ਉਪਦੇਸ਼ ਦਿੱਤਾ ਹੈ; ਨਿਰਲੇਪ ਰਹਿਣ ਦਾ ਆਦਰਸ਼ ਸਵੈ-ਜੀਵਨ ਰਾਹੀਂ ਪੇਸ਼ ਕੀਤਾ ਹੈ।

ਆਦਿ ਗ੍ਰੰਥ ਵਿਚ ਇਸਤਰੀ ਨੂੰ ਪ੍ਰਤੀਕ ਰੂਪ ਵਿਚ ਦੋ ਤਰ੍ਹਾਂ ਵਰਤਿਆ ਗਿਆ ਹੈ:

(ੳ) ਸੁਹਾਗਣ ਰੂਪ

ਇਸ ਅਧੀਨ ਗੁਰੂ ਜੀ ਨੇ ਗੁਰਮੁਖ ਵਿਅਕਤੀ ਦਾ ਵਰਣਨ ਕੀਤਾ ਹੈ। ਗੁਰਮੁਖ ਵਿਅਕਤੀ ਚੰਗੀ ਇਸਤਰੀ ਵਾਲੇ ਗੁਣ ਧਾਰਨ ਕਰਦਾ ਹੈ। ਜਿਵੇਂ ਚੰਗੀ ਪਤਨੀ ਆਪਣੇ ਪਤੀ ਵਿਚ ਲਿਵਲੀਨ ਰਹਿੰਦੀ ਹੈ, ਉਸੇ ਤਰ੍ਹਾਂ ਗੁਰਮੁਖ ਵਿਅਕਤੀ ਸਦਾ ਸਤਿਗੁਰੂ ਨਾਲ ਲਿਵ ਜੋੜ ਕੇ ਰਖੇ। ਉਪਦੇਸ਼ ਸਾਰੇ ਪ੍ਰਾਣੀਆਂ ਨੂੰ ਦਿੱਤਾ ਹੈ ਪਰ ਪ੍ਰੇਰਨਾ ਸ੍ਰੋਤ ਇਸਤਰੀ ਦਾ ਜੀਵਨ ਹੈ। ਗੁਰਮੁਖ ਪ੍ਰਭੂ ਵਿਚ ਨਿਸ਼ਠਾ ਰਖਣ ਵਾਲੇ, ਨਿਤਨੇਮੀ ਨੂੰ ਇਆਣੀ-ਬਾਲੜੀ, ਸਿਆਣੀ, ਸੁਹਾਗਣ, ਸੁੱਚਜੀ, ਸੋਭਾਵੰਤੀ, ਸਤੀ, ਸੀਲਵੰਤੀ, ਗੁਣਵੰਤੀ, ਆਚਾਰਵੰਤੀ, ਪੁਤਰਵੰਤੀ, ਕਾਮਣੀ ਅਤੇ ਦਾਸੀ ਵਾਲੇ ਗੁਣ ਧਾਰਨ ਕਰਨ ਦਾ ਰਾਹ ਵਿਖਾਇਆ ਹੈ ਤਾਂ ਜੋ ਉਹ ਸੱਚੇ ਕੰਤ ਦੇ ਘਰ ਮਾਣ ਪ੍ਰਾਪਤ ਕਰ ਸਕੇ।

(ਅ) ਦੁਹਾਗਣ ਰੂਪ

ਦੂਜੇ ਪਾਸੇ ਉਹ ਵਿਅਕਤੀ ਜੋ ਨਾਸਤਿਕ ਹਨ, ਬੁਰੇ ਆਚਰਨ ਵਾਲੇ ਹਨ, ਕੁਕਰਮ ਕਰਦੇ ਹਨ, ਗੁਰੂ ਦੀ ਆਗਿਆ ਨਹੀਂ ਮੰਨਦੇ - ਉਨ੍ਹਾਂ ਨੂੰ ਮਨਮੁਖ ਕਿਹਾ ਗਿਆ ਹੈ। ਇਨ੍ਹਾਂ ਨੂੰ ਪ੍ਰਭੂ ਕਦੇ ਪਿਆਰ ਨਹੀਂ ਕਰਦਾ। ਇਨ੍ਹਾਂ ਦੀ ਤੁਲਨਾ ਉਨ੍ਹਾਂ ਔਰਤਾਂ ਨਾਲ ਕੀਤੀ ਗਈ ਹੈ ਜਿਹੜੀਆਂ ਪਤੀ ਤੋਂ ਪਿਆਰ ਪ੍ਰਾਪਤ ਨਹੀਂ ਕਰ ਸਕਦੀਆਂ ਅਤੇ ਤਿਆਗ ਦਿੱਤੀਆਂ ਜਾਂਦੀਆਂ ਹਨ। ਛੁੱਟੜਾਂ ਦਾ ਜੀਵਨ ਬਤੀਤ ਕਰਦੀਆਂ ਹੋਈਆਂ ਤਿਲ-ਤਿਲ ਕਰਕੇ ਮਰਦੀਆਂ ਹਨ। ਮਨਮੁਖ ਨੂੰ ਠੀਕ ਰਸਤੇ ਪਾਉਣ ਲਈ ਦੁਹਾਗਣ ਦੇ ਦੁਖੀ ਜੀਵਨ ਦਾ ਚਿਤਰ ਖਿਚ ਕੇ ਉਨ੍ਹਾਂ ਵਾਲੇ ਔਗੁਣਾਂ ਨੂੰ

ਤਿਆਗਣ ਦੀ ਪ੍ਰੇਰਨਾ ਦਿੰਦੀ ਹੈ। ਕੁਬੁਧਿ,ਕੁਰੂਪਿ,ਕੁਲੱਖਣੀ,ਕੁਚਿਲ,ਕੁਨਾਰਿ,ਕੁਦਇਆ, ਕੁੱਰਜੀ,ਕਾਮਣਆਰੀ,ਦੁਹਾਗਣ,ਬਿਰਹਨ,ਛੁੱਟੜ,ਸਰਪਣੀ,ਨਾਗਨ,ਧਰਕਟੀ ਨਾਰਿ,ਸੂਹਵੀ, ਵਿਭਚਾਰਨ ਅਤੇ ਸੱਸ ਰੂਪਾਂ ਵਿਚ ਜਿਹੜੇ ਔਗੁਣ ਹਨ,ਉਨ੍ਹਾਂ ਨੂੰ ਧਾਰਨ ਕਰਨ ਵਾਲਾ ਮਨਮੁਖ ਹੈ ਅਤੇ ਜੋ ਤਿਆਗ ਦੇਂਦਾ ਹੈ,ਉਹ ਗੁਰਮੁਖ ਬਣ ਜਾਂਦਾ ਹੈ।

ਇਨ੍ਹਾਂ ਮਨਮੁਖਾਂ ਨੂੰ ਗੁਰਮੁਖ ਬਣਾਉਣ ਲਈ ਗੁਰੂ ਜੀ ਉਨ੍ਹਾਂ ਨੂੰ ਉੱਤਮ ਇਸਤਰੀਆਂ ਦੀ ਰੀਸ ਕਰਕੇ ਉਨ੍ਹਾਂ ਵਾਲੇ ਗੁਣ ਆਪਣੇ ਅੰਦਰ ਪੈਦਾ ਕਰਨ ਦਾ ਉਪਦੇਸ਼ ਦੇਂਦੇ ਹਨ। ਇਸਦੇ ਲਈ ਪ੍ਰਕ੍ਰਿਤੀ ਅਤੇ ਜੀਵ-ਜੰਤੂਆਂ ਵਿਚੋਂ ਵੀ ਇਸਤਰੀ ਰੂਪਾਂ ਨੂੰ ਲੈ ਕੇ ਉਨ੍ਹਾਂ ਵਾਲੇ ਗੁਣਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ ਜਿਵੇਂ ਮਛਲੀ-ਨੀਰ,ਜਲ-ਦੁਧ,ਚਕਵੀ-ਸੂਰਜ,ਚਕੋਰੀ-ਚੰਨ, ਕਾਇਆ-ਹੰਸ, ਬੂੰਦ-ਚਾਤ੍ਰਿਕ, ਕੋਇਲ-ਅੰਬ, ਬੂੰਦ-ਸਾਗਰ, ਬਿਜਲੀ-ਬਦੱਲ, ਕਲੀ-ਭੌਰਾ ਆਦਿ। ਇਨ੍ਹਾਂ ਵਾਲੀ ਆਪਸੀ ਖਿਚ ਜੇਕਰ ਪਰਮਾਤਮਾ ਪ੍ਰਤਿ ਹੋ ਜਾਵੇ ਤਾਂ ਜੀਵਨ ਸਫਲ ਹੈ। ਉਹ ਗੁਰਮੁਖ ਜੀਵ ਸੋਭਾਵੰਤੀ ਨਾਰ ਦੀ ਨਿਆਈਂ ਹੈ, ਜੋ ਪਿਰ ਦੇ ਭਾਣੇ ਵਿਚ ਚਲਦੀ ਹੈ।

(ੳ) ਸੁਹਾਗਣ ਰੂਪ

ਗੁਰਮੁਖ ਜੀਵ ਉਸ ਸੁਹਾਗਣ ਇਸਤਰੀ/ਸੋਭਾਵੰਤੀ ਨਾਰ ਦੀ ਨਿਆਈਂ ਹੈ ਜੋ ਪਿਰ ਦੇ ਭਾਣੇ ਵਿਚ ਚਲਦੀ ਹੋਈ ਅੰਦਰੋਂ ਹਉਮੈਂ ਨੂੰ ਮਾਰ ਚੁੱਕੀ ਹੈ। ਉਹ ਆਪਣੇ ਪਤੀ ਨੂੰ ਮਿਲ ਕੇ ਖੁਸ਼ ਹੁੰਦੀ ਹੈ। ਇਥੇ 'ਪਿਰ' ਪ੍ਰਤੀਕ ਪ੍ਰਭੂ ਦਾ ਅਤੇ 'ਸੋਭਾਵੰਤੀ ਨਾਰ ਹੈ' ਪ੍ਰਤੀਕ ਗੁਰਮੁਖ ਵਿਅਕਤੀ ਦਾ ਇਸੇ ਤਰ੍ਹਾਂ ਦੇ ਅਰਥ ਪ੍ਰਗਟ ਕਰਦੇ ਹੋਏ ਕਿਹਾ ਗਿਆ ਹੈ ਕਿ ਸ਼ਬਦ ਵਿਚ ਰੱਤੀ ਹਉਮੈਂ ਦਾ ਤਿਆਗ ਕਰਨ ਵਾਲੀ ਜੀਵ-ਆਤਮਾ ਰਜ਼ਾ ਵਿਚ ਰਾਜ਼ੀ ਰਹਿੰਦੀ ਹੋਈ ਗੁਣਾਂ ਦਾ ਸ਼ਿੰਗਾਰ ਕਰਦੀ ਹੈ:-

"ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥
ਪਿਰ ਕੈ ਭਾਣੈ ਸਦਾ ਚਲੈ ਤਾਂ ਬਨਿਆ ਸੀਗਾਰੁ ॥"[8]

ਸੋਭਾਵੰਤੀ ਨਾਰ ਗੁਰੂ ਦੇ ਦਸੇ ਹੋਏ ਰਾਹ ਤੇ ਚਲਦੀ ਹੈ ਤਾਂ ਉਹ ਕੰਤ ਨੂੰ ਪ੍ਰਾਪਤ ਕਰ,ਵਡਭਾਗਣ ਅਤੇ ਸੁਖੀ ਹੋ ਜਾਂਦੀ ਹੈ:-

"ਸੇਜ ਸੁਖਾਲੀ ਜਾ ਪ੍ਰਭੂ ਭਾਇਆ ਹਰਿ ਹਰਿ ਨਾਮਿ ਸਮਾਣੇ ॥
ਨਾਨਕ ਸੋਹਾਗਣਿ ਸਾ ਵਡਭਾਗੀ ਜੋ ਚਲੈ ਸਤਿਗੁਰ ਭਾਣੇ ॥"[9]

ਗੁਰਮੁਖ ਜੀਵ ਇਕ ਵਾਰੀ ਪ੍ਰਭੂ ਦੇ ਪਿਆਰ ਵਿਚ ਰੰਗੇ ਜਾਣ ਤਾਂ ਉਹ ਸਦੀਵੀ ਸੁਹਾਗ ਨੂੰ ਪ੍ਰਾਪਤ ਕਰ ਲੈਂਦੇ ਹਨ। ਗੁਰੂ ਦੁਆਰੇ ਬਖਸ਼ੇ ਸ਼ਬਦ ਰੂਪੀ ਗਹਿਣੇ ਨਾਲ ਆਪੇ ਨੂੰ ਸ਼ਿੰਗਾਰਨ ਤੇ ਹੀ ਉਹ ਦਾਤਾ ਮਿਲਦਾ ਹੈ। ਗੁਰੂ ਬਿਨਾਂ ਗਤੀ ਨਹੀਂ ਕਿਉਂਕਿ ਮਾਲਕ ਨੂੰ ਮਿਲਨ ਲਈ ਬਿਖੜੇ ਪੈਂਡੇ ਵਿਚ ਗੁਰੂ ਨੇ ਹੀ ਮਾਰਗ ਦਰਸ਼ਨ ਕਰਨਾ ਹੈ।

"ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥
ਸਦਾ ਪਿਰੁ ਨਿਹਚਲੁ ਪਾਈਐ, ਨਾ ਓਹੁ ਮਰੈ ਨ ਜਾਇ ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥"[10]

ਭਗਤ ਨੂੰ 'ਬਾਲੜੀ' ਦੇ ਪ੍ਰਤੀਕ ਦੁਆਰਾ ਸੰਬੋਧਿਤ ਕਰਕੇ ਉਸਨੂੰ ਉਸ ਸੱਚੇ ਮਾਲਕ ਨਾਲ ਲਿਵ ਜੋੜਨ ਲਈ ਗੁਰੂ ਜੀ ਦੀ ਆਗਿਆ ਪਾਲਨ ਕਰਨ ਦੀ ਹਦਾਇਤ ਕੀਤੀ ਹੈ:-

"ਜੇ ਲੋੜਹਿ ਵਰੁ ਬਾਲੜੀਏ ਤਾਂ ਗੁਰ ਚਰਣੀ ਚਿਤੁ ਲਾਏ ਰਾਮ ॥
ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥"[11]

ਜਦੋਂ ਗੁਰੂ ਰੂਪੀ ਵਿਚੋਲਾ ਮਿਲ ਜਾਂਦਾ ਹੈ ਤਾਂ ਜੀਵ ਇਸਤਰੀ ਛੁੱਟੜ ਤੋਂ ਸੁਹਾਗਣ ਹੋ ਜਾਂਦੀ ਹੈ ਕਿਉਂਕਿ ਹਰੀ ਨਾਲ ਮਿਲਾਪ ਹੋ ਜਾਂਦਾ ਹੈ ਜਿਸ ਸਤਿਗੁਰੂ ਦਾ ਟਿਕਾਣਾ ਨਹੀਂ ਪਤਾ ਸੀ ਉਸ ਨਾਲ ਸਾਖਿਆਤਕਾਰ ਹੋ ਜਾਂਦਾ ਹੈ:

"ਛੂਟਰਿ ਤੇ ਗੁਰਿ ਕੀਈ ਸੋਹਾਗਨਿ, ਹਰਿ ਪਾਇਓ ਸੁਘੜ ਸੁਜਾਨੀ ॥
ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ - ਥਾਨੁ ਮਿਲਿਓ ਬਾਸਾਨੀ ॥"[12]

ਸੁਹਾਗਣ ਹੋ ਜਾਣ ਉਪਰੰਤ ਜੀਵ-ਇਸਤਰੀ ਦੇ ਫਰਜ਼ ਵਧ ਜਾਂਦੇ ਹਨ। ਉਸਨੂੰ ਸਾਧ ਸੰਗਤ ਵਿਚ ਬਹਿ ਕੇ ਆਪਣੇ ਪ੍ਰਭੂ ਪਤੀ ਦੀ ਸਿਫਤ ਕਰਨੀ ਚਾਹੀਦੀ ਹੈ, ਸਾਧ ਸੰਗਤ ਲਈ ਸਖੀ ਸਹੇਲੀ ਦਾ ਪ੍ਰਤੀਕ ਵਰਤਿਆ ਹੈ। ਉਸਦੀ ਉਸਤਤ ਕਰਨ ਨਾਲ ਤਨ ਮਨ ਆਕਰਸ਼ਕ ਹੋ ਜਾਂਦਾ ਹੈ ਅਤੇ ਰੂਪ ਨਿਖਰਦਾ ਹੈ:

"ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥
ਤਨੁ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥
ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥"[13]

ਗੁਣਵੰਤੀ ਨੂੰ ਸਾਈਂ ਪਿਆਰ ਕਰਦਾ ਹੈ, ਨਾਲ ਰਖਦਾ ਹੈ ਪਰ ਔਗੁਣਵੰਤੀ ਤੋਂ ਦੂਰ ਰਹਿੰਦਾ ਹੈ। ਸਦਗੁਣ ਸੰਪੰਨ ਜੀਵ-ਆਤਮਾ ਕਦੇ ਰੰਡੀ ਨਹੀਂ ਹੁੰਦੀ, ਸੱਚੇ ਪਾਤਸ਼ਾਹ ਦੁਆਰਾ ਤਿਆਗੀ ਨਹੀਂ ਜਾਂਦੀ :

" ਤ੍ਰਿਭਵਣ ਦੇਉ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥
ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆਭਰਪੂਰੇ ॥
ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥
ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥"[14]

ਸੁਹਾਗਣ ਆਪਣੇ ਸੁਹਾਗ ਨੂੰ ਆਪਣੇ ਅੰਗਸੰਗ ਸਮਝਦੀ ਹੈ। ਇਹੀ ਉਸਦਾ ਸਭ ਤੋਂ ਉੱਤਮ ਗੁਣ ਹੈ। ਉਹ ਸਾਧ-ਸੰਗਤ ਦੀ ਸੇਵਾ ਕਰਦੀ ਹੋਈ ਨਿਮਰਤਾ ਦਾ ਆਚਾਰ ਵਿਹਾਰ ਸਿਖ ਲੈਂਦੀ ਹੈ:

" ਸੰਤਾਂ ਕੀ ਹੋਇ ਦਾਸਰੀ ਏਹੁ ਆਚਾਰਾ ਸਿਖੁ ਰੀ ॥
ਸਗਲ ਗੁਣਾਂ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥"[15]

ਉਹ ਅਕਾਲ ਪੁਰਖ ਖਰਾ ਹੈ ਅਤੇ ਪਿਆਰਾ ਵੀ। ਇਹ ਗੱਲ ਦਿਲ ਵਿਚ ਧਾਰ ਕੇ ਉਸਦੀ ਸਿਫਤ ਸਤ-ਸੰਗੀਆਂ ਵਿਚ ਕਰਨੀ ਚਾਹੀਦੀ ਹੈ। ਅਸੀਂ ਸਭ ਉਸਦੀਆਂ ਦਾਸੀਆਂ ਹਾਂ। ਉਹ ਸੱਚਾ ਪਾਤਸ਼ਾਹ ਹੀ ਸਾਡਾ ਸ਼ਹੁ ਹੈ, ਮਾਲਕ ਹੈ :

" ਨਾਨਕ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥"[16]

ਉਹ ਸਾਹਿਬ ਅਤਿ ਵੱਡਾ ਹੈ। ਗਹਿਰ ਗੰਭੀਰ ਹੈ ਉਸਦਾ ਅੰਤ ਕੋਈ ਨਹੀਂ ਲੱਭ ਸਕਦਾ। ਉਸਦੇ ਆਦਿ, ਅੰਤ ਅਤੇ ਮਹਿਮਾ ਦਾ ਗਿਆਨ ਸਾਨੂੰ ਨਹੀਂ ਹੋ ਸਕਦਾ :

" ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥"[17]

ਉਹ ਜਦੋਂ ਤੁੱਠਦਾ ਹੈ ਤਾਂ ਕ੍ਰਿਪਾ ਦ੍ਰਿਸ਼ਟੀ ਦੁਆਰਾ ਨਿਹਾਲ ਕਰ ਦੇਂਦਾ ਹੈ। ਸਾਰੇ ਔਗੁਣਾਂ ਨੂੰ ਖਿਮਾ ਕਰਦਾ ਹੋਇਆ ਗਲ ਨਾਲ ਲਾ ਲੈਂਦਾ ਹੈ। ਅੰਦਰ ਬਾਹਰ ਸ਼ਬਦ ਦੇ ਚਮਤਕਾਰ ਦੁਆਰਾ ਚਾਨਣ ਕਰ ਦੇਂਦਾ ਹੈ:

"ਨਿਕਟਿ ਆਇ ਪ੍ਰਿਅ ਸੇਜ ਧਰੀ ॥
ਕਾਢਿ ਕਵਣ ਤੇ ਛੂਟਿ ਪਰੀ ॥
ਮੰਦਰਿ ਮੇਰੈ ਸਬਦਿ ਉਜਾਰਾ ॥
ਅਨਦ ਬਿਨੋਦੀ ~~ਆ~~ ਖਸਮੁ ਹਮਾਰਾ ॥"[18]

ਅਧਿਆਤਮਕ ਮਾਰਗ ਤੇ ਚਲਦਿਆਂ ਦੰਪਤੀ-ਸੰਜੋਗ ਨਾਲ ਹੀ ਤ੍ਰਿਪਤੀ ਨਹੀਂ ਹੁੰਦੀ ਸਗੋਂ ਆਤਮਾ ਤਾਂ ਆਪਣੇ ਮੂਲ ਵਿਚ ਪੂਰਨ ਰੂਪ ਵਿਚ ਅਭੇਦ ਹੋ ਜਾਣਾ ਲੋੜਦੀ ਹੈ। ਆਤਮਾ ਜਾਂ ਜੀਵ ਪਾਰਬ੍ਰਹਮ ਦਾ ਅੰਸ਼ ਹੈ। ਸ਼ਰੀਰ ਆਤਮਾ ਨੂੰ ਸ਼ਰੀਰ ਦੀ ਹੀ ਕੈਦ ਵਿਚ ਰਹਿਣ ਦੀ ਬੇਨਤੀ ਕਰਦਾ ਹੈ:

"ਧਨ ਕਹੈ ਬਿਨਉ ਦੋਊ ਕਰ ਜੋਰੈ ॥
ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥"[19]

ਆਤਮਾ ਜੁਆਬ ਦੇਂਦੀ ਹੈ ਕਿ ਮੈਨੂੰ ਉਸ ਪਾਰਬ੍ਰਹਮ ਨੇ ਹੁਕਮ ਦਿੱਤਾ ਹੈ ਤਾਂ ਮੈਂ ਸ਼ਰੀਰ ਵਿਚ ਕੈਦ ਹੋਈ ਹਾਂ ਜਦੋਂ ਉਹ ਮਿਹਰ ਕਰੇਗਾ ਸੁਤੰਤਰ ਹੋਜਾਵਾਂਗੀ। ਮੇਰੇ ਵਸ ਕੁਝ ਨਹੀਂ; ਮੈਂ ਹੁਕਮ ਦੀ ਬੱਧੀ ਹਾਂ:

"ਪਿਰਿ ਕਹਿਆ ਹਉ ਹੁਕਮੀ ਬੰਦਾ ॥
ਓਹ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥"[20]

ਮਾਲਕ ਦੇ ਹੁਕਮ ਅਨੁਸਾਰ ਸ਼ਰੀਰ ਨੂੰ ਤਿਆਗ ਕੇ ਉਸ ਵਿਚ ਲੀਨ ਹੋ ਜਾਣਾ ਹੀ ਸਾਧਕ ਆਤਮਾ ਦਾ ਉਦੇਸ਼ ਹੈ, ਇਹ ਹੀ ਭਗਤੀ ਰਸ ਦੀ ਵਾਸਤਵਿਕ ਸਿੱਧ ਅਵਸਥਾ ਹੈ ਜਿਵੇਂ ਸੂਰਜ ਵਿਚ ਕਿਰਨ ਸਮਾ ਜਾਂਦੀ ਹੈ; ਸਾਗਰ ਵਿਚ ਬੂੰਦ ਅਭੇਦ ਹੋ ਜਾਂਦੀ ਹੈ ਉਸੇ ਤਰ੍ਹਾਂ ਪਰਮਜੋਤ ਵਿਚ ਆਤਮਾ ਵਿਲੀਨ ਹੋ ਜਾਂਦੀ ਹੈ:

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥"[21]

ਪੂਰਨਤਾ ਪ੍ਰਾਪਤ ਕਰਨ ਵਾਲੀ ਆਤਮਾ- ਮੁਕਤ-ਭੁਗਤ ਹੋ ਜਾਂਦੀ ਹੈ। ਉਸ ਵਿਚ ਹੰਕਾਰ, ਹਿੰਸਾ, ਸ਼ੰਕਾ, ਸੋਗ ਆਦਿ ਕੋਈ ਬੁਰਾਈ ਨਹੀਂ ਰਹਿ ਜਾਂਦੀ। ਉਹ ਭਾਰਤੀ ਸੰਸਕ੍ਰਿਤੀ

ਦੀ ਪੁਸ਼ਟੀ ਤੇ ਸੰਨਿਆਸੀ ਦਾ ਸੱਚਾ ਆਦਰਸ਼ ਸਥਾਪਤ ਕਰਦੀ ਹੈ :

" ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥
ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥"[22]

ਆਤਮਾ-ਪਰਮਾਤਮਾ ਜਾਂ ਚੇਲਾ-ਗੁਰੂ ਦੋਵੇਂ ਇਕ ਹੀ ਤੱਤ ਦੇ ਬਣੇ ਹਨ। ਪਹਿਲੇ ਨੂੰ ਦੂਜੇ ਦੇ ਉਪਦੇਸ਼ਾਂ ਅਨੁਸਾਰ ਚਲਣਾ ਚਾਹੀਦਾ ਹੈ। ਪਰਮਾਤਮਾ ਮਹਾਨ ਸ਼ਕਤੀ ਹੈ ਅਤੇ ਆਤਮਾ ਉਸਦੀ ਇਕ ਅੰਸ਼ - ਗੁਰੂ ਗਿਆਨ ਹੈ ਤਾਂ ਚੇਲਾ ਜਗਿਆਸੂ; ਦੋਹਾਂ ਦਾ ਪਰਮ ਉਦੇਸ਼ ਅੰਤਿਮ ਸ਼ਕਤੀ ਵਿਚ ਅਭੇਦਤਾ ਹੀ ਹੈ:

" ਗੁਰੂ ਸਿਖੁ ਸਿਖੁ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥"[23]

ਗੁਰੂ ਦੇ ਦੁਆਰੇ ਜਾ ਕੇ ਹੀ ਮੁਕਤੀ ਦਾ ਰਾਹ ਪਤਾ ਲਗ ਸਕਦਾ ਹੈ ਕਿਉਂਕਿ ਉਹ ਜੀਵ ਨੂੰ ਪਵਿਤਰ ਕਰਦਾ ਹੈ, ਚੰਗੇ ਕਰਮਾਂ ਦੀ ਪਾਣ ਚਾੜ੍ਹ ਕੇ ਗਿਆਨਵਾਨ ਹੋਣ ਯੋਗ ਬਣਾਉਂਦਾ ਹੈ:

" ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥"[24]

ਮੁਕਤੀ ਪ੍ਰਾਪਤ ਕਰਨ ਲਈ ਸੱਚੇ ਮਾਲਕ ਨਾਲ ਲਿਵ ਜੋੜੋ। ਉਸਦਾ ਸਾਂਈ ਨੂੰ ਆਪਣੇ ਅੰਗਸੰਗ ਸਮਝੋ। ਜਿਨ੍ਹਾਂ ਨੂੰ ਸੱਚਾ ਸਾਹਿਬ ਅਪਣਾ ਲੈਂਦਾ ਹੈ ਉਹ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ:

" ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥"[25]

ਆਤਮਾ ਪਰਮਾਤਮਾ ਦਾ ਇਹ ਸੰਜੋਗ ਅਧਿਆਤਮਕ ਵਿਆਹ ਦੁਆਰਾ ਹੁੰਦਾ ਹੈ। ਇਹ ਅਨੰਦ ਵਿਆਹ ਦੁਨਿਆਵੀ ਵਿਆਹ ਦੀ ਉਚੇਰੀ ਅਵਸਥਾ ਹੈ। ਇਹ ਸੁਹਾਗ ਤਾਂ ਸਦੀਵੀ ਹੈ, ਅਟੱਲ ਹੈ:

" ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ॥
ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ॥
ਗੁਰਮੁਖੇ ਹਰਿ ਪਾਇਆ ॥"[26]

ਇਸ਼ਟ ਦੇ ਮਿਲ ਜਾਣ ਤੇ ਇਹ ਜੀਵ-ਆਤਮਾ ਬਹੁਤ ਖੁਸ਼ੀਆਂ ਕਰਦੀ ਹੈ। ਪਤਨੀ ਰੂਪ ਹੋ ਸੇਜ ਸਵਾਰਦੀ ਅਤੇ ਅਨੰਦ ਮਨਾਂਦੀ ਹੈ:

" ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥"[27]

ਉਸਨੂੰ ਆਪੇ ਦੀ ਸੁਧ ਨਹੀਂ ਰਹਿੰਦੀ। ਇਥੋਂ ਤਕ ਕਿ ਉਹ ਪੂਜਾ ਦੀ ਸਮਗਰੀ ਵੀ ਨਹੀਂ ਜੁਟਾ ਪਾਂਦੀ। ਉਸਦਾ ਸਰੀਰ ਖੁਸ਼ੀ ਨਾਲ ਹੀ ਅਜੇਹਾ ਰੂਪਮਾਨ ਅਤੇ ਸੁਗੰਧਤ ਹੋ ਜਾਂਦਾ ਹੈ ਕਿ ਅੰਗ ਅੰਗ ਖਿੜ ਪੈਂਦਾ ਹੈ:

" ਰੂਪ ਨ ਧ੍ਯਾਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗ ਮਉਲੀ ॥
ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥"[28]

ਉਹ ਪ੍ਰੇਮ ਦੀ ਮਸਤੀ ਦੇ ਵਸਤਰ ਅਤੇ ਗਹਿਣੇ ਪਾਉਂਦੀ ਹੈ। ਨਾਮ ਮਨ ਵਸਾਉਣ ਦਾ ਚੰਦਨ ਲਾਉਂਦੀ ਹੈ। ਰਾਮਨਾਮ ਦੀ ਮਾਲਾ ਲੈ ਕੇ ਦਸਮ ਦੁਆਰਾ ਵਿਚ ਮੇਲ ਲਈ ਸ਼ਬਦ ਦਾ ਦੀਪ ਜਗਾਂਦੀ ਹੈ। ਹਉਮੈ ਦਾ ਤਿਆਗ ਕਰਕੇ, ਸੱਤ ਚਿੱਤ, ਤੇ ਆਨੰਦ ਦਾ ਸ਼ਿੰਗਾਰ ਕਰਦੀ ਹੈ:

" ਗੁਰਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥
ਦੋਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥"[29]

ਆਦਿ ਗ੍ਰੰਥ ਵਿਚ ਭਿੰਨ ਭਿੰਨ ਪ੍ਰਕਾਰ ਦੇ ਪ੍ਰਤੀਕ ਵਰਤੇ ਗਏ ਹਨ। ਕੁਝ ਪ੍ਰਤੀਕ ਨਾਥ ਸਿੱਧਾਂ ਦੀ ਬਾਣੀ ਵਿਚੋਂ ਲਏ ਗਏ ਹਨ ਜਿਵੇਂ ਆਤਮਾ ਨੂੰ ਹੰਸ, ਮਾਇਆ ਨੂੰ ਸਰਪਣੀ ਜਾਂ ਨਾਗਨ, ਇੰਦਰੀਆਂ ਨੂੰ ਪੰਚ-ਚੋਰ, ਅਗਿਆਨਤਾ ਨੂੰ ਹਨੇਰੀ ਰਾਤ, ਪ੍ਰਭੂ ਨਾਮ ਨੂੰ ਅੰਮ੍ਰਿਤ, ਪ੍ਰਭੂ ਮੇਲ ਨੂੰ ਸੁਹਾਗ ਜਾਂ ਵਿਆਹ, ਇੜਾ-ਪਿੰਗਲਾਂ ਨੂੰ ਗੰਗਾ-ਜਮਨਾ ਆਦਿ ਪ੍ਰਤੀਕਾਂ ਦੁਆਰਾ ਵਿਖਿਆਨਿਆ ਹੈ। ਜੋਗੀਆਂ ਦੀ ਸ਼ਬਦਾਵਲੀ ਦੀ ਵੱਖ ਵੱਖ ਪ੍ਰਤੀਕਾਂ ਵਜੋਂ ਖੁਲ੍ਹੀ ਵਰਤੋਂ ਕੀਤੀ ਗਈ ਹੈ ਜਿਵੇਂ :- ਮੁੰਦਰਾਂ, ਕਿੰਗੁਰੀ, ਖਿੰਥਾ, ਡੰਡਾਂ, ਆਸਨ, ਧਿਆਨ, ਸਮਾਧੀ, ਅਉਧੂ, ਧੁੰਨ, ਅਨਹਦ, ਆਦਿ। ਕੁਝ ਪ੍ਰਤੀਕ ਨਵੇਂ ਵੀ ਘੜੇ ਗਏ ਹਨ ਜਿਵੇਂ: ਕਾਇਆ ਨੂੰ ਕਾਮਣੀ, ਸੰਸਾਰ ਲਈ ਪੇਕਾ ਘਰ, ਪਰਲੋਕ ਨੂੰ ਸਹੁਰਾ ਘਰ, ਰਾਜਜੋਗ, ਅੰਮ੍ਰਿਤ, ਰਸਾਇਣ ਆਦਿ।

ਇਹ ਜੀਵ ਆਤਮਾ ਪਰਮਾਤਮਾ ਦੇ ਮੇਲ ਲਈ ਸਦਾ ਵਿਆਕੁਲ ਰਹਿੰਦੀ ਹੈ। ਜਦੋਂ ਇਹ ਵਿਆਕੁਲਤਾ ਬਹੁਤ ਤੀਬਰ ਹੋ ਜਾਂਦੀ ਹੈ ਤਾਂ ਪਤੀ ਉਸਦੀ ਸੁਣ ਲੈਂਦਾ ਹੈ। ਦੋਹਾਂ ਦਾ ਅਧਿਆਤਮਕ ਵਿਆਹ ਹੋ ਜਾਂਦਾ ਹੈ:

" ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥"[30]

ਫਿਰ ਜੀਵ ਇਸਤਰੀ ਇਸ ਸੰਸਾਰ ਭਾਵ ਪੇਕੇ ਘਰ ਅਤੇ ਪਰਲੋਕ ਭਾਵ ਸਹੁਰੇ ਘਰ ਵਿਚ ਉਸ ਕੰਤ ਦੀ ਹੀ ਹੈ। ਜੇਕਰ ਉਸਨੂੰ ਪਸੰਦ ਆ ਜਾਂਦੀ ਹੈ ਤਾਂ ਉਹ ਸੁਹਾਗਣ ਅਖਵਾਉਂਦੀ ਹੈ ਅਤੇ ਜੀਵਨੂੰ ਸਫਲ ਕਰ ਜਾਂਦੀ ਹੈ :

" ਸਸੁਰੈ ਪੇਈਐ ਕੰਤੁ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਧੰਨੁ ਸੋਹਾਗਣੀ ਜੋ ਭਾਵਹਿ ਵੇਪਰਵਾਹ[31]। "

ਉਸ ਪਿਰ ਨੂੰ ਭਾਉਣ ਲਈ, ਚੰਗੀ ਲਗਣ ਲਈ ਹਉਮੈ ਤਿਆਗਣ ਦੀ ਜ਼ਰੂਰਤ ਹੈ:

" ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥[32]"

ਇਹ ਹਉਮੈ ਦੀ ਕੰਧ ਤੋੜਨ ਵਾਲਾ ਗੁਰੂ ਹੁੰਦਾ ਹੈ ਜੋ ਸੱਚੇ ਪਾਤਸ਼ਾਹ ਨਾਲ ਮੇਲ ਕਰਵਾਉਂਦਾ ਹੈ। ਜੇਕਰ ਵਖਾਵੇ ਦਾ ਪ੍ਰੇਮ ਕਰੀਏ ਤਾਂ ਸੁਆਮੀ ਨਹੀਂ ਮਿਲਦਾ:

" ਪਾਖੰਡਿ ਪ੍ਰੇਮ ਨ ਪਾਈਐ ਖੋਟਾ ਪਾਜੁ ਖੁਆਰੁ ॥"[33]

ਇਸ ਲਈ ਗੁਰਮੁਖ ਜੀਵ ਨੂੰ ਅੱਖਾਂ, ਪੈਰ, ਹੱਥ, ਕੰਨ ਅਤੇ ਜੀਭ ਸਭ ਇੰਦਰੀਆਂ ਨੂੰ ਦੁਨਿਆਵੀ ਪਿਆਰ ਵਲੋਂ ਹਟਾ ਕੇ ਗੁਣਾਂ ਦਾ ਸ਼ਿੰਗਾਰ ਕਰਨਾ ਚਾਹੀਦਾ ਹੈ ਤਾਂ ਜੋ ਪ੍ਰਭੂ ਨਾਲ ਮਿਲਾਪ ਹੋ ਸਕੇ :

" ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤੁ ਮਿਲਾਵਾ ਹੋਇ ॥"[34]

ਅਸਲੀ ਸੁਹਾਗਣਿ ਤਾਂ ਉਹ ਹੀ ਹੈ ਜਿਹੜੀ ਪਤੀ ਨੂੰ ਚੰਗੀ ਲਗਦੀ ਹੈ, ਉਸਦੇ ਨਾਲ ਵਸਦੀ ਹੈ :

" ਜੋ ਪਿਰ ਭਾਵੈ ਸਾ ਸੋਹਾਗਣਿ
ਸਾਈ ਪਿਰ ਕਉ ਮਿਲੈ ਸਿਆਣੀ ॥"[35]

ਸਰਬੋਤਮ ਸੁਹਾਗਣ ਆਪਣੇ ਪਤੀ ਨੂੰ ਪਹਿਚਾਣ ਲੈਂਦੀ ਹੈ ਅਤੇ ਹਉਮੈ ਤਿਆਗ ਕੇ ਉਸਦੇ ਹੁਕਮ ਨੂੰ ਮੰਨਦੀ ਹੈ :

" ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥
ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥"[36]

ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲ ਮਿਲੀ ਹੋਈ ਆਤਮਾ ਨੂੰ ਇਕ ਸੁਹਾਗਣ ਰੂਪ ਬਿਆਨਦੇ ਹਨ ਜਿਸਨੇ ਸਾਰੀਆਂ ਇੰਦ੍ਰੀਆਂ ਨੂੰ ਵਸ ਕੀਤਾ ਹੋਇਆ ਹੈ:

" ਕਿਰਤੁ ਵਸਿ ਕਰਿ ਕੀਨਾ ਓਹੁ ਹਉ ਘਰਿ ਕੀ ਨਾਰਿ ॥
ਦਸ ਦਾਸੀ ਕਰ ਦੀਨੀ ਭਤਾਰਿ ॥"[37]

ਗੁਰਮੁਖ ਜੀਵ ਆਤਮਾ ਨੂੰ ਅਕਾਲ ਪੁਰਖ ਮਿਲ ਪਿਆ ਹੈ। ਵਾਸਤਵ ਵਿਚ ਉਸਨੇ ਹੀ ਦਸ ਇੰਦਰੀਆਂ ਨੂੰ ਜੀਵ ਦੇ ਅਧੀਨ ਕਰ ਦਿੱਤਾ ਹੈ ਤਾਂ ਜੋ ਵਿਸ਼ੇ-ਵਿਕਾਰਾਂ ਦੀ ਭਟਕਣ ਮੁਕ ਜਾਵੇ ਅਤੇ ਰੂਹ ਪਰਮ-ਆਨੰਦ ਦੀ ਅਵਸਥਾ ਵਿਚ ਵਿਚਰੇ। ਆਤਮਾ-ਪਰਮਾਤਮਾ ਦਾ ਮੇਲ ਕੋਈ ਦੂਰ ਦੀ ਗੱਲ ਨਹੀਂ। ਇਹ ਦੋਵੇਂ ਇਸਤਰੀ-ਭਰਤੇ ਦੀ ਤਰ੍ਹਾਂ ਇਕ ਥਾਂ ਹੀ ਵਸਦੇ ਹਨ ਪਰ ਮੋਹ ਮਾਇਆ ਦੀ ਕ੍ਰੋਧ ਵਿਚ ਜੀਵ ਗਲਤਾਨ ਹੈ। ਵਾਹਿਗੁਰੂ ਆਪ ਮਿਹਰ ਕਰਕੇ ਸਾਧ-ਸੰਗਤ ਮਿਲਾਂਦਾ ਹੈ ਤਾਂ ਉਹ ਸੁਚੇਤ ਹੁੰਦਾ ਹੈ:

" ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥"[38]

ਜਿਸਦਾ ਮਨ ਗੁਰਬਾਣੀ ਦੁਆਰਾ ਟਿਕ ਗਿਆ ਹੈ, ਸੰਤੁਸ਼ਟ ਹੋ ਗਿਆ ਹੈ, ਉਹ ਸਤਿਗੁਰੂ ਦੀ ਪਿਆਰੀ ਹੋ ਜਾਂਦੀ ਹੈ:

" ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰਬਚਨੀ ਮਨੁ ਮਾਨਿਆ ॥
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥"[39]

ਗੁਰੂ ਅਮਰਦਾਸ ਜੀ ਤਾਂ ਸਪੱਸ਼ਟ ਸ਼ਬਦਾਂ ਵਿਚ ਆਪਣੇ ਆਪ ਨੂੰ ਇਸਤਰੀ ਅਤੇ ਕਰਤਾਰ ਨੂੰ ਕੰਤ ਆਖਦੇ ਹੋਏ ਉਸਦਾ ਹੁਕਮ ਮੰਨਦੇ ਹਨ:

" ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥
ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥"[40]

ਗੁਰੂ ਨਾਨਕ ਦੇਵ ਜੀ ਸਤ-ਸੰਗੀਆਂ ਨੂੰ ਭੈਣਾਂ ਅਤੇ ਸਹੇਲੀਆਂ ਕਹਿੰਦੇ ਹੋਏ ਉਨ੍ਹਾਂ ਨਾਲ ਸਰਬ-ਸ਼ਕਤੀਮਾਨ ਸਮਰੱਥ ਕੰਤ ਦੀਆਂ ਸਿਫਤਾਂ ਕਰਨ ਦਾ ਉਪਦੇਸ਼ ਦੇਂਦੇ ਹਨ। ਇਹ ਭਗਤ ਦੀ ਸਾਧਨਾ ਅਵਸਥਾ ਹੈ। ਸੱਚੇ ਪਾਤਸ਼ਾਹ ਨੂੰ ਪ੍ਰਾਪਤ ਕਰਨ ਦੀ ਪਹਿਲੀ ਪਉੜੀ:

" ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥[41] "

ਚੰਗੇ ਭਾਗ ਹੋਣ ਤਾਂ ਸਤ-ਸੰਗ ਮਿਲਦਾ ਹੈ ਅਤੇ ਕੰਤ ਨੂੰ ਮਿਲਾਉਣ ਵਾਲਾ ਗੁਰੂ ਪ੍ਰਾਪਤ ਹੁੰਦਾ ਹੈ। ਫਿਰ ਤਾਂ ਉਸ ਅਬਿਨਾਸ਼ੀ ਦੇ ਦਰਸ਼ਨ ਅੰਦਰੋਂ ਹੀ ਹੋ ਜਾਂਦੇ ਹਨ:

" ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ॥
ਜਨ ਨਾਨਕ ਦਾਸ ਤੁਮਾਰੇ ਜੀਉ ॥[42] "

ਉਹ ਸਦਾ ਲਈ ਸੋਹਾਗਣਿ ਹੋ ਜਾਂਦੀ ਹੈ ਜੋ ਹਰਿ ਨੂੰ ਚੰਗੀ ਲਗੀ ਹੈ। ਉਹ ਪ੍ਰੀਤਮ ਨੂੰ ਸਦਾ ਅੰਗਸੰਗ ਸਮਝਦੀ ਹੈ :

" ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥
ਗੁਰਸਬਦੀ ਸੀਗਾਰੁ ਬਣਾਵੈ ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥
ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥
ਸੋ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥
ਅਪਣਾ ਪਿਰੁ ਰਾਖੈ ਸਦਾ ਉਰਧਾਰਿ ॥"
ਨੇੜੈ ਵੇਖੈ ਸਦਾ ਹਦੂਰਿ ॥
ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥[43] "

ਇੰਞ ਗੁਰਮੁਖ ਜੀਵ ਲਈ ਸੁਹਾਗਣ ਦਾ ਪ੍ਰਤੀਕ ਵਰਤਿਆ ਹੈ। ਇਸ ਦੇ ਉਲਟ ਵਾਹਿਗੁਰੂ ਤੋਂ ਬੇਮੁਖ ਮਨਮਤ ਕਰਨ ਵਾਲੇ ਜੀਵ ਨੂੰ ਮਨਮੁਖ ਅਤੇ ਦੋਹਾਗਣ ਦੇ ਪ੍ਰਤੀਕ ਦੁਆਰਾ ਬਿਆਨਿਆ ਹੈ।

(ਅ) ਦੁਹਾਗਣ ਰੂਪ

ਮਨਮੁਖ ਦਾ ਜੀਵਨ ਛੁੱਟੜ ਇਸਤਰੀ ਦੀ ਨਿਆਈਂ ਹੁੰਦਾ ਹੈ ਜੋ ਪਤੀ ਦੇ ਮਿਲਾਪ ਤੋਂ ਵਾਂਝੀ ਰਹਿ ਕੇ ਹੀ ਜੀਵਨ ਕੱਟਦੀ ਹੈ:

"ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥
ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥"[44]

ਸੂਹਾ ਵੇਸ ਸੁਹਾਗਣ ਅਤੇ ਵਿਆਹੁਤਾ ਦੀ ਨਿਸ਼ਾਨੀ ਹੈ ਪਰ ਜੇਕਰ ਉਹ ਆਪਣੇ ਪਤੀ ਨੂੰ ਛੱਡ ਕੇ ਪਰਾਏ ਪੁਰਸ਼ ਨੂੰ ਪਿਆਰ ਕਰਦੀ ਹੈ ਤਾਂ ਉਹ 'ਛੁੱਟੜ' ਜਾਂ 'ਰੰਡੀ' ਹੈ। ਦੂਜੇ ਸ਼ਬਦਾਂ ਵਿਚ ਹਰੀ ਨੂੰ ਯਾਦ ਕਰਨ ਵਾਲਾ ਜੀਵ ਜਦੋਂ ਦੁਨਿਆਵੀ ਮੋਹ ਮਾਇਆ ਵਿਚ ਫਸ ਜਾਂਦਾ ਹੈ ਤਾਂ ਮਾਲਕ ਉਸ ਵਲੋਂ ਮੂੰਹ ਫੇਰ ਲੈਂਦਾ ਹੈ।

ਜੋ ਜੀਵ ਇਸਤਰੀ ਸਤਗੁਰੂ ਤੋਂ ਬਿਨਾਂ ਕਿਸੇ ਹੋਰ ਲਈ ਆਪਾ ਸ਼ਿੰਗਾਰਦੀ ਹੈ, ਉਹ ਦੁਰਾਚਾਰਨੀ ਅਤੇ ਦੁਸ਼ਚਰਿਤ੍ਰ ਹੈ। ਉਹ ਹਮੇਸ਼ਾਂ ਮੁਸੀਬਤ ਵਿਚ ਪਈ ਰਹਿੰਦੀ ਹੈ। ਜੋ ਜੀਵ ਰੱਬ ਨਾਲ ਲਿਵ ਜੋੜਨ ਲਈ ਆਪਣੇ ਅੰਦਰ ਭਗਤੀ ਭਾਵਨਾ ਜਿਹੇ ਗੁਣ ਧਾਰਦੇ ਹਨ, ਉਹ ਹੀ ਸੱਚੇ ਗੁਰਮੁਖ ਹਨ ਅਤੇ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦੇ ਹਨ। ਔਗੁਣਹਾਰੇ ਮਨਮੁਖ ਹੁੰਦੇ ਹਨ ਜੋ ਮਨਮਤ ਤੇ ਚਲਦੇ ਹਨ:

"ਬਿਨੁ ਪਿਰ ਕਾਮਣਿ ਕਰੇ ਸੀਗਾਰੁ ॥
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥"[45]

ਦੁਹਾਗਣ ਪਤੀ ਦੇ ਮਹਿਲ ਵਿਚ ਨਹੀਂ ਬੁਲਾਈ ਜਾਂਦੀ। ਇਸ ਲਈ ਉਹ ਮਿਲਾਪ ਦਾ ਆਨੰਦ ਨਹੀਂ ਮਾਣ ਸਕਦੀ। ਉਹ ਸਦਾ ਫਿਕਾ ਬੋਲਦੀ ਹੈ। ਨਿਮਰਤਾ ਉਸਦੇ ਨੇੜਿਓਂ ਨਹੀਂ ਲੰਘਦੀ। ਉਹ ਬਾਹਰਲੇ ਸੁਆਦਾਂ ਵਿਚ ਪਈ ਰਹਿੰਦੀ ਹੈ। ਦੂਜੇ ਸ਼ਬਦਾਂ ਵਿਚ ਮਨਮੁਖ ਕਦੇ ਹਰੀ ਪ੍ਰੇਮੀ ਨਹੀਂ ਹੋ ਸਕਦਾ, ਉਹ ਸਦਾ ਕਸ਼ਟ ਭੋਗਦਾ ਹੈ:

"ਦੋਹਾਗਣੀ ਮਹਲ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥"[46]

ਪਤੀ ਦੀ ਪ੍ਰੀਤ ਤੋਂ ਵਿਰਵੀ ਵਿਰਹਣ ਦੀ ਮਨੋਦਸ਼ਾ ਸੁਆਂਤ ਬੂੰਦ ਲਈ ਤਰਸਦੇ ਪਪੀਹੇ ਜਾਂ ਬਿਨਾਂ ਜਲ ਤੜਪ ਰਹੀ ਮਛਲੀ ਵਰਗੀ ਹੁੰਦੀ ਹੈ ਜਿਸਨੂੰ ਇਕ ਪਲ ਵੀ ਸ਼ਾਂਤੀ ਨਹੀਂ:

"ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ॥
ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥"[47]

ਵਿਰਹਣ ਇਸ ਵਿਛੋੜੇ ਦੇ ਦਰਦ ਨੂੰ ਅੰਦਰ ਲੁਕਾਈ ਰਖਣ ਤੋਂ ਅਸਮਰਥ ਹੈ। ਤਨਹਾਈ ਭਿਆਨਕ ਜਾਪਦੀ ਹੈ। ਪਤੀ ਬਿਨਾਂ ਇਕੱਲੀ ਬੈਠੀ ਬਿਜਲੀ ਦੀ ਚਮਕ ਤੋਂ ਵੀ ਡਰ ਜਾਂਦੀ ਹੈ:

"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥"[48]

ਪਤੀ ਵਲੋਂ ਅਵੇਸਲੀ ਹੋ ਕੇ ਸੌਂ ਜਾਣ ਵਾਲੀ ਕੁਚਜੀ ਹਨੇਰੇ ਦੀ ਅਥਾਹ ਵਿਚ ਗੁੰਮ ਹੋਈ ਜਾਪਦੀ ਹੈ ਜਿਸ ਵਿਚ ਕੇਵਲ ਔਗੁਣ ਹੀ ਵਾਸ ਕਰਦੇ ਹਨ:-

"ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥"[49]

ਉਹ ਮੇਲ ਲਈ ਭਾਵੇਂ ਤਰਲੇ ਲਵੇ, ਮੇਲ ਨਹੀਂ ਹੁੰਦਾ। ਉਸਦਾ ਹਿਰਦਾ ਸ਼ੁੱਧ ਨਾ ਹੋਣ ਕਾਰਨ ਪਤੀ ਦਾ ਦਿਲ ਪਸੀਜਦਾ ਨਹੀਂ:

"ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥
ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥"[50]

ਉਹ ਪਤੀ ਦੀ ਹਜ਼ੂਰੀ ਵਿਚ ਨਹੀਂ ਜਾ ਸਕਦੀ ਅਤੇ ਹਰ ਸਮੇਂ ਦੁਖੀ ਹੋ ਕੇ ਵਿਰਲਾਪ ਕਰਦੀ ਹੈ। ਉਹ ਦੁਨਿਆਵੀ ਮਾਇਆ ਦੇ ਮੋਹ ਵਿਚ ਪੈ ਕੇ ਕਰੂਪ ਹੋ ਜਾਂਦੀ ਹੈ ਅਤੇ ਸਤਿਗੁਰੂ ਤੋਂ ਵਿਛੁੜੀ ਹੋਈ ਕੁੱਚਜੀ ਇਸਤਰੀ ਰੂਪ ਹੈ ਜੋ ਦਾਤੇ ਦੀਆਂ ਬਖਸ਼ੀਆਂ ਦਾਤਾਂ ਵਿਚ ਰੁਝ ਜਾਂਦੀ ਹੈ ਪਰ ਦਾਤੇ ਨੂੰ ਵਿਸਾਰ ਦੇਂਦੀ ਹੈ:

" ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥" [51]

ਕੁਚ ਇਸਤਰੀ ਮੈਲੇ ਸੁਭਾ ਅਤੇ ਭੈੜੇ ਲਛਣਾਂ ਵਾਲੀ ਹੈ ਜਿਹੜੀ ਆਪਣੇ ਸਾਂਈਂ ਦੇ ਸੁਭਾ ਨੂੰ ਨਹੀਂ ਜਾਣਦੀ। ਕੁਚ ਕਰੂਪ ਹੈ। ਉਸਦੇ ਅੰਦਰ ਮੈਲ ਹੀ ਮੈਲ ਹੈ:

" ਕੁਚਿਲ ਕਰੂਪਿ ਕੁਨਾਰਿ ਕੁਲਖਣੀ ਪਿਰ ਕਾ ਸਹਜੁ ਨ ਜਾਣਿਆ ॥
ਹਰਿ ਰਸ ਪੀਅ ਰਸਨ ਨਹੀਂ ਤ੍ਰਿਪਤੀ ਦੁਰਮਤਿ ਦੂਖ ਸਮਾਣਿਆ ॥" [52]

ਕੁਕਰਮਾਂ ਕਰਣ ਵਾਲੀ ਅਤੇ ਮਨਮਤਿ ਦੇ ਚਲਨ ਵਾਲੀ ਉਹ ਸਦਾ ਕੂੜ ਬੋਲਦੀ ਹੈ। ਆਪਣੇ ਅੰਦਰ ਵਸਦੇ ਕੰਤ ਨੂੰ ਛੱਡ ਕੇ ਭੈੜੀਆਂ ਗਲਤੀਆਂ ਦੇ ਪਿਛੇ ਲਗਦੀ ਹੈ:

" ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥" [53]

ਅਤੇ

" ਪਿਰ ਕਾ ਹੁਕਮੁ ਨ ਜਾਣਨੀ ਭਾਈ ਸਾ ਕੁਲਖਣੀ ਕੁਨਾਰਿ ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥" [54]

ਆਪਣੇ ਸ਼ਰੀਰ ਦਾ ਮਾਣ ਕਰਨ ਵਾਲੀ ਔਗੁਣਵੰਤੀ ਮਨ ਦੀ ਖੋਟੀ ਹੈ। ਉਹ ਜੇ ਆਪਣੇ ਅੰਦਰ ਸਦਗੁਣ ਪੈਦਾ ਕਰੇ ਤਾਂ ਹੀ ਕੰਤ ਵੱਲ ਧਿਆਨ ਲਾ ਸਕਦੀ ਹੈ :

" ਸਬਲ ਕੁਚਜੀ ਮਨਮੁਖੀ ਕਾਲੀ ਸਭੁ ਅਉਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥" [55]

ਮਨਮੁਖ ਜੀਵਾਂ ਦੀ ਜੀਵਨ ਰੂਪੀ ਰਾਤ ਬੜੀ ਕਠਿਨ ਲੰਘਦੀ ਹੈ ਕਿਉਂਕਿ ਉਹ ਹਉਮੈਂ ਅਤੇ ਹੰਕਾਰ ਵਿਚ ਡੁੱਬੇ ਤ੍ਰਿਸ਼ਨਾਂ ਦੇ ਮਾਰੇ ਮਾਇਆ ਵਿਚ ਪਿਆਰ ਪਾ ਦੁਖ ਭੋਗਦੇ ਹਨ:

" ਮਨਮੁਖਿ ਨੀਂਦੁ ਨ ਪਹੁਚਾਵਈ ਤਿਨ ਕਿਉ ਰੈਣਿ ਵਿਹਾਇ ॥
ਤਰਸਿ ਮਰੀਆ ਤ੍ਰਿਸ਼ਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥" [56]

ਗੁਰੂ ਅਮਰਦਾਸ ਜੀ ਦੇ ਖਿਆਲ ਵਿਚ ਮਨਮੁਖ ਮੈਲੀ ਅਤੇ ਕੁਲਹਣੀ ਜੀਵ-ਆਤਮਾ ਹਮੇਸ਼ਾਂ ਤ੍ਰਿਸ਼ਨਾ ਅੱਗ ਵਿਚ ਸੜਦੀ ਰਹਿੰਦੀ ਹੈ:

" ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨਾ ਚੁਕਈ ਜਲਦੀ ਕਰੇ ਪੂਕਾਰ ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥"[57]

ਮਨਮੁਖ ਜੀਵ-ਆਤਮਾ ਸੂਹਾ ਵੇਸ ਕਰਦੀ ਹੋਈ ਮਾਇਆ ਦੇ ਰੰਗ ਵਿਚ ਰਤੀ ਰਹਿੰਦੀ ਹੈ। ਪਰ ਸਤਿਗੁਰੂ ਨੂੰ ਮਿਲ ਕੇ ਅੰਦਰੋਂ ਹਉਮੈ ਤਿਆਗਣ ਨਾਲ ਹੀ ਹਰੀ ਮਿਲਦਾ ਹੈ:

" ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥
ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥
ਸਤਿਗੁਰਿ ਮਿਲਿਐ ਸੂਹਾ ਵੇਸ ਗਇਆ ਹਉਮੈ ਵਿਚਹੁ ਮਾਰਿ ॥"[58]

ਜਦੋਂ ਉਸਦੇ ਅੰਦਰੋਂ ਹਉਮੈ ਮਰ ਜਾਂਦੀ ਹੈ ਤਾਂ ਉਹ ਆਪਣੇ ਸਚੇ ਪਾਤਸ਼ਾਹ ਨੂੰ ਚੰਗੀ ਲਗਦੀ ਹੈ। ਪ੍ਰਭੂ ਵਲੋਂ ਉਸਨੂੰ ਅਪਣਾ ਲਿਆ ਜਾਂਦਾ ਹੈ:

" ਹਉਮੈ ਖੋਇ ਕਰੇ ਸੀਗਾਰੁ ॥
ਤਉ ਕਾਮਣਿ ਸੇਜੈ ਰਵੈ ਭਤਾਰੁ ॥
ਤਉ ਨਾਨਕ ਕੰਤੈ ਮਨਿ ਭਾਵੈ ॥
ਛੋਡਿ ਵਡਾਈ ਅਪਣੇ ਖਸਮ ਸਮਾਵੈ ॥"[59]

ਪਤੀ ਤੋਂ ਵਿਛੜੀ ਬਿਰਹਾ ਅੱਗ ਵਿਚ ਸੜਦੀ ਹੋਈ ਮੇਲ ਲਈ ਤੜਪਦੀ ਹੈ ਤਾਂ ਜੋ ਦ੍ਰਾਵਿਦ ਉਸਦੇ ਮਨ ਮਿਹਰ ਪੈ ਜਾਵੇ ਅਤੇ ਉਹ ਚਰਨੀ ਲਾ ਲਵੇ :

" ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥
ਨ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥
ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ॥"[60]

ਦੁਹਾਗਣ ਆਤਮਾ ਨੂੰ ਸੁਹਾਗਣ ਬਣਨ ਲਈ ਸਾਈਂ ਦੀ ਖੋਜ ਕਰਨ ਅਤੇ ਪਹਿਚਾਨਣ ਦੀ ਲੋੜ ਹੈ। ਜਦੋਂ ਕਿ ਜੀਵ ਇਸਤ੍ਰੀ ਇਸ ਸੰਸਾਰ ਵਿਚ ਹੈ ਭਾਵ ਪੇਕੇ ਬੈਠੀ ਹੈ - ਉਦੋਂ ਤਾਂ ਪਤੀ ਨੂੰ ਪਹਿਚਾਨਣ ਦੀ ਕੋਸ਼ਿਸ਼ ਨਹੀਂ ਕਰਦੀ। ਸਹੁਰੇ ਘਰ ਦੇ ਉਸ ਅਨੁਕੂਲ ਗੁਣ ਧਾਰਨ

ਕਰਨੇ ਦੀ ਇਕੋ ਇਕ ਸਾਧਨ ਹੈ:

" ਪੇਈਅੜੈ ਪਿਰੁ ਜਾਤੋ ਨਾਹੀ ਝੂਠਿ ਵਿਛੁੰਨੀ ਰੋਵੈ ਧਾਹੀ ॥
ਅਵਗਣਿ ਮੁਠੀ ਮਹਲੁ ਨ ਪਾਏ, ਅਵਗਣ ਗੁਣਿ ਬਖਸਾਵਣਿਆ ॥"[61]

ਫੁਟਕਲ ਪ੍ਰਤੀਕ

ਗੁਰੂ ਸਾਹਿਬ ਨੇ ਜੀਵਨ ਦਾ ਆਦਰਸ਼ ਵਾਹਿਗੁਰੂ ਪਤੀ ਨਾਲ ਜੀਵ ਇਸਤਰੀ ਦਾ ਸੰਜੋਗ ਮੰਨਿਆ ਹੈ। ਇਸ ਮੇਲ ਦੀ ਪ੍ਰਾਪਤੀ ਲਈ ਜੀਵਨ ਵਿਚ ਕੀਤੀ ਤਿਆਰੀ ਨੂੰ ਲਾਵਾਂ ਰਾਹੀਂ ਵਰਣਨ ਕੀਤਾ ਹੈ। ਪ੍ਰਵ੍ਰਿਤੀ ਤੋਂ ਸ਼ੁਰੂ ਕਰਕੇ ਪ੍ਰਭੂ ਅਬਿਨਾਸੀ ਦੀ ਪ੍ਰਾਪਤੀ ਤੇ ਖਤਮ ਕਰਦੇ ਹਨ। ਇਹ ਸ਼ਬਦ ਸਿੱਖਾਂ ਵਿਚ ਆਨੰਦ ਕਾਰਜ ਵਿਚ ਫੇਰੇ ਲੈਣ ਸਮੇਂ ਪੜ੍ਹਿਆ ਜਾਂਦਾ ਹੈ। ਇਸ ਦੇ ਦੂਹਰੇ ਅਰਥ ਹਨ। ਇਕ ਪਾਸੇ ਇਸਤਰੀ - ਪੁਰਖ ਦੀ ਵਿਆਹੁਤਾ ਜ਼ਿੰਦਗੀ ਦਾ ਆਦਰਸ਼ ਹੈ, ਦੂਜੇ ਪਾਸੇ ਜੀਵ ਆਤਮਾ ਨਾਲ ਆਤਮਿਕ ਸੰਜੋਗ ਹੈ। ਸੁਆਣੀ - ਕੰਤ ਦਾ ਵਿਆਹੁਤਾ ਜੀਵਨ ਆਤਮਾ-ਪਰਮਾਤਮਾ ਦੇ ਮਿਲਾਪ ਦੇ ਸਾਂਚੇ ਵਿਚ ਢਲਦਾ ਹੈ। ਜਿਵੇਂ ਪਰਮਾਰਥ ਵਿਚ ਪਹਿਲਾਂ ਨਿਵ੍ਰਿਤੀ ਛੱਡ ਕੇ ਪ੍ਰਵ੍ਰਿਤੀ ਸਿਖਾਈ ਜਾਂਦੀ ਹੈ, ਤਿਵੇਂ ਹੀ ਦੰਪਤੀ ਦਾ ਵਿਆਹ ਗ੍ਰਿਹਸਥ ਵਿਚ ਪ੍ਰਵੇਸ਼ ਹੋਣ ਦੀ ਪਹਿਲੀ ਪੌੜੀ ਹੈ। ਪਰਮਾਰਥ ਵਿਚ ਪਹਿਲਾਂ ਡਰ, ਫਿਰ ਪ੍ਰੇਮ, ਬੈਰਾਗ ਅਤੇ ਅੰਤ ਸਹਿਜ ਅਵਸਥਾ ਦੀ ਪ੍ਰਾਪਤੀ ਦਸਦੇ ਹਨ। ਇਵੇਂ ਹੀ ਇਸਤਰੀ-ਭਰਤੇ ਦੀ ਜ਼ਿੰਦਗੀ ਲਈ ਡਰ, ਪ੍ਰੇਮ, ਬੈਰਾਗ ਅਤੇ ਸਹਿਜ ਅਵਸਥਾ ਦਾ ਆਦਰਸ਼ ਦਸਿਆ ਹੈ।"[62]

" ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥"[63]

ਅਤੇ

" ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥
ਨਿਰਭਉ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥"[64]

ਤੀਜੀ ਅਵਸਥਾ ਹੈ ਜਦੋਂ ਮਨ ਵਿਚ ਸਤਿਗੁਰੂ ਨੂੰ ਮਿਲਣ ਦੀ ਤਾਂਘ ਤੀਬਰ ਹੁੰਦੀ ਹੈ ਅਤੇ ਮਨ ਬੈਰਾਗ ਕਰਦਾ ਹੈ:

" ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ ॥"[65]

ਅੰਤਿਮ ਚੌਥੀ ਲਾਵ ਭਾਵ ਚੌਥੀ ਅਵਸਥਾ ਵਿਚ ਧਨ-ਪਿਰ ਦਾ ਮੇਲ ਹੋ ਜਾਂਦਾ ਹੈ ਆਤਮਾ-ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ:

"ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥"[66]

ਇਸ ਤਰ੍ਹਾਂ ਗੁਰੂ ਸਾਹਿਬ ਨੇ ਵਿਆਹ ਦੇ ਪ੍ਰਤੀਕ ਦੁਆਰਾ ਆਤਮਾ-ਪਰਮਾਤਮਾ ਦੀ ਅਭੇਦਤਾ ਦੇ ਮਾਰਗ ਦਾ ਵਰਣਨ ਕੀਤਾ ਹੈ। ਨਾਮ ਜਪਣਾ, ਪਹਿਲੀ ਲਾਵ ਅਤੇ ਵਿਆਹ ਦਾ ਮੁੱਢ ਹੈ। ਗੁਰੂ ਦੀ ਸ਼ਰਣ ਪੈਣਾ ਅਤੇ ਹਉਮੈ ਦਾ ਤਿਆਗ ਦੂਜੀ ਲਾਂਵ ਹੈ। ਤੀਜੀ ਲਾਵ ਦਾ ਭਾਵ ਹੈ ਪ੍ਰਭੂ ਮੇਲ ਲਈ ਤਾਂਘ ਰਖਣੀ ਅਤੇ ਚੌਥੀ ਲਾਵ ਸੰਜੋਗ ਅਤੇ ਉਸਦੇ ਆਨੰਦ ਦਾ ਪ੍ਰਗਟਾਵਾ ਕਰਨਾ ਹੈ।

ਗੁਰੂ ਜੀ ਨੇ ਆਦਿ ਗ੍ਰੰਥ ਵਿਚ ਥਾਂ-ਪਰ-ਥਾਂ ਇਸਤ੍ਰੀ ਗੁਣਾਂ ਨੂੰ ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਹੈ। ਭਿੰਨ ਭਿੰਨ ਸੰਬੰਧਾਂ ਅਤੇ ਰਿਸ਼ਤਿਆਂ ਨੂੰ ਗੁਣਾਂ ਦੇ ਪ੍ਰਤੀਕ ਮੰਨਿਆ ਹੈ। ਜਿਸ ਨੇ ਮਤਿ ਨੂੰ ਮਾਤਾ ਅਤੇ ਸੰਤੋਖ ਨੂੰ ਪਿਤਾ ਮੰਨ ਲਿਆ ਹੈ, ਆਪਣੇ ਅੰਦਰ ਗ੍ਰਹਿਣ ਕਰ ਲਿਆ ਹੈ, ਉਹ ਸ਼ਾਂਤੀ ਦੇ ਸਮੁੰਦਰ ਵਿਚ ਲੀਨ ਹੈ ਅਤੇ ਭਵਸਾਗਰ ਤੋਂ ਤਰ ਜਾਂਦਾ ਹੈ।

"ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥
ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥"[67]

ਬੁੱਧੀ ਨੂੰ ਮਾਤਰ ਪਦ ਅਤੇ ਸੰਤੋਸ਼ ਨੂੰ ਪਿਤਰ ਪਦ ਦਿੱਤਾ ਹੈ ਜੋ ਭੌਤਿਕ ਸੰਬੰਧਾਂ ਦਾ ਪ੍ਰਤੀਕ ਹੈ:

"ਮਾਤਾ ਮਤਿ ਪਿਤਾ ਸੰਤੋਖੁ ਸਤੁ ਭਾਈ ਕਰਿ ਏਹੁ ਵਿਸੇਖੁ ॥"[68]

ਗੁਰੂ ਨਾਨਕ ਜੀ ਵੀ ਇਹ ਹੀ ਉਪਦੇਸ਼ ਦੇਂਦੇ ਹਨ ਕਿ ਚੰਗੇ ਗੁਣ ਗ੍ਰਹਿਣ ਕਰੋ, ਸੱਚ ਦਾ ਪੱਲਾ ਫੜੋ ਅਤੇ ਨਿਮਰਤਾ ਧਾਰਨ ਕਰੋ। ਨਿਰੰਕਾਰ ਦੀ ਚੇਲੀ ਜਾਂ ਦਾਸੀ ਬਣ ਕੇ ਸੇਵਾ ਕਰਨ ਨਾਲ ਹੀ ਉਸਦੇ ਚਰਨਾਂ ਵਿਚ ਸਥਾਨ ਮਿਲਦਾ ਹੈ।

"ਅਪੁਨੇ ਠਾਕੁਰ ਕੀ ਹਉ ਚੇਰੀ ॥
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥"[69]

ਅਤੇ

" ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥"[70]

ਆਦਿ ਗ੍ਰੰਥ ਵਿਚ ਜੀਵ-ਆਤਮਾ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਮੰਨਿਆ ਗਿਆ ਹੈ। ਪਰ ਸ਼ੇਖ ਫਰੀਦ ਜੀ ਜੀਵ-ਆਤਮਾ ਨੂੰ ਵਹੁਟੀ ਮੰਨਦੇ ਹਨ ਤਾਂ ਪਤੀ ਉਹ ਮੌਤ ਦੇ ਫਰਿਸ਼ਤੇ ਨੂੰ ਮੰਨਦੇ ਹਨ ਜਿਸਨੇ ਅੰਤ ਵਿਚ ਜਿੰਦ ਨੂੰ ਵਿਆਹ ਕੇ ਲੈ ਜਾਣਾ ਹੈ। ਪਿਛੋਂ ਇਹ ਨਿਰਜੀਵ ਸਰੀਰ ਕਿਸੇ ਦੇ ਨਾਲ ਲਗ ਕੇ ਰੋਵੇਗਾ:

" ਜਿਊ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥"[71]

ਗੁਰੂ ਸਾਹਿਬ ਨੇ ਭਿੰਨ ਭਿੰਨ ਜੋੜੀਆਂ ਦੇ ਪ੍ਰਤੀਕ ਬੜੇ ਕਲਾਮਈ ਢੰਗ ਨਾਲ ਵਰਤ ਕੇ ਆਤਮਾ-ਪਰਮਾਤਮਾ ਦੇ ਮਿਲਾਪ ਨੂੰ ਪ੍ਰਗਟਾਇਆ ਹੈ। ਇਨ੍ਹਾਂ ਵਿਚ ਕਾਇਆ ਹੰਸ, ਬੂੰਦ-ਸਾਗਰ, ਮਛਲੀ-ਨੀਰ, ਚਾਤ੍ਰਿਕ-ਬੂੰਦ, ਹਰਣੀ-ਬਣ, ਕੋਕਿਲ-ਅੰਬ, ਖ ਨਾਗਿਨ-ਘਰ, ਚਕਵੀ-ਸੂਰਜ, ਜਲ-ਦੁਧ, ਕਮਲ-ਜਲ, ਆਦਿ ਵਿਸ਼ੇਸ਼ ਵਰਣਨ ਯੋਗ ਹਨ।

" ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥
ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥
ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥"[72]

ਗੁਰੂ ਨਾਨਕ ਦੇਵ ਜੀ ਸਾਗਰ-ਬੂੰਦ ਦੀ ਉਪਮਾ ਦੁਆਰਾ ਪਰਮਾਤਮਾ ਅਤੇ ਆਤਮਾ ਦਾ ਸੰਬੰਧ ਸਪਸ਼ਟ ਕਰਦੇ ਹਨ ਕਿ ਜਿਵੇਂ ਸਾਗਰ ਅੰਦਰ ਬੂੰਦ ਹੈ ਅਤੇ ਬੂੰਦ ਵਿਚ ਸਾਗਰ ਦੇ ਸਾਰੇ ਗੁਣ ਮੌਜੂਦ ਹਨ, ਤਿਵੇਂ ਹੀ ਪਰਮਾਤਮਾ ਅੰਦਰ ਆਤਮਾ ਵਿਲੀਨ ਹੁੰਦੀ ਹੈ ਅਤੇ ਆਤਮਾ ਵਿਚ ਉਸ ਪਰਮਾਤਮਾ ਵਾਲੇ ਸਾਰੇ ਗੁਣ ਅੰਸ਼ ਰੂਪ ਵਿਚ ਜ਼ਰੂਰ ਹੁੰਦੇ ਹਨ:

" ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥"[73]

ਪਰਮਾਤਮਾ ਨਾਲ ਜੀਵ-ਆਤਮਾ ਨੂੰ ਉਸੇ ਤਰ੍ਹਾਂ ਪ੍ਰੀਤ ਕਰਨੀ ਚਾਹੀਦੀ ਹੈ ਜਿਵੇਂ

ਮਛਲੀ ਨੀਰ ਨੂੰ ਜਾਂ ਚਾਤ੍ਰਿਕ ਸਵਾਂਤੀ ਬੂੰਦ ਨੂੰ ਕਰਦਾ ਹੈ। ਭਾਵ ਉਸਦੇ ਬਿਨਾਂ ਜਿਊਣਾ ਅਸੰਭਵ ਪ੍ਰਤੀਤ ਹੋਵੇ :

" ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ ॥
ਮੋਹਿ ਚਾਤ੍ਰਿਕ ਤੁਮ੍ਹ ਬੂੰਦ ਤ੍ਰਿਪਤਉ ਮੁਖਿ ਪਵੈ ॥"[74]

ਗੁਰੂ ਨਾਨਕ ਦੇਵ ਜੀ ਵੀ ਮਛਲੀ-ਨੀਰ ਦੀ ਪ੍ਰੀਤ ਦਾ ਆਦਰਸ਼ ਦਸਦੇ ਹੋਏ ਮਨ ਨੂੰ ਜੀਵ ਨੂੰ ਹਰੀ ਨਾਲ ਉਹੋ ਜੇਹੀ ਪ੍ਰੀਤ ਕਰਨ ਦੀ ਪ੍ਰੇਰਨਾ ਦੇਂਦੇ ਹਨ:

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸ਼ਾਂਤਿ ਸਰੀਰ ॥
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥"[75]

ਗੁਰੂ ਜੀ ਆਪਣੇ ਮਨ ਦੀ ਅਵਸਥਾ ਦਾ ਚਿਤਰ ਖਿਚਦੇ ਹਨ:

" ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥"[76]

ਮਾਝ ਰਾਗ ਵਿਚ ਤਾਂ ਗੁਰੂ ਅਰਜਨ ਦੇਵ ਜੀ ਬਿਲਕੁਲ ਸਪਸ਼ਟ ਸ਼ਬਦਾਂ ਵਿਚ ਆਪਣੇ ਆਪ ਨੂੰ ਉਸ ਦਾਤੇ ਰੂਪੀ ਜਲ ਦੀ ਮਛਲੀ ਅਤੇ ਸੁਆਂਤ ਬੂੰਦ ਲਈ ਤਰਸਦਾ ਚਾਤ੍ਰਿਕ ਬਿਆਨਦੇ ਹਨ:

" ਤੂੰ ਜਲਨਿਧਿ ਹਮ ਮੀਨ ਤੁਮਾਰੇ ॥
ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥"[77]

ਬਿਲਕੁਲ ਅਜੇਹੇ ਵਿਚਾਰ ਹੀ ਗੁਰੂ ਰਾਮਦਾਸ ਜੀ ਦੇਂਦੇ ਹਨ:

" ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ॥
ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥
ਹਰਿ ਜਲਨਿਧਿ ਹਮ ਜਲ ਕੇ ਮੀਨੇ ॥
ਜਨ ਨਾਨਕ ਜਲ ਬਿਨੁ ਮਰੀਐ ਜੀਉ ॥"[78]

¹ ਚਾਤ੍ਰਿਕ ਜਿਸਨੂੰ ਬਾਬੀਹਾ, ਸਾਰੰਗ ਜਾਂ ਪਪੀਹਾ ਕਹਿੰਦੇ ਹਨ, ਬਾਰੇ ਇਹ ਰਵਾਇਤ ਹੈ ਕਿ ਇਹ ਬਦਲਾਂ ਵਲ ਮੂੰਹ ਕਰਕੇ ਇਕ ਖਾਸ ਬੂੰਦ ਲਈ (ਜਿਸਨੂੰ ਸਵਾਂਤੀ

ਬੂੰਦ ਕਹਿੰਦੇ ਹਨ) ਪਿਉ ਪਿਉ ਕਰਦਾ ਰਹਿੰਦਾ ਹੈ। ਇਸਨੂੰ ਸ਼ਾਂਤੀ ਤਦ ਆਉਂਦੀ ਹੈ ਜਦ ਉਹ ਬੂੰਦ ਉਸਦੇ ਮੂੰਹ ਵਿਚ ਪੈਂਦੀ ਹੈ।[79] ਅਜੇਹਾ ਪਿਆਰ ਹੀ ਭਗਤ ਨੂੰ ਹਰੀ ਨਾਲ ਹੋਣਾ ਚਾਹੀਦਾ ਹੈ। ਜਦੋਂ ਤਕ ਹਰੀ ਦਰਸ ਨਾ ਦਿਖਾਵੇ ਭਗਤ ਨੂੰ ਬੇਚੈਨੀ ਮਹਿਸੂਸ ਹੁੰਦੀ ਰਹੇ:

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥
ਸਰ ਭਰਿ ਹਰੀਆਵਲੇ ਇਕ ਬੂੰਦ ਨ ✗ ਪਵਈ ਕੇਹ ॥"[80]

ਅਤੇ

" ਚਾਤ੍ਰਿਕ ਜਲ ਬਿਨੁ ਪ੍ਰਿਉ ਪ੍ਰਿਉ ਟੇਰੇ ਬਿਲਪੁ ਕਰੈ ਬਿਲਲਾਈ ॥
ਘਨਹਰ ਘੋਰ ਦਸੋ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥
ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ ॥
ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸ ਤਾਈ ॥"[81]

ਹੋਰ ਉਪਮਾਵਾਂ ਰਾਹੀਂ ਗੁਰੂ ਜੀ ਭਗਤ ਜਨ ਨੂੰ ਹਰੀ ਨਾਲ ਸੱਚੀ ਪ੍ਰੀਤ ਕਰਨ ਦਾ ਉਪਦੇਸ਼ ਦੇਂਦੇ ਹਨ ਜਿਸ ਤਰ੍ਹਾਂ ਦੁਧ-ਜਲ ਦੀ ਪ੍ਰੀਤ ਹੈ। ਜਲ ਆਪ ਸੁੱਕ ਜਾਂਦਾ ਹੈ ਪਰ ਦੁੱਧ ਨੂੰ ਸੁਕਣ ਨਹੀਂ ਦੇਂਦਾ। ਇਸੇ ਤਰ੍ਹਾਂ ਭਗਤ ਨੂੰ ਆਪਣੇ ਇਸ਼ਟ ਪ੍ਰਤਿ ਨਿਸ਼ਕਾਮ ਪ੍ਰੇਮ ਰਖਣਾ ਚਾਹੀਦਾ ਹੈ।

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥[82]
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥"

ਅਤੇ ਉਸ ਮਾਲਕ ਨਾਲ ਵਿਛੋੜਾ ਪੈ ਗਿਆ ਹੈ ਤਾਂ ਚਕਵੀ ਤਰ੍ਹਾਂ ਉਸਦੀ ਯਾਦ ਵਿਚ ਬਿਹਬਲ ਰਹੇ, ਮਿਲਨ ਦਾ" ਉਪਾ ਕਰੇ:

" ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥[83]
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥"

ਗੁਰੂ ਅਰਜਨਦੇਵ ਜੀ ਇਕੋ ਪਉੜੀ ਵਿਚ ਸਾਰੇ ਵਿਚਾਰ ਪੇਸ਼ ਕਰਦੇ ਹਨ:

" ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥" 84

ਆਸਾ ਰਾਗੁ ਵਿਚ ਵੀ ਅਟੁੱਟ ਪ੍ਰੀਤ ਕਰਨ ਦੀ ਪ੍ਰੇਰਨਾ ਹੈ:

" ਜੈਸੀ ਮਛੁਲੀ ਨੀਰ ਇਕ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ॥
ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ ॥"[85]

ਅਤੇ

" ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ ॥
ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ ॥"[86]

ਜਿਹੜੀ ਜੀਵ ਇਸਤ੍ਰੀ ਆਪਣੀ ਅਸਲੀ ਜੋਤ ਵਿਚ ਲੀਨ ਰਹਿੰਦੀ ਹੈ, ਉਹ ਸਦਾ ਸੁਹਾਗਣ ਹੈ:

" ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥"[87]

ਇਸ ਤਰ੍ਹਾਂ ਆਦਿ ਗ੍ਰੰਥ ਵਿਚ ਥਾਂ ਥਾਂ ਤੇ ਨਿਸ਼ਕਾਮ ਪ੍ਰੇਮ ਦਾ ਪਾਠ ਪੜ੍ਹਾਇਆ ਗਿਆ ਹੈ। ਮਨੁੱਖ ~~ਗਿਣਤੀ~~ ਗਿਣਤੀ ਮਿਣਤੀ ਅਤੇ ਹਉਮੈ ਤਿਆਗ ਕੇ ਪਿਆਰ ਕਰੇ ਤਾਂ ਇਸ ਵਿਚ ਕੋਈ ਦੁਖ ਮਹਿਸੂਸ ਨਹੀ ਹੁੰਦਾ, (ਕੰਵਲ ਵਾਂਗ), ਦਿਲ ਵਿਚ ਇਕ ਉਮਾਹ ਰਹਿੰਦਾ ਹੈ, (ਮੱਛੀ ਵਾਂਗ), ਇਕ ਤਾਂਘ ਰਹਿੰਦੀ ਹੈ, (ਚਾਤ੍ਰਿਕ ਵਾਂਗ), ਆਪਾ ਵਾਰਨ ਵਿਚ ਖ਼ੁਸ਼ੀ ਹੁੰਦੀ ਹੈ (ਦੁਧ ਵਿਚ ਮਿਲੇ ਪਾਣੀ ਵਾਂਗ), ਸਦਾ ਹਜ਼ੂਰੀ ਵਿਚ ਰਹਿਣ ਦਾ ਸੁਭਾ ਪੈਦਾ ਹੈ (ਚਕਵੀ ਵਾਂਗ)। ਜੇ ਜੀਵ- ਦਾ ਮਾਲਕ ਲਈ ਪਿਆਰ ਚਕਵੀ ਦਾ ਸੂਰਜ ਲਈ, ਚਾਤ੍ਰਿਕ ਦਾ ਸਵਾਂਤੀ ਬੂੰਦ ਲਈ, ਮੱਛੀ ਦਾ ਜਲ ਲਈ ਅਤੇ ਪਤਨੀ ਦਾ ਪਤੀ ਲਈ - ਦੀ ਤਰ੍ਹਾਂ ਹੋਵੇ ਤਾਂ ਗੁਰੂ ਦੀ ਮੇਹਰ ਹੋ ਜਾਂਦੀ ਹੈ ਅਤੇ ਹਰੀ ਨਾਲ ਵਸਦਾ ਮਹਿਸੂਸ ਹੁੰਦਾ ਹੈ।
ਗੁਰੂ ਸਾਹਿਬ ਪੇਕੇ - ਸਹੁਰੇ ਦਾ ਪ੍ਰਤੀਕ ਵਰਤ ਕੇ ਗਾਫ਼ਲ ਜੀਵ ਨੂੰ ਚੇਤੰਨ ਕਰਦੇ ਹਨ। ਇਹ ਸੰਸਾਰ ਪੇਕਾ ਘਰ ਹੈ ਜਿਥੇ ਅਸੀਂ ਕੁਝ ਸਮਾਂ ਰਹਿਣਾ ਹੈ। ਪਰਲੋਕ ਸਹੁਰਾ ਘਰ ਹੈ ਜਿਥੇ ਜਾ ਕੇ ਅਸੀਂ ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਭੋਗਣਾ ਹੈ :

" ਕੀ ਨ ਸੁਣੇਹੀ ਗੋਰੀਏ ਆਪਣੁ ਕੰਨੀ ਸੋਇ ॥
ਲਗੀ ਆਵਹਿ ਸਾਹੁਰੇ ਨਿਤ ਨ ਪੇਈਆ ਹੋਇ ॥"[88]

ਸਾਡੇ ਵੇਖਦਿਆਂ ਵੇਖਦਿਆਂ ਲੋਕ ਟੁਰੇ ਜਾ ਰਹੇ ਹਨ ਪਰ ਜੀਵ-ਆਤਮਾ ਨੂੰ ਹਾਲੇਂ ਸੂਰਤ ਨਹੀਂ ਆਈ। ਜੀਵ ਨੂੰ ਚਾਹੀਦਾ ਹੈ ਕਿ ਉਹ ਇਸ ਲੋਕ ਵਿਚ ਵੀ ਪ੍ਰਭੂ ਨੂੰ ਯਾਦ ਰਖੇ। ਗੁਰੂ ਦੀ ਸ਼ਰਨ ਪੈ ਕੇ ਸੱਚੇ ਪਾਤਸ਼ਾਹ ਨੂੰ ਮਿਲਣ ਦਾ ਢੰਗ ਸਿਖੇ ਤਾਂ ਜੋ ਸਭ ਦੁਖਾਂ ਤੋਂ ਮੁਕਤੀ ਪ੍ਰਾਪਤ ਕਰ ਸਕੇ :

" ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥
ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧ ਕਦੇ ਨ ਲਗੈ ਦੁਖੁ ॥" [89]

ਹਰੀ ਦੇ ਸਿਮਰਨ ਲਈ ਸਤਸੰਗੀਆਂ ਨਾਲ ਮਿਲ ਕੇ ਉਸਦੇ ਗੁਣ ਗਾਉਣ ਦੀ ਲੋੜ ਹੈ:

" ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲ ਗਾਵਹੁ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥" [90]

ਜੇਕਰ ਜੀਵ ਇਸ ਤਰ੍ਹਾਂ ਨਹੀਂ ਕਰਦਾ ਤਾਂ ਉਹ ਆਵਾਗਉਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ:-

" ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਧੁ ॥
ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਬੰਧੁ ॥" [91]

ਬਾਲਕ-ਮਾਤਾ ਦੀ ਪ੍ਰੀਤ ਦਾ ਆਦਰਸ਼ ਸਨਮੁਖ ਰੱਖ ਕੇ ਵੀ ਹਰੀ ਨਾਲ ਨਿਰਛਲ ਪ੍ਰੇਮ ਕਰਨ ਦਾ ਉਪਦੇਸ਼ ਦਿੱਤਾ ਹੈ ਜਿਥੇ ਸੁਆਰਥ ਦਾ ਨਾਸ਼ ਹੋ ਜਾਂਦਾ ਹੈ :

" ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥
ਐਸਾ ਹਰਿ ਸੇਤੀ ਮਨੁ ਰਾਤਾ ॥" [92]

ਅਤੇ

" ਪੂਤ ਪੇਖਿ ਜਿਉ ਜੀਵਤ ਮਾਤਾ ॥
ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥" [93]

ਸਹੁਰੇ ਘਰ ਦੇ ਸੰਬੰਧੀਆਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤੀਕ ਰੂਪ ਵਿਚ ਵਿਚ ਵਰਤਿਆ ਹੈ। ਸੱਸ ਅਵਿਦਿਆ ਦਾ ਪ੍ਰਤੀਕ ਹੈ ਅਤੇ ਸਹੁਰਾ ਇਸ ਸ਼ਰੀਰ ਦਾ ਪਿਆਰ ਹੈ। ਜੇਠ ਮੌਤ ਦੇ ਡਰ ਦਾ ਸੰਕੇਤ ਹੈ। ਜੀਵ-ਆਤਮਾ ਨੂੰ ਇਹ ਤਿੰਨੇ ਪੈਰ ਪੈਰ ਤੇ

ਮੁਕਤੀ ਅਤੇ ਭਗਤੀ ਵਲੋਂ ਰੋਕਦੇ ਰਹਨ। ਸੱਚਾ ਮਿੱਤਰ ਤਾਂ ਉਹ ਵਾਹਿਗੁਰੂ ਪਿਆਰਾ ਹੀ ਹੈ:

"ਸਸੁ ਵਿਰਾਇਣਿ ਨਾਨਕ ਜੀਉ ਸਸੁਰਾਵਾਦੀ ਜੇਠੋ ਪਉ ਪਉ ਲੂਹੈ ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣ ਤੂ ਹੈ ॥"[94]

ਜੇ ਕਰ ਜੀਵ ਇਸਤਰੀ ਉੱਦਮ ਅਤੇ ਸੁਰਤ ਦੋਹਾਂ ਨੂੰ ਕ੍ਰਮਵਾਰ ਸੱਸ-ਸਹੁਰਾ ਬਣਾ ਲਵੇ; ਦੋਹਾਂ ਦੇ ਅਧੀਨ ਹੋ ਕੇ ਵਿਵਹਾਰ ਕਰੇ ਅਤੇ ਸੁੱਚਜੀ ਕਰਨੀ ਨੂੰ ਆਪਣਾ ਸਾਥੀ ਮੰਨ ਲਵੇ ਤਾਂ ਉਸਦਾ ਜੀਵਨ ਸਫਲ ਹੈ:

"ਸਰਮ ਸੁਰਤਿ ਦੁਇ ਸਸੁਰ ਭਏ ॥
ਕਰਣੀ ਕਾਮਣਿ ਕਰਿ ਮਨ ਲਏ ॥
ਸਾਹਾ ਸੰਜੋਗੁ ਵੀਆਹੁ ਵਿਜੋਗੁ ॥
ਸਚੁ ਸੰਗਤਿ ਕਹੁ ਨਾਨਕ ਜੋਗੁ ॥"[95]

ਅਸੀਂ ਵੇਖਿਆ ਹੈ ਕਿ ਆਦਿ ਗ੍ਰੰਥ ਦੀ ਬਾਣੀ ਵਿਚ ਇਸਤਰੀ ਨੂੰ ਗੁਣ ਅਤੇ ਇਸਤਰੀ ਰਿਸ਼ਤੇ ਪ੍ਰਤੀਕ ਰੂਪ ਵਿਚ ਵਰਤ ਕੇ ਜੀਵ ਨੂੰ ਅਧਿਆਤਮਕ ਮਾਰਗ ਉਤੇ ਚਲਣ ਅਤੇ ਸਦਗੁਣ ਧਾਰਨ ਕਰਨ ਲਈ ਪ੍ਰੇਰਨਾ ਦਿੱਤੀ ਗਈ ਹੈ। ਗੁਰੂ ਸਾਹਿਬ ਇਸਤਰੀ ਅੰਦਰ ਵਿਦਮਾਨ ਸਦਗੁਣਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਵਿਚ ਸਹਾਈ ਮੰਨਦੇ ਸਨ। ਇਸਤਰੀ ਦੀ ਤਿਆਗ ਭਾਵਨਾ ਸੰਸਾਰ ਪ੍ਰਸਿੱਧ ਹੈ। ਇਸ ਵਿਚ ਸ਼ੱਕ ਨਹੀਂ ਕਿ ਉਸ ਕਾਲ ਵਿਚ ਵੀ ਹਰ ਕਾਲ ਦੀ ਤਰ੍ਹਾਂ ਨਿੰਦਿਤ ਇਸਤਰੀਆਂ ਸਨ ਜੋ ਕੁਕਰਮੀ ਕਰਕੇ ਕਲੰਕਿਤ ਜੀਵਨ ਬਤੀਤ ਕਰਦੀਆਂ ਸਨ, ਪਰ ਜ਼ਿਆਦਾ ਸੰਖਿਆ ਸਫ਼ਲ ਗ੍ਰਿਹਸਥੀਆਂ ਦੀ ਸੀ। ਸਮਾਜ ਵਿਚ ਇਸਤਰੀ ਦਾ ਜੋ ਸਰੂਪ ਉਘੜਦਾ ਹੈ, ਉਹ ਨਿਮਰ, ਸੁਸ਼ੀਲ, ਆਦਰਵੰਤੀ ਅਤੇ ਗੁਣਵੰਤੀ ਦਾ ਹੈ। ਉਸਦੇ ਸਦਗੁਣਾਂ ਨੂੰ ਧਾਰਨ ਕਰਕੇ ਭਗਤਜਨ ਆਪਣੇ ਹਰੀ ਨੂੰ ਪ੍ਰਾਪਤ ਕਰ ਸਕਦੇ ਹਨ। ਇਸ ਤਰ੍ਹਾਂ ਗੁਰੂ ਜੀ ਇਸਤਰੀ ਨੂੰ ਨਾ ਕੇਵਲ ਮੁਕਤੀ ਦੇ ਯੋਗ ਹੀ ਸਮਝਦੇ ਹਨ ਸਗੋਂ ਕੇਵਲ ਉਸਦੇ ਗੁਣ ਧਾਰਨ ਕਰਕੇ ਅਤੇ ਉਸਦੇ ਵਾਂਗ ਵਿਵਹਾਰ ਕਰਕੇ ਹੀ ਮਰਦ ਵੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਜੀਵਨ ਦੀ ਸਭ ਤੋਂ ਵੱਡੀ ਲੋੜ 'ਮਤਿ' ਨੂੰ ਇਸਤਰੀ ਵਾਚਕ ਕਹਿ ਕੇ ਉਸਨੂੰ ਮਾਤਾ ਮੰਨਣਾ ਇਸਤਰੀ ਪ੍ਰਤਿ ਉੱਚੇ ਸੰਕਲਪ ਦਾ ਪ੍ਰਮਾਣ ਹੈ। ਇਹ ਹੋਰ ਕਿਸੇ ਵਿਆਖਿਆ ਦਾ ਮੁਥਾਜ ਨਹੀਂ।

*****

ਟਿਪਣੀਆਂ

1 - ਗਉੜੀ ਗੁਆਰੇਰੀ ਮਹਲਾ ਪਹਿਲਾ ਪੰਨਾ 151

2- ਚਉਪਦੇ ਮਾਝ ਮਹਲਾ ਪੰਜਵਾਂ ਪੰਨਾ 103

3- ਅਸ਼ਟਪਦੀਆਂ ਮਾਰੂ ਮਹਲਾ ਪਹਿਲਾ ਪੰਨਾ 1015

4- ਰਾਮਕਲੀ ਮਹਲਾ ਪਹਿਲਾ ਦਖਣੀ ਓਅੰਕਾਰ ਪੰਨਾ 932

5- =__________ਓਹੀ __________ ਪੰਨਾ 933

6- ਸੂਹੀ ਮਹਲਾ ਤੀਜਾ ਪੰਨਾ 769

7- ________ਓਹੀ ______ ਪੰਨਾ 755

8- ਸੋਰਠਿ ਮਹਲਾ ਤੀਜਾ ਪੰਨਾ 651

9- ਸੂਹੀ ਮਹਲਾ ਤੀਜਾ ਪੰਨਾ 772

10- ਸਿਰੀ ਰਾਗੁ ਮਹਲਾ ~~ਪਹਿਲਾ~~ ਤੀਜਾ ਪੰਨਾ 66

11- ਸੂਹੀ ਮਹਲਾ ਤੀਜਾ ਪੰਨਾ 771

12- ਸਾਰੰਗ ਮਹਲਾ ਪੰਜਵਾਂ ਪੰਨਾ 1210

13- ਸਿਰੀ ਰਾਗੁ ਮਹਲਾ ਪਹਿਲਾ ਪੰਨਾ 56

14- ਸੂਹੀ ਮਹਲਾ ਪਹਿਲਾ ਪੰਨਾ 763

15- ਆਸਾ ਮਹਲਾ ਚੌਥਾ ਪੰਨਾ 400

16- ਸੂਹੀ ਮਹਲਾ ਪਹਿਲਾ ਪੰਨਾ 729

17- ਆਸਾ ਮਹਲਾ ਪਹਿਲਾ ਪੰਨਾ 9

18- ਆਸਾ ਮਹਲਾ ਪੰਜਵਾਂ ਪੰਨਾ 384

19- ਮਾਰੂ ਸੋਲਹੇ ਮਹਲਾ ਪੰਜਵਾਂ ਪੰਨਾ 1072

20- ________ਓਹੀ ______ ਪੰਨਾ 1073

21- ਬਿਲਾਵਲੁ ਮਹਲਾ ਪੰਜਵਾਂ ਪੰਨਾ 846

22- ਸਿਰੀ ਰਾਗੁ ਮਹਲਾ ਪਹਿਲਾ ਪੰਨਾ 21

23- ਰਾਗੁ ਆਸਾ ਮਹਲਾ ਚੌਥਾ ਪੰਨਾ 444

24- ਰਾਗਸੂਹੀ ਮਹਲਾ ਪਹਿਲਾ ਪੰਨਾ 730

25- ਬਿਲਾਵਲੁ ਮਹਲਾ ਤੀਜਾ ਪੰਨਾ 796-97

26- ਛੰਤ ਸਿਰੀ ਰਾਗੁ ਮਹਲਾ ਚੌਥਾ ਪੰਨਾ 78

27- ਬਿਲਾਵਲੁ ਮਹਲਾ ਚੌਥਾ ਪੰਨਾ 844

28- ਬਿਲਾਵਲੁ ਮਹਲਾ ਪੰਜਵਾਂ ਪੰਨਾ 822

29- ਅਸ਼ਟਪਦੀਆ ਸਿਰੀ ਰਾਗੁ ਮਹਲਾ ਪਹਿਲਾ ਪੰਨਾ 54

30- ਰਾਗੁ ਰਾਮਕਲੀ ਦਖਣੀ ਮਹਲਾ ਪਹਿਲਾ ਪੰਨਾ 937

31- ਮਾਰੂ ਵਾਰ ਮਹਲਾ ਪਹਿਲਾ ਪੰਨਾ 1088

32- ਰਾਗੁ ਮਲਾਰ ਮਹਲਾ ਚੌਥਾ ਪੰਨਾ 1263

33- ਸਿਰੀ ਰਾਗੁ ਮਹਲਾ ਪਹਿਲਾ ਪੰਨਾ 54

34- ਵਾਰ ਮਾਝ ਕੀ ਮਹਲਾ ਦੂਜਾ ਪੰਨਾ 139

35- ਵਡਹੰਸੁ ਮਹਲਾ ਚੌਥਾ ਘਰੁ ਪਹਿਲਾ ਪੰਨਾ 561

36- ਸੂਹੀ ਮਹਲਾ ਪੰਜਵਾਂ ਪੰਨਾ 737

37- ________ਓਹੀ ____________

38- ________ਓਹੀ ____________

39- ਮਲਾਰ ਮਹਲਾ ਪਹਿਲਾ ਪੰਨਾ 1254

40- ਭੈਰਉ ਮਹਲਾ ਤੀਜਾ ਪੰਨਾ 1128

41- ਸਿਰੀ ਰਾਗੁ ਮਹਲਾ ਪਹਿਲਾ ਪੰਨਾ 17

42- ਮਾਝ ਮਹਲਾ ਪੰਜਵਾਂ ਪੰਨਾ 97

43- ਆਸਾ ਮਹਲਾ ਤੀਜਾ ਪੰਨਾ 363

44- ਰਾਗੁ ਸੂਹੀ ਕੀ ਵਾਰ ਮਹਲਾ ਤੀਜਾ ਪੰਨਾ 785

45- ਮਲਾਰ ਮਹਲਾ ਤੀਜਾ ਪੰਨਾ 1277

46- ਆਸਾ ਮਹਲਾ ਤੀਜਾ ਪੰਨਾ 426

47- ਤੁਖਾਰੀ ਛੰਤ ਮਹਲਾ ਪਹਿਲਾ ਪੰਨਾ 1108

48- ________ਓਹੀ ________

49- ਤੁਖਾਰੀ ਮਹਲਾ ਪਹਿਲਾ ਪੰਨਾ 1111

50- ਵਡਹੰਸੁ ਮਹਲਾ ਤੀਜਾ ਪੰਨਾ 559

51- ਰਾਗੁ ਸੂਹੀ ਮਹਲਾ ਪਹਿਲਾ ਪੰਨਾ 762

52- ਰਾਗੁ ਸਾਰੰਗ ਚਉਪਦੇ ਮਹਲਾ ਪਹਿਲਾ ਪੰਨਾ 1197

53- ਵਾਰ ਸੂਹੀ ਕੀ ਸਲੋਕ ਮਹਲਾ ਤੀਜਾ ਪੰਨਾ 786

54- ਸੋਰਠਿ ਮਹਲਾ ਤੀਜਾ ਪੰਨਾ 639

55- ਮਾਰੂ ਵਾਰ ਸਲੋਕ ਮਹਲਾ ਪਹਿਲਾ ਪੰਨਾ 1088

56- ਸਿਰੀ ਰਾਗੁ ਮਹਲਾ ਤੀਜਾ ਪੰਨਾ 38

57- ਸਿਰੀ ਰਾਗੁ ਸਲੋਕ ਮਹਲਾ ਤੀਜਾ ਪੰਨਾ 89

58- ਵਾਰ ਸੂਹੀ ਸਲੋਕ ਮਹਲਾ ਤੀਜਾ ਪੰਨਾ 787

59- ਆਸਾ ਮਹਲਾ ਪਹਿਲਾ ਪੰਨਾ 357

60- ਗਉੜੀ ਛੰਤ ਮਹਲਾ ਪਹਿਲਾ ਪੰਨਾ 243

61- ਅਸਟਪਦੀਆ ਮਾਝ ਮਹਲਾ ਪਹਿਲਾ ਪੰਨਾ 109

62- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਤੀਜੀ ਪੰਨਾ 773 ਫੁਟ ਨੋਟ

63- ਰਾਗੁ ਸੂਹੀ ਮਹਲਾ ਚੌਥਾ ਪੰਨਾ 773

64- ______ਓਹੀ ______

65- ______ਓਹੀ______ ਪੰਨਾ 774

66- ______ਓਹੀ ______

67- ਸਵਈਏ ਮਹਲੇ ਚੌਥੇ ਕੇ (ਚੌਥਾ) ਪੰਨਾ 1397

68- ਗਉੜੀ ਗੁਆਰੇਰੀ ਮਹਲਾ ਪਹਿਲਾ ਪੰਨਾ 151

69- ਰਾਗੁ ਸਾਰੰਗ ਮਹਲਾ ਪਹਿਲਾ ਪੰਨਾ 1197

70- ਸਿਰੀ ਰਾਗੁ ਮਹਲਾ ਪਹਿਲਾ ਪੰਨਾ 56

71- ਸਲੋਕ ਸ਼ੇਖ ਫਰੀਦ ਕੇ ਪੰਨਾ 1377

72- ਮਾਰੂ ਸੋਲਹੇ ਮਹਲਾ ਪਹਿਲਾ ਪੰਨਾ 1028

73- ਰਾਮਕਲੀ ਮਹਲਾ ਪਹਿਲਾ ਪੰਨਾ 878-79

74- ਬਿਲਾਵਲੁ ਮਹਲਾ ਪੰਜਵਾਂ ਪੰਨਾ 847

75- ਸਿਰੀ ਰਾਗੁ ਮਹਲਾ ਪਹਿਲਾ ਪੰਨਾ 60

76- ਜੈਤਸਰੀ ਮਹਲਾ ਪੰਜਵਾਂ ਪੰਨਾ 703

77- ਮਾਝ ਮਹਲਾ ਪੰਜਵਾਂ ਪੰਨਾ 100

78- ਮਾਝ ਮਹਲਾ ਚੌਥਾ ਪੰਨਾ 95

79- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 95(ਪਹਿਲੀ ਪੋਥੀ)

80- ਸਿਰੀ ਰਾਗੁ ਮਹਲਾ ਪਹਿਲਾ ਪੰਨਾ 60

81- ਮਲਾਰ ਮਹਲਾ ਪਹਿਲਾ ਪੰਨਾ 1273

82- ਸਿਰੀ ਰਾਗੁ ਮਹਲਾ ਪਹਿਲਾ ਪੰਨਾ 60

83- ______ਓਹੀ ________

84- ਜੈਤਸਰੀ ਮਹਲਾ ਪੰਜਵਾਂ ਪੰਨਾ 708

85-86. ਆਸਾ ਮਹਲਾ ਪੰਜਵਾਂ ਪੰਨਾ 454-455

87- ਗਉੜੀ ਬੈਰਾਗਣਿ ਮਹਲਾ ਪਹਿਲਾ ਪੰਨਾ 157

88- ਸਿਰੀ ਰਾਗੁ ਮਹਲਾ ਪਹਿਲਾ ਪੰਨਾ 23

89- ਸਿਰੀ ਰਾਗੁ ਮਹਲਾ ਪੰਜਵਾਂ ਪੰਨਾ 50

90- ਬਿਲਾਵਲ ਮਹਲਾ ਪੰਜਵਾਂ ਛੰਤ ਪੰਨਾ 847

91- ਸੂਹੀ ਮਹਲਾ ਚੌਥਾ ਪੰਨਾ 732

92- ਭੈਰਉ ਨਾਮਦੇਉ ਜੀ ਘਰ ਦੂਜਾ ਪੰਨਾ 1164

93- ਗਉੜੀ ਮਹਲਾ ਪੰਜਵਾਂ ਪੰਨਾ 198

94- ਰਾਮਕਲੀ ਕੀ ਵਾਰ ਮਹਲਾ ਪੰਜਵਾਂ ਪੰਨਾ 963

95- ਗਉੜੀ ਮਹਲਾ ਪਹਿਲਾ ਪੰਨਾ 152

*****

ਅਧਿਆਇ ਸਤਵਾਂ

ਆਦਿ ਗ੍ਰੰਥ ਦਾ ਆਦਰਸ਼ ਇਸਤਰੀ ਦਾ ਸੰਕਲਪ

ਭਾਰਤੀ ਆਦਰਸ਼ ਅਨੁਸਾਰ ਪਤੀ ਹੀ ਪਤਨੀ ਦੀ ਭਗਤੀ ਅਤੇ ਸੇਵਾ ਦਾ ਕੇਂਦਰ ਹੈ। ਗੁਣਵੰਤੀ ਆਪਣੇ ਕੰਤ ਨੂੰ ਰਿਝਾ ਕੇ ਸਾਰੀਆਂ ਖਾਹਿਸ਼ਾਂ ਪੂਰੀਆਂ ਕਰ ਸਕਦੀ ਹੈ। ਗੁਰੂ ਸਾਹਿਬ ਨੇ ਇਸਤਰੀ - ਗੁਣਾਂ ਨੂੰ ਸਰਵੋਤਮ ਮੰਨਿਆ ਹੈ ਜਿਨ੍ਹਾਂ ਨੂੰ ਧਾਰ ਕੇ ਸੱਚੇ ਸਾਈਂ ਨੂੰ ਰਿਝਾਇਆ ਜਾ ਸਕਦਾ ਹੈ। ਜਿਸ ਇਸਤਰੀ ਦਾ ਪਤੀ ਉਸ ਨਾਲ ਖੁਸ਼ ਹੈ, ਉਸਨੂੰ ਦੁਨੀਆਂ ਦੀਆਂ ਸਭ ਨੇਮਤਾਂ ਹਾਸਲ ਹੋ ਜਾਂਦੀਆਂ ਹਨ। ਗੁਰੂ ਜੀ ਵਾਹਿਗੁਰੂ ਨੂੰ ਭਰਤਾਰ, ਪ੍ਰਭੂ, ਪ੍ਰੀਤਮ-ਪਤੀ, ਪਿਰ, ਕੰਤ, ਹਰੀ, ਸੁਆਮੀ, ਸਹੁ, ਸਾਹਿਬ, ਮੋਹਨ, ਅਕਾਲ-ਪੁਰਖ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਆਪਣੇ ਆਪ ਨੂੰ ਉਸਦੀ ਨਾਰ, ਚੇਰੀ, ਦਾਸੀ, ਮੁੰਧ, ਧਨ, ਕਾਮਣੀ ਕਹਿੰਦੇ ਹਨ। ਇਸ ਤਰ੍ਹਾਂ ਸੰਸਾਰ ਵਿਚ ਪਤੀ ਤਾਂ ਇਕੋ ਪ੍ਰਭੂ ਹੈ ਪਰ ਉਸਦੀਆਂ ਪਤਨੀਆਂ/ਇਸਤਰੀਆਂ ਬੇਸ਼ੁਮਾਰ ਹਨ:

" ਇਸ ਜਗ ਮਹਿ ਪੁਰਖ ਏਕੁ ਹੈ, ਹੋਰ ਸਗਲੀ ਨਾਰ ਸਬਾਈ ॥
ਸਭ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥"[1]

ਉਹ ਹਰ ਸਥਾਨ ਅਤੇ ਹਰ ਪਦਾਰਥ ਵਿਚ ਵਸਦਾ ਹੈ। ਹਰ ਜੀਵ ਵਿਚ ਉਸਨੂੰ ਵੇਖਿਆ ਜਾ ਸਕਦਾ ਹੈ। ਉਹ ਆਪ ਹੀ ਨਾਰੀ ਅਤੇ ਨਰ ਦੋਵੇਂ ਹੋ ਜਾਂਦਾ ਹੈ :

" ਆਪੇ ਪੁਰਖ ਆਪੇ ਹੀ ਨਾਰੀ ਆਪੇ ਪਾਸਾ ਆਪੇ ਸਾਰੀ[2] ॥"

ਉਸ ਸਮੱਰਥ ਕੰਤ ਨੂੰ ਖੁਸ਼ ਕਰਨਾ ਹੀ ਇਸਤਰੀ ਦਾ ਪਤੀਵਰਤ ਧਰਮ ਹੈ। ਉਸਦਾ ਸਾਰਾ ਜੀਵਨ ਆਪਣੇ ਪਤੀ ਦੇ ਦੁਆਲੇ ਹੀ ਘੁੰਮਦਾ ਹੈ। ਇਸਤਰੀ ਦਾ ਆਦਰਸ਼ ਸਰੂਪ ਉਹ ਹੈ, ਜਦੋਂ ਉਹ ਹਰ ਪ੍ਰਕਾਰ ਦੇ ਸਦਗੁਣ ਗ੍ਰਹਿਣ ਕਰਕੇ ਆਪਣੇ ਪਤੀ ਨੂੰ ਰਿਝਾਉਣ

ਵਿਚ ਸਫਲ ਹੋ ਜਾਂਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਪੂਰਨ ਮਨੁੱਖ ਅਤੇ ਪੂਰਨ ਇਸਤਰੀ ਨੂੰ ਸੰਸਾਰ ਵਿਚੋਂ ਵਿਚਰਦੇ ਲੱਭਣਾ ਲਗਭਗ ਅਸੰਭਵ ਹੈ ਕਿਉਂਕਿ ਆਦਮੀ ਸ਼ਰੀਰ ਵਿੱਚ ਦ੍ਰਿਸ਼ਟੀਗੋਚਰ ਸਾਰੇ ਜੀਵ ਪੂਰਨ ਆਦਮੀ ਨਹੀਂ ਹੁੰਦੇ ਅਤੇ ਔਰਤ ਸ਼ਰੀਰ ਵਿਚ ਵਿਚਰਨ ਵਾਲੀਆਂ ਸਭ ਜੀਵ ਆਤਮਾਵਾਂ ਪੂਰਨ ਇਸਤਰੀਆਂ ਨਹੀਂ ਹੁੰਦੀਆਂ। ਦੋਹਾਂ ਵਿਚ ਪਸ਼ੂਤਾ ਤਾਂ ਹੈ ਹੀ ਨਾਲ ਹੀ ਨਰ ਵਿਚ ਕੁਝ ਨਾਰੀ ਤੱਤ ਅਤੇ ਨਾਰੀ ਵਿਚ ਕੁਝ ਨਰ ਤੱਤ ਅਵੱਸ਼ ਹੀ ਵਿਦਮਾਨ ਹੁੰਦੇ ਹਨ। ਆਮ ਤੌਰ ਤੇ ਮਾਦਾ ਪ੍ਰਾਣੀ ਵਿਚ ਸ਼ਕਤੀ ਤੱਤ ਅਤੇ ਨਰ ਵਿਚ ਬਲ ਤੱਤ ਦੀ ਪ੍ਰਧਾਨਤਾ ਹੁੰਦੀ ਹੈ। ਜਿਸ ਵਿਅਕਤੀ ਵਿਸ਼ੇਸ਼ ਵਿਚ ਆਪਣੇ ਲਿੰਗ ਦੇ ਗੁਣ ਬਹੁਲਤਾ ਵਿਚ ਉਪਲਬਧ ਹੋਣ, ਉਸਨੂੰ ਅਸੀਂ ਆਦਰਸ਼ ਸਰੂਪ ਮੰਨ ਸਕਦੇ ਹਾਂ।

ਇਸਤਰੀ ਸ਼ਰੀਰ ਵਿਚ ਲੋੜੀਂਦੇ ਤੱਤਾਂ ਦੀ ਵਿਆਖਿਆ ਕਰਦੇ ਹੋਏ ਆਦਿ ਗ੍ਰੰਥ ਵਿਚ ਆਦਿ ਗ੍ਰੰਥ ਅਨੁਸਾਰ ਆਦਰਸ਼ ਇਸਤਰੀ ਦਾ ਸੰਕਲਪ ਰੂਪਮਾਨ ਕੀਤਾ ਜਾਵੇਗਾ। ਆਦਿ ਗ੍ਰੰਥ ਅਧਿਆਤਮਕ ਰਚਨਾ ਹੈ ਜਿਸ ਵਿਚ ਪਰਮਾਤਮਾ ਨੂੰ ਪੁਰਖ ਮੰਨ ਕੇ ਭਗਤ ਨੂੰ ਇਸਤਰੀ ਮੰਨਿਆ ਹੈ। ਇਸ ਇਸਤਰੀ ਦੇ ਆਦਰਸ਼ ਸਰੂਪ ਨੂੰ 'ਗੁਰਮੁਖ' ਚਿਤ੍ਰਿਤ ਕੀਤਾ ਹੈ ਜਿਸ ਵਿਚ ਸਾਰੇ ਉੱਤਮ ਗੁਣ ਹੁੰਦੇ ਹਨ। ਇਕ ਇਸਤਰੀ ਘਰ, ਸਮਾਜ ਅਤੇ ਸੰਸਾਰ ਵਿਚ ਵਿਚਰਦੀ ਹੋਈ ਆਪਣੇ ਬਹੁ-ਭਾਂਤੀ ਫਰਜ਼ ਪੂਰੇ ਕਰਦੀ ਹੈ। ਉਸੇ ਨੂੰ ਸੰਕੇਤਕ ਭਾਸ਼ਾ ਦੁਆਰਾ ਆਦਿ ਗ੍ਰੰਥ ਵਿਚ ਰੂਪਮਾਨ ਕੀਤਾ ਹੈ।

'ਘਰੇਲੂ ਜੀਵਨ ਦਾ ਸ਼ਿੰਗਾਰ ਇਸਤਰੀ ਹੀ ਹੁੰਦੀ ਹੈ। ਇਸਤਰੀ ਦਾ ਆਧਾਰ ਪਤੀ-ਖਸਮ ਹੈ ਜਿਸਨੂੰ ਖੁਸ਼ ਰਖਣਾ ਉਸਦੇ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਇਸਦੀ ਪ੍ਰਾਪਤੀ ਲਈ ਇਸਤਰੀ ਆਪਣੇ ਅੰਦਰ ਗੁਣ ਧਾਰਣ ਕਰਦੀ ਹੈ। ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਜਾਂਦਾ ਹੈ। ਆਦਿ ਗ੍ਰੰਥ ਵਿਚ ਗੁਣਵੰਤੀ ਸੁਸ਼ੀਲ ਇਸਤਰੀ ਨੂੰ ਗੁਰਮੁਖ ਦੀ ਸੰਗਿਆ ਦਿੱਤੀ ਗਈ ਹੈ, ਉਸ ਦੁਆਰਾ ਦਿੱਤੇ ਦੁਖ ਨੂੰ ਵੀ ਸੁਖ ਕਰਕੇ ਜਾਣਦੀ ਹੈ, ਰਜ਼ਾ ਵਿਚ ਰਾਜ਼ੀ ਰਹਿੰਦੀ ਹੋਈ ਸਹਿਜ ਅਵਸਥਾ ਵਿਚ ਵਿਚਰਦੀ ਹੈ, ਆਪੇ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੇਹੇ ਵਿਕਾਰ ਤਿਆਗ ਕੇ ਨਿਤਨੇਮ ਅਤੇ ਸੇਵਾ ਵਿਚ ਲੀਨ ਰਹਿੰਦੀ ਹੈ। ਵਖਾਵੇ ਦੇ ਸ਼ਿੰਗਾਰ ਦੀ ਥਾਂ ਗੁਣਾਂ ਨਾਲ ਆਪਾ ਸ਼ਿੰਗਾਰਦੀ ਹੈ। ਇਹ ਗੁਣ ਔਰਤ ਵਿਚ ਬਚਪਨ ਤੋਂ ਭਰਨ ਦੀ ਲੋੜ ਹੈ। ਪੁੱਤਰੀ ਰੂਪ ਵਿਚ ਉਸਨੂੰ ਪਿਤਾ ਪ੍ਰਤਿ ਵਫਾਦਾਰ, ਆਗਿਆਕਾਰ ਅਤੇ ਸੇਵਾ-ਭਾਵੀ ਹੋਣ ਦੀ ਲੋੜ ਹੈ ਤਾਂ ਪਤਨੀ - ਰੂਪ ਵਿਚ ਪਤੀ ਪ੍ਰਤਿ ਨਿਸ਼ਠਾਵਾਨ ਅਤੇ ਮਾਤਾ ਰੂਪ ਵਿਚ ਬੱਚਿਆਂ ਲਈ ਸਰਬੰਸ ਤਿਆਗਣ ਦੇ ਸਮਰਥ।

ਹਰ ਹਾਲਤ ਵਿਚ ਉਸ ਅੰਦਰ ਲਗਭਗ ਇਕੋ ਜੇਹੇ ਹੀ ਗੁਣਾਂ ਦੀ ਹੋਂਦ ਜ਼ਰੂਰੀ ਮੰਨੀ ਗਈ ਹੈ। ਇਨ੍ਹਾਂ ਵਿਚੋਂ ਮੁੱਖ ਗੁਣ ਇਸ ਪ੍ਰਕਾਰ ਹਨ:

ਭਾਰਤੀ ਇਸਤਰੀ ਤੋਂ ਮਨ, ਬਚਨ ਅਤੇ ਕਰਮ ਦੁਆਰਾ ਪਤੀਵ੍ਰਤਾ ਹੋਣ ਦੀ ਆਸ ਕੀਤੀ ਜਾਂਦੀ ਹੈ। ਪਤੀ ਵਿਚ ਇਕਨਿਸ਼ਠਤਾ ਨਾ ਰੱਖਣ ਵਾਲੀ ਇਸਤਰੀ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ। ਪ੍ਰਾਚੀਨ ਆਦਰਸ਼ ਤਾਂ ਮੰਗੇਤਰ ਵੀ ਪੂਰਾ ਪਤੀ ਹੁੰਦਾ ਸੀ ਅਤੇ ਜੇ ਕਿਸੇ ਕਾਰਨ ਵਸ ਮੰਗ ਟੁੱਟ ਜਾਂਦੀ ਸੀ ਜਾਂ ਮੰਗੇਤਰ ਗੁਜ਼ਰ ਜਾਂਦਾ ਸੀ ਤਾਂ ਕੰਨਿਆ ਨੂੰ ਵਿਧਵਾ ਵਾਲਾ ਜੀਵਨ ਬਤੀਤ ਕਰਨਾ ਪੈਂਦਾ ਸੀ। ਅੱਜ ਵੀ ਪਤਨੀ ਦੇ ਲਈ ਪਤੀ ਹੀ ਅੰਤਿਮ ਸਹਾਰਾ ਹੈ, ਪਤੀ ਹੀ ਇਸ਼ਟ ਹੈ ਅਤੇ ਪਤੀ ਨਾਲ ਹੀ ਸਾਰੀ ਦੁਨੀਆਂ ਹੈ। ਪਤੀ ਵਿਹੂਣੀ ਇਸਤਰੀ ਦਾ ਜੀਵਨ ਘੋਰ ਨਾਰਕੀ ਹੁੰਦਾ ਸੀ। ਜਿਸ ਨਾਲ ਪਤੀ ਗੁੱਸੇ ਹੋ ਜਾਂਦਾ ਸੀ ਜਾਂ ਸ਼ੱਕ ਕਰਕੇ ਜਿਸ ਇਸਤਰੀ ਨੂੰ ਤਿਆਗ ਦੇਂਦਾ ਸੀ ਉਸਦੀ ਹਾਲਤ ਬੜੀ ਤਰਸਯੋਗ ਹੋ ਜਾਂਦੀ ਸੀ :

"ਜਲਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ ॥
ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ ॥
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ[4] ॥"

ਉਹੋ ਇਸਤਰੀ ਪਤੀ ਦੇ ਖ਼ੁਸ਼ ਹੋ ਜਾਣ ਤੇ ਚੁਫੇਰਾ ਹਰਿਆ ਭਰਿਆ ਵੇਖਦੀ ਅਤੇ ਖ਼ੁਸ਼ੀਆਂ ਮਹਿਸੂਸਦੀ ਸੀ। ਦੋਹਾਂ ਹਾਲਤਾਂ ਦੀ ਤੁਲਨਾ ਕੀਤੀ ਗਈ ਹੈ:

"ਜੇ ਤੂੰ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ[5] ॥"

ਪਤੀ ਨੂੰ ਖ਼ੁਸ਼ ਕਰਨ ਲਈ ਇਸਤਰੀ ਨੂੰ ਗੁਣਾਂ ਨਾਲ ਆਪਾ ਸ਼ਿੰਗਾਰਨ ਦਾ ਉਪਦੇਸ਼ ਕੀਤਾ ਗਿਆ ਹੈ :

"ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ[6] ॥"

ਜੋ ਕੁਝ ਪਤੀ ਕਰੇ, ਉਸਨੂੰ ਤੁਰੰਤ ਮੰਨਣਾ ਚਾਹੀਦਾ ਹੈ। ਕਿਸੇ ਤਰ੍ਹਾਂ ਦੀ ਸ਼ੰਕਾ ਜਾਂ ਦਲੀਲ ਵਿਚ ਨਹੀਂ ਪੈਣਾ:

"ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥
ਪਿਰ ਧਨਹਿ ਸੀਗਾਰਿ ਰਖੈ ਸੰਗਾਨੈ[7] ॥"

ਜੋ ਸੱਚੀ ਸੁਹਾਗਣ ਹੈ, ਉਹ ਆਪਣੇ ਪਤੀ ਦੀ ਸਾਰ ਜਾਣਦੀ ਹੈ। ਉਸ ਦੇ ਮਨੋਭਾਵ ਬੁਝ ਲੈਂਦੀ ਹੈ ਅਤੇ ਆਪਣੇ ਅੰਦਰੋਂ ਪੰਜ ਵਿਕਾਰ ਤਿਆਗ ਕੇ ਆਪਾ ਸਮਰਪਣ ਕਰਦੀ ਹੈ:

"ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥"[8]

ਸੁਹਾਗਣ ਲਈ ਸ਼ਿੰਗਾਰ ਦਾ ਮਹੱਤਵ ਪਤੀ ਦੇ ਕੋਲ ਹੋਣ ਸਮੇਂ ਹੀ ਹੈ। ਜੇ ਪਤੀ ਰੁਸਿਆ ਹੈ ਤਾਂ ਉਸਨੂੰ ਮਨਾਉਣ ਦੀ ਲੋੜ ਹੈ, ਫਿਰ ਸੋਲ੍ਹਾਂ ਸ਼ਿੰਗਾਰ ਕਰੇ। ਵਰਨਣ ਕੀਤਾ ਹੋਇਆ ਸ਼ਿੰਗਾਰ ਪਤੀ ਵਿਛੋੜੇ ਵਿਚ ਦੁਖਦਾਈ ਜਾਪੇਗਾ :

"ਕਾਮਣਿ ਤਉ ਸੀਗਾਰੁ ਕਰਿ ਜਾਂ ਪਹਿਲਾਂ ਕੰਤੁ ਮਨਾਇ ॥
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥"[9]

ਇਕ ਪਤੀਵਰਤਾ ਇਸਤਰੀ ਕਿਸ ਪ੍ਰਕਾਰ ਦਾ ਸ਼ਿੰਗਾਰ ਕਰੇ ਕਿ ਪਤੀ ਉਸ ਨਾਲ ਸਦਾ ਖ਼ੁਸ਼ ਰਹੇ ਅਤੇ ਪ੍ਰੀਤ ਕਰੇ:

"ਭਉ ਸੀਗਾਰੁ ਤਬੋਲਰਸੁ ਭੋਜਨ ਭਾਉ ਕਰੇਇ ॥
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥"[10]

ਕੇਵਲ ਤਨ ਹੀ ਨਾ ਸ਼ਿੰਗਾਰੇ ਮਨ ਨੂੰ ਵੀ ਪਤੀ ਪ੍ਰੇਮ ਦੇ ਰੰਗ ਵਿਚ ਰੰਗ ਲਵੇ। ਹਰ ਪਾਸੇ ਅਤੇ ਹਰ ਸਥਾਨ ਤੇ ਉਸਨੂੰ ਕੰਤ ਅੰਗਸੰਗ ਜਾਪੇ :

"ਪੇਈਅੜੈ ਧਨ ਕੰਤੁ ਸਮਾਲੇ, ਗੁਰਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥"[11]

ਇਸ ਦੇ ਨਾਲ ਇਸਤਰੀ ਘਰੇਲੂ ਕੰਮ ਕਾਜ ਵਿਚ ਵੀ ਸੁਘੜ ਹੋਵੇ। ਰਹਿਣ ਸਹਿਣ ਵਿਚ ਸਾਫ਼-ਸੁਥਰੀ, ਮਿਲਣੀ ਕਰਣੀ ਵਿਚ ਮਾਹਿਰ, ਘਰ ਦੀ ਸੰਭਾਲ ਕਰਨ ਵਾਲੀ, ਰਸੋਈ ਦੇ ਕੰਮਾਂ ਵਿਚ ਨਿਪੁੰਨ ਅਤੇ ਪਤੀ ਨੂੰ ਉਸਦੀ ਰੁਚੀ ਅਨੁਸਾਰ ਤ੍ਰਿਪਤ ਕਰਨ ਵਾਲੀ ਹੋਵੇ ਤਾਂ ਹੀ ਉਹ ਪਤੀ ਦੀ ਪਿਆਰੀ ਹੋ ਸਕਦੀ ਹੈ:

"ਕਹਿਦ ਕਮੀਦਾ ਪਹਿਰਹਿ ਚੋਲੀ ਤਾ ਤੁਮ ਜਾਣਹੁ ਨਾਰੀ ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ [12] ॥"

ਪਤੀ ਦੀ ਹਰ ਆਗਿਆ ਨੂੰ ਬਿਨਾਂ ਕਿੰਤੂ ਕੀਤੇ ਮੰਨਦੀ ਹੋਈ ਖੁਸ਼ੀ ਖੁਸ਼ੀ ਸਦਾ ਕਾਇਮ ਰਹੇ ਉਹ ਸੁਹਾਗਣ ਧੰਨ ਹੈ, ਪ੍ਰਸੰਸਾ ਦੀ ਪਾਤਰ ਹੈ:

"ਆਗਿਆਕਾਰੀ ਸਦਾ ਸੋਹਾਗਣਿ ਆਪ ਮੇਲੀ ਕਰਤਾਰਿ ॥
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ [13] ॥"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਵੇਂ ਪ੍ਰਕਿਰਤੀ ਨੇ ਪੁਰਸ਼ ਅਤੇ ਇਸਤਰੀ ਨੂੰ ਇਕ ਦੂਜੇ ਦੇ ਪੂਰਕ ਬਣਾਇਆ ਹੈ ਪਰ ਗੁਰਮਤਿ ਵਿਚ ਪਤਨੀ ਦੀ ਅਧੀਨਗੀ ਉਤੇ ਹੀ ਜ਼ੋਰ ਦਿੱਤਾ ਗਿਆ ਹੈ। ਪਤੀ ਭਾਵੇਂ ਉਸਨੂੰ ਪਿਆਰ ਕਰੇ, ਸਤਿਕਾਰ ਦੇਵੇ ਜਾਂ ਨਿਰਾਦਰ ਕਰੇ, ਕੋਲ ਰਖੇ ਜਾਂ ਪਰੇ ਕਢੇ, ਪਤਨੀ ਨੂੰ ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤ ਵਿਚ ਵੀ ਪਤੀ
! ਪ੍ਰਤਿ ਵਫਾਦਾਰੀ, ਅਨੰਤ ਪ੍ਰੇਮ ਅਤੇ ਅਟੱਲ ਵਿਸ਼ਵਾਸ ਰਖਦਾ ਪੈਂਦਾ ਹੈ। ਆਦਿ ਗ੍ਰੰਥ ਵਿਚ ਵੀ ਸੁਹਾਗਣ ਨੂੰ ਹਰ ਹਾਲਤ ਵਿਚ ਪਤੀਵਰਤ ਧਰਮ ਤੇ ਕਾਇਮ ਰਹਿ ਕੇ ਹਰ ਸਮੇਂ ਪਤੀ ਨੂੰ ਆਪਣੇ ਨਾਲ ਹੀ ਮਹਿਸੂਸ ਕਰਨ ਦਾ ਉਪਦੇਸ਼ ਦਿੱਤਾ ਹੈ। ਜੇ ਪਤੀ ਤੋਂ ਵੱਖ ਰਹਿਣਾ ਵੀ ਪਵੇ ਤਾਂ ਉਸਨੂੰ ਸਦਾ ਉਸਨੂੰ ਮਿਲਣ ਲਈ ਹੀ ਅਰਜੋਈਆਂ ਕਰਦੀ ਰਹੇ :

"ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ॥
ਹਉ ਤਿਸੁ ਪਹਿ ਆਪੁ ਵੇਚਾਈ ॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ [14] ॥"

ਮਿਲਾਪ ਕਰਵਾਉਣ ਵਾਲੇ ਉਤੋਂ ਕੁਰਬਾਨ ਜਾਂਦੀ ਹੋਈ ਉਹ ਆਪਣੇ ਸਰੀਰ ਦਾ ਅੰਗ ਅੰਗ ਕਟ ਕੇ ਅਰਪਣ ਕਰਨ ਲਈ ਤਿਆਰ ਰਹੇ:

"ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥"
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥
ਮੇਰੈ ਮਨਿ ਬੈਰਾਗਿ ਭਇਆ ਬੈਰਾਗੀ ਮਿਲਿ ਗੁਰਦਰਸਿ ਸੁਖੁ ਪਾਏ [15] ॥"

ਪਤੀਵ੍ਰਤਾ ਦਾ ਪਤੀ ਬਿਨਾਂ ਇਕ ਇਕ ਪਲ ਮੁਸ਼ਕਿਲ ਨਾਲ ਲੰਘਦਾ ਹੈ:

" ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ॥[16]

ਅਤੇ ਜਦੋਂ ਉਸਨੂੰ ਪਤੀ ਮਿਲ ਪੈਂਦਾ ਹੈ ਤਾਂ ਉਹ ਖੁਸ਼ੀ ਨਾਲ ਨੱਚ ਉਠਦੀ ਹੈ:

" "ਧੰਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥[17]"

ਗੁਣਵੰਤੀ ਆਦਰਸ਼ ਇਸਤਰੀ ਦੁਆਰਾ ਕਿਸੇ ਹਾਲਤ ਵਿਚ ਵੀ ਆਪਣੇ ਪਤੀ ਪ੍ਰਤਿ ਵਿਮੁਖਤਾ ਸਹਿਣ ਨਹੀਂ ਕੀਤੀ ਜਾ ਸਕਦੀ। ਪਤੀ-ਪਰਮੇਸ਼ਰ ਮੰਨਣਾ ਹੀ ਉਸਦੇ ਜੀਵਨ ਦੀ ਸੇਧ ਹੈ। ਆਪਣੀਆਂ ਸਭ ਇੱਛਾਵਾਂ ਅਤੇ ਖਾਹਿਸ਼ਾਂ ਨੂੰ ਮਾਰਕੇ ਵੀ ਪਤੀ ਦੇ ਨਾਲ ਹੀ ਜੀਵਨ ਦੀ ਡੋਰ ਬੰਨ੍ਹੀ ਰਖਣਾ ਵਿਆਹ ਦਾ ਮਨੋਰਥ ਹੈ:

" ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ॥[18]"

ਪਤੀ ਨੂੰ ਪਰਮੇਸ਼ਵਰ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ ਜਿਸਤੋਂ ਪਤੀਵ੍ਰਤਾ ਇਸਤਰੀ ਦੇ ਕਠੋਰ ਜੀਵਨ ਦੀ ਝਲਕ ਮਿਲਦੀ ਹੈ ਪਰ ਇਸਦਾ ਭਾਵ ਇਹ ਨਹੀਂ ਕਿ ਪਰਿਵਾਰ ਵਿਚ ਉਸਦੀ ਮਹੱਤਤਾ ਘੱਟ ਸੀ। ਸਗੋਂ ਗੁਣਵੰਤੀ ਨਾਰੀ ਪਤੀ ਨੂੰ ਆਪਣੇ ਵੱਸ ਵਿਚ ਕਰ ਲੈਂਦੀ ਸੀ ਅਤੇ ਪਰੋਖ ਰੂਪ ਵਿਚ ਪਰਿਵਾਰ ਉਤੇ ਹੁਕਮ ਚਲਾਂਦੀ ਸੀ। ਪਤੀ ਉਸ ਉਪਰ ਖੁਸ਼ ਹੋ ਜਾਂਦਾ ਸੀ ਤਾਂ ਕਈ ਵਾਰੀ ਬਾਕੀ ਸਹੁਰੇ ਪਰਿਵਾਰ ਤੋਂ ਉਸਨੂੰ ਵੱਖ ਵੀ ਰਖ ਲੈਂਦਾ ਸੀ ਅਤੇ ਪਤਨੀ ਨੂੰ ਉਸਦੀ ਪਸੰਦ ਦੀਆਂ ਸਭ ਵਸਤੂਆਂ ਵੀ ਉਪਲਬਧ ਕੀਤੀਆਂ ਜਾਂਦੀਆਂ ਸਨ। ਪਰ ਇਹ ਸਨਮਾਨਤ ਪਦਵੀ ਤਾਂ ਹੀ ਪ੍ਰਾਪਤ ਹੁੰਦੀ ਸੀ ਜਦੋਂ ਉਹ ਔਗੁਣ ਰਹਿਤ ਹੋ ਨਿਸ਼ਕਾਮ ਸੇਵਾ ਕਰਕੇ ਪਤੀ ਨੂੰ ਖੁਸ਼ ਕਰ ਲੈਂਦੀ ਸੀ :

" ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥
ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥[19]

ਜਦੋਂ ਤਕ ਉਹ ਆਪਣੇ ਅੰਦਰੋਂ ਔਗੁਣ ਕੱਢ ਕੇ ਪਤੀ-ਅਨੁਕੂਲ ਗੁਣ ਧਾਰਨ ਨਹੀਂ ਕਰਦੀ ਉਦੋਂ ਤਕ ਉਹ ਪਤੀ ਨੂੰ ਪ੍ਰਾਪਤ ਨਹੀਂ ਕਰ ਸਕਦੀ। ਗੁਣਵੰਤੀ ਇਸਤਰੀ ਨੂੰ ਆਚਾਰਵੰਤੀ ਗੁਰਮੁਖ, ਸੁੱਚਜੀ, ਸੋਭਾਵੰਤੀ, ਸੀਲਵੰਤੀ ਤੇ ਸੁਹਾਗਣ ਕਹਿ ਕੇ ਸੰਬੋਧਤ ਕੀਤਾ ਗਿਆ ਹੈ। ਜੋ ਹਰ ਤਰ੍ਹਾਂ ਦੇ ਹਾਲਾਤ ਵਿਚ ਖੁਸ਼ੀ ਖੁਸ਼ੀ ਸਮਾਂ ਬਤੀਤ ਕਰਦੀ ਹੋਈ ਪਤੀ-ਚਰਨਾਂ ਨਾਲ ਜੁੜੀ ਰਹਿੰਦੀ ਹੈ। ਉਹ ਸੁੱਖ ਨੂੰ ਪ੍ਰਾਪਤ ਕਰ ਲੈਂਦੀ ਹੈ:

"ਗੁਣਵੰਤੀ ਸਹੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ[20] ॥"

ਔਗੁਣਵੰਤੀ ਮਨਮੁਖ ਦੀ ਨਿਆਈਂ ਹੈ ਜਿਸਦਾ ਸਾਰਾ ਜੀਵਨ ਹੀ ਵਿਅਰਥ ਹੈ, ਨਿਰਉਦੇਸ਼ ਹੈ:

"ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥
ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ[21] ॥"

ਸੁਹਾਗਣ ਸਿਆਣੀ ਹੈ ਅਤੇ ਜਾਣਦੀ ਹੈ ਕਿ ਕਿਹੜੇ ਗੁਣ ਧਾਰਨ ਕਰਕੇ ਕੰਤ ਨੂੰ ਮਿਲ ਸਕੀਦਾ ਹੈ। ਯਤਨ ਕਰਕੇ ਉਹ ਗੁਣ ਧਾਰਨ ਕਰ ਲੈਂਦੀ ਹੈ:

"ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ[22] ॥"

ਦੂਜੇ ਸ਼ਬਦਾਂ ਵਿਚ ਸੁਹਾਗਣ ਅਖਵਾਉਣ ਲਈ ਪਤੀ ਦਾ ਸਾਥ ਜ਼ਰੂਰੀ ਹੈ ਅਤੇ ਪਤੀ ਦੇ ਸੰਗ ਲਈ ਗੁਣਵਾਨ ਹੋਣਾ ਜ਼ਰੂਰੀ ਹੈ। ਸ਼ਰੀਰ ਦੇ ਵੱਖ ਵੱਖ ਅੰਗਾਂ ਵਿਚ ਡਰ, ਭਉ, ਭਾਉ ਅਤੇ ਨਿਮਰਤਾ ਦਾ ਵਾਸਾ ਹੋਵੇ ਤਾਂ ਹੀ ਸ਼ਹੁ ਨੂੰ ਪਿਆਰੇ ਲਗ ਸਕੀਦਾ ਹੈ:

"ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
ਤਾਂ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ[23] ॥"

ਕੁਝ ਇਸੇ ਤਰ੍ਹਾਂ ਦੇ ਵਿਚਾਰ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੀਆਂ ਤੁਕਾਂ ਵਿਚ ਦਿੱਤੇ ਹਨ:

"ਕਹਤੁ ਨਾਨਕ ਭੈ ਭਾਵ ਕਾ ਕਰੇ ਸੀਗਾਰੁ ॥
ਸਦ ਹੀ ਸੇਜੈ ਰਵੈ ਭਤਾਰੁ[24] ॥"

ਵਖਾਵੇ ਦਾ ਸ਼ਿੰਗਾਰ ਕਿਸੇ ਕੰਮ ਨਹੀਂ। ਇਹ ਤਾਂ ਵਿਕਾਰ ਦੀ ਨਿਸ਼ਾਨੀ ਹੈ। ਸੂਹਾ ਵੇਸ ਕਰਨਾ ਮਨ ਵਿਚ ਹਉਮੈ ਰਖਣ ਦਾ ਪ੍ਰਤੀਕ ਹੈ। ਗੁਣਵੰਤੀ ਹਉਮੈ ਦਾ ਤਿਆਗ ਕਰਨ ਹਿਤ ਸੂਹੇ ਵੇਸ ਦਾ ਤਿਆਗ ਕਰਕੇ ਖਿਮਾਂ ਅਤੇ ਨਿਮਰਤਾ ਦਾ ਚੋਲਾ ਪਾਉਂਦੀ ਹੈ। ਤਾਂ ਹੀ ਉਹ ਪੇਕੇ ਅਤੇ ਸਹੁਰੇ ਆਦਰ ਮਾਣ ਪ੍ਰਾਪਤ ਕਰਕੇ ਜਗ ਵਿਚ ਜੱਸ ਖਟਦੀ ਹੈ:

"ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸੈਸਾਰੁ ॥"[25]

ਜਦੋਂ ਤਕ ਇਸਤਰੀ ਸਤ, ਸੰਤੋਖ ਅਤੇ ਸੱਚ ਦਾ ਪੱਲਾ ਫੜੀ ਰਖਦੀ ਹੈ ਉਸਨੂੰ ਪਤੀ ਆਪਣੇ ਤੋਂ ਦੂਰ ਨਹੀਂ ਕਰਦਾ। ਉਸਨੂੰ ਵਿਛੋੜੇ ਦਾ ਦੁਖ ਨਹੀਂ ਸਹਿਣਾ ਪੈਂਦਾ:

"ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥"[26]

ਉਹ ਸਾਰੇ ਪਰਿਵਾਰ ਦੀ ਸੇਵਾ ਕਰਦੀ ਹੋਈ ਪ੍ਰਸ਼ੰਸਾ ਦੀ ਪਾਤਰ ਬਣਦੀ ਹੈ:

"ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥
ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥"[27]

ਇਥੋਂ ਤਕ ਕਿ ਜੇ ਪਤੀ ਮਰ ਜਾਵੇ ਤਾਂ ਵਿਧਵਾ ਨੂੰ ਨਾਲ ਸੜਨ ਦੀ ਲੋੜ ਨਹੀਂ ਸਗੋਂ ਉੱਤਮ ਗੁਣ ਧਾਰਨ ਕਰਦੇ ਹੋਏ ਪਤੀ ਦੀ ਯਾਦ ਵਿਚ ਸਮਾਂ ਬਿਤਾਉਣ ਅਤੇ ਪਤੀਵਰਤ ਧਰਮ ਉਤੇ ਅੱਟਲ ਰਹਿਣ ਦੀ ਲੋੜ ਤੇ ਜ਼ੋਰ ਦਿੱਤਾ :

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ ॥"[28]

ਜਿਥੇ ਸਤੁ, ਸੰਤੋਖ ਅਤੇ ਨਿਮਰਤਾ ਦੀ ਲੋੜ ਹੈ, ਉਥੇ ਧਰਮ ਅਤੇ ਦਇਆ ਦਾ ਵੀ ਪੱਲਾ ਘੁੱਟ ਕੇ ਫੜੀ ਰਖਣਾ ਹੈ:

"ਸਤੁ ਸੰਤੋਖੁ ਦਇਆ ਧਰਮੁ ਸਭੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥"[29]

ਸੰਜਮੀ ਜੀਵਨ ਬਿਤਾਉਣ ਲਈ ਤਨੋਂ ਮਨੋਂ ਅਨੁਸ਼ਾਸਨ ਬੱਧ ਹੋਣਾ ਜ਼ਰੂਰੀ ਹੈ। ਸਰੀਰ ਦੇ ਸੰਜਮ ਵਿਚ ਤੜਕ ਭੜਕ ਵਾਲੇ ਪਹਿਰਾਵੇ ਤੋਂ ਦੂਰ ਰਹਿੰਦੇ ਹੋਏ ਸਾਦਾ ਪਰ ਸਾਫ਼

ਸੁਥਰਾ ਪਹਿਰਾਵਾ ਰਖਣਾ ਅਤੇ ਮਾਨਸਿਕ ਸੰਜਮ ਵਿਚ ਮਨ ਨੂੰ ਕਿਸੇ ਪ੍ਰਕਾਰ ਦੇ ਵੀ ਵਿਕਾਰ ਵਲੋਂ ਰੋਕਣਾ ਸ਼ਾਮਿਲ ਹੈ:

" ਜਪਤਪ ਸੰਜਮ ਹੋਰੁ ਜਤੀਰੀ ॥
ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ ਰੀ ॥"[30]

ਸ਼ਰੀਰ ਨੂੰ ਪੂਰੀ ਤਰ੍ਹਾਂ ਢੱਕ ਕੇ ਰਖਣਾ ਸ਼ਰੀਰਕ ਸੰਜਮ ਦਾ ਪ੍ਰਮਾਣ ਹੈ:

" ਵਾਧੂ ਜਿਦੇ ਕਪੜੇ ਪਹਿਰਹਿ ਗਰਬਿ ਗਵਾਰ ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥"[31]

ਗਰਬਮਤੀਆਂ ਹੀ ਮਹੀਨ ਕਪੜੇ ਪਹਿਨਕੇ ਸ਼ਰੀਰ ਦਾ ਵਖਾਵਾ ਕਰਦੀਆਂ ਹਨ। ਸ਼ਰੀਰ ਦਾ ਹੰਕਾਰ ਕਿਉਂ ? ਇਸਦੀ ਥਾਂ ਨਿਮਰਤਾ ਅਤੇ ਆਗਿਆਕਾਰੀ ਹੋਣ ਦਾ ਗਹਿਣਾ ਪਾਉਣਾ ਚਾਹੀਦਾ ਹੈ:

" ਪਾਵ ਮਲੋਵਹੁ ਸੰਗਿ ਨੈਨ ਭਤੀਰੀ ॥
ਜਹਾ ਪਠਾਵਹੁ ਜਾਂਉ ਤਤੀਰੀ ॥"[32]

ਅਜਿਹੀ ਸੁਘੜ ਗ੍ਰਹਿਣੀ ਆਪਣੇ ਘਰ ਹੀ ਨਹੀਂ ਸਮੁੱਚੇ ਸਮਾਜ ਵਿਚ ਸੋਭਾ ਪਾਉਂਦੀ ਹੈ। ਸਭ ਉਸਦੀ ਇੱਜ਼ਤ ਕਰਦੇ ਹਨ:

" ਜੋ ਧਨ ਖਸਮੈ ਚਲੈ ਰਜਾਈ
ਦਰਿ ਘਰਿ ਸੋਭਾ ਮਹਲਿ ਬੁਲਾਈ ॥"[33]

ਭਾਣਾ ਮੰਨਦੇ ਹੋਏ ਉਸਦੀ ਰਜ਼ਾ ਵਿਚ ਰਾਜ਼ੀ ਰਹੇ। ਮਨ ਵਿਚ ਸੰਤਾਪ, ਕਲੇਸ਼ ਜਾਂ ਦੁਖ ਮਹਿਸੂਸ ਨਾ ਕਰੇ ਸਗੋਂ ਇੱਕੋ ਖਿਲਖਿਲ ਸ਼ਾਂਤ ਰਹੇ:

" ਦੁਖ ਸੁਖ ਗੁਰਮੁਖਿ ਸਮ ਕਰਿ ਜਾਣਾ ॥
ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰਿ ਗੁਰਮੁਖਿ ਹਰਿ ਪਾਏ
ਨਾਨਕ ਸਹਜਿ ਸਮਾਇ ਲਇਆ ॥"[34]

ਉਸ ਪਤੀ ਦੀ ਸੁੱਖ ਲਈ, ਖੁਸ਼ੀ ਲਈ ਮੰਗਲ ਗਾਏ ਅਤੇ ਜਦੋਂ ਉਹ ਘਰੋਂ ਬਾਹਰ ਗਿਆ ਹੋਵੇ ਤਾਂ ਸਖੀ-ਸਹੇਲੀਆਂ ਨਾਲ ਮਿਲਕੇ ਉਸੇ ਦੀਆਂ ਗੱਲਾਂ ਕਰੇ, ਉਸਦੀਆਂ ਸਿਫ਼ਤਾਂ

ਕਰੇ ਅਤੇ ਛੇਤੀ ਮਿਲਾਪ ਲਈ ਅਰਦਾਸਾਂ ਕਰੇ। ਮਨ,ਬਚਨ,ਕਰਮ ਤੋਂ ਉਸ ਵਿਚ ਲਿਵਲੀਨ ਰਹੇ ਤਾਂ ਜੋ ਮਨ ਹੋਰ ਕਿਤੇ ਭਟਕ ਹੀ ਨਾ ਸਕੇ :

" ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲ ਗਾਵਹੁ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹੁ ॥"[35]

ਜਦੋਂ ਪਤੀ ਦੂਰ ਹੈ ਤਾਂ ਉਸਨੂੰ ਹੀ ਸਿਮਰਨਾ ਹੈ। ਗੁਰੂ ਨਾਨਕ ਦੇਵ ਜੀ ਵੀ ਇਹੋ ਉਪਦੇਸ਼ ਦੇਂਦੇ ਹਨ:

" ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸਮ੍ਰਥ ਕੰਤ ਕੀਆਹ ॥"[36]

ਇਸ ਤਰ੍ਹਾਂ ਹਰ ਸਮੇਂ ਪਤੀ ਨੂੰ ਯਾਦ ਕਰਨ ਨਾਲ ਉਸ ਦੇ ਮਨ ਨੂੰ ਵੀ ਖਿੱਚ ਪੈਂਦੀ ਹੈ। ਪਤਨੀ ਦੀ ਪ੍ਰੀਤ ਦਾ ਬੱਝਾ ਉਹ ਘਰ ਪਰਤ ਪੈਂਦਾ ਹੈ। ਉਸ ਸਮੇਂ ਗੁਣਵੰਤੀ ਸੁਹਾਗਣ ਦਾ ਮਨ ਰੂਪੀ ਕਮਲ ਖਿੜ ਪੈਂਦਾ ਹੈ:

" ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥
ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ ॥"[37]

ਸੋਭਾਵੰਤੀ ਨਾਰੀ ਅੰਦਰ ਗਿਆਨ ਦਾ ਦੀਪਕ ਹਮੇਸ਼ਾਂ ਬਲਦਾ ਰਹਿੰਦਾ ਹੈ। ਉਸਨੂੰ ਚੰਗੇ ਬੁਰੇ ਦੀ ਪਹਿਚਾਣ ਹੁੰਦੀ ਹੈ। ਉਹ ਆਪਣੀ ਸੂਝ ਬੂਝ ਸਦਕਾ ਸੋਚ ਅਨੁਸਾਰ ਕਾਰਜ ਕਰਕੇ ਸਭ ਨੂੰ ਖੁਸ਼ ਰੱਖਣ ਵਿਚ ਸਮਰੱਥ ਹੁੰਦੀ ਹੈ ਅਤੇ ਆਪ ਵੀ ਖੁਸ਼ੀਆਂ ਪ੍ਰਾਪਤ ਕਰਦੀ ਹੈ:

"ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥
ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥"[38]

ਇਸਦੇ ਉਲਟ ਦੁਹਾਗਣ, ਮਨਮੁਖ ਜਾਂ ਕੁੱਟਣ ਮੋਹ-ਮਾਇਆ ਦੇ ਜਾਲ ਵਿਚ ਫਸੀ ਰਹਿੰਦੀ ਹੈ। ਸਦਾ ਗਿਆਨ ਨੇਤਰ ਵਾਲੀ ਅੱਖ ਬੰਦ ਹੀ ਰਹਿੰਦੀ ਹੈ:

" ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥
ਗੁਰਮੁਖਿ ਜਾਗੈ ਗੁਣ ਗਿਆਨ ਬੀਚਾਰਿ ॥"[39]

→ not justified

ਸਤਿਕਾਰ

ਆਮ ਤੌਰ ਤੇ ਇਸਤਰੀ ਨੂੰ ਚਲਿਤਰਹਾਰੀ ਅਤੇ ਪਾਖੰਡੀ ਕਹਿ ਕੇ ਨਿੰਦਿਆ ਜਾਂਦਾ ਹੈ। ਉਹ ਦਿਲੋਂ ਪਿਆਰ ਨਹੀਂ ਕਰਦੀ। ਉਸ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਵਿਚ ਕੁਝ ਹੋਰ। ਪਰ ਆਦਿ ਗ੍ਰੰਥ ਵਿਚ ਇਸਤਰੀ ਨੂੰ ਸਤਿਕਾਰ ਅਤੇ ਸਤਵੰਤੀ ਕਿਹਾ ਗਿਆ ਹੈ:

" ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥"[40]

ਇਸ ਤਰ੍ਹਾਂ ਪਤੀ ਦੇ ਨਾਲ ਆਪਣੇ ਵਿਅਕਤੀਤਵ ਨੂੰ ਪੂਰੀ ਤਰ੍ਹਾਂ ਅਭੇਦ ਕਰ ਦੇਣ ਨਾਲ ਦੋ ਸਰੀਰਾਂ ਦੇਅੰਦਰ ਇਕੋ ਜੋਤ ਹੋ ਜਾਂਦੀ ਹੈ। ਰੱਬ ਨੇ ਵੀ ਸਭ ਜੀਵਾਂ ਨੂੰ ਆਪਣੇ ਇਕੋ ਜੋਤ/ਨੂਰ ਤੋਂ ਪੈਦਾ ਕੀਤਾ ਹੈ:

" ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥"[41]

ਕੋਈ ਚੰਗੇ ਕਰਮ ਕਰਦਾ ਹੈ ਜਾਂ ਬੁਰੇ; ਇਸਤਰੀ ਚੋਲੇ ਵਿਚ ਹੈ ਜਾਂ ਮਰਦ ਦੇ; ਸਭ ਅੰਦਰ ਇਕੋ ਜੋਤ ਵਿਆਪਕ ਹੈ। ਉਸ ਜੋਤ ਨੂੰ ਪਹਿਚਾਣ ਕੇ ਜੋਤ ਵਿਚ ਜੋਤ ਨੂੰ ਮਿਲਾ ਦੇਣਾ ਹੀ ਸੱਚੀ ਪ੍ਰੀਤ ਹੈ। ਜਦੋਂ ਇਕ ਦੂਜੇ ਨੂੰ ਇਸ ਹੱਦ ਤਕ ਸਮਝ ਲਿਆ ਜਾਵੇ ਕਿ ਇਕ ਦੀ ਭੁੱਖ ਦੂਜਾ ਮਹਿਸੂਸ ਕਰੇ ਅਤੇ ਇਕ ਦਾ ਦੁਖ ਦੂਜੇ ਨੂੰ ਪੀੜਾ ਦੇਵੇ ਤਾਂ ਇਹ ਅਭੇਦਤਾ ਦੀ ਹਾਲਤ ਉੱਤਮ ਆਦਰਸ਼ ਹੈ ਜਿਸਦੀ ਭਾਰਤੀ ਇਸਤਰੀ ਤੋਂ ਮੰਗ ਕੀਤੀ ਜਾਂਦੀ ਹੈ:

" ਮੋਹਿ ਮਛੁਲੀ ਤੁਮੀ ਨੀਰ, ਤੁਝ ਬਿਨੁ ਕਿਉ ਸਰੈ ॥
ਮੋਹਿ ਚਾਤ੍ਰਿਕ ਤੁਮ ਬੂੰਦ ਤ੍ਰਿਪਤਉ ਮੁਖ ਪਰੈ ॥"[42]

ਜਿਸ ਤਰ੍ਹਾਂ ਮਛਲੀ ਪਾਣੀ ਤੋਂ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ; ਚਾਤ੍ਰਿਕ ਸ੍ਵਾਂਤੀ ਬੂੰਦ ਲਈ ਬਿਹਬਲ ਰਹਿੰਦਾ ਹੈ ਪਰ ਬੂੰਦ ਦੇ ਮੂੰਹ ਵਿਚ ਪੈਣ ਪਿਛੋਂ ਸ਼ਾਂਤ ਹੋ ਜਾਂਦਾ ਹੈ।

ਜਿਵੇਂ ਚਕਵੀ ਸੂਰਜ ਨੂੰ ਅਤੇ ਚਕੋਰ ਚੰਨ ਨੂੰ ਤਾਂਘਦਾ ਹੈ ਇਵੇਂ ਆਦਰਸ਼ ਇਸਤਰੀ ਵੀ ਹਰ ਸਮੇਂ ਪਤੀ ਲਈ ਤਾਂਘਦੀ ਹੋਈ ਉਸ ਨਾਲ ਅਭੇਦ ਹੋਣਾ ਲੋਚਦੀ ਹੈ। ਜਿਵੇਂ ਜਲ-ਕਮਲ ਤੇ ਦੁਧ-ਪਾਣੀ ਦਾ ਮਿਲਾਪ ਹੈ, ਉਵੇਂ ਹੀ ਪਤੀ-ਪਤਨੀ ਦਾ ਪਿਆਰ ਅਟੁੱਟ ਹੈ:

" ਚਲਿਤ ਬਿਤ ਅਨਿਤ ਪ੍ਰਿਅ ਬਿਨੁ
ਕਵਨ ਬਿਧੀ ਨ ਧੀਜੀਐ ॥
ਖਾਨ ਪਾਨ ਸੀਗਾਰ ਬਿਰਥੇ
ਹਰਿ ਕੰਤ ਬਿਨੁ ਕਿਉ ਜੀਜੀਐ ॥"[43]

ਜਿਨ੍ਹਾਂ ਨੂੰ ਪਤੀ ਛੱਡ ਗਏ ਹਨ, ਉਹਨਾਂ ਦਾ ਜੀਵਨ ਮਰਨ ਤੋਂ ਵੀ ਭੈੜਾ ਹੈ। ਉਹ ਹਰ ਸਮੇਂ ਪਤੀ ਵਿਯੋਗ ਵਿਚ ਸੜਦੀਆਂ ਰਹਿੰਦੀਆਂ ਹਨ:

" ਨਾਨਕ ਤਿਨਾ ਬਸੰਤੁ ਹੈ ਜਿਨੁ ਘਰਿ ਵਸਿਆ ਕੰਤੁ ॥
ਜਿਨਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ ॥"[44]

ਜਿੰਨ੍ਹਾਂ ਦਾ ਮੇਲ ਹੋ ਜਾਂਦਾ ਹੈ ਉਹ ਵੀ ਹੰਕਾਰ ਨਹੀਂ ਕਰਦੀਆਂ ਸਗੋਂ ਇਸ ਮੇਲ ਦਾ ਸਿਹਰਾ ਵਾਹਿਗੁਰੂ ਨੂੰ ਦੇਂਦੀਆਂ ਹਨ ਕਿ ਉਸੇ ਦੀ ਕਿਰਪਾ ਨਾਲ ਇਹ ਸੁਲੱਖਣੀ ਘੜੀ ਆਈ ਹੈ:

" ਧਨ ਪਿਰ ਮੇਲੁ ਭਇਆ ਪ੍ਰਭੁ ਆਪਿ ਮਿਲਾਇਆ ਰਾਮ ॥
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥'[45]

ਗੁਰੂ ਨਾਨਕ ਦੇਵ ਜੀ ਵੀ ਇਸ ਵਿਚਾਰ ਨਾਲ ਸਹਿਮਤ ਹਨ:

" ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ ॥"[46]

ਪਤੀ ਨੂੰ ਹਿਰਦੇ ਵਿਚ ਵਸਾਈ ਰੱਖਣ ਦੇ ਨਾਲ ਹੀ ਉਸਨੂੰ ਆਪਣੇ ਆਚਾਰ, ਵਿਹਾਰ ਅਤੇ ਬਾਣੀ ਦੁਆਰਾ ਮੋਹ ਲੈਣ ਦਾ ਗੁਣ ਵੀ ਪਤਨੀ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਪਤੀ ਵਿਮੁਖ ਨਾ ਹੋਵੇ। ਜਿਸਦਾ ਪਤੀ ਪਰਾਈ-ਨਾਰੀ ਪ੍ਰਤਿ ਆਕਰਸ਼ਿਤ ਹੋ ਜਾਂਦਾ ਹੈ, ਉਸ ਇਸਤਰੀ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਉਸਦੀ ਸੇਵਾ, ਲਗਨ ਜਾਂ ਆਕਰਸ਼ਣ ਵਿਚ ਕੋਈ ਕਮੀ ਹੁੰਦੀ ਹੈ ਜੋ ਪਤੀ ਉਸ ਵਿਚ [illegible] ਨਹੀਂ ਰਹਿੰਦਾ। ਇਸ ਲਈ ਪਤਨੀ ਪਤੀ ਦੀਆਂ ਰੁਚੀਆਂ, ਲੋੜਾਂ ਅਤੇ ਖਾਹਸ਼ਾਂ ਦਾ ਪੂਰਾ ਧਿਆਨ ਰਖੇ:

" ਗੁਰਮੁਖਿ ਸਦਾ ਸੋਹਾਗਣਿ ਪਿਰੁ ਰਾਖਿਆ ਉਰਿਧਾਰੁ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥"[47]

ਫਿੱਕਾ ਬੋਲਣ ਨਾਲ ਸੁਣਨ ਵਾਲੇ ਦਾ ਦਿਲ ਦੁਖੀ ਹੁੰਦਾ ਹੈ; ਕ੍ਰੋਧਿਤ ਹੋ ਜਾਂਦਾ ਹੈ ਜਿਸਦੇ ਨਤੀਜੇ ਕਈ ਵਾਰੀ ਬੜੇ ਭਿਆਨਕ ਨਿਕਲਦੇ ਹਨ। ਸਰੀਰ ਦੇ ਫੱਟ ਤਾਂ ਸਮੇਂ ਨਾਲ ਮਿਲ ਜਾਂਦੇ ਹਨ ਪਰ ਬੋਲੀ ਦਾ ਜ਼ਖਮ ਜੋ ਦਿਲ ਵਿਚ ਹੋ ਜਾਂਦਾ ਹੈ - ਉਹ ਸਾਰੀ ਜ਼ਿੰਦਗੀ ਨਹੀਂ ਭਰਦਾ। ਜਿੰਨੀ ਵਾਰੀ ਉਸ ਗੱਲ ਦੀ ਯਾਦ ਆਉਂਦੀ ਹੈ, ਉਸਦੀ ਚੋਭ ਮਹਿਸੂਸ ਹੁੰਦੀ ਹੈ। ਇਸ ਲਈ ਬਾਰ ਬਾਰ ਉਕਸਾਏ ਜਾਣ ਤੇ ਵੀ ਇਸਤਰੀ ਨੂੰ ਕੌੜੇ ਅਤੇ ਚੁਭਵੇਂ ਬਚਨ ਮੂੰਹੋਂ ਨਹੀਂ ਕਢਣੇ ਚਾਹੀਦੇ।

" ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥"[48]

ਨਮਰਤਾ

ਹੰਕਾਰ ਤਿਆਗ ਕੇ ਨਿਮਰਤਾ ਧਾਰਨੀ ਅਤਿ ਕਠਿਨ ਕੰਮ ਹੈ ਜਦੋਂ ਹਉਮੈਂ ਨੂੰ ਮਨ ਵਿਚੋਂ ਮਾਰ ਦੇਈਏ ਤਾਂ ਦੂਜਿਆਂ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ। ਪਤੀ ਦੀ ਖੁਸ਼ੀ ਲਈ ਮਨ ਨਿਰਮਲ ਕਰਨ ਅਤੇ ਹਲੀਮੀ ਦਾ ਗਹਿਣਾ ਪਾਉਣ ਦੀ ਲੋੜ ਹੈ। ਹਉਮੈਂ ਵੱਡਾ ਰੋਗ ਹੈ। ਅਜੇਹਾ ਔਗੁਣ ਜੋ ਪਤੀ-ਮਿਲਾਪ ਵਿਚ ਸਦਾ ਰੁਕਾਵਟ ਬਣਦਾ ਹੈ। ਪਤੀ-ਸੰਜੋਗ ਲਈ ਮਨ ਵਿਚੋਂ ਹਉਮੈਂ ਦੀ ਮੈਲ ਧੋਣੀ ਪੈਂਦੀ ਹੈ:

" ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥
ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰ ॥"[49]

ਮਨ ਦੀ ਇਸ ਸ਼ੁਧੀ ਉਪਰੰਤ ਸ਼ਰੀਰ ਸ਼ਿੰਗਾਰ ਅਤੇ ਉੱਤਮ ਗੁਣਾਂ ਨਾਲ ਆਪਾ ਸ਼ਿੰਗਾਰਣ ਦੀ ਆਵਸ਼ੱਕਤਾ ਹੈ:

" ਹਉਮੈ ਖੋਇ ਕਰੇ ਸੀਗਾਰੁ ਤਉ ਕਾਮਣਿ ਸੇਜੈ ਰਵੈ ਭਤਾਰੁ ॥
ਤਉ ਨਾਨਕ ਕੰਤੈ ਮਨਿ ਭਾਵੈ ਛੋਡਿ ਵਡਾਈ ਅਪਣੇ ਖਸਮ ਸਮਾਵੈ ॥"[50]

ਵਡਿਆਈ ਦਾ ਤਿਆਗ ਕਰਕੇ ਏਨੇ ਨਿਮਰ ਹੋਣ ਦੀ ਲੋੜ ਹੈ ਕਿ ਆਪਣੇ ਆਪ ਦੀ ਵਖਰੀ ਹੋਂਦ ਹੀ ਮਹਿਸੂਸ ਨਾ ਹੋਵੇ ਭਾਵ ਸਮੁੱਚਾ ਵਿਅਕਤੀਤਵ ਹੀ ਪਤੀ ਵਿਚ ਸਮਾ ਜਾਵੇ:-

" ਹਉਮੈ ਜਾਈ ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵਨਿਧਿ ਪਾਈ ॥"[51]

ਨੌ-ਨਿਧੀਆਂ ਪ੍ਰਾਪਤ ਕਰਨ ਲਈ ਆਪਾ ਮਾਰਨ ਦੀ ਲੋੜ ਹੈ ਤਾਂ ਹੀ ਪਤੀ ਖੁਸ਼ ਹੋ ਕੇ ਤੁਠੇਗਾ :-

" ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ ॥"[52]

ਪਤੀ ਸਾਹਮਣੇ ਹੋਰ ਕੋਈ ਚਲਾਕੀ ਜਾਂ ਚਤੁਰਾਈ ਨਹੀਂ ਚਲਦੀ। ਆਪਾ ਮਾਰ ਕੇ ਤੁਹਾਡੀ ਸੇਵਾ ਕੀਤਿਆਂ ਹੀ ਉਹ ਸਿਮਰਨ ਕਰਦਾ ਹੈ। ਅਭਿਮਾਨ ਤਿਆਗ ਕੇ ਹਰ ਸਮੇਂ ਸੇਵਾ ਵਿਚ ਲੀਨ ਰਹਿਣ ਦੀ ਲੋੜ ਹੈ:-

" ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪੱਖਾ ਕਰਉ ਤਜਿ ਅਭਿਮਾਨੁ ॥
ਅਨਿਕ ਬਾਰ ਜਾਈਐ ਕੁਰਬਾਨੁ ॥"[53]

ਜਦੋਂ ਤਕ ਇਸਤਰੀ ਅੰਦਰ ਹੰਕਾਰ ਹੈ, ਉਹ ਸੱਚੀ ਸੇਵਾ ਨਹੀਂ ਕਰ ਸਕਦੀ। ਇਸ ਲਈ ਉਸਨੂੰ ਬਾਰ ਬਾਰ ਇਹੀ ਹਦਾਇਤ ਕੀਤੀ ਗਈ ਹੈ ਕਿ ਉਹ ਹੀਣੀ, ਨਿਮਰ ਅਤੇ ਨਿਮਾਣੀ ਹੋ ਕੇ ਪਤੀ ਸੇਵਾ ਕਰੇ ਤਾਂ ਹੀ ਉਹ ਭੌਤਿਕ ਅਤੇ ਆਤਮਿਕ ਖੁਸ਼ੀਆਂ ਪ੍ਰਾਪਤ ਕਰ ਸਕਦੀ ਹੈ:-

" ਧਨ ਸੋਹਾਗਣਿ ਜੋ ਪ੍ਰਭੂ ਪਛਾਣੈ ॥
ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਣੈ ॥"[54]

ਜਦੋਂ ਇਸਤਰੀ ਏਨੀ ਨਿਮਾਣੀ ਹੋ ਜਾਂਦੀ ਹੈ ਕਿ ਉਸਦਾ ਸਾਰਾ ਆਪਾ ਪਤੀ ਨੂੰ ਸਮਰਪਿਤ ਹੋ ਜਾਂਦਾ ਹੈ ਤਾਂ ਉਸ ਪਿਆਰੇ ਦਾ ਸੁਨੇਹਾ ਦੇਣ ਵਾਲੇ ਤੋਂ ਆਪਾ ਘੋਲ ਘੁਮਾਉਣ ਦੀ ਲੋੜ ਪੈਂਦੀ ਹੈ:-

" ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥"[55]

ਗੁਣ ਰੂਪੀ ਮੋਤੀਆਂ ਦੀ ਮਾਲਾ ਨਾਲ ਆਪਣਾ ਸ਼ਿੰਗਾਰਦੇ ਹੋਏ ਪਤੀ ਨੂੰ ਰਿਝਾਉਣ ਦੀ ਲੋੜ ਹੈ:

" ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥"[56]

ਅਤੇ ਅੰਤ ਵਿਚ ਅਜੇਹੀ ਅਵਸਥਾ ਨੂੰ ਪਹੁੰਚ ਜਾਂਦੀ ਹੈ ਕਿ ਅੰਜਨ ਵਿਚ ਨਿਰੰਜਨ ਦੀ ਪ੍ਰਾਪਤੀ ਕਰਦੀ ਹੈ:

" ਪਰ ਘਰਿ ਜਾਇ ਕੇਤੁ ਝੂਠੁ ਲਿਖਿਆ ਤਜਿ ਸਾਹਿਬਆ ਅਹੰਕਾਰ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੇ ਤਾਂ ਅੰਜਨ ਮਾਹਿ ਨਿਰੰਜਨ ਪਾਵੈ॥"[57]

ਵਾਸਤਵ ਵਿਚ ਤਾਂ ਪਤੀ-ਪਤਨੀ ਵਿਚ ਵਿਆਹ ਦਾ ਹੋਣਾ ਸਿਰਫ ਸਮਾਜਿਕ ਬੰਧਨ ਜਾਂ ਸਰੀਰਕ ਮੇਲ ਹੀ ਨਹੀਂ ਸਗੋਂ ਅਧਿਆਤਮਕ ਸੁਮੇਲ ਦਾ ਪ੍ਰਤੀਕ ਹੈ। ਪਤੀ-ਪਤਨੀ ਸਾਂਝ ਅਵਸਥਾ ਵਿਚ ਵਿਚਰਦੇ ਹਨ ਪਰ ਉਦੋਂ ਹੀ ਜਦੋਂ ਗੁਰੂ ਕਿਰਪਾ ਹੋਵੇ:

" ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥"[58]

ਇਸ ਮੇਲ ਵਿਚ ਇਕ ਕੰਧ -- ਰੁਕਾਵਟ ਰਹਿੰਦਾ ਹੈ, ਹਉ ਮੈ ਹੰਕਾਰ। ਇਸ ਹਉਮੈ ਰੂਪੀ ਭੀਤ ਤੋੜਨ ਲਈ ਗੁਰੂ ਗਿਆਨ ਦਾ ਦੀਵਾ ਜਗਾਉਂਦਾ ਹੈ। ਉਹ ਇਸਤਰੀ ਨੂੰ ਵਿਸ਼ੇਸ਼ ਗੁਣ ਪਾਲਣੇ ਦੀ ਪ੍ਰੇਰਨਾ ਦੇਂਦਾ ਹੈ:

" ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥"[59]

ਕੰਤ ਨੂੰ ਵਸ ਵਿਚ ਕਰਨ ਲਈ ਆਪੇ ਨੂੰ ਵਸ ਕਰਨ ਦੀ ਲੋੜ ਹੁੰਦੀ ਹੈ। ਮਨ ਜਿੱਤ ਲੈਣ ਉਪਰੰਤ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ:

" ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥"[60]

ਵਖਾਵੇ ਅਤੇ ਪਾਖੰਡ ਨਾਲ ਕਦੇ ਮਾਲਕ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਉਹ ਅੰਦਰ ਦੀਆਂ ਰਮਜ਼ਾਂ ਬੁੱਝਣ ਦੇ ਸਮਰੱਥ ਹੈ। ਪਤਨੀ ਦਾ ਸ਼ਿੰਗਾਰ ਪਤੀ ਲਈ ਹੀ ਹੁੰਦਾ ਹੈ। ਜੇਕਰ ਉਹ ਘਰ ਨਾ ਹੋਵੇ ਤਾਂ ਇਹ ਦੁਖਦਾਈ ਹੁੰਦਾ ਹੈ ਅਤੇ ਜੇ ਉਹ ਘਰ ਆ ਜਾਵੇ ਤਾਂ ਸਭ ਕੁਝ ਚੰਗਾ ਚੰਗਾ ਲਗਦਾ ਹੈ:

" ਸਭੁ ਸੀਗਾਰੁ ਭਤੁ ਸੀਗਾਰੁ ਪਾਇਆ ॥
ਸੀਂਸੂਰ ਨਾਹੁ ਦੇਖੈ ਸੁਖਿ ਪਾਇਆ ॥
ਮੰਗਲ ਧਸਲੂ ਗਾਵਹੇ ਘਰੇ ਸੁਹਾਵੇ ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥"[61]

ਤਾਂ ਜੋ ਹਰ ਇਸਤਰੀ ਨੂੰ ਆਚਾਰ ਵਲੋਂ ਸੁੱਚੀ ਅਤੇ ਸੱਚੀ ਹੋ ਕੇ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ:

" ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈਂ ਰਤੀਆ ਮਾਣਹਿ ਸੁਖ ਰਲੀਆਹ ॥"[62]

ਜੋ ਤਨੋ ਮਨੋ ਪਤੀ ਦੀ ਸੇਵਾ ਵਿਚ ਲੀਨ ਹਨ, ਉਨ੍ਹਾਂ ਨਾਲ ਵਿਖਾਵਾ ਕਰਦੇ ਮੁਕਾਬਲਾ ਨਹੀਂ ਕਰ ਸਕਦੀਆਂ। ਜ਼ਰੂਰ ਸੇਵਿਕਾ ਆਦਰਸ਼ ਇਸਤਰੀ ਬਣਨ ਦੇ ਸਮੱਰਥ ਹੁੰਦੀ ਹੈ।

ਸੇਵਿਕਾ

ਪਤੀ ਨਾਮ ਹੈ ਸੁਆਮੀ ਦਾ, ਮਾਲਕ ਦਾ, ਸਾਈਂ ਦਾ, ਖਸਮ ਦਾ ਅਤੇ ਇਸਤਰੀ ਨਾਮ ਹੈ, ਦਾਸੀ ਦਾ, ਚੇਰੀ ਦਾ, ਗੋਲੀ ਦਾ, ਬੰਧ ਦਾ, ਧਨ ਦਾ, ਨਾਰ ਦਾ, ਇਸਤਰੀ ਆਪਣੇ ਪਤੀ ਦੀ ਸੇਵਿਕਾ ਹੈ ਜੋ ਉਸਦੀ ਚਾਕਰੀ ਵਿਚ ਹਰ ਸਮੇਂ ਹਾਜ਼ਰ ਰਹਿੰਦੀ ਹੈ। ਪਤੀ ਬਿਨਾਂ ਉਸਦੀ ਗਤੀ ਨਹੀਂ:

" ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥
ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥"[63]

ਇਕ ਆਦਰਸ਼ ਇਸਤਰੀ ਦੇ ਗੁਣਾਂ ਦੀ ਗਿਣਤੀ ਕਰਨੀ ਅਤਿ ਕਠਿਨ ਹੈ ਪਰ ਉਸਦਾ ਮੁੱਢ ਫਰਜ਼ ਪਤੀ ਵਲ ਹੋਣ ਕਾਰਨ ਉਸਨੂੰ ਸਦਾ ਆਪਣੇ ਸੰਗੀਰ ਸਮਝੀ ਰਖਣਾ ਉੱਤਮ ਗੁਣ ਹੈ।

"ਸੰਤਾ ਕੀ ਹੋਇ ਦਾਸਰੀ ॥ ਏਹੁ ਅਚਾਰਾ ਸਿਖੁ ਰੀ ॥
ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥"[64]

ਉਹ ਉੱਤਮ ਪੁਰਖ ਬਹੁਤ ਮਹਾਨ ਹੈ, ਦਰਿਆ ਤਰ੍ਹਾਂ ਵਿਸ਼ਾਲ, ਸਾਗਰ ਤਰ੍ਹਾਂ ਅਥਾਹ ਅਤੇ ਗੰਭੀਰ ਹੈ। ਇਸਤਰੀ ਉਸ ਵਿਸ਼ਾਲਤਾ ਵਿਚ ਇਕ ਮਛਲੀ ਜਾਂ ਇਕ ਬੂੰਦ ਦੀ ਤਰ੍ਹਾਂ ਹੈ ਜੋ ਇਸ ਵਿਸ਼ਾਲਤਾ ਦੀ ਸਾਰ ਨਹੀਂ ਜਾਣ ਸਕਦੀ; ਉਸਦੇ ਕਿਨਾਰਿਆਂ ਦਾ ਅੰਤ ਨਹੀਂ ਪਾ ਸਕਦੀ।

" ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟਿ ਮਰਾ ॥"[65]

ਗੁਰੂ ਅਰਜਨ ਦੇਵ ਜੀ ਇਸ ਬਾਰੇ ਕਹਿੰਦੇ ਹਨ:

" ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥
ਤੂ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥"[66]

ਭਗਤ ਕਬੀਰ ਜੀ ਵੀ ਇਸਤਰੀ ਰੂਪ ਹੋ ਕੇ ਪਤੀ ਦੇ ਸਾਹਮਣੇ ਪਤਨੀ ਦੀ ਹਸਤੀ ਦੇ ਛੋਟੇਪਣ ਦੀ ਮਿਸਾਲ ਦੇਂਦੇ ਹੋਏ ਲਿਖਦੇ ਹਨ:

" ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥
ਰਾਮ ਬਡੇ ਮੈ ਤਨਕ ਲਹੁਰੀਆ ॥"[67]

ਉਹ ਪਤੀ ਅਤਿ ਗਉਰਵ ਹੈ ਪਰ ਪਤਨੀ ਬਹੁਤ ਨਿੱਕੀ ਜਿਹੀ ਹੈ। ਦੋਹਾਂ ਦਾ ਆਪਸ ਵਿਚ ਮੁਕਾਬਲਾ ਕੋਈ ਨਹੀਂ ਹੈ। ਮਰਦ ਦੇ ਵਡੱਪਣ ਵਿਚ ਇਸਤਰੀ ਦਾ ਛੋਟਾਪਣ ਅਲੋਪ ਹੋ ਜਾਂਦਾ ਹੈ। ਉਸਦੀ ਵਖਰੀ ਹੋਂਦ ਹੀ ਖਤਮ ਹੋ ਜਾਂਦੀ ਹੈ:

"ਤੁਮ੍ਹ ਗਉਰਵ ਅਤਿ ਗਹਿਰ ਗੰਭੀਰਾ ॥
ਤੁਮ ਪਿਰ ਹਮ ਬਹੁਰੀਆ ਰਾਮ ॥
ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥"[68]

ਇਸਤਰੀ ਤਾਂ ਆਪਣੇ ਪਤੀ ਰੂਪੀ ਠਾਕੁਰ ਦੀ ਚੇਰੀ ਹੈ, ਦਾਸੀ ਹੈ ਜੋ ਉਸਦੇ ਚਰਨਾਂ ਵਿਚ ਸਦਾ ਸੇਵਾ ਕਰਦੀ ਰਹਿੰਦੀ ਹੈ। ਹਉਮੈਂ ਤਿਆਗ ਕੇ ਨਿਮਰਤਾ ਧਾਰਦੀ ਹੈ:

" ਅਪਨੇ ਠਾਕੁਰ ਕੀ ਹਉ ਚੇਰੀ ॥
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥"[69]

ਕੰਤ ਨੂੰ ਵੀ ਬੰਦਗੀ ਕਰਵਾਉਣਾ ਚੰਗਾ ਲਗਦਾ ਹੈ। ਇਸਤਰੀ ਇਸ ਤੱਥ ਨੂੰ ਸਮਝਦੀ ਹੋਈ ਉਸ ਸਾਈਂ, ਉਸ ਸਾਹਿਬ ਦੀ ਬੰਦਗੀ ਕਰਦੀ ਹੈ:

" ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥
ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥"[70]

ਗੁਰੂ ਨਾਨਕ ਦੇਵ ਜੀ ਇਸਤਰੀ ਨੂੰ ਦਾਸੀ ਵਾਲੇ ਗੁਣ ਗ੍ਰਹਿਣ ਕਰਨ ਦਾ ਉਪਦੇਸ਼ ਦੇਂਦੇ ਹਨ ਤਾਂ ਜੋ ਉਹ ਜੀਵਨ ਵਿਚ ਪਤੀ ਦਾ ਸਾਥ ਮਾਣ ਸਕੇ; ਸੁਖ ਪ੍ਰਾਪਤ ਕਰ ਸਕੇ:

" ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥"[71]

ਨਿਤ-ਨੇਮੀ

ਆਦਿ ਗ੍ਰੰਥ ਅਨੁਸਾਰ ਆਦਰਸ਼ ਇਸਤਰੀ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜੀਵਨ ਵਿਚ ਵਿਚਰਦੀ ਹੋਈ ਗ੍ਰਿਹਸਥੀ ਦੇ ਸਾਰੇ ਫਰਜ਼ ਪੂਰੇ ਕਰੇ; ਪਤੀ ਦੀ ਸੇਵਾ ਅਤੇ ਚਾਕਰੀ ਦੇ ਨਾਲ ਨਾਲ ਸਹੁਰੇ ਘਰ ਦੇ ਬਾਕੀ ~~ਕੇ~~ ਜੀਆਂ ਦੀ ਨਿਸ਼ਕਾਮ ਸੇਵਾ ਕਰੇ; ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰੇ; ਪੇਕੇ ਘਰ ਦਾ ਮਾਣ ਵਧਾਵੇ; ਪਰ ਇਸਦੇ ਨਾਲ ਹੀ ਇਸ ਤੋਂ ਵੱਧ ਜ਼ਰੂਰੀ ਹੈ ਉਸਦਾ ਉਸ ਸੱਚੇ ਪਰਮਾਤਮਾ, ਵਾਹਿਗੁਰੂ, ਸ੍ਰਿਸ਼ਟੀ ਦੇ ਕਰਤਾ ਦੇ ਚਰਨਾਂ ਵਿਚ ਲਿਵ ਜੋੜਨਾ ਪਰ ਘਰ, ਪਤੀ, ਬੱਚਿਆਂ ਅਤੇ ਸਮਾਜ ਪ੍ਰਤਿ ਆਪਣੇ ਫਰਜ਼ਾਂ ਵਲੋਂ ਬੇਮੁੱਖ ਹੋ ਕੇ ਅਣਗਹਿਲੀ ਕਦੇ ਨ ਹੋ ਸਕੇ :

" ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥"[72]

ਸਾਧੂਆਂ ਵਾਲੇ ਨਿਰਲੇਪਤਾ ਦੇ ਗੁਣ ਧਾਰਣ ਕਰੇ। ਸਰੀਰ ਜਦੋਂ ਕੰਮ ਵਿਚ ਲੱਗਿਆ ਹੋਵੇ ਉਦੋਂ ਚਿਤ ਉਸ ਵਾਹਿਗੁਰੂ ਨਾਲ ਜੁੜਿਆ ਹੋਵੇ। ਦਵੈਸ਼, ਈਰਖਾ, ਝਗੜਾ, ਕਦੇ ਨਾ ਕਰੇ। ਤਰ੍ਹਾਂ ਤਰ੍ਹਾਂ ਦੇ ਸ਼ਿੰਗਾਰ ਨਾਮ ਸਿਮਰਨ ਬਿਨਾ ਵਿਅਰਥ ਹਨ; ਫਿਕੇ ਫਿਕੇ ਹਨ:

"ਕਨਿਕ ਕਨਿਕ ਪਹਿਰੇ ਬਹੁ ਕੰਗਨਾ, ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ॥"[73]

